


One Stop Solutions: CPA Office

*Income Tax Returns Preparation *Business and Personal *Income Tax Preparation.

*Setting up New Corporation or LLC, Domestic & Foreign Corps, Non-Profit Organizations.
*Accounting & Book-Keeping Services *Payroll Services.

KESHAV LAL, *Certified Public Accountant*
300 Kimball St., Ste. 204, Woodbridge, NJ 07095
Ph: 732-602-1120 KLALCPA@GMAIL.COM



ਬੌਬੀ ਸਿੰਘ

ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ

(ਸੈਲ): 718-757-7809
ਫੋਨ (ਦਫਤਰ): 718-262-9700
(ਫੈਕਸ): 516-439-5418

ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ

ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

120-20 101 Avenue S. Richmond Hill, NY 11419



Eighteenth Year of Publication ਨਿਊ ਯਾਰਕ ਐਡੀਸ਼ਨ Price 50¢

Email:punjabtimes1@gmail.com
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 18, Issue 18, May 6, 2017 20451 N Plum Grove Rd., Palatine, IL 60074 Ph:847-359-0746, Fax:847-705-9388


# 'ਆਪ' ਦੀਆਂ ਬੁਨਿਆਦਾਂ ਹਿੱਲੀਆਂ

## ਪਾਰਟੀ ਉਤੇ ਅੰਦਰੋਂ ਅਤੇ ਬਾਹਰੋਂ ਤਿੱਖੇ ਹਮਲਿਆਂ ਦੀ ਲੱਗੀ ਝੜੀ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਦਿੱਲੀ ਨਗਰ ਨਿਗਮ ਚੋਣਾਂ ਵਿਚ ਵੱਡੀ ਹਾਰ ਤੋਂ ਬਾਅਦ ਆਮ ਆਦਮੀ ਪਾਰਟੀ ਉਤੇ ਅੰਦਰੂਨੀ ਅਤੇ ਬਹਿਰੂਨੀ ਹਮਲੇ ਤੇਜ਼ ਹੋ ਗਏ ਹਨ। ਪਾਰਟੀ ਦੀ ਲੀਡਰਸ਼ਿਪ ਖਿਲਾਫ ਪਹਿਲਾਂ ਵੀ ਬਾਗੀ ਸੁਰਾਂ ਉਠਦੀਆਂ ਰਹੀਆਂ ਹਨ ਅਤੇ ਇਨ੍ਹਾਂ ਬਾਗੀ ਸੁਰਾਂ ਨੂੰ ਪਾਰਟੀ ਤੋਂ ਬਾਹਰ ਦਾ ਰਾਸਤਾ ਦਿਖਾ ਕੇ ਅਮਨ-ਅਮਾਨ ਵਾਲਾ ਮਾਹੌਲ ਪੈਦਾ ਕੀਤਾ ਜਾਦਾ ਰਿਹਾ ਹੈ, ਪਰ ਐਤਕੀਂ ਤਕੜੇ ਅੰਦਰੂਨੀ ਹਮਲੇ ਨਾਲ ਪਾਰਟੀ ਦੀਆਂ ਬੁਨਿਆਦਾਂ ਹਿੱਲ ਗਈਆਂ ਜਾਪਦੀਆਂ ਹਨ। ਹੁਣ ਤਾਂ ਦਿੱਲੀ ਸਰਕਾਰ ਦੇ ਕਾਇਮ ਰਹਿਣ ਜਾਂ ਨਾ ਰਹਿਣ ਬਾਰੇ ਵੀ ਕਿਆਸਆਰਾਈਆਂ ਆਰੰਭ ਹੋ ਗਈਆਂ ਹਨ।

ਦੋ ਸਾਲ ਪਹਿਲਾਂ ਦਿੱਲੀ ਵਿਧਾਨ ਸਭਾ ਚੋਣਾਂ ਵਿਚ 70 ਵਿਚੋਂ 67 ਸੀਟਾਂ ਜਿੱਤ ਕੇ ਭਾਰਤ ਦੀ ਸਿਆਸਤ ਵਿਚ ਇਨਕਲਾਬ ਲਿਆਉਣ ਵਾਲੀ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਵੀ ਨਮੋਸ਼ੀਜਨਕ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਪੰਜਾਬ ਅਤੇ ਦਿੱਲੀ ਦੇ ਇਨ੍ਹਾਂ ਦੋ ਲੋਕ ਫਤਵਿਆਂ ਤੋਂ ਬਾਅਦ ਪਾਰਟੀ ਦੇ ਭਵਿਖ ਉਤੇ ਵੀ ਸਵਾਲ ਉਠਣ ਲੱਗੇ ਹਨ। ਦੋ ਸਾਲ ਪਹਿਲਾਂ ਦਿੱਲੀ ਦੀ ਸਿਆਸਤ ਵਿਚ ਰਵਾਇਤੀ ਧਿਰਾਂ ਦਾ ਸਫਾਇਆ ਕਰਨ ਵਾਲੀ ਪਾਰਟੀ ਇੰਨੀ ਛੇਤੀ ਲੋਕਾਂ ਦੇ ਮਨੋਂ ਕਿਵੇਂ ਲੱਥ ਗਈ, ਬਾਰੇ ਵੱਡੇ ਪੱਧਰ ਉਤੇ ਚਰਚਾ ਹੋ ਰਹੀ ਹੈ।

ਦਿੱਲੀ ਵਿਚ ਤਿੰਨਾਂ ਨਗਰ ਨਿਗਮਾਂ ਦੀਆਂ ਚੋਣਾਂ ਵਿਚ ਇਸ ਨੂੰ 270 ਸੀਟਾਂ 'ਚੋਂ ਮਹਿਜ਼ 48 ਸੀਟਾਂ ਹੀ ਪ੍ਰਾਪਤ ਹੋਈਆਂ। ਨਿਗਮ ਚੋਣਾਂ ਵਿਚ ਇਸ ਧਿਰ ਦੇ 40 ਉਮੀਦਵਾਰਾਂ ਦੀ ਤਾਂ ਜ਼ਮਾਨਤ ਤੱਕ ਜ਼ਬਤ ਹੋ ਗਈ। ਹਾਲ ਹੀ ਵਿਚ ਦਿੱਲੀ ਵਿਚ ਰਾਜੌਰੀ ਗਾਰਡਨ ਦੀ ਉਪ ਚੋਣ ਵਿਚ ਵੀ ਇਸ ਨੂੰ ਕਰਾਰੀ ਹਾਰ ਹੋਈ ਸੀ। ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਭਾਵੇਂ ਹਾਰ ਦਾ ਸਾਰਾ ਕਸੂਰ ਵੋਟ ਮਸ਼ੀਨਾਂ ਦੇ ਸਿਰ ਸੁੱਟ ਦਿੱਤਾ ਹੈ, ਪਰ ਉਨ੍ਹਾਂ ਦੀ ਇਹ ਦਲੀਲ ਕਿਸੇ ਦੇ ਗਲੋਂ ਨਹੀਂ ਉਤਰ ਰਹੀ।

ਪਹਿਲਾਂ ਪੰਜਾਬ ਵਿਧਾਨ ਸਭਾ ਚੋਣਾਂ ਅਤੇ ਹੁਣ ਦਿੱਲੀ ਨਿਗਮ ਚੋਣਾਂ 'ਚ ਹਾਰ ਨੇ ਤਾਂ ਪਾਰਟੀ ਵਰਕਰਾਂ ਦੇ ਹੌਸਲੇ ਵੀ ਤੋੜ ਸੁੱਟੇ ਹਨ। ਪਾਰਟੀ ਦੇ ਸਟਾਰ ਪ੍ਰਚਾਰਕ ਰਹੇ ਅਤੇ ਸੰਸਦ ਮੈਂਬਰ ਭਗਵੰਤ ਮਾਨ ਵੱਲੋਂ ਕੱਢੀ ਭੜਾਸ ਵੀ ਵਰਕਰਾਂ ਦੇ ਜਜ਼ਬਾਤ ਦੀ ਤਰਜਮਾਨੀ ਕਰਦੀ ਹੈ, ਹਾਲਾਂਕਿ ਉਨ੍ਹਾਂ ਵੱਲੋਂ ਤੋੜੀ ਚੁੱਪ ਸੱਪ ਲੰਘਣ ਤੋਂ ਬਾਅਦ ਲਕੀਰ ਕੁੱਟਣ ਵਾਲੀ ਗੱਲ ਹੀ ਹੋਈ ਹੈ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਸੰਜੇ ਸਿੰਘ ਅਤੇ ਸਹਿ ਇੰਚਾਰਜ ਦੁਰਗੇਸ਼ ਪਾਠਕ ਵੱਲੋਂ ਆਪੋ-ਆਪਣੇ ਅਹੁਦਿਆਂ ਤੋਂ ਅਸਤੀਫੇ ਦੇ ਦਿੱਤੇ ਗਏ ਹਨ, ਪਰ ਪਾਰਟੀ ਦਾ ਜੋ ਨੁਕਸਾਨ ਹੋ ਚੁੱਕਾ ਹੈ, ਉਸ ਨੂੰ ਸਹਿਜੇ ਭਰਿਆ ਨਹੀਂ ਜਾ ਸਕਦਾ। ਸਿਆਸੀ ਹਲਕਿਆਂ 'ਚ ਇਸ ਗੱਲ ਦੀ ਆਮ ਚਰਚਾ ਹੈ ਕਿ ਆਮ ਆਦਮੀ ਪਾਰਟੀ ਨੂੰ ਪੰਜਾਬ ਵਿਚ ਕਾਂਗਰਸ ਨੇ ਜਾਂ ਦਿੱਲੀ ਵਿਚ ਭਾਜਪਾ ਨੇ ਨਹੀਂ ਹਰਾਇਆ, ਬਲਕਿ ਪਾਰਟੀ ਆਪਣੀਆਂ ਗਲਤ ਨੀਤੀਆਂ ਕਾਰਨਾਂ ਆਪਣੇ ਭਾਰ ਨਾਲ ਆਪ ਹੀ ਡਿੱਗ ਗਈ ਹੈ।

ਪੰਜਾਬ ਵਿਚ ਸੁੱਚਾ ਸਿੰਘ ਛੋਟੇਪੁਰ ਖਿਲਾਫ਼ ਕਾਰਵਾਈ ਨੂੰ ਜਿਥੇ ਪਾਰਟੀ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਗਲਤੀ ਦੱਸਿਆ ਜਾ ਰਿਹਾ ਹੈ, ਉਥੇ ਮੁੱਖ ਮੰਤਰੀ ਦਾ ਚਿਹਰਾ ਪੰਜਾਬ ਵਾਸੀਆਂ ਦੇ ਸਾਹਮਣੇ ਨਾ ਲਿਆਉਣਾ ਤੇ ਟਿਕਟਾਂ ਦੀ ਗਲਤ ਵੰਡ ਵੀ ਪਾਰਟੀ ਦੀ ਹਾਰ ਦਾ ਕਾਰਨ ਬਣੀ, ਹਾਲਾਂਕਿ ਪਰਵਾਸੀ ਪੰਜਾਬੀਆਂ ਨੂੰ ਅੰਤ ਤੱਕ ਸੂਬੇ ਵਿਚ ਆਪ ਦੀ ਸਰਕਾਰ ਬਣਨ ਦੀ ਆਸ ਸੀ,

*(ਬਾਕੀ ਸਫਾ 6 'ਤੇ)*



### ਲੋਕਾਂ ਦੇ ਮਨਾਂ ਤੋਂ ਕਿਉਂ ਲਹਿਣ ਲੱਗੀ ਆਮ ਆਦਮੀ ਪਾਰਟੀ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਨੇ ਦੇਸ਼ ਦੀਆਂ ਦੋ ਵੱਡੀਆਂ ਰਵਾਇਤੀ ਪਾਰਟੀਆਂ ਨੂੰ ਝਟਕਾ ਦੇ ਕੇ ਦਿੱਲੀ ਵਿਧਾਨ ਸਭਾ ਦੀਆਂ 70 ਸੀਟਾਂ ਵਿਚੋਂ 67 ਜਿੱਤ ਕੇ ਇਤਿਹਾਸ ਸਿਰਜਿਆ ਸੀ, ਪਰ ਇਸ ਪਾਰਟੀ ਤੋਂ ਆਖਰਕਾਰ ਦਿੱਲੀ ਦੀ ਜਨਤਾ ਦਾ ਦੋ ਸਾਲ ਵਿਚ ਮੋਹ ਭੰਗ ਕਿਉਂ ਹੋ ਗਿਆ? ਇਕ ਪਾਸੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇਸ਼ ਨੂੰ ਬਦਲਣ ਦਾ ਸੁਫਨਾ ਦੇਖ ਰਹੇ ਸਨ, ਪਰ ਜਨਤਾ ਨੇ ਦਿੱਲੀ ਵਿਚ ਹੀ ਉਨ੍ਹਾਂ ਦਾ ਸਾਥ ਛੱਡਣਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਦੋ ਸਾਲਾਂ ਵਿਚ ਦਿੱਲੀ ਵਾਸੀ ਇਸ ਪਾਰਟੀ ਤੋਂ ਕਾਫੀ ਨਾਰਾਜ਼ ਦਿਖਾਈ ਦਿੰਦੇ ਹਨ। ਚੋਣਾਂ ਦੌਰਾਨ ਇਸ ਨੇ ਸ਼ਹਿਰ ਵਿਚ ਮੁਫਤ ਵਾਈ-ਫਾਈ ਜ਼ੋਨ ਬਣਾਉਣ, ਰਹਿੰਦ-ਖੂੰਹਦ ਦਾ ਢੁਕਵਾਂ ਪ੍ਰਬੰਧ ਕਰਨ, ਔਰਤਾਂ ਦੀ ਸੁਰੱਖਿਆ ਦੀ ਜ਼ਾਮਨੀ ਦੇਣ, ਪਾਣੀ ਮਾਫੀਆ ਨੂੰ ਕਾਬੂ ਕਰਨ ਅਤੇ ਬਿਹਤਰੀਨ ਆਵਾਜਾਈ ਪ੍ਰਬੰਧ ਕਰਨ ਦੇ ਵਾਅਦੇ ਕੀਤੇ ਸਨ। ਇਸ ਤੋਂ ਇਲਾਵਾ ਇਸ ਨੇ ਮੁਹੱਲਾ ਕਲੀਨਿਕ ਬਣਾਉਣ, ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਨੂੰ ਨਿਯਮਤ ਕਰਨ, ਬਿਜਲੀ ਅਤੇ ਪਾਣੀ ਦੇ ਬਿੱਲ ਘਟਾਉਣ ਦੇ ਵੀ ਵਾਅਦੇ ਕੀਤੇ ਸਨ, ਪਰ ਦੋ ਸਾਲਾਂ ਦੇ ਕੰਮ-ਕਾਜ ਨੂੰ ਇਸ ਲਈ ਨਿਰਾਸ਼ਾਜਨਕ ਰਿਹਾ ਹੈ ਕਿਉਂਕਿ ਇਸ ਦਾ ਬਹੁਤਾ ਸਮਾਂ ਕੇਂਦਰ ਸਰਕਾਰ ਅਤੇ ਉਪ ਗਵਰਨਰ ਨਾਲ ਲੜਾਈ-ਝਗੜਿਆਂ ਵਿਚ ਹੀ ਬੀਤ ਗਿਆ।

# ਝੂਠ ਬੋਲ ਕੇ ਸੱਜਣ ਜੀ ਕਸੂਤੇ ਫਸੇ



**ਟੋਰਾਂਟੋ:** ਆਪਣੀਆਂ ਪ੍ਰਾਪਤੀਆਂ ਬਾਰੇ ਝੂਠ ਬੋਲਣ ਦੇ ਮਾਮਲੇ 'ਤੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਵੇਂ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੇ ਅਸਤੀਫ਼ੇ ਦੀ ਗੱਲ ਨੂੰ ਖ਼ਾਰਜ ਕਰ ਦਿੱਤਾ ਹੈ, ਪਰ ਵਿਰੋਧੀ ਧਿਰ ਸ਼ਾਂਤ ਨਹੀਂ ਹੋ ਰਹੀ। ਯਾਦ ਰਹੇ ਕਿ ਸ. ਸੱਜਣ ਇਸ ਮੁੱਦੇ ਉਤੇ ਹਾਊਸ ਆਫ਼ ਕਾਮਨਜ਼ ਵਿਚ ਮੁਆਫ਼ੀ ਮੰਗ ਚੁੱਕੇ ਹਨ।

ਸ੍ਰੀ ਟਰੂਡੋ ਦਾ ਕਹਿਣਾ ਹੈ ਕਿ ਮੰਤਰੀ ਨੇ ਆਪਣੀ ਗ਼ਲਤੀ ਮੰਨ ਲਈ ਹੈ, ਇਸ ਲਈ ਹੁਣ ਕੋਈ ਵਿਵਾਦ ਨਹੀਂ ਰਹਿ ਜਾਂਦਾ। ਹਰਜੀਤ ਸਿੰਘ ਸੱਜਣ ਨੇ ਦੇਸ਼ ਦੀ ਸੇਵਾ ਕੀਤਾ ਹੈ। ਪੁਲਿਸ, ਸੈਨਿਕ ਤੇ ਹੁਣ ਮੰਤਰੀ ਵਜੋਂ ਉਹ ਦੇਸ਼ ਲਈ ਕੰਮ ਕਰ ਰਹੇ ਹਨ ਤੇ ਉਨ੍ਹਾਂ ਉਤੇ ਉਨ੍ਹਾਂ ਨੂੰ ਪੂਰਾ ਭਰੋਸਾ ਹੈ। ਚੇਤੇ ਰਹੇ ਕਿ ਸ. ਸੱਜਣ ਨੇ ਭਾਰਤ ਦੌਰੇ ਦੌਰਾਨ ਅਫ਼ਗਾਨਿਸਤਾਨ ਵਿਚ ਆਪਣੇ ਸੈਨਿਕ ਰਿਕਾਰਡ ਨੂੰ ਲੈ ਕੇ ਬਿਆਨ ਦਿੱਤਾ ਸੀ। ਕੈਨੇਡਾ ਦੀ ਵਿਰੋਧੀ ਧਿਰ ਦੀ ਆਗੂ ਰੋਨਾ ਅਮਬ੍ਰੋਸਾ ਨੇ ਆਖਿਆ ਹੈ ਕਿ ਰੱਖਿਆ ਮੰਤਰੀ ਨੇ ਝੂਠ ਬੋਲ ਕੇ ਲੋਕਾਂ ਨੂੰ ਗੁੰਮਰਾਹ ਕੀਤਾ ਹੈ। ਇਸ ਲਈ

*(ਬਾਕੀ ਸਫਾ 6 'ਤੇ)*


Ad space available
Please call
Ph: 847-359-0756

Ghot Pokar Enterprises Inc
120-19 101 Ave. S. Richmond Hill, NY 11419




We rent black@green CARS at very low rate. All new model cars-Honda, Acura, Toyota Camry, Hybrid, Chrysler and Chevy Sub.

Please Contact: 718-578-2880
Ph: 718-223-3174 or 718-846-0800
Fax: 718-846-0811

# ਸੰਤ ਪ੍ਰੇਮ ਸਿੰਘ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਦਾ ਪਲੇਠਾ ਪ੍ਰੋਗਰਾਮ ਹੋਵੇਗਾ "ਏਸ਼ੀਅਨ ਅਮੈਰੀਕਨ ਟੇਲੈਂਟ ਹੰਟ"

**ਨਿਊ ਯਾਰਕ (ਬਿਊਰੋ):** ਸੰਤ ਪ੍ਰੇਮ ਸਿੰਘ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਦਾ ਪਲੇਠਾ ਟੀ.ਵੀ. ਪ੍ਰੋਗਰਾਮ "ਏਸ਼ੀਅਨ ਅਮੈਰੀਕਨ ਟੇਲੈਂਟ ਹੰਟ 2017" ਹੋਵੇਗਾ। ਇਸ ਸਬੰਧੀ ਇਥੇ ਇਕ ਪ੍ਰੈਸ ਕਾਨਫਰੰਸ ਵਿਚ ਜਾਣਕਾਰੀ ਦਿੰਦਿਆਂ ਉਜਾਗਰ ਕਰਨਾ ਹੈ। ਜੱਜਾਂ ਦੀ ਚੋਣ ਸਾਰੇ ਭਾਗ ਲੈਣ ਵਾਲੇ ਦੇਸ਼ਾਂ ਦੇ ਅਦੀਬਾਂ ਵਿਚੋਂ ਕੀਤੀ ਜਾਵੇਗੀ।

ਸ. ਮੁਲਤਾਨੀ ਨੇ ਦੱਸਿਆ ਕਿ ਸ਼ੋਅ ਦੇ ਮੁੱਖ ਹੋਸਟ ਮਸ਼ਹੂਰ ਪੰਜਾਬੀ ਕਲਾਕਾਰ ਭਿੰਦਾ ਬੋਗੋਵਾਲੀਆ ਹੋਣਗੇ। ਉਨ੍ਹਾਂ




ਸੰਤ ਪ੍ਰੇਮ ਸਿੰਘ ਬ੍ਰਾਡਕਾਸਟਿੰਗ ਕਾਰਪੋਰੇਸ਼ਨ ਦੇ ਫਾਊਂਡਰ ਤੇ ਸੀ.ਈ.ਓ. ਅਮਰਜੀਤ ਸਿੰਘ ਮੁਲਤਾਨੀ ਨੇ ਦੱਸਿਆ ਕਿ ਇਹ ਅਮਰੀਕਾ ਵਿਚ ਤਿਆਰ ਕੀਤਾ ਜਾਣ ਵਾਲਾ ਆਪਣੀ ਕਿਸਮ ਦਾ ਪਹਿਲਾ ਸ਼ੋਅ ਹੋਵੇਗਾ, ਜਿਸ ਵਿਚ ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਨੇਪਾਲ, ਭੂਟਾਨ, ਅਫਗਾਨਿਸਤਾਨ ਅਤੇ ਗਿਆਨਾ ਦੇ ਪ੍ਰਤੀਯੋਗੀ ਹਿੱਸਾ ਲੈਣਗੇ।

ਉਨ੍ਹਾਂ ਕਿਹਾ ਕਿ ਪ੍ਰਤੀਯੋਗੀ ਗੀਤ-ਸੰਗੀਤ, ਜਿਮਨੈਸਟਿਕਸ, ਬਾਡੀ ਸਟੰਟ, ਮਮੀਕਰੀ ਜਾਂ ਕਿਸੇ ਵੀ ਕਿਸਮ ਦਾ ਲੋਕਾਂ ਵਿਚ ਉਤਸੁਕਤਾ ਪੈਦਾ ਕਰਨ ਵਾਲਾ ਕੋਈ ਵੀ ਕਰਤਵ ਪੇਸ਼ ਕਰ ਸਕਦੇ ਹਨ। ਇਸ ਸ਼ੋਅ ਵਿਚ ਕਿਸੇ ਵਿਸ਼ੇਸ਼ ਦੇਸ਼ ਦੀ ਪ੍ਰਤੀਨਿਧਤਾ ਨਹੀਂ ਹੋਵੇਗੀ ਬਲਕਿ ਮਨੋਰਥ ਸਾਊਥ ਏਸ਼ੀਅਨ ਅਮੈਰੀਕਨਾਂ ਦੇ ਟੇਲੈਂਟ ਨੂੰ ਦੁਨੀਆਂ ਸਾਹਮਣੇ ਦਾ ਸਾਥ ਹੋਰਨਾਂ ਏਸ਼ੀਅਨ ਦੇਸ਼ਾਂ ਦੀ ਭਾਸ਼ਾ ਵਿਚ ਮੁਹਾਰਤ ਰੱਖਣ ਵਾਲੀਆਂ ਕੋ-ਹੋਸਟ ਹੋਣਗੀਆਂ। ਸਾਰੇ ਪ੍ਰੋਗਰਾਮ ਵਿਚ ਇੰਗਲਿਸ਼ ਸਬ ਟਾਈਟਲ ਵੀ ਹੋਣਗੇ। ਇਹ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ ਕਿ ਹਰ ਹਿੱਸਾ ਲੈਣ ਵਾਲੇ ਕਿਸੇ ਦੇਸ਼ ਦੇ ਆਤਮ ਸਨਮਾਨ ਨੂੰ ਠੇਸ ਨਾ ਪੁੱਜੇ। ਕੁਲ 25 ਐਪੀਸੋਡ ਹੋਣਗੇ। ਪਹਿਲੇ 3 ਜੇਤੂਆਂ ਨੂੰ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਇਨਾਮ ਦਿਤੇ ਜਾਣਗੇ, ਜਿਨ੍ਹਾਂ ਵਿਚ ਕੈਸ਼ ਤੇ ਗਿਫਟ ਹੈਂਪਰ ਸ਼ਾਮਲ ਹੋਣਗੇ।

ਜ਼ਿਕਰਯੋਗ ਹੈ ਕਿ ਇਹ ਸ਼ੋਅ ਨਿਊ ਯਾਰਕ ਦੇ ਨਾਮੀ ਬਿਜਨਸਮੈਨ ਤੇ ਸਿੱਖ ਸ਼ਖਸੀਅਤ ਬਾਬੂ ਜੋਗਿੰਦਰ ਸਿੰਘ ਨੇ ਆਪਣੇ ਵੱਡੇ ਬੇਟੇ ਸਰਬਜੀਤ ਸਿੰਘ ਬੱਲੂ ਦੀ ਯਾਦ ਵਿਚ ਸਪਾਂਸਰ ਕੀਤਾ ਹੈ।

# ਸੰਸਦੀ ਕਮੇਟੀ ਨੇ ਕਰਤਾਰਪੁਰ ਸਾਹਿਬ ਲਾਂਘੇ ਦਾ ਜਾਇਜ਼ਾ ਲਿਆ

**ਅਟਾਰੀ:** ਡੇਰਾ ਬਾਬਾ ਨਾਨਕ ਵਿਚ ਵਿਦੇਸ਼ ਮੰਤਰਾਲੇ ਦੀ ਸੰਸਦੀ ਕਮੇਟੀ ਵੱਲੋਂ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਹਾਲਾਤ ਦਾ ਜਾਇਜ਼ਾ ਲਿਆ ਗਿਆ। ਕਮੇਟੀ ਮੈਂਬਰਾਂ ਨੇ ਧੁੱਸੀ ਬੰਨ੍ਹ 'ਤੇ ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਦੇ ਦਰਸ਼ਨ ਵੀ ਕੀਤੇ। ਵਫਦ ਵਿਚ ਕਮੇਟੀ ਦੇ ਚੇਅਰਮੈਨ ਸ਼ਸ਼ੀ ਥਰੂਰ, ਲੋਕ ਸਭਾ ਮੈਂਬਰ ਮੁਮਤਾਜ ਸੰਗਮਿਤਾ, ਪ੍ਰੋ. ਰਿਚਰਡ ਹੇਅ, ਸ਼ਰਦ ਤ੍ਰਿਪਾਠੀ, ਗੁਰਜੀਤ ਸਿੰਘ ਔਜਲਾ, ਐਮ ਵੈਂਕਟਸਵਰਾ ਰਾਓ ਤੇ ਰਾਜ ਸਭਾ ਮੈਂਬਰ ਅਮਰ ਸਿੰਘ ਮੌਜੂਦ ਸਨ। ਇਸ ਮੌਕੇ ਹਲਕਾ ਡੇਰਾ ਬਾਬਾ ਨਾਨਕ ਦੇ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਕਮੇਟੀ ਨੂੰ ਮੰਗ ਪੱਤਰ ਸੌਂਪਿਆ। ਉਨ੍ਹਾਂ ਕਮੇਟੀ ਨੂੰ ਜਾਣੂ ਕਰਾਇਆ ਕਿ ਲਾਂਘੇ ਸਬੰਧੀ ਸਾਰਾ ਖਰਚ ਪੰਜਾਬ ਸਰਕਾਰ ਕਰਨ ਨੂੰ ਤਿਆਰ ਹੈ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਥਰੂਰ ਨੇ ਕਿਹਾ ਕਿ ਲੋਕਾਂ ਦੀ ਮੰਗ ਹੈ ਕਿ ਕਰਤਾਰਪੁਰ ਸਾਹਿਬ ਲਾਂਘਾ ਸਥਾਪਿਤ ਕੀਤਾ ਜਾਵੇ। ਇਸ ਤਰ੍ਹਾਂ ਭਾਰਤ-ਪਾਕਿਸਤਾਨ ਵਿਚਾਲੇ ਸਬੰਧ ਵੀ ਮਜ਼ਬੂਤ ਹੋ ਸਕਦੇ ਹਨ। ਨਾਲ ਹੀ ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਪਾਕਿਸਤਾਨ ਵੱਲੋਂ ਭਾਰਤ ਵਿਚ ਹਿੰਸਕ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ, ਇਸ ਦੇ ਮੱਦੇਨਜ਼ਰ ਹੋਰ ਸੰਜੀਦਾ ਯਤਨ ਕਰਨ ਦੀ ਲੋੜ ਹੈ। ਇਸ ਮੌਕੇ ਭਾਰਤ-ਪਾਕਿਸਤਾਨ ਵਪਾਰਕ ਮਸਲਿਆਂ ਅਤੇ ਲੋੜਾਂ ਸਬੰਧੀ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਸੰਗਠਿਤ ਚੈੱਕ ਪੋਸਟ ਅਟਾਰੀ ਰਸਤੇ ਹੁੰਦੇ ਵਪਾਰ ਰਾਹੀਂ ਤਸਕਰੀ ਨੂੰ ਨੱਥ ਪਾਉਣ ਲਈ ਟਰੱਕ ਸਕੈਨਰ ਲਗਾਉਣ, ਵਪਾਰ ਲਈ ਸਮਾਂ ਵਧਾਉਣ, ਟਰੱਕਾਂ ਲਈ ਵਧੇਰੇ ਪਾਰਕਿੰਗ ਦਾ ਪ੍ਰਬੰਧ ਕਰਨ ਸਬੰਧੀ ਮੰਗਾਂ ਸੰਸਦੀ ਕਮੇਟੀ ਸਾਹਮਣੇ ਰੱਖੀਆਂ।

## ਜਦੋਂ ਸੈਲਫੀ ਲੈਣ ਲਈ ਰੁਕਵਾਈ ਰੇਲ

**ਨਵੀਂ ਦਿੱਲੀ:** ਅਲੀਗੜ੍ਹ ਦੇ ਪੋਰਾ ਰੇਲਵੇ ਸਟੇਸ਼ਨ 'ਤੇ ਸੈਲਫੀ ਖਿਚਵਾਉਣ ਲਈ ਇਕ ਜਾਨੂੰਨੀ ਦ੍ਰਿਸ਼ ਦੇਖਣ ਨੂੰ ਮਿਲਿਆ ਹੈ। ਪੋਰਾ ਸਟੇਸ਼ਨ 'ਤੇ ਇਕ ਨੌਜਵਾਨ ਨੇ ਰਾਜਧਾਨੀ ਐਕਸਪ੍ਰੈਸ ਨਾਲ ਸੈਲਫੀ ਖਿਚਵਾਉਣ ਲਈ ਲਾਲ ਕੱਪੜਾ ਦਿਖਾ ਕੇ ਰੇਲਗੱਡੀ ਨੂੰ ਹੀ ਰੁਕਵਾ ਦਿੱਤਾ। ਨੌਜਵਾਨ ਸੈਲਫੀ ਕਰਨ ਤੋਂ ਬਾਅਦ ਭੱਜਣ ਵਿਚ ਕਾਮਯਾਬ ਹੋ ਗਿਆ।

# ਸਵਰਨਜੀਤ ਸਿੰਘ ਖਾਲਸਾ ਦਾ 'ਰੈਕਟਰ ਆਫ ਲੀਡਰਸ਼ਿਪ' ਨਾਲ ਸਨਮਾਨ

**ਨਿਊ ਯਾਰਕ (ਬਿਊਰੋ):** ਅਮਰੀਕਾ ਵਿਚ ਨਸਲੀ ਹਿੰਸਾ ਵਿਰੁਧ ਜਾਗਰੂਕਤਾ ਪੈਦਾ ਕਰ ਰਹੇ ਜਲੰਧਰ ਦੇ ਸਵਰਨਜੀਤ ਸਿੰਘ ਖਾਲਸਾ ਨੂੰ ਐਫ.ਬੀ.ਆਈ. ਦੇ ਹੈਡਕੁਆਰਟਰ ਵਿਚ 'ਰੈਕਟਰ ਆਫ ਲੀਡਰਸ਼ਿਪ' ਨਾਲ ਸਨਮਾਨਤ ਕੀਤਾ ਗਿਆ। ਦੇਸ਼ ਵਿਚ 50 ਸ਼ਖਸੀਅਤਾਂ ਨੂੰ ਇਹ ਸਨਮਾਨ ਦਿੱਤਾ ਗਿਆ ਜਿਨ੍ਹਾਂ ਵਿਚ ਭਾਰਤ ਦੀ ਨੁਮਾਇੰਦਗੀ ਇਕੱਲੇ ਸਵਰਨਜੀਤ ਸਿੰਘ ਖਾਲਸਾ ਨੇ ਕੀਤੀ। ਇਹ ਸਨਮਾਨ ਐਫ.ਬੀ.ਆਈ. ਦੇ ਡਾਇਰੈਕਟਰ ਨੇ ਵਾਸ਼ਿੰਗਟਨ ਡੀ.ਸੀ. ਵਿਚ ਦਿੱਤਾ।

ਸਵਰਨਜੀਤ ਸਿੰਘ ਦੇ ਪਿਤਾ ਪਰਮਿੰਦਰਪਾਲ ਸਿੰਘ ਖਾਲਸਾ ਮੁਤਾਬਕ 9/11 ਦੇ ਹਮਲੇ ਤੋਂ ਬਾਅਦ ਅਮਰੀਕਾ ਵਿਚ ਸਿੱਖਾਂ ਨੂੰ ਤਾਲਿਬਾਨ ਸਮਝ ਕੇ ਨਸਲੀ ਹਮਲੇ ਹੋ ਰਹੇ ਸਨ ਜਿਨ੍ਹਾਂ ਵਿਚ ਕਈ ਸਿੱਖਾਂ ਨੂੰ ਆਪਣੀਆਂ ਜਾਨਾਂ ਗਵਾਉਣੀਆਂ ਪਈਆਂ। ਇਸ ਖਿਲਾਫ ਸਵਰਨਜੀਤ ਸਿੰਘ ਨੇ ਮੁਹਿੰਮ ਸ਼ੁਰੂ ਕੀਤੀ ਸੀ ਕਿ ਸਿਖ ਕੌਮ ਤਾਲਿਬਾਨ ਨਹੀਂ ਹੈ। ਉਸ ਨੇ ਇਸ ਸਬੰਧੀ ਬਹੁਤ ਸਾਰੀਆਂ ਥਾਂਵਾਂ 'ਤੇ ਹੋਰਡਿੰਗ ਵੀ ਲਵਾਏ ਸਨ ਜੋ ਸਿੱਖਾਂ ਦੀ ਵੱਖਰੀ ਪਛਾਣ ਦਰਸਾਉਂਦੇ ਸਨ। ਸਵਰਨਜੀਤ ਸਿੰਘ ਨੇ ਸੈਮੀਨਾਰ ਕਰਵਾ ਕੇ ਦਸਤਾਰ, ਪੰਜਾਂ ਕਕਾਰਾਂ ਤੇ ਖਾਸ ਕਰ ਕੇ ਕਿਰਪਾਨ ਬਾਰੇ ਅਮਰੀਕੀ ਲੋਕਾਂ ਨੂੰ ਬਾਖੂਬੀ ਜਾਣੂ ਕਰਵਾਇਆ ਹੈ। ਉਸ ਦੇ ਇਨ੍ਹਾਂ ਯਤਨਾਂ ਦੀ ਅਮਰੀਕਾ ਪ੍ਰਸ਼ਾਸਨ ਨੇ ਸ਼ਲਾਘਾ ਕੀਤੀ ਸੀ।

ਪਰਮਿੰਦਰਪਾਲ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪੁੱਤ 2007 ਵਿਚ ਪੜ੍ਹਾਈ ਵਾਸਤੇ ਅਮਰੀਕਾ ਪੁੱਜਾ ਸੀ ਤੇ ਹੁਣ



ਉਥੇ ਹੀ ਆਪਣਾ ਕਾਰੋਬਾਰ ਸਥਾਪਤ ਕਰ ਲਿਆ ਹੈ। ਉਹ ਮਕਾਨਾਂ ਦੀ ਉਸਾਰੀ ਤੇ ਗੈਸ ਸਟੇਸ਼ਨਾਂ ਦੇ ਕੰਮਾਂ ਦੀ ਦੇਖ-ਰੇਖ ਕਰ ਰਿਹਾ ਹੈ।

# ਸ਼੍ਰੋਮਣੀ ਕਮੇਟੀ ਦੋਹਰੀ ਤਨਖਾਹ ਮਾਮਲੇ ਦੀ ਜਾਂਚ ਕਰਾਏਗੀ

**ਫਤਹਿਗੜ੍ਹ ਸਾਹਿਬ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਿਰਪਾਲ ਸਿੰਘ ਬਡੂੰਗਰ ਨੇ ਕਮੇਟੀ ਦੇ ਟਰਸਟਾਂ ਵਿਚ ਮੁਲਾਜ਼ਮਾਂ ਵੱਲੋਂ ਦੋਹਰੀ ਤਨਖ਼ਾਹ ਲੈਣ ਦੇ ਮਾਮਲੇ ਦੀ ਜਾਂਚ ਕਰਵਾਉਣ ਦੇ ਸੰਕੇਤ ਦਿੱਤੇ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧੀ ਜਲਦੀ ਹੀ ਕਮੇਟੀ ਬਣਾਈ ਜਾਵੇਗੀ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਸ਼੍ਰੋਮਣੀ ਕਮੇਟੀ ਦੇ ਟਰਸਟਾਂ ਵਿਚ ਮੁਲਾਜ਼ਮਾਂ ਵੱਲੋਂ ਦੋਹਰੀ ਤਨਖ਼ਾਹ ਲੈਣ ਦਾ ਮੁੱਦਾ ਉਠਾਇਆ ਸੀ। ਪ੍ਰੋ. ਬਡੂੰਗਰ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਅਧੀਨ ਕਾਰਜਸ਼ੀਲ ਸਾਰੇ ਟਰੱਸਟਾਂ ਦੇ ਸਕੱਤਰ, ਸ਼੍ਰੋਮਣੀ ਕਮੇਟੀ ਦੇ ਸਕੱਤਰਾਂ ਤੇ ਵਧੀਕ ਸਕੱਤਰਾਂ ਵਿਚੋਂ ਲਗਾਉਣ ਦਾ ਫ਼ੈਸਲਾ ਕੀਤਾ ਗਿਆ ਹੈ। ਨਾਲ ਹੀ ਉਨ੍ਹਾਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਰੋਕਣ ਲਈ ਸਰਕਾਰਾਂ ਆਪਣੀ ਜ਼ਿੰਮੇਵਾਰੀ ਨਿਭਾਉਣ। ਮਨਪ੍ਰੀਤ ਸਿੰਘ ਬਾਦਲ ਵੱਲੋਂ ਸ਼੍ਰੋਮਣੀ ਕਮੇਟੀ ਸਬੰਧੀ ਦਿੱਤੇ ਬਿਆਨ 'ਤੇ ਪ੍ਰਤੀਕਿਰਿਆ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਬਿਆਨ ਨਿਰਮੂਲ ਹੈ, ਸ਼੍ਰੋਮਣੀ ਕਮੇਟੀ ਕਿਸੇ ਦੇ ਪ੍ਰਭਾਵ ਅਧੀਨ ਨਹੀਂ ਹੈ। ਇਸ ਮੌਕੇ ਦੀਦਾਰ ਸਿੰਘ ਭੱਟੀ, ਹਰਿੰਦਰਪਾਲ ਸਿੰਘ ਚੰਦੂਮਾਜਰਾ, ਦਰਬਾਰਾ ਸਿੰਘ ਗੁਰੂ ਅਤੇ ਹੋਰ ਹਾਜ਼ਰ ਸਨ।


ATLANTIC TAX SOLUTIONS INC.

**Income Tax Preparation**

By Certified Public Accountant

ਰਿਚਮੰਡ ਹਿੱਲ ਵਿੱਖੇ ਪੰਜਾਬੀ ਭਰਾਵਾਂ ਦੀ ਸੇਵਾ ਲਈ ਇੰਕਮ ਟੈਕਸ ਤੇ ਇੰਸ਼ੋਰੈਂਸ ਦਾ ਦਫ਼ਤਰ ਖੁੱਲ ਗਿਆ ਹੈ। ਅੱਜ ਹੀ ਰਾਹੁਲ ਸਿੰਘ ਨੂੰ ਕਾਲ ਕਰੋ।



Rahul Singh, CPA

Free Consultancy ❖ Best Services ❖ Best Prices

| Experience and Specialty | | Insurance |
|---|---|---|
| Corporate Tax | Accounting | Auto |
| Personal Income Tax | Bookkeeping | Home |
| Financial Statement Audit | Payroll Services | Life |
| New Business Setup | Immigration Forms | Business |
| Year Round Service | | Worker Comp. |

Get the most from your tax return!

AUTHORIZED e-file PROVIDER

ਪਰਸਨਲ ਟੈਕਸ, ਕਾਰਪੋਰੇਟ ਟੈਕਸ, ਆਡਿਟ, ਬੁੱਕ ਕੀਪਿੰਗ ਤੇ ਟੈਕਸ ਦੀਆਂ ਹੋਰ ਸੇਵਾਵਾਂ ਲਈ ਸੰਪਰਕ ਕਰੋ

718-850-0040 Cell: 917-622-1354 (Rahul) Cell: 917-650-7989 (Rehan)

11805 Atlantic Ave, Richmond Hill NY 11418 Email: sendtocpa@gmail.com



**Michigan Truck Driving School**

6405 Middlebelt Road, Romulus, MI 48174

ਸਭ ਸਹੂਲਤਾਂ ਨਾਲ ਲੈਸ ਨਵਾਂ ਟਰੱਕ ਡਰਾਈਵਿੰਗ ਸਕੂਲ




*ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*3-4 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

Raj Jamarai Cell:734-644-1010 Office:734-747-4298



**ਹਲਵਾਈ, ਡੋਸਾ ਮੇਕਰ ਅਤੇ ਕਿਚਨ ਹੈਲਪਰਾਂ ਦੀ ਲੋੜ ਹੈ**

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਹਲਵਾਈ ਤੇ ਡੋਸਾ ਮੇਕਰ ਅਤੇ ਤਿੰਨ ਕਿਚਨ ਹੈਲਪਰ ਚਾਹੀਦੇ ਹਨ

ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

# ਪੋਰਟ ਬਲੇਅਰ ਦੀਆਂ ਸੜਕਾਂ ਨੂੰ ਮਿਲੇਗਾ ਪੰਜਾਬੀ ਸ਼ਹੀਦਾਂ ਦਾ ਨਾਂ

**ਚੰਡੀਗੜ੍ਹ:** ਅੰਡੇਮਾਨ ਅਤੇ ਨਿਕੋਬਾਰ ਦੇ ਗਵਰਨਰ ਜਨਰਲ ਡਾ. ਜਗਦੀਸ਼ ਮੁਖੀ ਨੇ ਕਿਹਾ ਹੈ ਕਿ ਪੋਰਟ ਬਲੇਅਰ ਸ਼ਹਿਰ ਦੀਆਂ ਤਿੰਨ ਮੁੱਖ ਸੜਕਾਂ ਦੇ ਨਾਮ ਆਜ਼ਾਦੀ ਸੰਗਰਾਮ ਦੇ ਤਿੰਨ ਮੁੱਖ ਪੰਜਾਬੀ ਸ਼ਹੀਦਾਂ ਸ਼ਹੀਦ-ਏ-ਆਜ਼ਮ ਭਗਤ ਸਿੰਘ, ਡਾ.ਦੀਵਾਨ ਸਿੰਘ ਕਾਲੇਪਾਣੀ ਅਤੇ ਮਦਨ ਲਾਲ ਢੀਂਗਰਾ ਦੇ ਨਾਂ ਉਤੇ ਰੱਖੇ ਜਾਣਗੇ। ਪੋਰਟ ਬਲੇਅਰ 'ਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵਫਦ ਨਾਲ ਹੋਈ ਬੈਠਕ ਦੌਰਾਨ ਹੋਈ ਵਿਚਾਰ ਚਰਚਾ ਦੌਰਾਨ ਉਪ ਰਾਜਪਾਲ ਨੇ ਇਹ ਭਰੋਸਾ ਦਿੱਤਾ। ਇਹ ਵਫਦ ਉਨ੍ਹਾਂ ਨੂੰ ਸੈਲੂਲਰ ਜੇਲ੍ਹ ਸਮਾਰਕ ਵਿਚ ਪੰਜਾਬੀਆਂ, ਖਾਸ ਕਰ ਕੇ ਸਿੱਖਾਂ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਸਦਕਾ ਬਣਦੀ ਢੁੱਕਵੀਂ ਥਾਂ ਦੇਣ ਦੀ ਮੰਗ ਲੈ ਕੇ ਮਿਲਣ ਗਿਆ ਸੀ।

ਡਾ. ਮੁਖੀ ਨੇ ਵਫਦ ਵਲੋਂ ਦਿੱਤੇ ਸਾਰੇ ਸੁਝਾਵਾਂ ਉਤੇ ਵਿਚਾਰ ਚਰਚਾ ਕੀਤੀ ਅਤੇ ਕਿਹਾ ਕਿ ਸੈਲੂਲਰ ਜੇਲ੍ਹ ਵਿਚ ਹਰ ਰੋਜ਼ ਦਿਖਾਏ ਜਾਂਦੇ ਇਕ ਘੰਟੇ ਦੇ 'ਰੋਸ਼ਨੀ ਤੇ ਆਵਾਜ਼' ਵਾਲਾ ਪ੍ਰੋਗਰਾਮ 6 ਮਹੀਨਿਆਂ ਵਿਚ ਮੁੜ ਤਿਆਰ ਕਰਵਾਇਆ ਜਾਵੇਗਾ ਜਿਸ ਵਿਚ ਪੰਜਾਬੀਆਂ ਨੂੰ ਉਨ੍ਹਾਂ ਦੀਆਂ ਕੁਰਬਾਨੀਆਂ ਦੇ ਹਿਸਾਬ ਨਾਲ ਬਣਦੀ ਥਾਂ ਦਿੱਤੀ ਜਾਵੇਗੀ। ਵਫਦ ਦਾ ਕਹਿਣਾ ਸੀ ਕਿ ਕੌਮੀ ਸਮਾਰਕ ਬਣ ਚੁੱਕੀ ਸੈਲੂਲਰ ਜੇਲ੍ਹ ਦੀ ਹੁਣ ਦਿਖਾਈ ਜਾਂਦੀ ਗਾਥਾ ਵਿਚ ਪੰਜਾਬੀਆਂ ਦੇ ਯੋਗਦਾਨ ਨੂੰ ਤਕਰੀਬਨ ਤਕਰੀਬਨ ਅੱਖੋਂ ਪਰੋਖੇ ਕੀਤਾ ਗਿਆ ਹੈ। ਵਫਦ ਨੇ ਉਪ ਰਾਜਪਾਲ ਦੇ ਧਿਆਨ ਵਿਚ ਇਹ ਵੀ ਲਿਆਂਦਾ ਕਿ ਛੇ ਮਹੀਨੇ ਪਹਿਲਾਂ ਮੁਰੰਮਤ ਕਾਰਨ ਜੇਲ੍ਹ ਦੀ ਇਕ ਗੈਲਰੀ ਵਿਚੋਂ ਲਾਹ ਦਿੱਤੀਆਂ ਗਈਆਂ ਪੰਜਾਬੀ ਆਜ਼ਾਦੀ ਘੁਲਾਟੀਆਂ ਦੀਆਂ ਤਸਵੀਰਾਂ ਮੁੜ ਸਥਾਪਤ ਨਹੀਂ ਕੀਤੀਆਂ ਗਈਆਂ। ਪਹਿਲਾਂ ਇਸ ਗੈਲਰੀ ਦੇ ਸ਼ੁਰੂ ਵਿਚ ਸਿੱਖ ਯੋਧਿਆਂ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਦੀ ਅਗਵਾਈ ਵਿਚ ਭੇਜੇ ਗਏ ਇਸ ਵਫ਼ਦ ਵਿਚ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਢ, ਵਧੀਕ ਸਕੱਤਰ ਹਰਭਜਨ ਸਿੰਘ ਮਨਾਵਾਂ, ਸਿੱਖਿਆ ਡਾਇਰੈਕਟਰ ਡਾ. ਧਰਮਿੰਦਰ ਸਿੰਘ ਉਭਾ, ਪੰਜਾਬੀ ਯੂਨੀਵਰਸਿਟੀ ਦੇ ਡਾ. ਪਰਮਵੀਰ ਸਿੰਘ, ਸੀਨੀਅਰ ਪੱਤਰਕਾਰ ਜਗਤਾਰ ਸਿੰਘ ਅਤੇ ਗੁਰਦਰਸ਼ਨ ਸਿੰਘ ਬਾਹੀਆ ਸ਼ਾਮਲ ਹਨ।

## ਅਮਰੀਕੀ ਸਕੂਲਾਂ 'ਚ ਸਿੱਖ ਇਤਿਹਾਸ ਪੜ੍ਹਨਗੇ ਬੱਚੇ

**ਮੈਰੀਡੀਅਨ:** ਇਦਾਹੋ ਸੂਬੇ ਦੇ ਸਿੱਖਿਆ ਵਿਭਾਗ ਵਲੋਂ ਸਿੱਖਾਂ ਬਾਰੇ ਜਾਣਕਾਰੀ ਨੂੰ ਆਪਣੇ ਸਮਾਜਿਕ ਸਿੱਖਿਆ ਪ੍ਰੋਗਰਾਮ ਦਾ ਹਿੱਸਾ ਬਣਾਇਆ ਗਿਆ ਹੈ। ਇਸ ਫ਼ੈਸਲੇ ਦੀ ਬਦੌਲਤ ਇਦਾਹੋ ਦੇ ਪਬਲਿਕ ਸਕੂਲਾਂ ਵਿਚ 6ਵੀਂ ਤੋਂ 9ਵੀਂ ਕਲਾਸ ਵਿਚ ਪੜ੍ਹਦੇ ਢਾਈ ਲੱਖ ਬੱਚੇ ਸਿੱਖਾਂ ਦੇ ਇਤਿਹਾਸ ਬਾਰੇ ਜਾਣਕਾਰੀ ਹਾਸਲ ਕਰ ਸਕਣਗੇ।

ਸਿੱਖ ਕੁਲੀਸ਼ਨ ਦੇ ਓਪਰੇਸ਼ਨਜ਼ ਐਂਡ ਵਾਲੰਟੀਅਰ ਐਂਗੇਜਮੈਂਟ ਮੈਨੇਜਰ ਦਮਨਪ੍ਰੀਤ ਸਿੰਘ ਨੇ ਕਿਹਾ ਕਿ ਇਦਾਹੋ ਵਿਚ ਮਿਲੀ ਸਫ਼ਲਤਾ ਮਗਰੋਂ ਹੋਰ ਸੂਬਿਆਂ ਵਿਚ ਵੀ ਹੰਭਲਾ ਮਾਰਿਆ ਜਾਵੇਗਾ।

ਸਾਲ 2016 ਦੇ ਅਖੀਰ ਵਿਚ ਜਦੋਂ ਇਹ ਗੱਲ ਸਾਹਮਣੇ ਆਈ ਕਿ ਇਦਾਹੋ ਸਟੇਟ ਬੋਰਡ ਆਫ਼ ਐਜੂਕੇਸ਼ਨ ਵਲੋਂ ਆਪਣੇ ਸਮਾਜਿਕ ਸਿੱਖਿਆ ਪਾਠਕ੍ਰਮ ਦੀ ਸਮੀਖਿਆ ਕੀਤੀ ਜਾਣੀ ਹੈ ਤਾਂ ਸਿੱਖ ਕੁਲੀਸ਼ਨ ਨੇ ਸਿੱਖ ਇਤਿਹਾਸ ਅਤੇ ਰਵਾਇਤਾਂ ਬਾਰੇ ਵਿਆਪਕ ਸਮੱਗਰੀ ਲੈ ਕੇ ਬੋਰਡ ਨਾਲ ਸੰਪਰਕ ਕਾਇਮ ਕੀਤਾ ਸੀ। ਇਸ ਤੋਂ ਪਹਿਲਾਂ ਨਿਊ ਯਾਰਕ, ਨਿਊ ਜਰਸੀ, ਟੈਕਸਾਸ ਤੇ ਕੈਲੀਫੋਰਨੀਆ ਦੇ ਸਕੂਲ ਪਾਠਕ੍ਰਮ ਵਿਚ ਸਿੱਖ ਇਤਿਹਾਸ ਦੀ ਜਾਣਕਾਰੀ ਸ਼ਾਮਲ ਕੀਤੀ ਜਾ ਚੁੱਕੀ ਹੈ।

## Matrimonial

### ਵਰ ਦੀ ਲੋੜ

US citizen or Green Card holder well settled educated match wanted for Amritdhari Saini Sikh girl, 28 yrs, 5'-3", B.Com, MBA, from an educated family. The girl is in India. Caste no bar. Contact, Ph: 216-513-5887 (USA) or +91-98786-21898 (India) 11-18

Wanted suitable US citizen, green card or H1-B visa holder handsome match for Jatt Sikh B.Sc Nursing citizen girl 27, 5'-5". Please e-mail details & photo at: gsingh9113@gmail.com or call, Ph: 224-410-5658 15-

### ਲੜਕੀ ਦੀ ਲੋੜ

ਜੱਟ ਸਿੱਖ ਉਮਰ 25 ਸਾਲ ਕੱਦ 5'-10" ਵਰਕ ਪਰਮਿਟ 'ਤੇ ਕੰਮ ਕਰ ਰਹੇ ਲੜਕੇ ਲਈ ਯੂ.ਐਸ.-ਕੈਨੇਡਾ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਜ਼ਰੂਰਤ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਸੰਪਰਕ ਕਰੋ, ਫੋਨ: 612-481-4662 16-19

Ramgariah family looking for a suitable Ramgariah match for their Sr. Financial Analyst 33 years, U.S. born son. Please contact: jsnov1973@aol.com 14/-4

### ਲੜਕੀ ਦੀ ਲੋੜ

ਇੰਡੀਆ ਰਹਿੰਦੇ ਸੋਹਣੇ ਸੁਨੱਖੇ ਜੱਟ ਸਿੱਖ ਵੈਸ਼ਨੂੰ ਬੀ.ਟੈਕ ਇਲੈਕਟ੍ਰਾਨਿਕਸ, ਉਮਰ 32 ਸਾਲ, 6' ਲੜਕੇ ਲਈ ਕੈਨੇਡੀਅਨ ਜਾਂ ਅਮਰੀਕਨ ਸਿਟੀਜ਼ਨ, ਗਰੀਨ ਕਾਰਡ ਹੋਲਡਰ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕੇ ਦਾ ਦਾਦਕਾ ਪਰਿਵਾਰ ਕੈਨੇਡਾ ਵਿਚ ਵੈਲ ਸੈਟਲਡ ਹੈ। ਸੰਪਰਕ ਕਰੋ, ਫੋਨ: 416-898-7144 ਅਤੇ ਬਾਇਓਡਾਟਾ ਤੇ ਤਸਵੀਰ ਈਮੇਲ ਕਰੋ: hbhangu@hotmail.com 17-20

28 year old Dentist from India clean shaven Arora Sikh, finishing health management course in Australia by the end of April 2017, looking for a suitable educated US citizen girl to marry and settle in US. Contact: Jaytg@aol.com, Ph: 847-830-5361 15-18

30 year old handsome Gursikh priest from Jammu and Kashmir looking to marry US citizen Gursikh girl to settle down in US, presently in the Midwest (USA). Also has a 28 year old priest brother in Australia interested in marrying Gursikh US citizen girl to settle in US. Both fluent in English. Contact: jaytg@aol.com, Ph: 847-830-5361 15-18

# ਵਿੱਤੀ ਬੇਨੇਮੀਆਂ ਬਾਰੇ ਵ੍ਹਾਈਟ ਪੇਪਰ ਜੂਨ ਵਿਚ: ਮਨਪ੍ਰੀਤ ਬਾਦਲ

**ਚੰਡੀਗੜ੍ਹ:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਨੇ ਵ੍ਹਾਈਟ ਪੇਪਰ ਤਿਆਰ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਇਸ ਨੂੰ ਜੂਨ ਵਿਚ ਹੋਣ ਵਾਲੇ ਬਜਟ ਸੈਸ਼ਨ ਵਿਚ ਪੇਸ਼ ਕੀਤਾ ਜਾਵੇਗਾ। ਇਸ ਦੇ ਨਾਲ ਹੀ ਸੂਬਾ ਸਰਕਾਰ ਨੇ ਪਿਛਲੀ ਸਰਕਾਰ ਦੇ ਕਾਰਜਕਾਲ ਵਿਚ ਅਨਾਜ ਦੀ ਖਰੀਦ ਦੌਰਾਨ ਹੋਈਆਂ ਬੇਨਿਯਮੀਆਂ ਦੀ ਜਾਂਚ ਵੀ ਸ਼ੁਰੂ ਕਰ ਦਿੱਤੀ ਹੈ। ਸੂਬਾ ਸਰਕਾਰ ਵੱਲੋਂ ਇਹ ਕਾਰਵਾਈ ਕੇਂਦਰ ਕੋਲ ਠੋਸ ਤੱਥ ਪੇਸ਼ ਕਰ ਕੇ ਰਾਹਤ ਲੈਣ ਲਈ ਅਮਲ 'ਚ ਲਿਆਂਦੀ ਜਾ ਰਹੀ ਹੈ। ਇਹ ਦਾਅਵਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਵ੍ਹਾਈਟ ਪੇਪਰ ਬਜਟ ਸੈਸ਼ਨ ਵਿਚ ਪੇਸ਼ ਕੀਤਾ ਜਾਣਾ ਹੈ, ਇਸ ਸਬੰਧੀ ਕੋਈ ਜਾਣਕਾਰੀ ਜਨਤਕ ਨਹੀਂ ਕੀਤੀ ਜਾਵੇਗੀ। ਇਸ ਵਿਚ ਅਕਾਲੀ-ਭਾਜਪਾ ਰਾਜ ਦੌਰਾਨ ਵਿਤੀ ਸੈਕਟਰ ਵਿਚ ਹੋਈਆਂ ਬੇਨਿਯਮੀਆਂ ਨੂੰ ਉਭਾਰਿਆ ਜਾਵੇਗਾ। ਵ੍ਹਾਈਟ ਪੇਪਰ 'ਚ ਸਰਕਾਰੀ ਜਾਇਦਾਦਾਂ ਵੇਚਣ ਅਤੇ ਸੂਬੇ ਦੇ ਪੰਜ ਅਹਿਮ ਅਦਾਰਿਆਂ ਦੀ ਆਮਦਨ 'ਤੇ ਅਗਲੇ ਸਾਲਾਂ ਲਈ ਕਰਜ਼ ਲੈਣ ਦੇ ਮਾਮਲੇ ਨੂੰ ਵੀ ਉਭਾਰਿਆ ਜਾਵੇਗਾ। ਮਿਸਾਲ ਦੇ ਤੌਰ 'ਤੇ ਮੰਡੀ ਬੋਰਡ ਨੂੰ ਅਗਲੇ ਪੰਜ ਸਾਲਾਂ ਵਿਚ ਜਿਹੜੀ ਆਮਦਨ ਹੋਵੇਗੀ, ਉਸ ਨੂੰ ਲਿਆ ਕਰਜ਼ਾ ਉਤਾਰਨ ਲਈ ਵਰਤਿਆ ਜਾਵੇਗਾ ਤੇ ਇਸ ਲਈ ਨਵੀਂ ਸਰਕਾਰ ਜਾਂ ਮੰਡੀ ਬੋਰਡ ਦੇ ਚੇਅਰਮੈਨ ਨੂੰ ਬੋਰਡ ਦੇ ਖ਼ਰਚੇ ਝੱਲਣ ਲਈ ਲਈ ਬਦਲਵੇਂ ਵਿੱਤੀ ਸਰੋਤਾਂ ਦਾ ਪ੍ਰਬੰਧ ਕਰਨਾ ਪਵੇਗਾ।

## ਬਾਵਾ ਹਰਬੰਸ ਸਿੰਘ ਸੁਰਗਵਾਸ

**ਨਿਊ ਯਾਰਕ (ਬਿਊਰੋ):** ਸਥਾਨਕ ਬਾਵਾ ਪਰਿਵਾਰ ਨੂੰ ਉਦੋਂ ਸਦਮਾ ਪੁੱਜਾ ਜਦੋਂ ਉਨ੍ਹਾਂ ਦੇ ਬਜ਼ੁਰਗ ਬਾਵਾ ਹਰਬੰਸ ਸਿੰਘ ਲੰਘੀ 27 ਅਪਰੈਲ ਨੂੰ ਅਕਾਲ ਚਲਾਣਾ ਕਰ ਗਏ।



ਉਹ ਕਰੀਬ 90 ਸਾਲਾਂ ਦੇ ਸਨ।

ਸਵਰਗੀ ਬਾਵਾ ਹਰਬੰਸ ਸਿੰਘ ਨਮਿਤ ਅੰਤਿਮ ਅਰਦਾਸ ਸਨਿਚਰਵਾਰ, 6 ਮਈ ਨੂੰ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿੱਲ ਵਿਖੇ ਦੁਪਹਿਰ 12 ਤੋਂ 2 ਵਜੇ ਦਰਮਿਆਨ ਹੋਵੇਗੀ। ਪਰਿਵਾਰ ਨਾਲ ਸੰਪਰਕ ਬਾਵਾ ਪ੍ਰਹਿਲਾਦ ਸਿੰਘ ਫੋਨ: 347-251-8585 ਜਾਂ ਕਸ਼ਮੀਰ ਸਿੰਘ ਫੋਨ: 917-332-7046 ਰਾਹੀਂ ਕੀਤਾ ਜਾ ਸਕਦਾ ਹੈ।


## ਤੰਦੂਰੀਏ, ਕਿਚਨ ਹੈਲਪਰ ਅਤੇ ਵੇਟਰ ਦੀ ਲੋੜ ਹੈ

ਅਟਲਾਂਟਾ, ਜਾਰਜੀਆ 'ਚ ਵਧੀਆ ਚਲਦੇ ਇੰਡੀਅਨ ਰੈਸਟੋਰੈਂਟ ਲਈ ਅਨੁਭਵੀ ਤੰਦੂਰੀਏ, ਕਿਚਨ ਹੈਲਪਰ ਤੇ ਵੇਟਰ ਦੀ ਫੌਰੀ ਲੋੜ ਹੈ। ਜੋੜੇ ਨੂੰ ਤਰਜੀਹ। ਚੰਗੀ ਤਨਖਾਹ, ਮੁਫਤ ਰਿਹਾਇਸ਼

ਸੰਪਰਕ ਕਰੋ: ਜਸਵੀਰ ਸਿੰਘ ਢੀਂਡਸਾ

ਫੋਨ: 757-240-9348

16-18

## ਵੇਟਰ ਅਤੇ ਤੰਦੂਰੀਏ ਦੀ ਲੋੜ ਹੈ

ਮੈਡੀਸਨ, ਵਿਸਕਾਨਸਿਨ 'ਚ ਭਾਰਤੀ ਰੈਸਟੋਰੈਂਟ ਲਈ ਵੇਟਰ ਅਤੇ ਤੰਦੂਰੀਏ ਦੀ ਲੋੜ ਹੈ।

ਰਿਹਾਇਸ਼ ਫਰੀ, ਚੰਗੀ ਤਨਖਾਹ

ਸੰਪਰਕ ਕਰੋ: ਸੰਨੀ, ਫੋਨ: 608-630-0287

18-21






## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

**Gurdip Singh Sandhu**

Homeopathic Practitioner/Consultant Since 1973

DHMS-Gold Medalist, BAMS, MDEh.- India


**Well Experienced as:**

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

**EX Member:** The California Homeopathic Society

National Center For Homeopathy- USA



*Gurdip Singh Sandhu*

**7021 Village Park Way, Dublin, CA 94568**

Email: Homeomedicine@yahoo.com

# ਐਸ.ਵਾਈ.ਐਲ: ਸਿਆਸੀ ਧਿਰਾਂ ਟਕਰਾਅ ਵਾਲੇ ਰਾਹ ਤੁਰੀਆਂ

**ਕੈਥਲ:** ਹਰਿਆਣਾ ਦੀ ਮੁੱਖ ਵਿਰੋਧੀ ਪਾਰਟੀ ਇਨੈਲੋ ਨੇ ਐਲਾਨ ਕੀਤਾ ਕਿ ਇਸ ਵੱਲੋਂ ਸਤਲੁਜ-ਯਮੁਨਾ ਲਿੰਕ ਨਹਿਰ ਦੀ ਉਸਾਰੀ ਲਈ ਪੰਜਾਬ ਉਤੇ ਦਬਾਅ ਪਾਉਣ ਵਾਸਤੇ ਆਗਾਮੀ 10 ਜੁਲਾਈ ਨੂੰ ਪੰਜਾਬ ਰੋਡਵੇਜ਼ ਦੀਆਂ ਬੱਸਾਂ ਨੂੰ ਹਰਿਆਣਾ ਵਿਚ ਰੋਕਿਆ ਜਾਵੇਗਾ।

ਪਾਰਟੀ ਦੇ ਸੀਨੀਅਰ ਆਗੂ ਅਭੈ ਸਿੰਘ ਚੌਟਾਲਾ ਨੇ ਆਖਿਆ ਕਿ ਪਾਰਟੀ ਦੇ ਨੌਜਵਾਨ ਕਾਰਕੁਨਾਂ ਵੱਲੋਂ ਪੰਜਾਬ ਸਰਕਾਰ ਦੇ ਹੋਰ ਵਾਹਨਾਂ ਨੂੰ ਵੀ ਉਸ ਦਿਨ ਹਰਿਆਣਾ ਵਿਚ ਦਾਖਲ ਹੋਣ ਤੋਂ ਰੋਕਿਆ ਜਾਵੇਗਾ। ਪੰਜਾਬ ਤੋਂ ਆਉਣ ਵਾਲੇ ਨਿੱਜੀ ਵਾਹਨਾਂ ਨੂੰ ਹਰਿਆਣਾ ਵਿਚ ਦਾਖਲੇ ਖੁੱਲ੍ਹ ਹੋਵੇਗੀ, ਪਰ ਇਨ੍ਹਾਂ ਵਾਹਨ ਚਾਲਕਾਂ ਨੂੰ ਕਾਰਕੁਨਾਂ ਵੱਲੋਂ ਗੁਲਾਬ ਦਾ ਫੁੱਲ ਅਤੇ ਐਸ.ਵਾਈ.ਐਲ. ਬਾਰੇ ਇਨੈਲੋ ਦੇ ਮੰਗ ਪੱਤਰ ਦੀ ਕਾਪੀ ਦਿੱਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਐਮਰਜੈਂਸੀ ਵਾਹਨਾਂ ਜਿਵੇਂ ਐਂਬੂਲੈਂਸਾਂ ਆਦਿ ਨੂੰ ਵੀ ਨਹੀਂ ਰੋਕਿਆ ਜਾਵੇਗਾ। ਪਾਣੀਆਂ ਦੀ ਵੰਡ ਦੇ ਮੁੱਦੇ ਉਤੇ ਸੁਪਰੀਮ ਕੋਰਟ ਵਿਚ 11 ਜੁਲਾਈ ਨੂੰ ਸੁਣਵਾਈ ਹੋਣੀ ਹੈ। ਉਨ੍ਹਾਂ ਐਸ.ਵਾਈ.ਐਲ. ਦੇ ਮਾਮਲੇ ਉਤੇ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੀ ਹਮਾਇਤ 'ਚ ਖੜ੍ਹਨ ਲਈ ਭਾਜਪਾ ਦੀ ਪੰਜਾਬ ਇਕਾਈ ਦੀ ਵੀ ਨਿਖੇਧੀ ਕੀਤੀ।

ਗੌਰਤਲਬ ਹੈ ਕਿ ਪਾਰਟੀ ਨੇ ਦੋ ਮਹੀਨੇ ਪਹਿਲਾਂ ਸ਼ੰਭੂ ਸਰਹੱਦ ਨੇੜੇ ਪੰਜਾਬ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ ਸੀ ਤਾਂ ਕਿ ਪੰਜਾਬ ਵਿਚ ਨਹਿਰ ਦੀ ਪੁਟਾਈ ਕੀਤੀ ਜਾ ਸਕੇ, ਪਰ ਉਨ੍ਹਾਂ ਨੂੰ ਪੰਜਾਬ ਪੁਲਿਸ ਨੇ ਮਨਾਹੀ ਦੇ ਹੁਕਮਾਂ ਦੀ ਉਲੰਘਣਾ ਲਈ ਗ੍ਰਿਫਤਾਰ ਕਰ ਲਿਆ ਗਿਆ ਸੀ। ਬਾਅਦ ਵਿਚ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਸੀ।

ਮਹੀਨਾ ਕੁ ਪਹਿਲਾਂ ਇਨੈਲੋ ਨੇ ਨਵੀਂ ਦਿੱਲੀ ਵਿਚ ਸੰਸਦ ਮਾਰਗ ਉਤੇ ਇਸ ਮੁੱਦੇ 'ਤੇ ਜ਼ੋਰਦਾਰ ਮੁਜ਼ਾਹਰਾ ਕਰਦਿਆਂ ਸੰਸਦ ਵੱਲ ਵਧਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਕਾਰਨ ਪੁਲਿਸ ਨੂੰ ਲਾਠੀਚਾਰਜ ਕਰਨਾ ਪਿਆ ਸੀ।

## ਪੰਜਾਬ ਦੇ ਵਾਹਨਾਂ ਦਾ ਦਾਖਲਾ ਬੰਦ ਕਰਨ ਦਾ ਐਲਾਨ



## ਪਾਕਿਸਤਾਨ ਜਾਂਦੇ ਦਰਿਆਈ ਪਾਣੀ ਦੀ ਰਿਪੋਰਟ ਮੰਗੀ

**ਚੰਡੀਗੜ੍ਹ:** ਪੰਜਾਬ ਦੇ ਸਿੰਚਾਈ ਅਤੇ ਊਰਜਾ ਮੰਤਰੀ ਰਾਣਾ ਗੁਰਜੀਤ ਸਿੰਘ ਨੇ ਸੂਬੇ 'ਚੋਂ ਪਾਕਿਸਤਾਨ ਨੂੰ ਜਾ ਰਹੇ ਦਰਿਆਈ ਪਾਣੀਆਂ ਸਬੰਧੀ ਸਿੰਚਾਈ ਵਿਭਾਗ ਨੂੰ ਛੇਤੀ ਰਿਪੋਰਟ ਦੇਣ ਦੀਆਂ ਹਦਾਇਤਾਂ ਜਾਰੀ ਕੀਤੀਆਂ ਹਨ। ਉਨ੍ਹਾਂ ਜ਼ੋਰ ਦਿੱਤਾ ਕਿ ਕੋਈ ਅਜਿਹਾ ਮਜ਼ਬੂਤ ਢਾਂਚਾ ਵਿਕਸਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਪਾਕਿਸਤਾਨ ਨੂੰ ਜਾ ਰਹੇ ਪਾਣੀ ਦੀ ਵਰਤੋਂ ਸੂਬੇ ਦੀਆਂ ਲੋੜਾਂ ਲਈ ਵਰਤੋਂ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਭਰਪੂਰ ਕੋਸ਼ਿਸ਼ਾਂ ਹਨ ਕਿ ਇਸ ਪਾਣੀ ਨੂੰ ਪੰਜਾਬ ਦੇ ਕਿਸਾਨਾਂ ਦੀ ਸਿੰਚਾਈ ਅਤੇ ਹੋਰ ਜ਼ਰੂਰਤਾਂ ਲਈ ਵਰਤੋਂ ਯੋਗ ਬਣਾਇਆ ਜਾ ਸਕੇ। ਉਨ੍ਹਾਂ ਦਰਿਆਈ ਪਾਣੀਆਂ ਦੇ ਪ੍ਰਬੰਧ ਅਤੇ ਸਰਹੱਦੀ ਖੇਤਰ ਦੀਆਂ ਗਤੀਵਿਧੀਆਂ ਤੇ ਸਿੰਚਾਈ ਵਿਭਾਗ ਦੇ ਡਰੇਨੇਜ ਵਿੰਗ ਦੇ ਅਹਿਮ ਪ੍ਰਾਜੈਕਟਾਂ ਦੀ ਸਮੀਖਿਆ ਵੀ ਕੀਤੀ।

## ਕੇਂਦਰ ਦੇਵੇਗਾ ਹਰਿਆਣੇ ਦਾ ਸਾਥ

**ਚੰਡੀਗੜ੍ਹ:** ਕੇਂਦਰੀ ਸੂਚਨਾ ਤੇ ਪ੍ਰਸਾਰਣ ਅਤੇ ਸ਼ਹਿਰੀ ਵਿਕਾਸ ਮੰਤਰੀ ਵੈਂਕਈਆ ਨਾਇਡੂ ਨੇ ਕਿਹਾ ਹੈ ਕਿ ਸਤਲੁਜ ਯਮੁਨਾ ਲਿੰਕ ਨਹਿਰ ਦੋ ਰਾਜਾਂ ਦਾ ਆਪਸੀ ਮਾਮਲਾ ਹੈ ਅਤੇ ਇਸ ਨੂੰ ਸਿਆਸੀ ਤੌਰ 'ਤੇ ਹੱਲ ਨਹੀਂ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਨੂੰ ਪਾਣੀ ਦਿਵਾਉਣ 'ਚ ਮਦਦ ਜ਼ਰੂਰ ਕੀਤੀ ਜਾਵੇਗੀ। ਉਹ ਹਰਿਆਣਾ ਦੇ ਵਿਕਾਸ ਲਈ ਸ਼ੁਰੂ ਕੀਤੀਆਂ ਜਾਣ ਵਾਲੀਆਂ ਨਵੀਆਂ ਸਕੀਮਾਂ ਬਾਰੇ ਮੁੱਖ ਮੰਤਰੀ ਸਮੇਤ ਦੂਜੇ ਅਧਿਕਾਰੀਆਂ ਨਾਲ ਵਿਚਾਰ ਵਟਾਂਦਰਾ ਕਰਨ ਲਈ ਇਥੇ ਆਏ ਸਨ। ਐਸ.ਵਾਈ.ਐਲ. ਬਾਰੇ ਖੁੱਲ੍ਹ ਕੇ ਗੱਲ ਕਰਨ ਤੋਂ ਸੰਕੋਚ ਕੀਤਾ, ਪਰ ਉਹ ਸੰਖੇਪ ਵਿਚ ਹੀ ਪਾਣੀਆਂ ਦੇ ਮੁੱਦੇ 'ਤੇ ਹਰਿਆਣਾ ਦੀ ਪਿੱਠ 'ਤੇ ਖੜ੍ਹਨ ਦਾ ਇਸ਼ਾਰਾ ਕਰ ਗਏ।

## ਭਾਰਤੀ ਜਨਤਾ ਪਾਰਟੀ ਕੈਪਟਨ ਨਾਲ ਖੜ੍ਹੀ



**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਨੇ ਸਤਲੁਜ ਯਮੁਨਾ ਲਿੰਕ ਨਹਿਰ ਤੇ ਸੂਬੇ ਦੇ ਹਿੱਤ ਨਾਲ ਜੁੜੇ ਹੋਰ ਮੁੱਦਿਆਂ 'ਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੂੰ ਸਮਰਥਨ ਦੀ ਪੇਸ਼ਕਸ਼ ਕੀਤੀ ਹੈ। ਸਮਾਜਿਕ ਨਿਆਂ ਬਾਰੇ ਕੇਂਦਰੀ ਰਾਜ ਮੰਤਰੀ ਤੇ ਭਾਜਪਾ ਦੇ ਸੂਬਾਈ ਪ੍ਰਧਾਨ ਵਿਜੇ ਸਾਂਪਲਾ, ਪਾਰਟੀ ਦੇ ਸੂਬਾ ਉਪ ਪ੍ਰਧਾਨ ਹਰਜੀਤ ਗਰੇਵਾਲ ਤੇ ਸੂਬਾ ਸਕੱਤਰ ਵਿਨੀਤ ਜੋਸ਼ੀ ਦੀ ਅਗਵਾਈ ਵਿਚ ਪਾਰਟੀ ਦੇ ਵਫਦ ਨੇ ਸੂਬੇ ਨਾਲ ਸਬੰਧਤ ਵੱਖ-ਵੱਖ ਮਾਮਲਿਆਂ 'ਤੇ ਵਿਚਾਰ-ਚਰਚਾ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਮੁਲਾਕਾਤ ਕੀਤੀ। ਮੁੱਖ ਮੰਤਰੀ ਨੇ ਭਾਜਪਾ ਲੀਡਰਾਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕਰਦਿਆਂ ਆਖਿਆ ਕਿ ਸੂਬੇ ਦੇ ਵਿਕਾਸ ਤੇ ਤਰੱਕੀ ਨੂੰ ਮੁੜ ਲੀਹ 'ਤੇ ਲਿਆਉਣ ਲਈ ਸਾਰੀਆਂ ਪਾਰਟੀਆਂ ਦਾ ਇਕੱਠੇ ਹੋਣਾ ਬਹੁਤ ਮਹੱਤਵਪੂਰਨ ਹੈ।

## ਦੋਵਾਂ ਸੂਬਿਆਂ ਨੂੰ ਲੜਾਉਣ ਦੀ ਚਾਲ: ਅਕਾਲੀ ਦਲ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਇਨੈਲੋ ਵੱਲੋਂ 10 ਜੁਲਾਈ ਨੂੰ ਪੰਜਾਬ ਦੀਆਂ ਗੱਡੀਆਂ ਨੂੰ ਹਰਿਆਣਾ ਦੇ ਬਾਰਡਰ 'ਤੇ ਜਬਰੀ ਰੋਕਣ ਦੇ ਐਲਾਨ ਨੂੰ ਮੰਦਭਾਗਾ, ਗੈਰਕਾਨੂੰਨੀ, ਗੈਰ ਸੰਵਿਧਾਨਿਕ ਅਤੇ ਬੇਹੱਦ ਖਤਰਨਾਕ ਕਰਾਰ ਦਿੱਤਾ ਹੈ। ਪਾਰਟੀ ਦੇ ਸਕੱਤਰ ਦਲਜੀਤ ਸਿੰਘ ਨੇ ਕਿਹਾ ਇਹ ਸਿੱਧਾ ਪੰਜਾਬ ਅਤੇ ਹਰਿਆਣਾ ਦੇ ਲੋਕਾਂ ਨੂੰ ਆਪਸ ਵਿਚ ਲੜਾਉਣ ਵਾਲਾ ਫੈਸਲਾ ਹੈ। ਇਸ ਨੇ 1982 ਦੀਆਂ ਏਸ਼ਿਆਈ ਖੇਡਾਂ ਦੀ ਫਿਰ ਯਾਦ ਦਿਵਾ ਦਿੱਤੀ ਹੈ, ਜਦੋਂ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਖੇਡਾਂ ਦੇਖਣ ਜਾ ਰਹੇ ਪੰਜਾਬੀਆਂ ਖਾਸਕਰ ਸਿੱਖਾਂ ਨੂੰ ਹਰਿਆਣਾ ਵਿਚ ਕਾਰਾਂ 'ਚੋਂ ਉਤਾਰ ਕੇ ਜ਼ਲੀਲ ਕੀਤਾ ਗਿਆ ਸੀ।

# ਵਿਆਹੇ ਜੋੜਿਆਂ ਨੂੰ ਕੈਨੇਡਾ ਵੱਲੋਂ ਮਿਲਿਆ ਤੋਹਫਾ

**ਓਟਾਵਾ:** ਵਿਆਹ ਕਰਵਾ ਕੇ ਕੈਨੇਡਾ ਜਾਣ ਵਾਲਿਆਂ ਲਈ ਖੁਸ਼ਖਬਰੀ ਹੈ। ਕੈਨੇਡਾ ਦੀ ਸੰਘੀ ਸਰਕਾਰ ਨੇ ਸਪਾਂਸਰਸ਼ਿਪ ਰਾਹੀਂ ਮੰਗਵਾਏ ਗਏ ਪਤੀ-ਪਤਨੀ ਦੇ ਦੋ ਸਾਲਾਂ ਤੱਕ ਇਕੱਠੇ ਰਹਿਣ ਦੀ ਸ਼ਰਤ ਨੂੰ ਖਤਮ ਕਰ ਦਿੱਤਾ ਹੈ। ਇਸ ਨਵੇਂ ਐਲਾਨ ਮੁਤਾਬਕ ਹੁਣ ਪੱਕੇ ਹੋਣ ਲਈ ਪਤੀ-ਪਤਨੀ ਨੂੰ ਦੋ ਸਾਲਾਂ ਤੱਕ ਰਿਸ਼ਤੇ ਵਿਚ ਬਣੇ ਰਹਿਣ ਦੀ ਸ਼ਰਤ ਨੂੰ ਪੂਰਾ ਨਹੀਂ ਕਰਨਾ ਪਵੇਗਾ।

ਅਕਤੂਬਰ, 2012 ਵਿਚ ਪਿਛਲੀ ਕੰਜ਼ਰਵੇਟਿਵ ਸਰਕਾਰ ਨੇ ਫਰਜ਼ੀ ਵਿਆਹ ਕਰਵਾ ਕੇ ਕੈਨੇਡਾ ਆਉਣ ਵਾਲੇ ਲੋਕਾਂ ਨੂੰ ਰੋਕਣ ਲਈ ਇਸ ਸ਼ਰਤ ਨੂੰ ਲਾਗੂ ਕੀਤਾ ਸੀ। ਮੌਜੂਦਾ ਸਰਕਾਰ ਦਾ ਕਹਿਣਾ ਹੈ ਕਿ ਇਹ ਸਹੀ ਹੈ ਕਿ ਕੁਝ ਲੋਕ



ਕੈਨੇਡਾ 'ਚ ਪੱਕੇ ਹੋਣ ਲਈ ਫਰਜ਼ੀ ਵਿਆਹਾਂ ਦਾ ਸਹਾਰਾ ਲੈਂਦੇ ਹਨ, ਪਰ ਜ਼ਿਆਦਾਤਰ ਰਿਸ਼ਤੇ ਅਸਲੀ ਹੁੰਦੇ ਹਨ ਅਤੇ ਬਾਕੀਆਂ ਕਰ ਕੇ ਉਨ੍ਹਾਂ ਨੂੰ ਵੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਲੋਕ ਪੀ.ਆਰ. ਖੁੱਸ ਜਾਣ ਦੇ ਡਰੋਂ ਦੋ ਸਾਲਾਂ ਤੱਕ ਲੜਾਈ-ਝਗੜਿਆਂ ਅਤੇ ਹਿੰਸਾ ਕਾਰਨ ਇਕੱਠੇ ਰਹਿੰਦੇ ਹਨ। ਜਦੋਂ ਕਿ ਅਜਿਹਾ ਕੀਤੇ ਜਾਣ ਦੀ ਲੋੜ ਨਹੀਂ ਹੈ।

ਦੱਸ ਦੇਈਏ ਕਿ ਵੱਡੀ ਗਿਣਤੀ ਵਿਚ ਪੰਜਾਬੀ ਕੈਨੇਡਾ ਜਾਣ ਲਈ ਵਿਆਹਾਂ ਦਾ ਸਹਾਰਾ ਲੈਂਦੇ ਹਨ। ਅਜਿਹੇ ਕਈ ਮਾਮਲੇ ਵੀ ਸਾਹਮਣੇ ਆਏ ਹਨ, ਜਿਨ੍ਹਾਂ ਵਿਚ ਇਧਰੋਂ ਵਿਆਹ ਕਰਵਾ ਕੇ ਕੈਨੇਡਾ ਗਈਆਂ ਕੁੜੀਆਂ ਨੂੰ ਸਹੁਰਿਆਂ ਅਤੇ ਪਤੀ ਦੀ ਕੁੱਟ-ਮਾਰ ਦਾ ਸ਼ਿਕਾਰ ਤੱਕ ਹੋਣਾ ਪਿਆ, ਪਰ ਪੀ. ਆਰ. ਖੁੱਸ ਜਾਣ ਦੇ ਡਰ ਕਰ ਕੇ ਉਹ ਕੁਝ ਨਹੀਂ ਕਰ ਸਕੀਆਂ।

# ਮੋਦੀ ਨੇ ਘੁੱਟਿਆ ਮੀਡੀਏ ਦਾ ਗਲਾ



**ਪੈਰਿਸ:** ਪ੍ਰੈਸ ਸੁਤੰਤਰਤਾ ਸੂਚਕ ਅੰਕ ਵਿਚ ਪਿਛਲੇ ਸਾਲ ਦੇ ਮੁਕਾਬਲੇ ਭਾਰਤ ਤਿੰਨ ਸਥਾਨ ਹੇਠਾਂ ਖਿਸਕ ਕੇ 136ਵੇਂ ਸਥਾਨ 'ਤੇ ਆ ਗਿਆ ਹੈ। ਇਹ ਗੱਲ ਨਿਗਰਾਨੀ ਸੰਸਥਾ ਰਿਪੋਰਟਰਜ਼ ਵਿਦਾਊਟ ਬਾਰਡਰਜ਼ ਨੇ ਆਪਣੀ ਸਾਲਾਨਾ ਰਿਪੋਰਟ 'ਚ ਆਖੀ ਹੈ। ਸੰਸਥਾ ਮੁਤਾਬਕ ਪ੍ਰੈਸ ਦੀ ਆਜ਼ਾਦੀ ਨੂੰ ਜਿੰਨਾ ਖਤਰਾ ਅੱਜ ਹੈ, ਉਨ੍ਹਾ ਪਹਿਲਾਂ ਕਦੇ ਨਹੀਂ ਸੀ।

ਰਿਪੋਰਟ 'ਚ ਭਾਰਤ 'ਚ ਪ੍ਰੈਸ ਦੀ ਆਜ਼ਾਦੀ ਦੀਆਂ ਰੁਕਾਵਟਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਗਿਆ ਹੈ ਕਿ ਹਿੰਦੂ ਰਾਸ਼ਟਰਵਾਦੀ ਰਾਸ਼ਟਰੀ ਬਹਿਸਾਂ 'ਚ ਦਖਲ ਦੇਣ ਦੀ ਕੋਸ਼ਿਸ਼ ਕਰ ਰਹੇ ਹਨ। ਖਬਰਾਂ 'ਚ ਸੈਲਫ ਸੈਂਸਰਸ਼ਿਪ ਦਾ ਚਲਨ ਵਧਿਆ ਹੈ। ਪੱਤਰਕਾਰਾਂ ਖਿਲਾਫ ਆਨਲਾਈਨ ਬੁਰੇ ਪ੍ਰਚਾਰ ਤੇ ਧਮਕੀ ਦੇਣ ਦੀਆਂ ਘਟਨਾਵਾਂ ਵੀ ਵਧੀਆਂ ਹਨ। ਰਿਪੋਰਟ 'ਚ ਭਾਰਤ ਨੂੰ ਮੁਸ਼ਕਲ ਸਥਿਤੀ ਵਾਲੇ ਦੇਸ਼ਾਂ ਦੀ ਸ਼੍ਰੇਣੀ 'ਚ ਰੱਖਿਆ ਗਿਆ ਹੈ। ਅਫ਼ਗਾਨਿਸਤਾਨ ਤੇ ਪਾਕਿਸਤਾਨ ਵਰਗੇ ਗੁਆਂਢੀ ਦੇਸ਼ ਵੀ ਇਸ ਸ਼੍ਰੇਣੀ 'ਚ ਆਉਂਦੇ ਹਨ।

# ਬਰਤਾਨਵੀ ਸਿੱਖ ਵਕੀਲ ਨੂੰ 'ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ'

**ਲੰਡਨ:** ਬਕਿੰਘਮ ਪੈਲੇਸ ਵਿਚ ਹੋਏ ਸਮਾਰੋਹ ਦੌਰਾਨ ਬਰਤਾਨਵੀ ਸਿੱਖ ਵਕੀਲ ਨੇ ਆਪਣੇ ਭਾਈਚਾਰੇ ਦੀਆਂ ਸੇਵਾਵਾਂ ਲਈ ਸ਼ਹਿਜ਼ਾਦਾ ਵਿਲੀਅਮ ਪਾਸੋਂ 'ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ' ਹਾਸਲ ਕੀਤਾ। 'ਸਿਟੀ ਸਿੱਖਸ' ਸੰਸਥਾ ਦੇ ਬਾਨੀ ਚੇਅਰਮੈਨ ਜਸਵੀਰ ਸਿੰਘ ਨੇ ਸ਼ਹਿਜ਼ਾਦਾ ਵਿਲੀਅਮ ਤੋਂ 'ਆਫਿਸਰ ਆਫ ਦਿ ਮੋਸਟ ਐਕਸੀਲੈਂਟ ਓ.ਬੀ.ਈ.' ਹਾਸਲ ਕੀਤਾ। ਬਰਤਾਨਵੀ ਰਾਜਗੱਦੀ ਦੇ ਦਾਅਵੇਦਾਰਾਂ ਦੀ ਦੂਜੀ ਕਤਾਰ ਵਿਚ ਸ਼ਾਮਲ ਸ਼ਹਿਜ਼ਾਦਾ ਵਿਲੀਅਮ ਅਕਸਰ ਸਨਮਾਨ ਸਮਾਰੋਹਾਂ ਵਿਚ ਮਹਾਰਾਣੀ ਐਲਿਜ਼ਾਬੈਥ ਦੀ ਥਾਂ ਨਜ਼ਰ ਆਉਂਦੇ ਹਨ।



ਪਿਛਲੇ ਹਫਤੇ ਹੋਏ ਸਮਾਰੋਹ ਮਗਰੋਂ ਜਸਵੀਰ ਸਿੰਘ ਨੇ ਇਕ ਬਿਆਨ ਵਿਚ ਕਿਹਾ ਕਿ ਇਹ ਮਸਕੀਨ ਤਜਰਬਾ ਸੀ। ਮੈਂ ਵਿਗਿਆਨੀਆਂ, ਕਲਾਕਾਰਾਂ, ਪੈਰਾਲੰਪੀਅਨਾਂ ਅਤੇ ਹਥਿਆਰਬੰਦ ਦਸਤਿਆਂ ਤੇ ਪੁਲਿਸ ਦੇ ਕਈ ਮੈਂਬਰਾਂ ਨੂੰ ਮਿਲਿਆ। ਇਸ ਦੌਰਾਨ ਉਨ੍ਹਾਂ ਦੀਆਂ ਬੇਮਿਸਾਲ ਉਪਲਬਧੀਆਂ ਪਤਾ ਲੱਗੀਆਂ। ਸਮਾਰੋਹ ਦੌਰਾਨ ਸਨਮਾਨ ਪ੍ਰਾਪਤ ਕਰਨ ਵਾਲੇ ਹੋਰ ਬਰਤਾਨਵੀ ਸਿੱਖਾਂ ਵਿਚ ਬਰਿੰਦਰ ਸਿੰਘ ਮਾਹੋਂ ਸ਼ਾਮਲ ਹੈ। ਉਸ ਨੂੰ ਸਿੱਖਿਆ ਵਿਚ ਯੋਗਦਾਨ ਬਦਲੇ 'ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ' ਦਿੱਤਾ ਗਿਆ। ਮਰਸੀਸਾਈਡ ਪੁਲਿਸ ਦੀ ਡਿਟੈਕਟਿਵ ਸਾਰਜੈਂਟ ਸਰਬਜੀਤ ਕੌਰ ਨੂੰ ਪੁਲੀਸਿੰਗ ਸੇਵਾਵਾਂ ਲਈ 'ਮੈਂਬਰ ਆਫ ਦਿ ਆਰਡਰ ਆਫ ਦਿ ਬ੍ਰਿਟਿਸ਼ ਐਂਪਾਇਰ' ਦਿੱਤਾ ਗਿਆ।

# ਸਿੱਖ ਕੁੜੀ ਨੂੰ ਮੁਸਲਮਾਨ ਬਣਾਉਣ 'ਤੇ ਸਹਿਮ

**ਪੇਸ਼ਾਵਰ:** ਪਾਕਿਸਤਾਨ ਤੋਂ ਇਕ ਅਜਿਹੀ ਖਬਰ ਆਈ ਹੈ, ਜਿਸ ਨੇ ਸਿੱਖ ਭਾਈਚਾਰੇ ਨੂੰ ਫਿਕਰਾਂ ਵਿਚ ਪਾ ਦਿੱਤਾ ਹੈ। ਪਾਕਿਸਤਾਨ ਦੇ ਖੈਬਰ ਪਖਤੂਨਖਵਾ ਸੂਬੇ ਵਿਚ 17 ਸਾਲ ਦੀ ਸਿੱਖ ਕੁੜੀ ਨੂੰ ਅਗਵਾ ਕਰ ਕੇ ਮੁਸਲਮਾਨ ਬਣਾਉਣ ਦੀ ਘਟਨਾ ਵਾਪਰੀ ਹੈ।

ਜਾਣਕਾਰੀ ਮੁਤਾਬਕ ਸਿੱਖ ਲੜਕੀ ਨੂੰ ਸਕੂਲ ਜਾਂਦਿਆਂ ਅਗਵਾ ਕਰ ਲਿਆ ਗਿਆ ਅਤੇ ਕੁਝ ਘੰਟੇ ਬਾਅਦ ਮੁਸਲਮਾਨ ਗੁਆਂਢੀਆਂ ਨੇ ਚਿੰਤਾ ਵਿਚ ਡੁੱਬੇ ਪਰਵਾਰਕ ਮੈਂਬਰਾਂ ਨੂੰ ਪ੍ਰਿਆ ਰਾਣੀ ਦਾ ਵਿਆਹ ਹੋ ਜਾਣ ਅਤੇ ਉਸ ਵਲੋਂ ਇਸਲਾਮ ਕਬੂਲ ਕਰਨ ਬਾਰੇ ਦੱਸਿਆ। ਪ੍ਰਿਆ ਰਾਣੀ ਦੇ ਰਿਸ਼ਤੇਦਾਰ ਮਹਿੰਦਰ ਲਾਲ ਨੇ ਦੱਸਿਆ ਕਿ "ਉਨ੍ਹਾਂ ਇਸ ਬਾਰੇ ਪੁਲਿਸ ਨੂੰ ਸ਼ਿਕਾਇਤ ਕੀਤੀ, ਪਰ ਉਨ੍ਹਾਂ ਨੇ ਧਾਰਮਿਕ ਮਾਮਲਾ ਹੋਣ ਦੀ ਦੁਹਾਈ ਦਿੰਦਿਆਂ ਕੋਈ ਵੀ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਫਿਰ ਉਚ ਅਧਿਕਾਰੀਆਂ ਨਾਲ ਸੰਪਰਕ ਕਰਨ 'ਤੇ ਕੇਸ ਦਰਜ ਕੀਤਾ ਗਿਆ।" ਮਾਮਲੇ ਦੀ ਪੜਤਾਲ ਲਈ ਵਿਸ਼ੇਸ਼ ਟੀਮ ਗਠਤ ਕੀਤੀ ਗਈ ਹੈ ਅਤੇ ਪ੍ਰਿਆ ਰਾਣੀ ਦੇ ਪਤੀ ਵਾਜਿਦ ਅਲੀ ਨੂੰ ਹਿਰਾਸਤ ਵਿਚ ਲੈ ਲਿਆ ਗਿਆ।

ਪ੍ਰਿਆ ਰਾਣੀ ਨੂੰ ਮਹਿਲਾ ਸੁਰੱਖਿਆ ਕੇਂਦਰ ਵਿਚ ਭੇਜਿਆ ਗਿਆ ਹੈ ਅਤੇ ਆਉਂਦੇ 15 ਦਿਨ ਵਿਚ ਉਸ ਦੀ ਕਿਸਮਤ ਦਾ ਫੈਸਲਾ ਹੋਣ ਦੀ ਸੰਭਾਵਨਾ ਹੈ। ਪ੍ਰਿਆ ਦੇ ਇਕ ਹੋਰ ਰਿਸ਼ਤੇਦਾਰ ਨੇ ਨਾਮ ਗੁਪਤ ਰੱਖੇ ਜਾਣ ਦੀ ਸ਼ਰਤ 'ਤੇ ਦੱਸਿਆ ਕਿ ਖੈਬਰ ਪਖਤੂਨਖਵਾ ਸੂਬੇ ਦੇ ਬੁਨੇਰ ਜ਼ਿਲ੍ਹੇ ਵਿਚ ਪੈਂਦੇ ਗੋਰਗਸ਼ਤ ਪਿੰਡ ਵਿਚ ਸਿੱਖਾਂ ਦੇ 35 ਪਰਵਾਰ ਵਸਦੇ ਹਨ। ਮੁਸਲਮਾਨਾਂ ਨੇ ਕੁਝ ਦਿਨ ਪਹਿਲਾਂ ਵੱਡਾ ਇਕੱਠ ਕਰ ਕੇ ਸਿੱਖਾਂ ਵਿਰੁੱਧ ਜਿਹਾਦ ਦਾ ਐਲਾਨ ਕੀਤਾ ਸੀ।

ਹੁਣ ਸਾਨੂੰ ਪ੍ਰਿਆ ਨਾਲ ਮੁਲਾਕਾਤ ਵੀ ਨਹੀਂ ਕਰਨ ਦਿੱਤੀ ਜਾ ਰਹੀ। ਘਟਨਾ ਦੇ ਅਸਲ ਤੱਥਾਂ ਦਾ ਪਤਾ ਲਾਉਣ ਲਈ ਪੇਸ਼ਾਵਰ ਸ਼ਹਿਰ ਤੋਂ ਸਿੱਖ ਆਗੂ ਗੁਰਪਾਲ ਸਿੰਘ ਦੀ ਅਗਵਾਈ ਹੇਠ ਇਕ ਵਫਦ ਘਟਨਾ ਸਥਾਨ 'ਤੇ ਪੁੱਜਾ। ਗੁਰਪਾਲ ਸਿੰਘ ਨੇ ਦੱਸਿਆ ਕਿ ਜਦੋਂ ਉਹ ਪੁਲਿਸ ਥਾਣੇ ਵਿਚ ਗਏ ਤਾਂ ਵੱਡੀ ਗਿਣਤੀ ਵਿਚ ਮੁਸਲਮਾਨ ਇਕੱਤਰ ਸਨ ਅਤੇ ਜਾਂਚ ਟੀਮ 'ਤੇ ਦਬਾਅ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ।




## ਮੰਦਿਰ ਵਿਚ ਮੂਰਤੀਆਂ ਦੀ ਬੇਅਦਬੀ

**ਇਸਲਾਮਾਬਾਦ:** ਪਾਕਿਸਤਾਨ ਦੇ ਸਿੰਧ ਪ੍ਰਾਂਤ ਵਿਚ ਇਕ ਮੰਦਰ ਵਿਚ ਰੱਖੀਆਂ ਮੂਰਤੀਆਂ ਨਾਲ ਬੇਅਦਬੀ ਦਾ ਮਾਮਲਾ ਸਾਹਮਣੇ ਆਇਆ ਹੈ। ਅਣਪਛਾਤੇ ਵਿਅਕਤੀਆਂ ਨੇ ਮੂਰਤੀਆਂ ਨੂੰ ਬੁਰੀ ਤਰ੍ਹਾਂ ਤੋੜਿਆਂ ਅਤੇ ਫਿਰ ਉਨ੍ਹਾਂ ਨੂੰ ਦੂਰ ਸੁੱਟ ਦਿੱਤਾ। ਘਟਨਾ ਬਟਾ ਜ਼ਿਲ੍ਹੇ ਦੇ ਧਾਰੋ ਸ਼ਹਿਰ ਦੀ ਹੈ। ਇਸ ਸਬੰਧੀ ਈਸ਼ਨਿੰਦਾ ਅਤੇ ਦਹਿਸ਼ਤਵਾਦ ਦਾ ਮਾਮਲਾ ਦਰਜ ਕੀਤਾ ਗਿਆ ਹੈ। ਪਾਕਿਸਤਾਨ ਵਿਚ ਘੱਟ ਗਿਣਤੀ ਭਾਈਚਾਰੇ ਦੇ ਲੋਕਾਂ ਨਾਲ ਅਜਿਹੀਆਂ ਘਟਨਾਵਾਂ ਵਿਚ ਵਾਧਾ ਹੁੰਦਾ ਜਾ ਰਿਹਾ ਹੈ। ਖਾਸ ਤੌਰ ਉਤੇ ਸਿੰਧ ਪ੍ਰਾਂਤ ਵਿਚ ਇਕ ਤੋਂ ਬਾਅਦ ਇਕ ਘਟਨਾ ਅਜਿਹੀ ਹੋ ਰਹੀ ਹੈ ਜਿਸ ਕਾਰਨ ਇਥੇ ਰਹਿਣ ਵਾਲੇ ਹਿੰਦੂ ਭਾਈਚਾਰੇ ਵਿਚ ਸਹਿਮ ਦਾ ਮਾਹੌਲ ਹੈ।

# ਨਿਗਮ ਚੋਣਾਂ: ਮਾੜੀ ਕਾਰਗੁਜ਼ਾਰੀ ਪਿੱਛੋਂ 'ਆਪ' ਵਿਚ ਬਾਗੀ ਸੁਰਾਂ

**ਚੰਡੀਗੜ੍ਹ:** ਭਾਜਪਾ ਵੱਲੋਂ ਦਿੱਲੀ ਨਗਰ ਨਿਗਮ 'ਚ ਹੈਟ੍ਰਿਕ ਮਗਰੋਂ ਆਮ ਆਦਮੀ ਪਾਰਟੀ ਨੂੰ ਤਕੜਾ ਝਟਕਾ ਲੱਗਿਆ। 'ਆਪ' ਅੰਦਰ ਅਸੰਤੋਖ ਦੇ ਸੁਰ ਤੇਜ਼ ਹੋਣ ਲੱਗ ਪਏ ਹਨ। ਭਾਜਪਾ ਨੇ ਉਤਰੀ, ਦੱਖਣੀ ਤੇ ਪੂਰਬੀ ਦਿੱਲੀ ਨਗਰ ਨਿਗਮ ਵਿਚ ਕੁੱਲ 270 ਵਾਰਡਾਂ ਵਿਚੋਂ 181 ਵਾਰਡ ਜਿੱਤੇ। ਦਿੱਲੀ ਵਿਧਾਨ ਸਭਾ 'ਚ ਹੂੰਝਾ ਫੇਰਨ ਵਾਲੀ ਆਮ ਆਦਮੀ ਪਾਰਟੀ ਨੂੰ 48 ਅਤੇ ਕਾਂਗਰਸ ਨੂੰ 30 ਵਾਰਡਾਂ 'ਤੇ ਜਿੱਤ ਮਿਲ ਸਕੀ। ਭਾਜਪਾ ਦੇ ਸਹਿਯੋਗੀ ਸ਼੍ਰੋਮਣੀ ਅਕਾਲੀ ਦਲ ਦੇ ਕੋਟੇ ਵਿਚੋਂ ਖੜ੍ਹੇ 4 ਉਮੀਦਵਾਰ ਵੀ ਭਾਜਪਾ ਦੇ ਚੋਣ ਨਿਸ਼ਾਨ 'ਤੇ ਜਿੱਤਣ ਵਿੱਚ ਸਫ਼ਲ ਰਹੇ।

ਇਸ ਹਾਰ ਪਿੱਛੋਂ ਆਮ ਆਦਮੀ ਪਾਰਟੀ (ਆਪ) ਅੰਦਰਲੇ ਕੌੜੇ ਸੱਚ ਸਾਹਮਣੇ ਆਉਣ ਲੱਗੇ ਹਨ। ਪੰਜਾਬ ਵਿਧਾਨ ਸਭਾ ਚੋਣਾਂ ਵਿਚ ਹਾਰ ਤੋਂ ਬਾਅਦ ਪਾਰਟੀ ਅੰਦਰ ਘੁਸਰ-ਮੁਸਰ ਤਾਂ ਹੋ ਰਹੀ ਸੀ, ਪਰ ਕੋਈ ਖੁੱਲ੍ਹ ਕੇ ਨਹੀਂ ਬੋਲ ਰਿਹਾ ਸੀ। ਹੁਣ ਦਿੱਲੀ ਨਗਰ ਨਿਗਮ ਚੋਣਾਂ ਵਿਚ ਮਿਲੀ ਹਾਰ ਤੋਂ ਬਾਅਦ ਲਗਾਤਾਰ ਧਮਾਕੇ ਹੋ ਰਹੇ ਹਨ। ਸਭ ਤੋਂ ਪਹਿਲਾਂ ਸੰਸਦ ਮੈਂਬਰ ਭਗਵੰਤ ਮਾਨ ਨੇ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ 'ਤੇ ਕਈ ਇਲਜ਼ਾਮ ਲਾਏ ਤਾਂ ਪੰਜਾਬ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਆਗੂ ਐਚ.ਐਸ. ਫੂਲਕਾ ਨੇ ਭਗਵੰਤ ਮਾਨ ਨੂੰ ਘੇਰਦਿਆਂ ਪਾਰਟੀ ਦੀ ਹਾਰ ਬਾਰੇ ਕਈ ਖੁਲਾਸੇ ਕੀਤੇ।

ਇਸ ਤੋਂ ਬਾਅਦ ਪਾਰਟੀ ਦੇ ਸੂਬਾਈ ਕਨਵੀਨਰ ਗੁਰਪ੍ਰੀਤ ਸਿੰਘ ਵੜੈਚ ਵੀ ਹਾਈ ਕਮਾਨ ਖਿਲਾਫ਼ ਖੁੱਲ੍ਹ ਕੇ ਸਾਹਮਣੇ ਆ ਗਏ। ਵੜੈਚ ਨੇ ਕਿਹਾ ਹੈ ਕਿ ਪਾਰਟੀ ਹਾਈਕਮਾਨ ਨੇ ਹਾਰ ਦੇ ਕਾਰਨਾਂ ਦਾ ਮੰਥਨ ਕਰਨ ਲਈ ਅੱਜ ਤੱਕ ਉਨ੍ਹਾਂ ਨਾਲ ਸੰਪਰਕ ਨਹੀਂ ਕੀਤਾ। ਉਨ੍ਹਾਂ ਦੱਸਿਆ ਕਿ 11 ਮਾਰਚ ਨੂੰ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਉਨ੍ਹਾਂ ਦੀ ਮਹਿਜ਼ ਇਕ ਵਾਰ ਹੀ ਪਾਰਟੀ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਨਾਲ ਕੁਝ ਮਿੰਟਾਂ ਲਈ ਹੀ ਮੁਲਾਕਾਤ ਹੋਈ। ਉਨ੍ਹਾਂ ਕਿਹਾ ਕਿ ਪਾਰਟੀ ਲਈ ਕਈ ਮਹੀਨੇ ਦਿਨ-ਰਾਤ ਕੰਮ ਕਰਦੇ ਰਹੇ ਵਾਲੰਟੀਅਰਾਂ ਵਿਚ ਇਸ ਵੇਲੇ ਭਾਰੀ ਮਾਯੂਸੀ ਦਾ ਦੌਰ ਹੈ, ਪਰ ਕੌਮੀ ਨੇਤਾਵਾਂ ਵੱਲੋਂ ਅਣਕਿਆਸੀ ਹਾਰ ਬਾਰੇ ਕੋਈ ਚਰਚਾ ਨਾ ਕਰਨ ਕਰਕੇ ਵੱਡਾ ਭੰਬਲਭੂਸਾ ਬਣਿਆ ਹੋਇਆ ਹੈ।

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਭਗਵੰਤ ਮਾਨ ਨੇ ਕੇਜਰੀਵਾਲ ਨੂੰ ਘੇਰਦਿਆਂ ਆਖਿਆ ਹੈ ਕਿ ਈ.ਵੀ.ਐਮ. ਵਿਚ ਗੜਬੜੀ ਲੱਭਣ ਦਾ ਕੋਈ ਫਾਇਦਾ ਨਹੀਂ, ਬਲਕਿ ਪਾਰਟੀ ਨੂੰ ਆਪਣੇ ਅੰਦਰ ਝਾਕਣ ਦੀ ਲੋੜ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਪਾਰਟੀ ਹਾਈਕਮਾਂਡ ਨੇ ਇਤਿਹਾਸਕ ਭੁੱਲ ਕੀਤੀ ਹੈ। ਹਾਲਾਂਕਿ ਪੰਜਾਬ ਵਿਚ ਬਿਨਾਂ ਕਪਤਾਨ ਤੋਂ ਅਸੀਂ ਲੜੇ ਤੇ ਸਾਡੀ ਟੀਮ ਇਕ ਮੁਹੱਲਾ ਕ੍ਰਿਕਟ ਟੀਮ ਵਾਂਗ ਸੀ। ਮਾਨ ਨੇ ਕਿਹਾ ਹੈ ਕਿ ਪੰਜਾਬ ਵਿਚ ਹਾਰ ਦਾ ਸਭ ਤੋਂ ਵੱਡਾ ਕਾਰਨ ਮੁੱਖ ਮੰਤਰੀ ਪਦ ਦਾ ਦਾਅਵੇਦਾਰ ਨਾ ਐਲਾਨਣਾ ਸੀ।



## ਲੋਕਾਂ ਦੇ ਗੁੱਸੇ ਦਾ ਪ੍ਰਤੀਕ ਹਨ ਨਤੀਜੇ: ਯੋਗੇਂਦਰ



**ਨਵੀਂ ਦਿੱਲੀ:** ਸਵਰਾਜ ਇੰਡੀਆ ਦੇ ਪ੍ਰਧਾਨ ਅਤੇ ਕੇਜਰੀਵਾਲ ਦੇ ਪੁਰਾਣੇ ਸਾਥੀ ਯੋਗੇਂਦਰ ਯਾਦਵ ਨੇ ਦਿੱਲੀ ਨਿਗਮ ਚੋਣਾਂ ਦੇ ਨਤੀਜਿਆਂ ਨੂੰ ਲੋਕਾਂ ਦਾ 'ਆਪ' ਪ੍ਰਤੀ ਰੋਸ ਦਾ ਪ੍ਰਤੀਕਰਮ ਕਰਾਰ ਦਿੱਤਾ। ਯਾਦਵ ਨੇ ਕਿਹਾ ਕਿ ਈ.ਵੀ.ਐਮ. ਦਾ ਮੁੱਦਾ ਵਾਰ-ਵਾਰ ਉਠਾਉਣਾ ਬਹਾਨੇਬਾਜ਼ੀ ਵਰਗਾ ਲਗਦਾ ਹੈ। ਪਾਰਟੀ ਨੂੰ ਸਵੈ ਵਿਸ਼ਲੇਸ਼ਣ ਕਰਨਾ ਚਾਹੀਦਾ ਹੈ।

## ਅੰਨਾ ਹਜ਼ਾਰੇ ਨੇ ਉਠਾਏ ਕੇਜਰੀਵਾਲ 'ਤੇ ਵੱਡੇ ਸਵਾਲ



**ਨਵੀਂ ਦਿੱਲੀ:** ਅੰਨਾ ਹਜ਼ਾਰੇ ਨੇ ਵੀ ਅਰਵਿੰਦ ਕੇਜਰੀਵਾਲ 'ਤੇ ਨਿਸ਼ਾਨਾ ਲਾਉਂਦਿਆਂ ਕਿਹਾ ਹੈ ਕਿ ਉਨ੍ਹਾਂ ਦੀ ਕਥਨੀ ਤੇ ਕਰਨੀ 'ਚ ਫਰਕ ਸੀ। ਇਸੇ ਲਈ ਉਨ੍ਹਾਂ ਨੂੰ ਅਜਿਹੀ ਕਰਾਰੀ ਹਾਰ ਮਿਲੀ ਹੈ। ਹਜ਼ਾਰੇ ਨੇ ਕਿਹਾ ਕਿ ਲੋਕਾਂ ਦਾ ਕੇਜਰੀਵਾਲ ਤੇ 'ਆਪ' ਵਿਚੋਂ ਵਿਸ਼ਵਾਸ ਘਟਿਆ ਹੈ। ਪਹਿਲਾਂ ਕਿਹਾ ਸੀ ਕਿ ਬੰਗਲਾ ਤੇ ਗੱਡੀ ਨਹੀਂ ਲਵਾਂਗੇ, ਪਰ ਅਜਿਹਾ ਨਹੀਂ ਕੀਤਾ। ਇਸੇ ਲਈ ਲੋਕਾਂ ਦਾ ਭਰੋਸਾ ਘਟਿਆ ਹੈ।

## ਸਿੱਖ ਵੋਟਰ ਹੋਏ 'ਆਪ' ਤੋਂ ਦੂਰ

**ਨਵੀਂ ਦਿੱਲੀ:** ਦਿੱਲੀ ਨਗਰ ਨਿਗਮ ਚੋਣਾਂ ਦੌਰਾਨ ਉਮੀਦ ਤੋਂ ਕਿਤੇ ਘੱਟ ਸੀਟਾਂ ਮਿਲਣ ਦਾ ਮੰਥਨ ਕਰ ਰਹੀ 'ਆਪ' ਪਾਰਟੀ ਅੱਗੇ ਆਪਣੇ ਸਿੱਖ ਤੇ ਪੂਰਵਾਂਚਲੀ ਵੋਟ ਬੈਂਕ ਨੂੰ ਵਾਪਸ ਲਿਆਉਣਾ ਵੱਡੀ ਚੁਣੌਤੀ ਹੋਵੇਗੀ ਕਿਉਂਕਿ ਇਨ੍ਹਾਂ ਦੋਵਾਂ ਵਰਗਾਂ ਦੇ ਵੋਟਰ 'ਆਪ' ਤੋਂ ਦੂਰ ਹੋ ਗਏ ਹਨ। ਨਿਗਮ ਚੋਣਾਂ ਦੇ ਨਤੀਜਿਆਂ ਤੋਂ ਸਾਫ ਜ਼ਾਹਰ ਹੈ ਕਿ ਦੱਖਣੀ ਦਿੱਲੀ ਵਿਚ ਸਿੱਖ ਤੇ ਪੰਜਾਬੀ ਵੱਡੀ ਗਿਣਤੀ ਵਿਚ ਰਹਿੰਦੇ ਹਨ, ਜੋ ਵਾਰਡਾਂ ਵਿਚ ਚੋਣ ਸਮੀਕਰਨਾਂ ਨੂੰ ਘੜਨ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ। ਇਨ੍ਹਾਂ ਇਲਾਕਿਆਂ ਵਿਚ 'ਆਪ' ਉਮੀਦਵਾਰ ਪਛੜ ਗਏ ਹਨ। ਸਿਰਫ ਤਿਲਕ ਨਗਰ ਤੋਂ 'ਆਪ' ਨੂੰ ਸਫਲਤਾ ਮਿਲੀ, ਇਸ ਤੋਂ ਬਿਨਾਂ ਰਾਜੌਰੀ ਗਾਰਡਨ, ਰਾਜਾ ਗਾਰਡਨ, ਟੈਗੋਰ ਗਾਰਡਨ, ਸੁਭਾਸ਼ ਨਗਰ, ਪ੍ਰਤਾਪ ਨਗਰ, ਜਨਕਪੁਰੀ, ਹਰੀ ਨਗਰ, ਵਿਸ਼ਨੂੰ ਗਾਰਡਨ, ਖਿਆਲਾ, ਰਘੂਬੀਰ ਨਗਰ, ਸ਼ਿਵ ਨਗਰ, ਪੰਜਾਬੀ ਬਾਗ, ਕਾਲਕਾਜੀ ਤੇ ਗੋਬਿੰਦਪੁਰੀ ਸਮੇਤ ਹੋਰ ਸਿੱਖ ਵਸੋਂ ਵਾਲੇ ਇਲਾਕਿਆਂ ਵਿਚ 'ਆਪ' ਨੂੰ 2015 ਵਾਲੀ ਸਫਲਤਾ ਨਹੀਂ ਮਿਲੀ। ਇਸੇ ਤਰ੍ਹਾਂ ਹੀ ਉਤਰੀ ਤੇ ਪੂਰਬੀ ਦਿੱਲੀ ਵਿਚ ਰਹਿੰਦੇ ਪੂਰਬਵਾਂਚਲੀ ਵੋਟਰ ਵੀ ਭਾਜਪਾ ਨਾਲ ਜਾ ਜੁੜੇ ਤੇ 'ਆਪ' ਦੇ ਲਗਭਗ ਦਰਜਨ ਵਿਧਾਇਕ ਉਨ੍ਹਾਂ ਨੂੰ ਪਾਰਟੀ ਨਾਲ ਨਾ ਜੋੜ ਸਕੇ।

## ਸੰਜੇ ਸਿੰਘ ਤੇ ਦੁਰਗੇਸ਼ ਪਾਠਕ ਵੱਲੋਂ ਅਸਤੀਫੇ

**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਦੇਸ਼ ਦੇ ਇੰਚਾਰਜ ਸੰਜੇ ਸਿੰਘ ਅਤੇ ਸਹਿ-ਇੰਚਾਰਜ ਦੁਰਗੇਸ਼ ਪਾਠਕ ਨੇ ਆਪਣੇ ਅਹੁਦਿਆਂ ਤੋਂ ਅਸਤੀਫਾ ਦੇ ਦਿੱਤਾ ਹੈ। ਦੋਵੇਂ ਆਗੂਆਂ ਦੇ ਅਸਤੀਫਿਆਂ ਨੂੰ ਪੰਜਾਬ 'ਚ ਪਾਰਟੀ ਵਰਕਰਾਂ ਦੇ ਰੋਸ ਨੂੰ ਘੱਟ ਕਰਨ ਦੀ ਕਵਾਇਦ ਵਜੋਂ ਵੇਖਿਆ ਜਾ ਰਿਹਾ ਹੈ। ਦਰਅਸਲ, ਪੰਜਾਬ ਵਿਧਾਨ ਸਭਾ ਚੋਣਾਂ ਦੀ ਰਣਨੀਤੀ ਨੂੰ ਅਮਲੀ ਜਾਮਾ ਪਾਉਣ ਦੀ ਜ਼ਿਆਦਾਤਰ ਜ਼ਿੰਮੇਵਾਰੀ ਇਨ੍ਹਾਂ ਆਗੂਆਂ ਦੇ ਕੋਲ ਹੀ ਸੀ ਅਤੇ ਚੋਣਾਂ ਦੌਰਾਨ ਆਮ ਵਰਕਰਾਂ ਨੂੰ ਨਜ਼ਰ ਅੰਦਾਜ਼ ਕਰਨ ਅਤੇ ਟਿਕਟਾਂ ਵੇਚਣ ਸਬੰਧੀ ਸੰਜੇ ਸਿੰਘ ਅਤੇ ਦੁਰਗੇਸ਼ ਪਾਠਕ 'ਤੇ ਦੋਸ਼ ਵੀ ਲੱਗੇ ਸਨ, ਪਰ ਉਸ ਵੇਲੇ ਪਾਰਟੀ ਵੱਲੋਂ ਇਨ੍ਹਾਂ ਦੋਸ਼ਾਂ ਪ੍ਰਤੀ ਕੋਈ ਗੰਭੀਰਤਾ ਨਹੀਂ ਵਿਖਾਈ ਸੀ।



## ਅੰਮ੍ਰਿਤਸਰ ਹਵਾਈ ਅੱਡੇ ਤੋਂ ਰਾਤ ਨੂੰ ਮੁੜ ਉਡਣਗੇ ਜਹਾਜ਼

**ਅੰਮ੍ਰਿਤਸਰ:** ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡੇ 'ਤੇ ਤਕਰੀਬਨ ਇਕ ਸਾਲ ਦੇ ਵਕਫੇ ਮਗਰੋਂ ਉਡਾਣਾਂ ਦੀ ਰਾਤ ਦੀ ਆਵਾਜਾਈ ਸ਼ੁਰੂ ਹੋ ਜਾਵੇਗੀ। ਹਵਾਈ ਅੱਡੇ 'ਤੇ ਹਵਾਈ ਪੱਟੀ ਦੀ ਚੱਲ ਰਹੀ ਮੁਰੰਮਤ ਕਾਰਨ ਰਾਤ ਦੀਆਂ ਉਡਾਣਾਂ ਬੰਦ ਕਰ ਦਿੱਤੀਆਂ ਗਈਆਂ ਸਨ। ਮੁਰੰਮਤ ਦਾ ਕੰਮ ਲਗਭਗ 13 ਮਹੀਨੇ ਚੱਲਿਆ ਹੈ। ਤਕਰੀਬਨ 150 ਕਰੋੜ ਰੁਪਏ ਦੀ ਲਾਗਤ ਨਾਲ 12 ਹਜ਼ਾਰ ਫੁੱਟ ਲੰਬੀ ਹਵਾਈ ਪੱਟੀ ਦੀ ਮੁਰੰਮਤ ਕਰ ਕੇ ਇਸ ਨੂੰ ਮਜ਼ਬੂਤ ਬਣਾਇਆ ਗਿਆ ਹੈ। ਨਵੀਂ ਹਵਾਈ ਪੱਟੀ 'ਤੇ ਹੁਣ ਵੱਡੇ ਹਵਾਈ ਜਹਾਜ਼ ਬੋਇੰਗ 747-400 ਤੇ ਏਅਰ ਬੱਸ 340 ਵੀ ਉਡਾਣ ਭਰ ਸਕਣਗੇ।

ਹਵਾਈ ਅੱਡੇ ਦੇ ਪ੍ਰੋਜੈਕਟ ਇੰਚਾਰਜ ਗਗਨ ਮਲਿਕ ਨੇ ਦੱਸਿਆ ਕਿ ਹਵਾਈ ਪੱਟੀ ਦੀ ਮੁਰੰਮਤ ਮਗਰੋਂ ਪਹਿਲੀ ਮਈ ਤੋਂ ਰਾਤ ਵੇਲੇ ਦੀਆਂ ਸਾਰੀਆਂ ਹਵਾਈ ਉਡਾਣਾਂ ਬਹਾਲ ਹੋ ਗਈਆਂ ਹਨ। ਹਵਾਈ ਪੱਟੀ 'ਤੇ ਪਾਈਲਟ ਦੀ ਦੂਰ ਤੱਕ ਦੇਖਣ ਦੀ ਸਮਰੱਥਾ ਨੂੰ ਵਧਾਉਣ ਲਈ ਇਥੇ ਪਹਿਲਾਂ ਹੀ ਕੈਟ 2 ਪ੍ਰਣਾਲੀ ਸਥਾਪਤ ਕੀਤੀ ਜਾ ਚੁੱਕੀ ਹੈ, ਜਿਸ ਨਾਲ 350 ਮੀਟਰ ਦੂਰ ਤੱਕ ਦੇਖਿਆ ਜਾ ਸਕਦਾ ਹੈ। ਹੁਣ ਇਥੇ ਕੈਟ 3 ਪ੍ਰਣਾਲੀ ਸਥਾਪਤ ਕੀਤੀ ਜਾ ਰਹੀ ਹੈ, ਜਿਸ ਤਹਿਤ ਆਧੁਨਿਕ ਲਾਈਟਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਨਾਲ ਧੁੰਦ ਦੇ ਦਿਨਾਂ ਵਿਚ ਵੀ ਪਾਈਲਟ 50 ਮੀਟਰ ਦੀ ਵਿੱਥ 'ਤੇ ਸਾਫ ਦੇਖ ਸਕਣਗੇ।

## ਗਰੀਬਾਂ ਵਿਚ ਕਾਨੂੰਨ ਪ੍ਰਤੀ ਭਰੋਸੇਯੋਗਤਾ ਘਟੀ: ਖੇਹਰ

**ਨਵੀਂ ਦਿੱਲੀ:** ਭਾਰਤ ਦੇ ਚੀਫ ਜਸਟਿਸ ਜੇ.ਐਸ. ਖੇਹਰ ਨੇ ਕਿਹਾ ਹੈ ਕਿ ਗਰੀਬ ਅਤੇ ਅਨਪੜ੍ਹ ਲੋਕਾਂ ਨੂੰ ਸਮੇਂ ਸਿਰ ਸਹਾਇਤਾ ਨਾ ਮਿਲਣ ਕਰ ਕੇ ਉਨ੍ਹਾਂ ਦੀ ਨਿਆਂ ਪ੍ਰਣਾਲੀ 'ਚ ਭਰੋਸੇਯੋਗਤਾ ਖਤਮ ਹੁੰਦੀ ਜਾ ਰਹੀ ਹੈ।

ਜਸਟਿਸ ਖੇਹਰ ਨੇ ਕਿਹਾ ਕਿ ਆਮ ਲੋਕਾਂ ਨੂੰ ਕਾਨੂੰਨੀ ਮਦਦ ਨਾ ਮਿਲਣ ਕਾਰਨ ਅਦਾਲਤਾਂ ਵੀ ਦਬਾਅ ਹੇਠ ਆ ਜਾਂਦੀਆਂ ਹਨ। ਗਰੀਬ ਅਤੇ ਅਨਪੜ੍ਹ ਭਾਰਤੀ ਨਿਆਂ ਪ੍ਰਣਾਲੀ ਦੇ ਮੁੱਖ ਮੁਵੱਕਿਲ ਹਨ।

# ਡਿੱਗ ਸਕਦੀ ਹੈ ਦਿੱਲੀ ਦੀ ਕੇਜਰੀਵਾਲ ਸਰਕਾਰ...

**ਨਵੀਂ ਦਿੱਲੀ:** ਕੇਜਰੀਵਾਲ ਲਈ ਅਜਿਹੀ ਕਸੂਤੀ ਹਾਲਤ ਬਣ ਗਈ ਹੈ ਕਿ ਉਸ ਨੂੰ ਅਗਲੀ ਰਣਨੀਤੀ ਵੀ ਸਮਝ ਨਹੀਂ ਆ ਰਹੀ। ਪੰਜਾਬ ਤੇ ਗੋਆ ਤੋਂ ਬਾਅਦ ਦਿੱਲੀ ਵਿਚ ਵੀ ਆਮ ਆਦਮੀ ਪਾਰਟੀ ਨੂੰ ਲੱਗੇ ਖੋਰੇ ਨੇ ਪਾਰਟੀ ਕੇਡਰ ਦੇ ਹੌਸਲੇ ਪਸਤ ਕਰ ਦਿੱਤੇ ਹਨ। ਲੀਡਰਸ਼ਿਪ ਵੀ ਇਕ-ਦੂਜੇ ਖਿਲਾਫ ਬੋਲਣ ਲੱਗੀ ਹੈ। ਉਧਰ, ਨਗਰ ਨਿਗਮ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਮਾੜੀ ਕਾਰਗੁਜਾਰੀ ਨੂੰ ਦੇਖਦੇ ਹੋਏ ਭਾਜਪਾ ਨੇ ਕੇਜਰੀਵਾਲ ਤੋਂ ਅਸਤੀਫਾ ਮੰਗਣਾ ਸ਼ੁਰੂ ਕਰ ਦਿੱਤਾ ਹੈ। ਨਗਰ ਨਿਗਮ ਵਿਚ ਪਾਰਟੀ ਦੀ ਹਾਰ ਕੇਜਰੀਵਾਲ ਲਈ ਵੱਡੇ ਖਤਰੇ ਦੀ ਘੰਟੀ ਹੈ। ਇਸ ਖਤਰੇ ਦਾ ਇਕ ਵੱਡਾ ਕਾਰਨ 21 ਵਿਧਾਇਕਾਂ ਉਤੇ ਆਫਿਸ ਆਫ ਪ੍ਰੋਫਿਟ ਦਾ ਕੇਸ ਵੀ ਮੰਨਿਆ ਜਾ ਰਿਹਾ ਹੈ।

ਕੇਜਰੀਵਾਲ ਨੇ ਦਿੱਲੀ ਦੇ ਉਪ ਰਾਜਪਾਲ ਦੀ ਆਗਿਆ ਲਏ ਬਿਨਾਂ ਹੀ 21 ਵਿਧਾਇਕਾਂ ਨੂੰ ਸੰਸਦੀ ਸਕੱਤਰ ਬਣਾ ਦਿੱਤਾ ਸੀ। ਇਸ ਮਾਮਲੇ ਵਿਚ ਕੇਜਰੀਵਾਲ ਨੂੰ ਕਦੇ ਵੀ ਵੱਡਾ ਸਿਆਸੀ ਝਟਕਾ ਲੱਗ ਸਕਦਾ ਹੈ। ਦੂਜੇ ਪਾਸੇ ਪਾਰਟੀ ਦੀ ਅੰਦਰੂਨੀ ਬਗਾਵਤ ਦਾ ਵੀ ਕੇਜਰੀਵਾਲ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ। ਹਾਲਾਂਕਿ ਕੇਜਰੀਵਾਲ ਤੇ ਉਨ੍ਹਾਂ ਦੀ ਟੀਮ ਹਾਰ ਲਈ ਵੋਟਿੰਗ ਮਸ਼ੀਨਾਂ ਵਿਚ ਗੜਬੜੀ ਨੂੰ ਦੀ ਗੱਲ ਆਖ ਰਹੀ ਹੈ, ਪਰ ਹੁਣ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਕੇਜਰੀਵਾਲ ਦੇ ਦਾਅਵੇ ਨੂੰ ਨਕਾਰ ਦਿੱਤਾ ਹੈ।

ਹਾਰ ਦੀ ਜ਼ਿੰਮੇਵਾਰੀ ਲੈਂਦੇ ਹੋਏ ਦਿੱਲੀ ਵਿੱਚ 'ਆਪ' ਦੇ ਕਨਵੀਨਰ ਦਲੀਪ ਪਾਂਡੇ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਤੋਂ ਇਲਾਵਾ ਚਾਂਦਨੀ ਚੌਕ ਤੋਂ ਪਾਰਟੀ ਦੀ ਵਿਧਾਇਕ ਅਲਕਾ ਲਾਂਬਾ ਨੇ ਅਸਤੀਫੇ ਦੀ ਪੇਸ਼ਕਸ਼ ਕਰ ਕੇ ਕੇਜਰੀਵਾਲ ਦੀਆਂ ਦਿੱਕਤਾਂ ਵਿਚ ਹੋਰ ਵਾਧਾ ਕਰ ਦਿੱਤਾ ਹੈ। ਦਿੱਲੀ ਸਰਕਾਰ ਵਿਚ ਮੰਤਰੀ ਕਪਿਲ ਮਿਸ਼ਰਾ ਨੇ ਵੀ ਆਪਣੀ ਵੱਖਰੀ ਸੁਰ ਅਲਾਪ ਦਿੱਤੀ ਹੈ। ਪੰਜਾਬ ਤੋਂ ਸੰਸਦ ਮੈਂਬਰ ਭਗਵੰਤ ਮਾਨ ਨੇ ਪਹਿਲਾਂ ਹੀ ਬਗਾਵਤ ਦਾ ਝੰਡਾ ਚੁੱਕਿਆ ਹੋਇਆ ਹੈ। ਨਗਰ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ 40 ਉਮੀਦਵਾਰਾਂ ਦੀ ਤਾਂ ਜ਼ਮਾਨਤ ਤੱਕ ਜ਼ਬਤ ਹੋ ਗਈ। 'ਆਪ' ਦੇ ਹਾਲ ਉਤੇ ਵਿਰੋਧੀ ਪਾਰਟੀਆਂ ਨੇ ਕੇਜਰੀਵਾਲ ਖਿਲਾਫ਼ ਸ਼ਬਦੀ ਹਮਲੇ ਤੇਜ਼ ਕਰ ਦਿੱਤੇ ਹਨ। ਇਸ ਦੇ ਨਾਲ ਹੀ ਅੰਨ੍ਹਾ ਹਜ਼ਾਰੇ ਨੇ ਕੇਜਰੀਵਾਲ ਉਤੇ ਨਿਸ਼ਾਨਾ ਲਕਉਂਦੇ ਹੋਏ ਆਖਿਆ ਕਿ ਉਨ੍ਹਾਂ ਕਹਿਣੀ ਅਤੇ ਕਥਨੀ ਵਿਚ ਬਹੁਤ ਫਰਕ ਹੈ। ਇਸ ਕਾਰਨ ਲੋਕਾਂ ਵਿਚੋਂ ਕੇਜਰੀਵਾਲ ਆਪਣਾ ਵਿਸ਼ਵਾਸ ਖੋਹ ਬੈਠੇ ਹਨ।



## ਰਾਸ਼ਟਰਪਤੀ ਨੂੰ ਸਰਕਾਰ ਬਰਖਾਸਤ ਕਰਨ ਦਾ ਹੱਕ: ਕਾਟਜੂ



**ਨਵੀਂ ਦਿੱਲੀ:** ਸੁਪਰੀਮ ਕੋਰਟ ਦੇ ਸਾਬਕਾ ਜਸਟਿਸ ਮਾਰਕੰਡੇ ਕਾਟਜੂ ਨੇ ਦਾਅਵਾ ਕੀਤਾ ਹੈ ਕਿ ਨਗਰ ਨਿਗਮ ਚੋਣਾਂ ਵਿਚ ਹਾਰ ਤੋਂ ਬਾਅਦ ਰਾਸ਼ਟਰਪਤੀ ਕੋਲ ਦਿੱਲੀ ਸਰਕਾਰ ਨੂੰ ਬਰਖਾਸਤ ਕਰਨ ਦਾ ਮਜ਼ਬੂਤ ਆਧਾਰ ਹੈ। ਜਸਟਿਸ ਕਾਟਜੂ ਦਾ ਕਹਿਣਾ ਹੈ ਕਿ ਲੋਕਤੰਤਰ ਵਿਚ ਲੋਕਾਂ ਦੀ ਰਾਏ ਸਭ ਤੋਂ ਅਹਿਮ ਹੁੰਦੀ ਹੈ। ਵਿਧਾਇਕ ਲੋਕਾਂ ਦੀ ਰਾਏ ਦੀ ਨੁਮਾਇੰਦਗੀ ਕਰਦਾ ਹੈ। ਇਸ ਤੋਂ ਬਾਅਦ ਹੋਣ ਵਾਲੀਆਂ ਚੋਣਾਂ ਵਿਚ ਹਾਰ ਮਿਲਣ ਦਾ ਮਤਲਬ ਇਹ ਹੈ ਕਿ ਪਾਰਟੀ ਹੁਣ ਲੋਕਾਂ ਦੀ ਇੱਛਾ ਦੀ ਨੁਮਾਇੰਦਗੀ ਨਹੀਂ ਕਰਦੀ। ਇਸ ਲਈ ਅਜਿਹੀ ਸਰਕਾਰ ਨੂੰ ਸੰਵਿਧਾਨ ਦੇ ਆਰਟੀਕਲ 356 ਤਹਿਤ ਬਰਖਾਸਤ ਕੀਤਾ ਜਾ ਸਕਦਾ ਹੈ ਤੇ ਫਿਰ ਚੋਣਾਂ ਕਰਵਾਉਣ ਦਾ ਆਦੇਸ਼ ਦਿੱਤਾ ਜਾ ਸਕਦਾ ਹੈ।

## ਕੇਜਰੀਵਾਲ ਦੀ ਥਾਂ ਕੁਮਾਰ ਵਿਸ਼ਵਾਸ ਦੇ ਹੱਥ ਕਮਾਨ?


**ਨਵੀਂ ਦਿੱਲੀ:** ਆਮ ਆਦਮੀ ਪਾਰਟੀ ਵਿਚ ਕੁਮਾਰ ਵਿਸ਼ਵਾਸ ਨੂੰ ਕਨਵੀਨਰ ਬਣਾਉਣ ਦੀ ਮੰਗ ਉਠ ਰਹੀ ਹੈ। ਮੰਗ ਦੌਰਾਨ ਹੀ ਕੇਜਰੀਵਾਲ ਸਰਕਾਰ ਦੇ ਜਲ ਮੰਤਰੀ ਕਪਿਲ ਮਿਸ਼ਰਾ ਨੇ ਸਪੱਸ਼ਟ ਸੰਕੇਤ ਦਿੱਤੇ ਹਨ ਕਿ ਆਉਣ ਵਾਲੇ ਦਿਨਾਂ 'ਚ ਪਾਰਟੀ ਵਿਚ ਕੇਜਰੀਵਾਲ ਦੀ ਥਾਂ ਕੋਈ ਹੋਰ ਕਨਵੀਨਰ ਬਣ ਸਕਦਾ ਹੈ।ਐਮ.ਸੀ.ਡੀ. ਚੋਣਾਂ ਤੋਂ ਬਾਅਦ ਪਾਰਟੀ 'ਚ ਦਰਾਰ ਨਜ਼ਰ ਆਈ ਸੀ। ਮਿਸ਼ਰਾ ਦਾ ਕਹਿਣਾ ਹੈ ਕਿ ਪਾਰਟੀ 'ਚ ਇਹ ਮੰਥਨ ਹੋ ਰਿਹਾ ਹੈ ਕਿ ਪਾਰਟੀ ਦੀ ਜ਼ਿੰਮੇਵਾਰੀ ਕੌਣ ਦੇਖੇਗਾ ਤੇ ਸਰਕਾਰ ਦੀ ਜ਼ਿੰਮੇਵਾਰੀ ਕੌਣ। ਸਾਫ ਹੈ ਕਿ ਪਾਰਟੀ 'ਚ ਬਦਲਾਅ ਦੀ ਤਿਆਰੀ ਸ਼ੁਰੂ ਹੋ ਚੁੱਕੀ ਹੈ।ਇਹ ਅਹਿਮ ਤੱਥ ਹੈ 'ਆਪ' ਦੇ ਕਈ ਵਿਧਾਇਕਾਂ ਨੇ ਕੁਮਾਰ ਵਿਸ਼ਵਾਸ ਨੂੰ ਕਨਵੀਨਰ ਬਣਾਉਣ ਦੀ ਮੰਗ ਰੱਖੀ ਸੀ। ਹਾਲਾਂਕਿ ਮਿਸ਼ਰਾ ਨੇ ਕਿਹਾ ਕਿ ਪਾਰਟੀ ਦੇ ਕੁਝ ਲੋਕ ਚਾਹੁੰਦੇ ਹਨ ਕਿ ਫੁੱਟ ਬਣੀ ਰਹੇ, ਪਰ ਪਾਰਟੀ ਇਕ ਹੈ।

## ਚੰਗੇ ਅਕਸ ਵਾਲੇ ਆਗੂਆਂ ਤੋਂ ਪਾਸਾ ਵੱਟਣਾ ਭੁੱਲ



**ਜਗਰਾਉਂ:** ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਐਚ.ਐਸ. ਫੂਲਕਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਵੈ-ਪੜਚੋਲ ਕਰ ਕੇ ਜ਼ਮੀਨੀ ਪੱਧਰ 'ਤੇ ਮੁੜ ਮਿਹਨਤ ਕਰੇਗੀ। ਸ. ਫੂਲਕਾ ਦਾ ਮੰਨਣਾ ਹੈ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿਚ 'ਆਪ' ਨੂੰ ਮੁੱਖ ਮੰਤਰੀ ਦਾ ਚਿਹਰਾ ਨਾ ਐਲਾਨੇ ਜਾਣ ਤੋਂ ਵਧੇਰੇ ਨੁਕਸਾਨ ਮਨਪ੍ਰੀਤ ਸਿੰਘ ਬਾਦਲ, ਨਵਜੋਤ ਸਿੰਘ ਸਿੱਧੂ, ਪਰਗਟ ਸਿੰਘ ਤੇ ਜਗਮੀਤ ਸਿੰਘ ਬਰਾੜ ਵਰਗੇ ਚੰਗੇ ਅਕਸ ਵਾਲੇ ਲੀਡਰਾਂ ਨੂੰ ਪਾਰਟੀ ਵਿਚ ਸ਼ਾਮਲ ਨਾ ਕਰਨ ਨਾਲ ਹੋਇਆ। ਜਦੋਂ ਸ. ਫੂਲਕਾ ਨੂੰ ਪੁੱਛਿਆ ਗਿਆ ਕਿ ਇਨ੍ਹਾਂ ਆਗੂਆਂ ਦੇ ਸ਼ਾਮਲ ਹੋਣ ਵਿਚ ਅੜਿੱਕਾ ਕੌਣ ਬਣਿਆ ਤਾਂ ਉਨ੍ਹਾਂ ਜਵਾਬ ਦੇਣ ਤੋਂ ਟਾਲਾ ਵੱਟ ਲਿਆ।

## ਕੇਜਰੀਵਾਲ ਨੇ ਗਲਤੀ ਮੰਨੀ



**ਨਵੀਂ ਦਿੱਲੀ:** ਦਿੱਲੀ ਨਗਰ ਨਿਗਮ ਚੋਣਾਂ ਵਿਚ ਆਮ ਆਦਮੀ ਪਾਰਟੀ ਦੀ ਕਰਾਰੀ ਹਾਰ ਮਗਰੋਂ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਮੰਨਿਆ ਕਿ ਉਨ੍ਹਾਂ ਦੀ ਪਾਰਟੀ ਨੇ ਗਲਤੀਆਂ ਕੀਤੀਆਂ ਅਤੇ ਹੁਣ ਪਾਰਟੀ ਵੱਲੋਂ ਆਤਮ ਵਿਸ਼ਲੇਸ਼ਣ ਕਰਨ ਅਤੇ ਸਭ ਦਰੁਸਤ ਕਰਨ ਦਾ ਸਮਾਂ ਹੈ। ਮੁੜ ਨਵੀਂ ਸ਼ੁਰੂਆਤ ਦੇ ਇਰਾਦੇ ਨਾਲ ਉਨ੍ਹਾਂ ਕਿਹਾ, "ਹੁਣ ਫਿਰ ਡਰਾਇੰਗ ਬੋਰਡ ਵੱਲ ਪਰਤਣ ਦੀ ਲੋੜ ਹੈ।" ਪਾਰਟੀ ਕਾਰਕੁਨਾਂ ਦੀ ਅਹਿਮੀਅਤ ਨੂੰ ਸਮਝਦੇ ਹੋਏ ਉਨ੍ਹਾਂ ਕਿਹਾ, "ਸਾਡੇ ਵੋਟਰ ਕਾਰਕੁਨ ਕੁਝ ਕਹਿਣਾ ਚਾਹੁੰਦੇ ਹਨ, ਇਹ ਅਸੀਂ ਆਪਣੇ ਆਪ ਨੂੰ ਕਹਿਣਾ ਚਾਹੁੰਦੇ ਹਾਂ। ਹੁਣ ਐਕਸ਼ਨ ਦੀ ਜ਼ਰੂਰਤ ਹੈ, ਕਿਸੇ ਬਹਾਨੇ ਦੀ ਲੋੜ ਨਹੀਂ।"

**Punjab Times**
**Established in 2000**
**18th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
**Iqbal S. Jabowalia**
**917-375-6395**
**Circulation**
**Harbhajan Singh**
**917-856-5229**
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਖਾਲਸਾ ਕਾਲਜ ਦਾ ਅੰਦੋਲਨ ਹੋਰ ਭਖਿਆ

**ਅੰਮ੍ਰਿਤਸਰ:** ਖਾਲਸਾ ਕਾਲਜ ਦੇ ਹੋਸਟਲ ਦੇ ਕਮਰੇ ਵਿਚ ਖੁਦਕੁਸ਼ੀ ਕਰਨ ਵਾਲੇ ਹਰਪ੍ਰੀਤ ਸਿੰਘ ਦੀ ਮੌਤ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਕਾਲਜ ਪ੍ਰਸ਼ਾਸਨ ਖਿਲਾਫ ਸ਼ੁਰੂ ਕੀਤਾ ਅੰਦੋਲਨ ਰੁਕਣ ਦਾ ਨਾਮ ਨਹੀਂ ਲੈ ਰਿਹਾ। ਵਿਦਿਆਰਥੀ ਤੇ ਹਰਪ੍ਰੀਤ ਦਾ ਪਰਿਵਾਰ ਕਾਲਜ ਦੇ ਗੇਟ 'ਤੇ ਧਰਨਾ ਲਾ ਕੇ ਇਨਸਾਫ ਦੀ ਮੰਗ ਕਰ ਰਹੇ ਹਨ। ਪ੍ਰਦਰਸ਼ਨਕਾਰੀਆਂ ਦੀ ਮੰਗ ਹੈ ਕਿ ਪ੍ਰਿੰਸੀਪਲ ਸਮੇਤ ਬਾਕੀ ਸਾਰੇ ਅਧਿਕਾਰੀਆਂ ਨੂੰ ਗ੍ਰਿਫਤਾਰ ਕੀਤਾ ਜਾਵੇ। ਉਧਰ ਧਰਨੇ ਨੂੰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਤੋਂ ਬਾਅਦ ਆਮ ਆਦਮੀ ਪਾਰਟੀ ਅਤੇ ਕਾਂਗਰਸ ਪਾਰਟੀ ਦੇ ਆਗੂਆਂ ਨੇ ਵੀ ਸਮਰਥਨ ਦਿੱਤਾ ਹੈ।

ਆਮ ਆਦਮੀ ਪਾਰਟੀ ਦੇ ਚੀਫ ਵਿਪ੍ਹ ਸੁਖਪਾਲ ਸਿੰਘ ਖਹਿਰਾ ਨੇ ਵਿਦਿਆਰਥੀਆਂ ਨਾਲ ਦੁੱਖ ਸਾਂਝਾ ਕੀਤਾ ਅਤੇ ਉਨ੍ਹਾਂ ਨੂੰ 'ਆਪ' ਵੱਲੋਂ ਸਮਰਥਨ ਦੇਣ ਦਾ ਐਲਾਨ ਕੀਤਾ। ਕਾਂਗਰਸ ਦੇ ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ ਵੀ ਵਿਦਿਆਰਥੀਆਂ ਨਾਲ ਧਰਨੇ 'ਤੇ ਬੈਠੇ। ਸ੍ਰੀ ਖਹਿਰਾ ਨੇ ਕਿਹਾ ਕਿ ਉਹ ਕਾਲਜ ਦੇ ਮੁੱਦੇ ਨੂੰ



ਵਿਧਾਨ ਸਭਾ ਸੈਸ਼ਨ ਵਿਚ ਉਠਾਉਣਗੇ। ਉਨ੍ਹਾਂ ਮੰਗ ਕੀਤੀ ਕਿ ਖਾਲਸਾ ਕਾਲਜ ਅਤੇ ਸਰਕਾਰ ਵਿਦਿਆਰਥੀ ਦੇ ਪਰਿਵਾਰ ਨੂੰ 25 ਲੱਖ ਰੁਪਏ ਦਾ ਮੁਆਵਜ਼ਾ ਦੇਵੇ ਅਤੇ ਪਰਿਵਾਰ ਦੇ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਦੇਵੇ। ਕਮਿਊਨਿਸਟ ਪਾਰਟੀ ਆਫ ਇੰਡੀਆ (ਸੀ.ਪੀ.ਆਈ.) ਦੇ ਆਗੂ ਹਰਦੇਵ ਅਰਸ਼ੀ ਨੇ ਖਾਲਸਾ ਕਾਲਜ ਦੇ ਖੇਤੀਬਾੜੀ ਵਿਭਾਗ ਦੇ ਖੁਦਕੁਸ਼ੀ ਕਰ ਗਏ ਵਿਦਿਆਰਥੀ ਹਰਪ੍ਰੀਤ ਸਿੰਘ ਦੇ ਪਰਿਵਾਰ ਨੂੰ 20 ਲੱਖ ਰੁਪਏ ਮੁਆਵਜ਼ਾ ਦੇਣ ਦੀ ਮੰਗ ਕੀਤੀ।

# ਆਮ ਆਦਮੀ ਪਾਰਟੀ ਵੱਲੋਂ ਪੰਜਾਬ ਯਾਤਰਾ ਸ਼ੁਰੂ

**ਅੰਮ੍ਰਿਤਸਰ:** ਅਸੈਂਬਲੀ ਚੋਣਾਂ ਵਿਚ ਆਸ ਮੁਤਾਬਕ ਪ੍ਰਦਰਸ਼ਨ ਕਰਨ ਵਿਚ ਨਾਕਾਮ ਆਮ ਆਦਮੀ ਪਾਰਟੀ ਨੂੰ ਚੜ੍ਹਦੀ ਕਲਾ ਵਿਚ ਲਿਆਉਣ ਅਤੇ ਲੋਕਾਂ ਮਨਾਂ ਵਿਚ ਆਪਣਾ ਸਥਾਨ ਬਣਾਉਣ ਦੇ ਮੰਤਵ ਨਾਲ ਪਾਰਟੀ ਨੇ ਇਕ ਵਾਰ ਮੁੜ ਹੰਭਲਾ ਮਾਰਦਿਆਂ ਸੂਬੇ ਵਿਚ ਪੰਜਾਬ ਯਾਤਰਾ ਸ਼ੁਰੂ ਕੀਤੀ ਹੈ। ਯਾਤਰਾ ਦੌਰਾਨ ਜ਼ਿਲ੍ਹਾ ਹੈੱਡ ਕੁਆਰਟਰਾਂ 'ਤੇ ਜਾ ਕੇ ਲੋਕਾਂ ਕੋਲੋਂ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਜਾਣਕਾਰੀ ਲਈ ਜਾਵੇਗੀ। ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਰਾਉਣ ਲਈ 'ਆਪ' ਵਿਧਾਨ ਸਭਾ ਵਿਚ ਆਵਾਜ਼ ਬੁਲੰਦ ਕਰੇਗੀ। ਇਹ ਯਾਤਰਾ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਮਗਰੋਂ ਇਤਿਹਾਸਕ ਜਲ੍ਹਿਆਂਵਾਲਾ ਬਾਗ ਤੋਂ ਸ਼ੁਰੂ ਕੀਤੀ ਗਈ। ਯਾਤਰਾ ਦੀ ਅਗਵਾਈ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਐਡਵੋਕੇਟ ਐਚ.ਐਸ. ਫੂਲਕਾ ਕਰ ਰਹੇ ਹਨ।

# ਗਾਂ ਬਦਲੇ ਦੋ ਮੁਸਲਿਮ ਭਰਾਵਾਂ ਦਾ ਕਤਲ

**ਨਗਾਂਵ:** ਆਸਾਮ ਦੇ ਨਗਾਂਵ ਜ਼ਿਲ੍ਹੇ ਦੇ ਕਾਸਾਮਾਰੀ ਇਲਾਕੇ ਵਿਚ ਐਤਵਾਰ ਨੂੰ ਗਾਂ ਚੋਰੀ ਕਰਨ ਦੇ ਇਲਜ਼ਾਮ ਵਿਚ ਪਿੰਡ ਵਾਸੀਆਂ ਨੇ ਦੋ ਨੌਜਵਾਨਾਂ ਨੂੰ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ। ਮਰਨ ਵਾਲੇ ਦੋਵੇਂ ਨੌਜਵਾਨ ਮੁਸਲਿਮ ਸਨ ਜਿਸ ਕਾਰਨ ਇਲਾਕੇ ਵਿਚ ਤਣਾਅ ਵਧ ਗਿਆ ਹੈ।

ਪੁਲਿਸ ਮੁਤਾਬਕ, ਇਹ ਮੌਕੇ 'ਤੇ ਪਹੁੰਚੀ ਤਾਂ ਭੀੜ ਦੋਵੇਂ ਨੌਜਵਾਨਾਂ ਨੂੰ ਸੋਟੀਆਂ ਨਾਲ ਬੁਰੀ ਤਰ੍ਹਾਂ ਕੁੱਟ ਰਹੀ ਸੀ। ਦੋਹਾਂ ਨੌਜਵਾਨਾਂ ਨੂੰ ਹਸਪਤਾਲ ਪਹੁੰਚਾਇਆ ਜਿਥੇ ਉਨ੍ਹਾਂ ਨੇ ਦਮ ਤੋੜ ਦਿੱਤਾ। ਥਾਣਾ ਮੁਖੀ ਨੇ ਦੱਸਿਆ ਕਿ ਭੜਕੀ ਭੀੜ ਨੇ ਦੋਵਾਂ ਨੌਜਵਾਨਾਂ ਨੂੰ ਪਹਿਲਾਂ ਡੇਢ ਕਿਲੋਮੀਟਰ ਤੱਕ ਭਜਾਇਆ, ਫਿਰ ਫੜ ਕੇ ਕੁੱਟ-ਮਾਰ ਕੀਤੀ। ਇਨ੍ਹਾਂ ਦੀ ਉਮਰ ਕਰੀਬ 20-22 ਸਾਲ ਦੱਸੀ ਜਾ ਰਹੀ ਹੈ। ਚੇਤੇ ਰਹੇ ਕਿ ਹਿੰਦੂ ਕੱਟੜਪੰਥੀਆਂ ਵੱਲੋਂ ਮੁਲਕ ਭਰ ਵਿਚ ਵਿਢੀ ਨਫਰਤ ਵਾਲੀ ਮੁਹਿੰਮ ਕਾਰਨ ਅਜਿਹੀਆਂ ਵਾਰਦਾਤਾਂ ਹੁਣ ਨਿੱਤ ਦਿਨ ਹੋ ਰਹੀਆਂ ਹਨ।

# ਪਾਕਿਸਤਾਨੀ ਫੌਜ ਵੱਲੋਂ ਘਾਤ ਲਾ ਕੇ ਹਮਲਾ, ਦੋ ਜਵਾਨਾਂ ਦੇ ਸਿਰ ਕਲਮ

**ਜੰਮੂ:** ਪਾਕਿਸਤਾਨੀ ਫੌਜ ਦੇ ਵਿਸ਼ੇਸ਼ ਦਸਤੇ ਨੇ ਸੋਮਵਾਰ ਸਵੇਰੇ ਭਾਰੀ ਗੋਲਾਬਾਰੀ ਦੀ ਆੜ ਹੇਠ ਭਾਰਤੀ ਇਲਾਕੇ ਵਿਚ ਕਰੀਬ 250 ਮੀਟਰ ਅੰਦਰ ਦਾਖਲ ਹੋ ਕੇ ਗਸ਼ਤੀ ਟੀਮ ਉਤੇ ਹਮਲਾ ਕਰਦਿਆਂ ਦੋ ਭਾਰਤੀ ਜਵਾਨਾਂ ਦੇ ਸਿਰ ਵੱਢ ਦਿੱਤੇ। ਇਹ ਕਾਰਵਾਈ ਪਾਕਿਸਤਾਨੀ ਫੌਜ ਦੀ ਬਾਰਡਰ ਐਕਸ਼ਨ ਟੀਮ (ਬੈਟ) ਵੱਲੋਂ ਜੰਮੂ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਕ੍ਰਿਸ਼ਨਾ ਘਾਟੀ ਸੈਕਟਰ ਵਿਚ ਕੀਤੀ ਗਈ। ਮਾਰੇ ਗਏ ਜਵਾਨਾਂ ਦੀ ਪਛਾਣ 22 ਸਿੱਖ ਰੈਜੀਮੈਂਟ ਦੇ ਨਾਇਬ ਸੂਬੇਦਾਰ ਪਰਮਜੀਤ ਸਿੰਘ ਅਤੇ ਬੀ.ਐਸ.ਐਫ. ਦੀ 200ਵੀਂ ਬਟਾਲੀਅਨ ਦੇ ਹੈਡ ਕਾਂਸਟੇਬਲ ਪ੍ਰੇਮ ਸਾਗਰ ਵਜੋਂ ਹੋਈ ਹੈ।

ਹਮਲੇ ਵਿਚ ਬੀ.ਐਸ.ਐਫ. ਦਾ ਜਵਾਨ ਰਾਜਿੰਦਰ ਸਿੰਘ ਜ਼ਖ਼ਮੀ ਹੋ ਗਿਆ। ਪਰਮਜੀਤ ਸਿੰਘ ਤਰਨ ਤਾਰਨ ਨੇੜਲੇ ਪਿੰਡ ਵੇਈਂ ਪੂਈਂ ਦਾ ਵਸਨੀਕ ਸੀ ਜਿਥੇ ਮੰਗਲਵਾਰ ਨੂੰ ਉਸ ਦਾ ਸਸਕਾਰ ਕਰ ਦਿੱਤਾ ਗਿਆ।

ਉਧਰ, ਭਾਰਤੀ ਫੌਜ ਨੇ ਪਾਕਿਸਤਾਨ ਦੇ ਇਸ ਕਾਰੇ ਖ਼ਿਲਾਫ਼ ਕਾਰਵਾਈ ਕਰਦਿਆਂ ਦੋ ਸਰਹੱਦੀ ਚੌਕੀਆਂ ਉਡਾ ਦਿੱਤੀਆਂ। ਨਾਲ ਹੀ ਹੋਰ ਢੁਕਵਾਂ ਜਵਾਬ ਦੇਣ ਦਾ ਐਲਾਨ ਕੀਤਾ ਹੈ। ਗ਼ੌਰਤਲਬ ਹੈ ਕਿ ਇਹ ਘਟਨਾ ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਵੱਲੋਂ ਮਕਬੂਜ਼ਾ ਕਸ਼ਮੀਰ ਵਿਚ ਅਸਲ ਕੰਟਰੋਲ ਰੇਖਾ (ਐਲ.ਓ.ਸੀ.) ਨੇੜਲੇ ਇਲਾਕਿਆਂ ਦੇ ਦੌਰੇ ਤੋਂ ਇਕ ਦਿਨ ਬਾਅਦ ਵਾਪਰੀ ਹੈ। ਜਨਰਲ ਬਾਜਵਾ ਨੇ ਇਸ ਦੌਰੇ ਦੌਰਾਨ ਪਾਕਿਸਤਾਨ ਵੱਲੋਂ ਕਸ਼ਮੀਰੀ ਵੱਖਵਾਦੀਆਂ ਦੀ ਹਮਾਇਤ ਦਾ ਅਹਿਦ ਦੁਹਰਾਇਆ ਸੀ।

ਇਸ ਘਟਨਾ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਵਿਚਕਾਰ ਪਹਿਲਾਂ ਹੀ ਚੱਲ ਰਿਹਾ ਤਣਾਅ ਹੋਰ ਵਧ ਗਿਆ ਹੈ। ਦੋਵੇਂ ਮੁਲਕ ਇਕ ਦੂਜੇ ਉਪਰ ਦੋਸ਼ ਮੜ੍ਹ ਰਹੇ ਹਨ।

# ਹੁਣ ਸਮਗਲਰਾਂ ਦੀ ਪੈੜ ਨੱਪਣ ਲਈ ਰਣਨੀਤੀ

**ਚੰਡੀਗੜ੍ਹ:** ਪੰਜਾਬ ਵਿਚ ਸਮਗਲਰਾਂ ਦੀ ਪੈੜ ਨੱਪਣ ਲਈ ਥਾਣਿਆਂ ਅੰਦਰ ਖੁਫੀਆ ਵਿੰਗ ਦੇ ਮੁਲਾਜ਼ਮਾਂ ਦੀ ਤਾਇਨਾਤੀ ਕੀਤੀ ਜਾਵੇਗੀ। ਪੁਲਿਸ ਵੱਲੋਂ ਇੰਟੈਲੀਜੈਂਸ ਵਿੰਗ ਦੇ 127 ਮੁਲਾਜ਼ਮ ਥਾਣਿਆਂ 'ਚ ਤਾਇਨਾਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਗਈ ਹੈ। ਖੁਫੀਆ ਵਿੰਗ ਨਾਲ ਸਬੰਧਤ ਇਹ ਮੁਲਾਜ਼ਮ ਪਿੰਡਾਂ ਅਤੇ ਸ਼ਹਿਰਾਂ ਅੰਦਰ ਸਮਗਲਿੰਗ ਸਬੰਧੀ ਹੁੰਦੀਆਂ ਗਤੀਵਿਧੀਆਂ ਬਾਰੇ ਸਿੱਧੇ ਤੌਰ 'ਤੇ ਨਵੀਂ ਬਣਾਈ ਸਪੈਸ਼ਲ ਟਾਸਕ ਫੋਰਸ (ਐਸ.ਟੀ.ਐਫ.) ਨੂੰ ਰਿਪੋਰਟ ਕਰਨਗੇ। ਇਨ੍ਹਾਂ ਰਿਪੋਰਟਾਂ ਦੇ ਆਧਾਰ 'ਤੇ ਸਿੱਧੀ ਕਾਰਵਾਈ ਕੀਤੀ ਜਾਵੇਗੀ। ਪੰਜਾਬ ਵਿਚ ਥਾਣਿਆਂ ਦੀ ਗਿਣਤੀ 360 ਦੇ ਕਰੀਬ ਹੈ। ਇੰਟੈਲੀਜੈਂਸ ਵਿੰਗ ਦੇ ਮੁਲਾਜ਼ਮਾਂ ਦੀ ਤਾਇਨਾਤੀ ਅਜਿਹੇ ਥਾਣਿਆਂ 'ਚ ਕੀਤੀ ਜਾਵੇਗੀ ਜਿਨ੍ਹਾਂ ਖੇਤਰਾਂ ਵਿਚ ਸਮਗਲਿੰਗ ਦੇ ਮਾਮਲੇ ਜ਼ਿਆਦਾ ਸਾਹਮਣੇ ਆਉਂਦੇ ਹਨ। ਸਰਹੱਦੀ ਖੇਤਰਾਂ ਵਿਚ ਸਮਗਲਿੰਗ ਜ਼ਿਆਦਾ ਹੋਣ ਦੀਆਂ ਰਿਪੋਰਟਾਂ ਆਉਂਦੀਆਂ ਹਨ।

# ਝੂਠ ਬੋਲ ਕੇ ਸੱਜਣ ਜੀ ਕਸੂਤੇ ਫਸੇ

*(ਸਫਾ ਇਕ ਦੀ ਬਾਕੀ)*

ਪ੍ਰਧਾਨ ਮੰਤਰੀ ਨੂੰ ਰੱਖਿਆ ਮੰਤਰੀ ਨੂੰ ਤੁਰੰਤ ਅਹੁਦੇ ਤੋਂ ਹਟਾਉਣਾ ਚਾਹੀਦਾ ਹੈ ਕਿਉਂਕਿ ਉਹ ਵਾਰ-ਵਾਰ ਗਲਤ ਤੱਥ ਪੇਸ਼ ਕਰ ਰਹੇ ਹਨ। ਵਿਰੋਧੀ ਧਿਰ ਅਨੁਸਾਰ, ਸ. ਸੱਜਣ ਨੇ 2015 ਵਿਚ ਵੀ ਇਹੀ ਝੂਠ ਬੋਲਿਆ ਸੀ।

ਸ. ਸੱਜਣ ਨੇ ਭਾਰਤ ਯਾਤਰਾ ਦੌਰਾਨ ਦਿੱਲੀ ਵਿਚ ਆਖਿਆ ਸੀ ਕਿ ਅਫ਼ਗਾਨਿਸਤਾਨ ਵਿਚ 1950 ਤੋਂ ਬਾਅਦ ਕੈਨੇਡਾ ਦਾ ਸਭ ਤੋਂ ਵੱਡਾ ਸੈਨਿਕ ਓਪਰੇਸ਼ਨ ਉਨ੍ਹਾਂ ਦੀ ਅਗਵਾਈ ਹੇਠ ਹੋਇਆ। ਇਸ ਓਪਰੇਸ਼ਨ ਨੂੰ ਮੇਡੂਸਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ।

ਇਸ ਨਾਲ ਤਾਲਿਬਾਨ ਨੂੰ ਕਾਫ਼ੀ ਨੁਕਸਾਨ ਪਹੁੰਚਿਆ ਸੀ ਅਤੇ ਕੰਧਾਰ ਵਿਚ ਇਨ੍ਹਾਂ ਦੀ ਪਕੜ ਢਿੱਲੀ ਪੈ ਗਈ ਸੀ। ਇਸ ਓਪਰੇਸ਼ਨ ਵਿਚ ਇੱਕ ਦਰਜਨ ਕੈਨੇਡੀਅਨ ਸੈਨਿਕ ਅਤੇ 14 ਬ੍ਰਿਟਿਸ਼ ਸੈਨਿਕ ਮਾਰੇ ਗਏ ਸਨ। ਇਸੇ ਦੌਰਾਨ ਨਿਊ ਡੈਮੋਕ੍ਰੇਟਿਕ ਪਾਰਟੀ ਦੇ ਆਗੂ ਟਾਮ ਮਲਕੇਅਰ ਨੇ ਵੀ ਆਖਿਆ ਹੈ ਕਿ ਆਪਣੀ ਝੂਠੀ ਸ਼ਾਨ ਲਈ ਸੱਜਣ ਅਜਿਹੇ ਬਿਆਨ ਦੇ ਰਹੇ ਹਨ।

# 'ਆਪ' ਦੀਆਂ ਬੁਨਿਆਦਾਂ ਹਿੱਲੀਆਂ

*(ਸਫਾ ਇਕ ਦੀ ਬਾਕੀ)*

ਪਰ ਦੁਆਬੇ ਅਤੇ ਮਾਝੇ ਵਿਚ ਪਹਿਲਾਂ ਹੀ ਕਮਜ਼ੋਰ ਦਿਖਾਈ ਦੇ ਰਹੇ ਆਮ ਆਦਮੀ ਪਾਰਟੀ ਮਾਲਵਾ ਖੇਤਰ ਵਿਚ ਵੀ ਆਪਣਾ ਤਕੜਾ ਪ੍ਰਭਾਵ ਨਹੀਂ ਦਿਖਾ ਸਕੀ।

ਕਿਹਾ ਜਾ ਰਿਹਾ ਹੈ ਕਿ ਦਿੱਲੀ ਨਿਗਮ ਚੋਣਾਂ ਵਿਚ 'ਆਪ' ਦੀ ਹਾਰ ਸਪਸ਼ਟ ਦਿਖਾਈ ਦੇ ਰਹੀ ਸੀ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਪੰਜਾਬ 'ਚ ਲੋਕਾਂ ਦਾ ਵਿਸ਼ਵਾਸ ਗੁਆਉਣ ਕਾਰਨ 'ਆਪ' ਹੁਣ ਦੇਸ਼ ਵਿਚ ਕਿਧਰੇ ਵੀ ਸੌਖਿਆਂ ਆਪਣੇ ਪੈਰ ਨਹੀਂ ਜਮਾ ਸਕੇਗੀ, ਕਿਉਂਕਿ ਪੰਜਾਬ ਵਿਚੋਂ ਜਿੱਤ ਦਾ ਜੋ ਸੰਦੇਸ਼ ਜਾਣਾ ਸੀ, ਉਸ ਨੇ ਪੂਰੇ ਦੇਸ਼ ਦੀ ਸਿਆਸਤ ਨੂੰ ਪ੍ਰਭਾਵਿਤ ਕਰਨਾ ਸੀ ਅਤੇ ਭਾਜਪਾ ਸਮੇਤ ਕਾਂਗਰਸ ਲਈ ਵੀ ਵੱਡੀ ਚੁਣੌਤੀ ਬਣਨਾ ਸੀ, ਪਰ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਨਾ ਸਿਰਫ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਣ ਵਿਚ ਅਸਫਲ ਰਹੇ, ਸਗੋਂ ਉਨ੍ਹਾਂ ਦੀਆਂ ਉਮੀਦਾਂ ਦੇ ਖੈਰ-ਖਵਾਹ ਬਣਨ ਵਿਚ ਨਾਕਾਮ ਰਹੇ ਹਨ ਜਿਸ ਕਾਰਨ ਅੱਜ ਜਿਥੇ ਪਾਰਟੀ ਦੇ ਚੋਟੀ ਦੇ ਆਗੂ ਪਾਰਟੀ ਤੋਂ ਕਿਨਾਰਾ ਕਰਨ ਬਾਰੇ ਸੋਚ ਰਹੇ ਹਨ, ਉਥੇ ਪਾਰਟੀ ਲਈ ਦਿਨ-ਰਾਤ ਮਿਹਨਤ ਕਰਨ ਵਾਲੇ ਵਲੰਟੀਅਰ ਅਤੇ ਵਰਕਰ ਵੀ ਹੋਰ



ਭਗਵੰਤ ਮਾਨ

ਪਾਰਟੀਆਂ ਵੱਲ ਦੇਖਣ ਲੱਗੇ ਹਨ।

ਨਗਰ ਨਿਗਮ ਵਿਚ ਪਾਰਟੀ ਦੀ ਹਾਰ ਖੁਦ ਅਰਵਿੰਦ ਕੇਜਰੀਵਾਲ ਲਈ ਵੱਡੇ ਖਤਰੇ ਦੀ ਘੰਟੀ ਹੈ। ਇਸ ਖਤਰੇ ਦਾ ਇਕ ਹੋਰ ਵੱਡਾ ਕਾਰਨ 21 ਵਿਧਾਇਕਾਂ ਉਤੇ 'ਆਫਿਸ ਆਫ ਪ੍ਰੋਫਿਟ' ਦਾ ਕੇਸ ਵੀ ਮੰਨਿਆ ਜਾ ਰਿਹਾ ਹੈ। ਕੇਜਰੀਵਾਲ ਨੇ ਦਿੱਲੀ ਦੇ ਉਪ ਰਾਜਪਾਲ ਦੀ ਆਗਿਆ ਲਏ ਬਿਨਾਂ ਹੀ 21 ਵਿਧਾਇਕਾਂ ਨੂੰ ਸੰਸਦੀ ਸਕੱਤਰ ਬਣਾ ਦਿੱਤਾ ਸੀ।

ਇਸ ਮਾਮਲੇ ਵਿਚ ਕੇਜਰੀਵਾਲ ਨੂੰ ਕਦੇ ਵੀ ਵੱਡਾ ਸਿਆਸੀ ਝਟਕਾ ਲੱਗ ਸਕਦਾ ਹੈ। ਦੂਜੇ ਪਾਸੇ ਪਾਰਟੀ ਦੀ ਅੰਦਰੂਨੀ ਬਗਾਵਤ ਦਾ ਵੀ ਕੇਜਰੀਵਾਲ ਨੂੰ ਸਾਹਮਣਾ ਕਰਨਾ ਪੈ ਰਿਹਾ ਹੈ; ਹਾਲਾਂਕਿ ਕੇਜਰੀਵਾਲ ਅਤੇ ਉਨ੍ਹਾਂ ਦੀ ਟੀਮ ਹਾਰ ਲਈ ਵੋਟਿੰਗ ਮਸ਼ੀਨਾਂ ਵਿਚ ਗੜਬੜੀ ਨੂੰ ਦੀ ਗੱਲ ਆਖ ਰਹੀ ਹੈ, ਪਰ ਹੁਣ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਕੇਜਰੀਵਾਲ ਦੇ ਦਾਅਵੇ ਨੂੰ ਨਕਾਰ ਦਿੱਤਾ ਹੈ। ਹਾਰ ਦੀ ਜ਼ਿੰਮੇਵਾਰੀ ਲੈਂਦੇ ਹੋਏ 'ਆਪ' ਦੀ ਦਿੱਲੀ ਇਕਾਈ ਦੇ ਕਨਵੀਨਰ ਦਲੀਪ ਪਾਂਡੇ ਨੇ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਇਸ ਤੋਂ ਇਲਾਵਾ ਚਾਂਦਨੀ ਚੌਕ ਤੋਂ ਪਾਰਟੀ ਦੀ ਵਿਧਾਇਕ ਅਲਕਾ ਲਾਂਬਾ ਨੇ ਅਸਤੀਫੇ ਦੀ ਪੇਸ਼ਕਸ਼ ਕਰ ਕੇ ਕੇਜਰੀਵਾਲ ਦੀਆਂ ਦਿੱਕਤਾਂ ਵਿਚ ਹੋਰ ਵਾਧਾ ਕਰ ਦਿੱਤਾ ਹੈ। ਦਿੱਲੀ ਸਰਕਾਰ ਵਿਚ ਮੰਤਰੀ ਕਪਿਲ ਮਿਸ਼ਰਾ ਨੇ ਵੀ ਆਪਣੀ ਵੱਖਰੀ ਸੁਰ ਅਲਾਪ ਦਿੱਤੀ ਹੈ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਹੁਣ ਬਾਦਲ ਸਰਕਾਰ ਦੀਆਂ ਬੇਨੇਮੀਆਂ ਹੋਣਗੀਆਂ ਬੇਪਰਦ

**ਚੰਡੀਗੜ੍ਹ:** ਕਾਂਗਰਸ ਸਰਕਾਰ ਨੇ ਅਕਾਲੀ-ਭਾਜਪਾ ਸਰਕਾਰ ਵੇਲੇ ਹੋਈਆਂ ਬੇਨੇਮੀਆਂ ਨੂੰ ਜੱਗ ਜ਼ਾਹਿਰ ਕਰਨ ਦੀ ਰਣਨੀਤੀ ਘੜ ਲਈ ਹੈ। ਇਸ ਤਹਿਤ ਸਰਕਾਰ ਨੇ ਸੂਬੇ ਦੇ ਜਿਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਇਕ ਕਰੋੜ ਰੁਪਏ ਤੋਂ ਵੱਧ ਦੀਆਂ ਗਰਾਂਟਾਂ ਮਿਲੀਆਂ, ਉਨ੍ਹਾਂ ਦਾ ਆਡਿਟ ਤੀਜੀ ਧਿਰ ਵੱਲੋਂ ਕਰਵਾਉਣ ਦਾ ਫੈਸਲਾ ਕੀਤਾ ਹੈ। ਦਿਲਚਸਪ ਗੱਲ ਹੈ ਕਿ ਇਨ੍ਹਾਂ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਜ਼ਿਲ੍ਹੇ ਮੁਕਤਸਰ ਦੇ 71 ਪਿੰਡਾਂ ਦੀਆਂ ਪੰਚਾਇਤਾਂ ਸ਼ਾਮਲ ਹਨ। ਇਨ੍ਹਾਂ ਵਿਚੋਂ ਬਹੁਤੇ ਪਿੰਡ ਮੁੱਖ ਮੰਤਰੀ ਦੇ ਲੰਬੀ ਵਿਧਾਨ ਸਭਾ ਹਲਕੇ ਦੇ ਹਨ। ਜ਼ਿਲ੍ਹੇ ਦੇ ਗਿੱਦੜਬਾਹਾ ਹਲਕੇ ਦੇ ਕੁਝ ਪਿੰਡਾਂ ਨੂੰ ਵੀ ਇਕ ਕਰੋੜ ਤੋਂ ਵੱਧ ਦੀਆਂ ਗਰਾਂਟਾਂ ਦਿੱਤੀਆਂ ਗਈਆਂ।

ਬਠਿੰਡਾ ਜ਼ਿਲ੍ਹੇ ਦੀਆਂ 27 ਪੰਚਾਇਤਾਂ ਨੂੰ ਇਕ ਕਰੋੜ ਤੋਂ ਵੱਧ ਦੀਆਂ ਗਰਾਂਟਾਂ ਦਿੱਤੀਆਂ ਗਈਆਂ। ਇਨ੍ਹਾਂ ਪਿੰਡਾਂ ਵਿਚ ਸਾਬਕਾ ਪੰਚਾਇਤ ਮੰਤਰੀ ਸਿਕੰਦਰ ਸਿੰਘ ਮਲੂਕਾ ਦੇ ਹਲਕੇ ਦੇ ਪਿੰਡ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਦੇ ਹਲਕੇ ਜਲਾਲਾਬਾਦ ਦੇ ਪਿੰਡ ਵੀ ਸ਼ਾਮਲ ਹਨ। ਇਸ ਸੂਚੀ ਵਿਚ ਜ਼ਿਲ੍ਹਾ ਮਾਨਸਾ ਦੇ 10, ਤਰਨ ਤਾਰਨ ਦੇ 20 ਤੇ ਜਲੰਧਰ ਦੇ ਪੰਜ ਪਿੰਡ ਸ਼ਾਮਲ ਹਨ। ਜ਼ਿਲ੍ਹਾ ਅੰਮ੍ਰਿਤਸਰ ਦੇ ਹਲਕਾ ਅਟਾਰੀ ਦੇ ਪਿੰਡ ਵੀ ਇਕ ਕਰੋੜੀ ਗੱਫਾ ਲੈਣ ਵਾਲਿਆਂ ਵਿਚ ਸ਼ਾਮਲ ਹਨ। ਸੂਬੇ ਦੇ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਨੇ ਅਹੁਦਾ ਸੰਭਾਲਣ ਤੋਂ ਕੁਝ ਦਿਨ ਬਾਅਦ ਸਾਰੇ ਜ਼ਿਲ੍ਹਿਆਂ ਦੇ ਉਨ੍ਹਾਂ ਪਿੰਡਾਂ ਦੀ ਸੂਚੀ ਮੰਗੀ ਸੀ, ਜਿਨ੍ਹਾਂ ਵਿਚ ਪਿਛਲੀ ਸਰਕਾਰ ਦੇ ਪੰਜ ਸਾਲ ਦੇ ਕਾਰਜਕਾਲ ਵਿਚ ਇਕ ਕਰੋੜ ਜਾਂ ਇਸ ਤੋਂ ਵੱਧ ਦੀਆਂ ਗਰਾਂਟਾਂ ਦਿੱਤੀਆਂ ਗਈਆਂ।

ਵਿਭਾਗ ਦੇ ਡਾਇਰੈਕਟਰ ਨੇ ਇਹ ਸੂਚੀ ਮੰਤਰੀ ਨੂੰ ਸੌਂਪ ਦਿੱਤੀ ਹੈ, ਪਰ ਅਜੇ ਹੋਰ ਪਿੰਡਾਂ ਦੇ ਨਾਂ ਆਉਣੇ ਬਾਕੀ ਹਨ। ਸਰਕਾਰ ਨੇ ਗਰਾਂਟ ਦੇਣ ਸਮੇਂ ਸ਼ਰਤ ਰੱਖੀ ਸੀ ਕਿ ਪਹਿਲੀ ਕਿਸ਼ਤ ਵਜੋਂ ਚਾਲੀ ਫੀਸਦੀ ਪੈਸਾ ਖਰਚਣ ਤੋਂ ਬਾਅਦ ਆਡਿਟ ਕਰਵਾਇਆ ਜਾਵੇਗਾ, ਪਰ ਇਸ 'ਤੇ ਅਮਲ ਨਹੀਂ ਕੀਤਾ ਗਿਆ। ਇਸ ਤੋਂ ਬਾਅਦ ਚਾਲੀ ਫੀਸਦੀ ਹੋਰ ਗਰਾਂਟ ਮਿਲਣ ਤੋਂ ਬਾਅਦ ਵੀ ਆਡਿਟ ਨਹੀਂ ਕਰਵਾਇਆ ਗਿਆ। ਇਸ ਕਰ ਕੇ ਕਾਂਗਰਸ ਸਰਕਾਰ ਨੇ ਸੱਤਾ ਸੰਭਾਲਣ ਤੋਂ ਬਾਅਦ ਇਹ ਕਦਮ ਚੁੱਕਿਆ ਹੈ। ਇਹ ਆਡਿਟ ਪੰਜ ਅਹਿਮ ਅਦਾਰਿਆਂ ਕੋਲੋਂ ਕਰਵਾਇਆ ਜਾਵੇਗਾ।


### ਕੈਪਟਨ ਸਰਕਾਰ ਨੇ ਘੜੀ ਰਣਨੀਤੀ





### ਟਿਊਬਵੈੱਲ ਘਪਲੇ ਦੀਆਂ ਤੰਦਾਂ ਖੋਲ੍ਹਣ ਲੱਗੀ ਵਿਜੀਲੈਂਸ

**ਚੰਡੀਗੜ੍ਹ:** ਪੰਜਾਬ ਦੇ ਮਾਲਵਾ ਖਿੱਤੇ ਵਿਚ ਸਟੇਟ ਟਿਊਬਵੈਲ ਕਾਰਪੋਰੇਸ਼ਨ ਲਿਮਟਿਡ (ਪੀ.ਐਸ.ਟੀ.ਸੀ.ਐਲ.) ਵੱਲੋਂ ਬਣਾਏ ਖਾਲਿਆਂ ਵਿਚ ਹੋਏ ਬਹੁ-ਕਰੋੜੀ ਘਪਲੇ ਦੀਆਂ ਤੰਦਾਂ ਵਿਜੀਲੈਂਸ ਬਿਊਰੋ ਨੇ ਖੋਲ੍ਹਣੀਆਂ ਸ਼ੁਰੂ ਕਰ ਦਿੱਤੀਆਂ ਹਨ। ਵਿਜੀਲੈਂਸ ਦੇ ਹਰਕਤ ਵਿਚ ਆਉਣ ਕਾਰਨ 100 ਦੇ ਕਰੀਬ ਇੰਜੀਨੀਅਰਾਂ 'ਤੇ ਕਾਰਵਾਈ ਦੀ ਤਲਵਾਰ ਲਟਕਣ ਲੱਗੀ ਹੈ। ਵਿਜੀਲੈਂਸ ਦੀ ਡਾਇਰੈਕਟਰ ਵੀ. ਨੀਰਜਾ ਨੇ ਬਿਫਰੋ ਦੇ ਐਸ.ਐਸ.ਪੀ. ਬਠਿੰਡਾ ਨੂੰ ਸ਼ਿਕਾਇਤਕਰਤਾਵਾਂ ਦੀ ਮੌਜੂਦਗੀ ਵਿਚ ਸੈਂਪਲ ਲੈ ਕੇ ਜਾਂਚ ਸ਼ੁਰੂ ਕਰਨ ਦੇ ਨਿਰਦੇਸ਼ ਦਿੱਤੇ ਹਨ। ਸ਼ਿਕਾਇਤਕਰਤਾ ਗੁਰਸੇਵਕ ਸਿੰਘ ਜਵਾਹਰਕੇ ਨੇ ਦਾਅਵਾ ਕੀਤਾ ਹੈ ਕਿ ਮਾਨਸਾ, ਬਠਿੰਡਾ, ਫ਼ਾਜ਼ਿਲਕਾ, ਮੁਕਤਸਰ, ਬਰਨਾਲਾ ਤੇ ਸੰਗਰੂਰ ਆਦਿ ਜ਼ਿਲ੍ਹਿਆਂ ਵਿਚ ਖਾਲੇ ਬਣਾਉਣ ਲਈ ਖਰਚ ਕੀਤੀ 400 ਕਰੋੜ ਰੁਪਏ ਦੀ ਰਕਮ ਵਿਚ ਵੱਡਾ ਘਪਲਾ ਹੋਇਆ ਹੈ। ਉਨ੍ਹਾਂ ਘਟੀਆ ਸਮੱਗਰੀ ਲਾਉਣ ਤੇ ਕਿਸਾਨਾਂ ਤੋਂ ਉਗਰਾਹੀ 10 ਫੀਸਦੀ ਰਕਮ ਵਿਚ ਵੀ ਵੱਡਾ ਘਪਲਾ ਹੋਣ ਦਾ ਦਾਅਵਾ ਕੀਤਾ ਹੈ।



# ਬਾਰੂਦ ਬਰਾਮਦਗੀ ਮਾਮਲੇ ਵਿਚ ਹਰਮਿੰਦਰ ਸਿੰਘ ਮਿੰਟੂ ਬਰੀ

**ਲੁਧਿਆਣਾ:** ਅਦਾਲਤ ਨੇ ਬਾਰੂਦ ਬਰਾਮਦਗੀ ਦੇ ਮਾਮਲੇ ਵਿਚ ਨਾਮਜ਼ਦ ਕੀਤੇ ਭਾਈ ਹਰਮਿੰਦਰ ਸਿੰਘ ਮਿੰਟੂ ਨੂੰ ਬਾਇੱਜ਼ਤ ਬਰੀ ਕਰ ਦਿੱਤਾ ਹੈ। ਭਾਈ ਮਿੰਟੂ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਪੁਲਿਸ ਵੱਲੋਂ 20 ਜਨਵਰੀ, 2010 ਨੂੰ ਹਲਵਾਰਾ ਏਅਰ ਫੋਰਸ ਸਟੇਸ਼ਨ ਨੇੜੇ ਇਕ ਮਾਰੂਤੀ ਕਾਰ ਵਿਚੋਂ ਬਾਰੂਦ ਬਰਾਮਦ ਕੀਤਾ ਸੀ।

ਪੁਲਿਸ ਵੱਲੋਂ ਇਸ ਮਾਮਲੇ ਵਿਚ ਵੱਖ-ਵੱਖ ਸੰਗੀਨ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਉਸ ਵੇਲੇ ਭਾਵੇਂ ਪੁਲਿਸ ਵੱਲੋਂ ਅਣਪਛਾਤੇ ਵਿਅਕਤੀਆਂ ਖਿਲਾਫ਼ ਕੇਸ ਦਰਜ ਕੀਤਾ ਸੀ, ਪਰ ਬਾਅਦ ਵਿਚ ਇਸ ਮਾਮਲੇ ਵਿਚ ਭਾਈ ਮਿੰਟੂ ਸਮੇਤ ਪੰਜ ਖਾੜਕੂਆਂ ਨੂੰ ਨਾਮਜ਼ਦ ਕੀਤਾ ਸੀ। ਪੁਲਿਸ ਵੱਲੋਂ ਭਾਈ ਮਿੰਟੂ ਖਿਲਾਫ਼ ਚਾਲਾਨ ਪੇਸ਼ ਕੀਤਾ ਗਿਆ ਸੀ, ਪਰ ਪੁਲਿਸ ਅਦਾਲਤ ਵਿਚ ਦੋਸ਼ ਸਾਬਤ ਨਹੀਂ ਕਰ ਸਕੀ, ਜਿਸ 'ਤੇ ਅਦਾਲਤ ਨੇ ਭਾਈ ਮਿੰਟੂ ਨੂੰ ਬਾਇੱਜ਼ਤ ਬਰੀ ਕਰ ਦਿੱਤਾ, ਜਦਕਿ ਇਸ ਮਾਮਲੇ ਵਿਚ ਚਾਰ ਖਾੜਕੂਆਂ ਨੂੰ ਪਹਿਲਾਂ ਹੀ ਬਰੀ ਕੀਤਾ ਜਾ ਚੁੱਕਾ ਹੈ। ਭਾਈ ਮਿੰਟੂ ਇਸ ਵੇਲੇ ਪਟਿਆਲਾ ਜੇਲ੍ਹ ਵਿਚ ਹਨ ਅਤੇ ਉਨ੍ਹਾਂ ਨੂੰ ਸੁਰੱਖਿਆ ਕਾਰਨਾਂ ਕਰ ਕੇ ਅਦਾਲਤ ਵਿਚ ਪੇਸ਼ ਨਹੀਂ ਕੀਤਾ ਗਿਆ।



## ਕ੍ਰਿਕਟਰ ਹਰਭਜਨ ਨਸਲੀ ਵਿਤਕਰੇ ਦਾ ਸ਼ਿਕਾਰ

**ਚੰਡੀਗੜ੍ਹ:** ਫਿਰਕੀ ਗੇਂਦਬਾਜ਼ ਹਰਭਜਨ ਸਿੰਘ ਨੇ ਜੈੱਟ ਏਅਰਵੇਜ਼ ਦੇ ਪਾਇਲਟ 'ਤੇ ਨਸਲੀ ਵਿਤਕਰਾ ਕਰਨ ਦਾ ਇਲਜ਼ਾਮ ਲਾਇਆ ਹੈ। ਹਰਭਜਨ ਸਿੰਘ ਨੇ ਟਵੀਟ ਕਰ ਕੇ ਦੱਸਿਆ ਕਿ ਜੈੱਟ ਏਅਰਵੇਜ਼ ਦੇ ਇਕ ਪਾਇਲਟ ਬਰਨਡ ਹੋਸੈਲਿਨ ਨੇ ਉਸ ਨੂੰ ਤੇ ਉਸ ਦੇ ਸਾਥੀ ਨੂੰ 'ਬਲੱਡੀ ਇੰਡੀਅਨ' ਕਹਿੰਦਿਆਂ ਫਲਾਈਟ ਵਿਚੋਂ ਉਤਰ ਜਾਣ ਲਈ ਕਿਹਾ।" ਹਰਭਜਨ ਨੇ ਕਿਹਾ, "ਉਕਤ ਪਾਇਲਟ ਸਾਡੇ ਹੀ ਦੇਸ਼ ਵਿਚੋਂ ਕਮਾ ਰਿਹਾ ਹੈ ਤੇ ਸਾਨੂੰ ਹੀ ਗਾਲਾਂ ਕੱਢ ਰਿਹਾ ਹੈ।



ਹਰਭਜਨ ਨੇ ਲਗਾਤਾਰ ਤਿੰਨ ਟਵੀਟ ਕੀਤੇ ਹਨ। ਇਕ ਹੋਰ ਟਵੀਟ ਵਿਚ ਦੱਸਿਆ ਕਿ ਪਾਇਲਟ ਨੇ ਸਿਰਫ ਨਸਲੀ ਟਿੱਪਣੀ ਹੀ ਨਹੀਂ ਕੀਤੀ ਬਲਕਿ ਇਕ ਔਰਤ ਨੂੰ ਸਰੀਰਕ ਤੌਰ 'ਤੇ ਪ੍ਰੇਸ਼ਾਨ ਤੇ ਇਕ ਅਪਾਹਜ ਵਿਅਕਤੀ ਨੂੰ ਵੀ ਗਾਲਾਂ ਕੱਢੀਆਂ। ਹਰਭਜਨ ਸਿੰਘ ਨੇ ਮੰਗ ਕੀਤੀ ਹੈ ਕਿ ਦੇਸ਼ ਵਿਚ ਅਜਿਹੀ ਬਦਸਲੂਕੀ ਬਰਦਾਸ਼ਤ ਨਹੀਂ ਕੀਤੀ ਜਾਣੀ ਚਾਹੀਦੀ। ਅਜਿਹੇ ਲੋਕਾਂ ਖਿਲਾਫ ਸਖਤ ਕਾਰਵਾਈ ਹੋਣੀ ਚਾਹੀਦੀ ਹੈ।

# ਮਾਪੇ ਸੱਦਣ ਲਈ ਕੈਨੇਡਾ ਦੇ ਆਵਾਸ ਮਹਿਕਮੇ ਦੀ ਲਾਟਰੀ ਸਕੀਮ

**ਟੋਰਾਂਟੋ:** ਕੈਨੇਡਾ ਦੇ ਆਵਾਸ ਮਹਿਕਮੇ ਨੇ ਇਸ ਸਾਲ ਮਾਪੇ ਸਪਾਂਸਰ ਕਰਨ ਲਈ ਅਜ਼ਮਾਇਸ਼ੀ ਲਾਟਰੀ ਸਕੀਮ ਚਲਾਈ ਹੈ। ਇਸ ਤਹਿਤ ਤਕਰੀਬਨ 95 ਹਜ਼ਾਰ ਲੋਕਾਂ ਨੇ ਕਿਸਮਤ ਅਜ਼ਮਾਈ ਜਿਸ ਵਿਚੋਂ ਕੋਟੇ ਅਨੁਸਾਰ 10 ਹਜ਼ਾਰ ਲੋਕਾਂ ਨੂੰ ਚੁਣ ਲਿਆ ਗਿਆ ਹੈ। ਸਰਕਾਰ ਨੇ ਇਮੀਗ੍ਰੇਸ਼ਨ ਢਾਂਚੇ ਵਿਚ ਕਈ ਕਿਸਮ ਦੀਆਂ ਸ਼ਿਕਾਇਤਾਂ ਨੂੰ ਦੇਖਦਿਆਂ 'ਪਹਿਲ ਦੇ ਆਧਾਰ' ਵਾਲੇ ਸਿਸਟਮ ਦੇ ਬਦਲ ਵਜੋਂ ਇਹ ਸਕੀਮ ਲਿਆਂਦੀ ਹੈ। ਮਹਿਕਮੇ ਨੇ ਲੋਕਾਂ ਨੂੰ 3 ਜਨਵਰੀ ਤੋਂ 2 ਫਰਵਰੀ ਦਰਮਿਆਨ ਆਨਲਾਈਨ 'ਲਾਟਰੀ ਫਾਰਮ' ਭਰਨ ਲਈ ਕਿਹਾ ਸੀ।

ਚੁਣੇ ਗਏ ਦਰਖਾਸਤੀਆਂ ਨੂੰ ਮਹਿਕਮਾ ਈ-ਮੇਲਾਂ ਰਾਹੀਂ ਸੂਚਿਤ ਕਰ ਰਿਹਾ ਹੈ ਅਤੇ ਲੋੜੀਂਦੇ ਦਸਤਾਵੇਜ਼ ਭੇਜਣ ਲਈ ਕਹਿ ਰਿਹਾ ਹੈ। ਮਹਿਕਮੇ ਦੇ ਸੂਤਰਾਂ ਨੇ ਆਖਿਆ ਕਿ ਪਹਿਲੀ ਵਾਰ ਅਜਿਹੀ ਸਕੀਮ ਅਜ਼ਮਾਈ ਜਾ ਰਹੀ ਹੈ ਅਤੇ ਇਸ ਦੇ ਨਤੀਜਿਆਂ ਤੋਂ ਹੀ ਅਗਲੇ ਸਾਲਾਂ ਲਈ ਕੋਈ ਠੋਸ ਵਿਉਂਤਬੰਦੀ ਕੀਤੀ ਜਾ ਸਕੇਗੀ। ਉਧਰ, ਬਹੁਤ ਸਾਰੇ ਲੋਕਾਂ ਨੇ ਇਸ ਸਕੀਮ ਨੂੰ ਇਹ ਕਹਿ ਕੇ ਨਕਾਰਿਆ ਹੈ ਕਿ ਮਿਲਾਪ ਵਰਗੇ ਅਹਿਮ ਮਸਲੇ ਨੂੰ 'ਕਿਸਮਤ' ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਜ਼ਿਕਰਯੋਗ ਹੈ ਕਿ ਪਰਿਵਾਰਕ ਸ਼੍ਰੇਣੀ 'ਚ ਦਰਖਾਸਤਾਂ ਦਾ ਬੈਕਲਾਗ ਮਹਿਕਮੇ ਲਈ ਸਿਰਦਰਦੀ ਬਣਿਆ ਹੋਇਆ ਹੈ। ਪਿਛਲੇ ਸਾਲ ਸਰਕਾਰ ਨੇ ਮਾਪਿਆਂ ਦੀ ਸਪਾਂਸਰਸ਼ਿਪ ਦੀਆਂ ਅਸਾਮੀਆਂ 5000 ਤੋਂ ਵਧਾ ਕੇ 10 ਹਜ਼ਾਰ ਕਰ ਦਿੱਤੀਆਂ ਸਨ। ਕੈਨੇਡੀਅਨ ਪੀਆਰ ਜਾਂ ਨਾਗਰਿਕਾਂ ਲਈ ਪਹਿਲਾਂ ਵਾਂਗ ਸੁਪਰ ਵੀਜ਼ੇ ਦੀ ਸਹੂਲਤ ਵੀ ਜਾਰੀ ਰਹੇਗੀ।



# ਸਿਆਸੀ ਪਿੜ ਵਿਚ ਨਾਕਾਮੀ ਪਿੱਛੋਂ ਮੁੜ ਰਵਾਇਤੀ ਕੰਮਾਂ ਵੱਲ ਰੁਖ

**ਚੰਡੀਗੜ੍ਹ:** ਹਾਲ ਹੀ ਵਿਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ 'ਚ ਜਿਥੇ ਸਥਾਪਤ ਆਗੂਆਂ ਨੇ ਕਿਸਮਤ ਅਜ਼ਮਾਈ, ਉਥੇ ਹੀ ਕਲਾਕਾਰਾਂ, ਖਿਡਾਰੀਆਂ, ਡਾਕਟਰਾਂ ਅਤੇ ਅਫਸਰਾਂ ਵੱਲੋਂ ਆਪਣੇ ਵਿਰੋਧੀਆਂ ਨੂੰ ਸਖ਼ਤ ਟੱਕਰ ਦੇਣ ਦੇ ਬਾਵਜੂਦ, ਵੋਟਰਾਂ ਨੇ ਉਨ੍ਹਾਂ ਨੂੰ ਆਪਣੇ ਆਗੂ ਦੇ ਰੂਪ 'ਚ ਸਵੀਕਾਰ ਨਹੀਂ ਕੀਤਾ। ਪੰਜਾਬ 'ਚ ਚੋਣਾਂ ਤੋਂ ਬਾਅਦ ਰਾਜਸੀ ਮਾਹੌਲ ਹੁਣ ਪੂਰੀ ਤਰ੍ਹਾਂ ਸ਼ਾਂਤ ਹੋ ਚੁੱਕਾ ਹੈ ਅਤੇ ਚੋਣਾਂ ਜਿੱਤਣ ਵਾਲੇ ਆਗੂ ਵਿਧਾਨ ਸਭਾ 'ਚ ਪਹੁੰਚ ਗਏ ਹਨ, ਜਦਕਿ ਚੋਣਾਂ ਹਾਰਨ ਵਾਲੇ ਵਾਪਸ ਆਪਣੇ ਪੁਰਾਣੇ ਕੰਮ ਧੰਦਿਆਂ 'ਤੇ ਪਰਤਣ ਲੱਗੇ ਹਨ।

ਪੰਜਾਬ ਵਿਧਾਨ ਸਭਾ ਚੋਣਾਂ ਲਈ ਕੀਤੇ ਗਏ ਚੋਣ ਪ੍ਰਚਾਰ ਦੌਰਾਨ ਭਾਵੇਂ ਇਸ ਵਾਰ ਕਲਾਕਾਰ ਲੋਕਾਂ ਲਈ ਖਿੱਚ ਦਾ ਕੇਂਦਰ ਬਣੇ ਰਹੇ, ਪਰ ਇਸ ਦੇ ਬਾਵਜੂਦ ਉਹ ਲੋਕਾਂ ਨੂੰ ਆਪਣੇ ਨਾਲ ਜੋੜਨ 'ਚ ਅਸਫਲ ਰਹੇ, ਜਿਸ ਕਾਰਨ ਉਨ੍ਹਾਂ ਨੂੰ ਹਾਰ ਦਾ ਮੂੰਹ ਦੇਖਣਾ ਪਿਆ। ਚੋਣਾਂ ਦੌਰਾਨ ਹਾਸਰਸ ਕਲਾਕਾਰ ਗੁਰਪ੍ਰੀਤ ਸਿੰਘ ਘੁੱਗੀ ਨੇ ਬਟਾਲਾ, ਭਗਵੰਤ ਮਾਨ ਨੇ ਜਲਾਲਾਬਾਦ, ਮੁਹੰਮਦ ਸਦੀਕ ਨੇ ਜੈਤੋਂ, ਸਤਵਿੰਦਰ ਬਿੱਟੀ ਨੇ ਸਾਹਨੇਵਾਲ ਅਤੇ ਸੂਫੀ ਕਲਾਕਾਰ ਅਰਸ਼ਦ ਡਾਲੀ ਨੇ ਮਲੇਰਕੋਟਲਾ ਤੋਂ ਆਪਣੀ ਕਿਸਮਤ ਅਜ਼ਮਾਈ ਸੀ। ਇਨ੍ਹਾਂ ਕਲਾਕਾਰਾਂ 'ਚੋਂ ਸਭ ਤੋਂ ਜ਼ਿਆਦਾ ਚਰਚਿਤ ਭਗਵੰਤ ਮਾਨ ਅਤੇ ਗੁਰਪ੍ਰੀਤ ਘੁੱਗੀ ਹੀ ਰਹੇ ਸਨ। ਆਮ ਆਦਮੀ ਪਾਰਟੀ ਦੇ ਕਨਵੀਨਰ ਬਣਾਏ ਜਾਣ ਤੋਂ ਬਾਅਦ ਗੁਰਪ੍ਰੀਤ ਘੁੱਗੀ ਨੇ ਆਪਣਾ ਫਿਲਮੀ ਅਤੇ ਰੰਗਮੰਚ ਦੇ ਖੇਤਰ 'ਚ ਪ੍ਰਸਿੱਧ ਨਾਂ ਗੁਰਪ੍ਰੀਤ ਸਿੰਘ 'ਘੁੱਗੀ' ਤੋਂ ਬਦਲ ਕੇ ਗੁਰਪ੍ਰੀਤ ਸਿੰਘ ਵੜੈਚ ਰੱਖ ਲਿਆ ਸੀ। ਚੋਣ ਪ੍ਰਚਾਰ ਦੌਰਾਨ ਭਾਵੇਂ ਗੁਰਪ੍ਰੀਤ ਵੜੈਚ ਵੱਲੋਂ ਆਮ ਆਦਮੀ ਪਾਰਟੀ ਲਈ ਪੂਰੇ ਪੰਜਾਬ ਅੰਦਰ ਰੈਲੀਆਂ ਕੀਤੀਆਂ ਗਈਆਂ, ਪਰ ਉਨ੍ਹਾਂ ਨੂੰ ਆਪਣੇ ਹਲਕੇ ਤੋਂ ਸਿਰਫ 34 ਹਜ਼ਾਰ 302 ਵੋਟਾਂ ਹੀ ਮਿਲੀਆਂ ਤੇ ਉਹ ਤੀਜੇ ਨੰਬਰ 'ਤੇ ਰਹੇ।




ਮੁਹੰਮਦ ਸਦੀਕ



ਗੁਰਪ੍ਰੀਤ ਘੁੱਗੀ



ਸਤਵਿੰਦਰ ਬਿੱਟੀ



ਅਰਸ਼ਦ ਡਾਲੀ

ਚੋਣ ਨਤੀਜਿਆਂ ਤੋਂ ਬਾਅਦ ਗੁਰਪ੍ਰੀਤ ਵੜੈਚ ਅਚਾਨਕ ਸ਼ਾਂਤ ਹੋ ਗਏ ਅਤੇ ਹੁਣ ਉਹ ਵਾਪਸ ਆਪਣੀ ਪੁਰਾਣੀ ਫਿਲਮੀ ਤੇ ਰੰਗਮੰਚ ਦੀ ਦੁਨੀਆਂ 'ਚ ਪਰਤ ਆਏ ਹਨ। ਦਿਲਚਸਪ ਗੱਲ ਇਹ ਹੈ ਕਿ ਭਾਵੇਂ ਚੋਣਾਂ ਦੌਰਾਨ ਗੁਰਪ੍ਰੀਤ ਘੁੱਗੀ ਵੱਲੋਂ ਆਪਣੇ ਆਪ ਦੀ ਗੁਰਪ੍ਰੀਤ ਵੜੈਚ ਵਜੋਂ ਪਛਾਣ ਬਣਾਈ ਗਈ ਸੀ, ਪਰ ਚੋਣ ਕਮਿਸ਼ਨ ਦੀ ਵੈਬਸਾਈਟ 'ਤੇ ਅੱਜ ਵੀ ਗੁਰਪ੍ਰੀਤ ਵੜੈਚ ਦੀ ਥਾਂ ਗੁਰਪ੍ਰੀਤ ਘੁੱਗੀ ਹੀ ਲਿਖਿਆ ਹੋਇਆ ਹੈ। ਕੁਝ ਅਜਿਹੀ ਹੀ ਹਾਲਤ ਕਾਂਗਰਸੀ ਆਗੂ ਮੁਹੰਮਦ ਸਦੀਕ ਦੀ ਹੋਈ ਹੈ।

ਮੁਹੰਮਦ ਸਦੀਕ ਇਨ੍ਹਾਂ ਚੋਣਾਂ ਦੌਰਾਨ ਆਪਣੇ ਹਲਕੇ 'ਚੋਂ 35 ਹਜ਼ਾਰ 351 ਵੋਟਾਂ ਲੈ ਕੇ ਦੂਜੇ ਨੰਬਰ 'ਤੇ ਰਹੇ ਸਨ। ਹਾਲਾਂਕਿ ਮੁਹੰਮਦ ਸਦੀਕ ਨੇ ਵਿਧਾਇਕ ਰਹਿੰਦੇ ਹੋਏ ਕਦੇ ਅਖਾੜੇ ਲਗਾਉਣੇ ਬੰਦ ਨਹੀਂ ਕੀਤੇ, ਪਰ ਇਸ ਦੇ ਬਾਵਜੂਦ ਉਨ੍ਹਾਂ ਗਾਇਕੀ ਦੀ ਥਾਂ ਰਾਜਨੀਤੀ ਨੂੰ ਵਧੇਰੇ ਸਮਾਂ ਦਿੱਤਾ ਸੀ। ਚੋਣ ਨਤੀਜਿਆਂ ਤੋਂ ਬਾਅਦ ਭਾਵੇਂ ਕਾਂਗਰਸ ਪਾਰਟੀ ਦੀ ਸਰਕਾਰ ਸੱਤਾ 'ਚ ਆ ਗਈ ਹੈ, ਪਰ ਮੁਹੰਮਦ ਸਦੀਕ ਹੁਣ ਤੱਕ ਸਥਾਪਤ ਨਹੀਂ ਹੋਏ, ਜਿਸ ਦੇ ਚੱਲਦਿਆਂ ਉਨ੍ਹਾਂ ਨੇ ਮੁੜ ਤੋਂ ਆਪਣੀ ਪੁਰਾਣੀ ਜ਼ਿੰਦਗੀ ਨੂੰ ਗਲੇ ਲਗਾ ਕੇ ਗਾਇਕੀ ਨੂੰ ਤਰਜੀਹ ਦੇਣੀ ਸ਼ੁਰੂ ਕਰ ਦਿੱਤੀ ਹੈ।

ਵਿਧਾਨ ਸਭਾ ਚੋਣਾਂ 'ਚ ਚਰਚਿਤ ਰਹੇ ਭਗਵੰਤ ਮਾਨ ਵਿਧਾਇਕ ਤਾਂ ਨਹੀਂ ਬਣ ਸਕੇ, ਪਰ ਉਹ ਮੁੜ ਤੋਂ ਸੰਸਦ ਦੇ ਰਾਹ ਪਰਤ ਗਏ ਹਨ, ਹਾਲਾਂਕਿ ਭਗਵੰਤ ਮਾਨ ਆਪਣੇ ਭਾਸ਼ਣਾਂ ਦੌਰਾਨ ਕਾਮੇਡੀ ਕਰਦੇ ਰਹੇ, ਪਰ ਲੋਕ ਸਭਾ ਮੈਂਬਰ ਬਣਨ ਤੋਂ ਬਾਅਦ ਉਨ੍ਹਾਂ ਨੇ ਫਿਲਮੀ ਪਰਦੇ ਤੋਂ ਦੂਰੀ ਬਣਾ ਕੇ ਰੱਖੀ ਹੋਈ ਹੈ। ਇਸੇ ਤਰ੍ਹਾਂ ਕਾਂਗਰਸ ਦੀ ਟਿਕਟ ਉਤੇ ਚੋਣ ਲੜੀ ਸਤਵਿੰਦਰ ਕੌਰ ਬਿੱਟੀ ਅਤੇ ਮਲੇਰਕੋਟਲਾ ਤੋਂ ਚੋਣ ਮੈਦਾਨ 'ਚ ਉਤਰੇ ਸੂਫੀ ਕਲਾਕਾਰ ਅਰਸ਼ਦ ਡਾਲੀ ਚੋਣ ਨਤੀਜੇ ਤੋਂ ਬਾਅਦ ਸਰਗਰਮ ਰਾਜਨੀਤੀ ਤੋਂ ਦੂਰ ਹੋ ਕੇ ਆਪਣੀ ਪੁਰਾਣੀ ਜ਼ਿੰਦਗੀ 'ਚ ਸਰਗਰਮ ਹੋ ਗਏ ਹਨ।

ਵਿਧਾਨ ਸਭਾ ਚੋਣਾਂ 'ਚ ਇਸ ਵਾਰ ਅੱਧਾ ਦਰਜਨ ਤੋਂ ਜ਼ਿਆਦਾ ਖਿਡਾਰੀਆਂ ਨੇ ਸਿਆਸਤ ਵਿਚ ਆਪਣੀ ਕਿਸਮਤ ਅਜਮਾਉਂਦੇ ਹੋਏ ਨੇਤਾ ਬਣਨ ਦਾ ਸੁਪਨਾ ਦੇਖਿਆ ਸੀ, ਪਰ ਪੰਜਾਬ ਦੀ ਜਨਤਾ ਨੇ ਸਿਰਫ ਨਵਜੋਤ ਸਿੰਘ ਸਿੱਧੂ ਤੇ ਪਰਗਟ ਸਿੰਘ ਨੂੰ ਹੀ ਸਵੀਕਾਰ ਕੀਤਾ, ਜਦਕਿ ਸੱਜਣ ਸਿੰਘ ਚੀਮਾ, ਕਰਤਾਰ ਸਿੰਘ, ਗੁਰਦਿੱਤ ਸਿੰਘ ਸੇਖੋਂ ਅਤੇ ਗੁਲਜ਼ਾਰ ਸਿੰਘ ਚੋਣ ਹਾਰਨ ਬਾਅਦ ਆਪਣੀ ਅਕਾਦਮੀਆਂ ਅਤੇ ਖੇਡ ਪ੍ਰਮੋਸ਼ਨ ਦੇ ਕੰਮਾਂ 'ਚ ਜੁਟ ਗਏ ਹਨ। ਪੰਜਾਬ ਅੰਦਰ ਇਸ ਵਾਰ 11 ਆਈ.ਏ.ਐਸ., ਆਈ.ਪੀ.ਐਸ ਅਤੇ ਹੋਰ ਅਫਸਰਾਂ ਨੇ ਚੋਣ ਮੈਦਾਨ ਵਿਚ ਆਪਣੀ ਕਿਸਮਤ ਅਜ਼ਮਾਈ, ਪਰ ਜਨਤਾ ਨੇ ਕਿਸੇ ਵੀ ਅਫਸਰ ਨੂੰ ਨੇਤਾ ਦੇ ਰੂਪ 'ਚ ਸਵੀਕਾਰ ਨਹੀਂ ਕੀਤਾ। ਇਸੇ ਤਰ੍ਹਾਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਹੋਰ ਸ਼੍ਰੇਣੀਆਂ ਤੋਂ ਇਲਾਵਾ ਸਭ ਤੋਂ ਜ਼ਿਆਦਾ 15 ਡਾਕਟਰਾਂ ਨੇ ਵੀ ਹਿੱਸਾ ਲਿਆ ਸੀ, ਪਰ ਕਿਸੇ ਨੂੰ ਸਫਲਤਾ ਨਹੀਂ ਮਿਲੀ।

# ਬਾਦਲਾਂ ਬਾਰੇ ਸਟੈਂਡ 'ਤੇ ਭਾਈ ਗੁਰਮੁਖ ਸਿੰਘ ਕਾਇਮ





**ਚੰਡੀਗੜ੍ਹ:** ਤਖਤ ਦਮਦਮਾ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਗੁਰਮੁਖ ਸਿੰਘ ਨੇ ਗੁਰਦੁਆਰਾ ਧਮਤਾਨ ਸਾਹਿਬ ਮੁੱਖ ਗ੍ਰੰਥੀ ਵਜੋਂ ਡਿਊਟੀ ਸੰਭਾਲ ਲਈ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦਾ ਫੈਸਲਾ ਮਨਜ਼ੂਰ ਹੈ, ਪਰ ਉਹ ਆਪਣੇ ਸਟੈਂਡ ਉਪਰ ਕਾਇਮ ਹਨ।

ਉਨ੍ਹਾਂ ਮੁੜ ਕਿਹਾ ਕਿ ਤਖਤ ਸਹਿਬਾਨ ਦੇ ਜਥੇਦਾਰ ਸਿਆਸੀ ਪ੍ਰਭਾਵ ਹੇਠ ਫੈਸਲੇ ਲੈਂਦੇ ਹਨ। ਉਸ ਦੇ ਜਵਾਬ ਵਿਚ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਭਾਈ ਗੁਰਮੁਖ ਸਿੰਘ ਦੇ ਸਾਰੇ ਇਲਜ਼ਾਮ ਝੂਠੇ ਹਨ। ਉਨ੍ਹਾਂ ਕਿਹਾ ਕਿ ਚਿੱਠੀ ਸਬੰਧੀ ਸਾਰੇ ਦੋਸ਼ ਝੂਠੇ ਹਨ ਤੇ ਨਾ ਉਨ੍ਹਾਂ ਕਦੇ ਜਥੇਦਾਰਾਂ 'ਤੇ ਦਬਾਅ ਪਾਇਆ ਤੇ ਨਾ ਜਥੇਦਾਰਾਂ ਨੂੰ ਘਰ ਬੁਲਾਇਆ। ਉਨ੍ਹਾਂ ਕਿਹਾ ਕਿ ਸਾਰੇ ਦੋਸ਼ ਬਿਨਾਂ ਵਜ੍ਹਾ ਮੜ੍ਹੇ ਗਏ ਹਨ। ਕਾਬਲੇਗੌਰ ਹੈ ਕਿ ਭਾਈ ਗੁਰਮੁਖ ਸਿੰਘ ਨੇ ਡੇਰਾ ਸਿਰਸਾ ਦੇ ਮੁਖੀ ਨੂੰ ਅਕਾਲ ਤਖਤ ਤੋਂ ਮੁਆਫੀ ਲਈ ਚਿੱਠੀ ਮਾਮਲੇ 'ਚ ਬਾਦਲ ਪਿਉ-ਪੁੱਤ 'ਤੇ ਗੰਭੀਰ ਦੋਸ਼ ਲਾਏ ਸਨ।

ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਹੁਣ ਤਾਂ ਕੀ, ਪਿਛਲੇ 20 ਸਾਲ ਤੋਂ ਉਨ੍ਹਾਂ ਕਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਕਾਜ ਵਿਚ ਦਖਲ ਨਹੀਂ ਦਿੱਤਾ। ਸ਼੍ਰੋਮਣੀ ਕਮੇਟੀ ਪ੍ਰਧਾਨ ਦੀਆਂ ਚੋਣਾਂ ਸਮੇਂ ਉਨ੍ਹਾਂ ਦੀ ਪ੍ਰਚੱਲਤ 'ਪਰਚੀ' ਦਾ ਜ਼ਿਕਰ ਕਰਨ 'ਤੇ ਬਾਦਲ ਨੇ ਕਿਹਾ ਕਿ ਪਰਚੀ ਵਾਲੀ ਗੱਲ ਇੰਜ ਹੈ ਕਿ ਕਾਂਗਰਸ ਸਮੇਤ ਸਾਰੀਆਂ ਪਾਰਟੀਆਂ 'ਚ ਹੀ ਸਹਿਮਤੀ ਨਾਲ ਆਗੂ ਆਪਣੀ ਲੀਡਰਸ਼ਿਪ ਨੂੰ ਪ੍ਰਧਾਨ ਜਾਂ ਆਗੂ ਚੁਣਨ ਦਾ ਅਧਿਕਾਰ ਦਿੰਦੇ ਹਨ।" ਇੰਜ ਹੀ ਸਾਡੇ ਵੀ ਸੀਨੀਅਰ ਆਗੂਆਂ ਦੀ ਸਹਿਮਤੀ ਨਾਲ ਮਿਲੇ ਅਧਿਕਾਰਾਂ ਦੇ ਆਧਾਰ 'ਤੇ ਪ੍ਰਧਾਨ ਦਾ ਫੈਸਲਾ ਹੁੰਦਾ ਹੈ। ਇਸ ਨੂੰ ਕੁਝ ਲੋਕਾਂ ਨੇ 'ਪਰਚੀ' ਦਾ ਨਾਂ ਦੇ ਦਿੱਤਾ ਹੈ।

## ਜਥੇਦਾਰਾਂ ਦੀ ਨਿਯੁਕਤੀ ਸੰਸਾਰ ਭਰ ਦੇ ਸਿੱਖਾਂ ਦੀ ਸਹਿਮਤੀ ਨਾਲ ਹੋਵੇ: ਝੀਂਡਾ

**ਕੁਰੂਕਸ਼ੇਤਰ:** ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਜਦ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਹੁਕਮਾਂ ਨੂੰ ਸੰਸਾਰ ਭਰ ਦੇ ਸਿੱਖ ਮੰਨਦੇ ਹਨ, ਤਾਂ ਉਨ੍ਹਾਂ ਦੀ ਨਿਯੁਕਤੀ ਵੀ ਦੁਨੀਆਂ ਭਰ ਦੇ ਸਿੱਖਾਂ ਦੀ ਸਹਿਮਤੀ ਨਾਲ ਹੋਣੀ ਚਾਹੀਦੀ ਹੈ। ਇੰਨਾ ਹੀ ਨਹੀਂ, ਕਿਸੇ ਵੀ ਜਥੇਦਾਰ ਸਾਹਿਬਾਨ ਵੱਲੋਂ ਤਾਨਾਸ਼ਾਹੀ ਰਵੱਈਆ ਅਪਨਾਉਣ ਜਾਂ ਧਰਮ ਅਤੇ ਕੌਮ ਨੂੰ ਨੁਕਸਾਨ ਪਹੁੰਚਾਉਣ ਵਾਲਾ ਫੈਸਲਾ ਲੈਣ 'ਤੇ ਉਨ੍ਹਾਂ ਨੂੰ ਅਹੁਦੇ ਤੋਂ ਫਾਰਗ ਕਰਨ ਦਾ ਅਧਿਕਾਰ ਵੀ ਸੰਸਾਰ ਭਰ ਦੇ ਸਿੱਖਾਂ ਕੋਲ ਹੀ ਹੋਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਵੱਲੋਂ ਗਠਿਤ ਰਾਜਨੀਤਿਕ ਦਲ ਦਾ ਪਹਿਲਾ ਕੰਮ ਗੁਰੂ ਸਾਹਿਬਾਨ ਵੱਲੋਂ ਸਥਾਪਤ ਸ੍ਰੀ ਤਖਤ ਸਾਹਿਬਾਨ 'ਤੇ ਬਿਰਾਜਮਾਨ ਸਿੰਘ ਸਾਹਿਬਾਨ ਦਾ ਮਾਨ-ਸਨਮਾਨ ਬਹਾਲ ਕਰਵਾਉਣਾ ਹੈ। ਇਸ ਤੋਂ ਇਲਾਵਾ ਆਲ ਇੰਡੀਆ ਗੁਰਦੁਆਰਾ ਐਕਟ ਵੀ ਪਾਸ ਕਰਵਾਉਣਾ ਵੀ ਉਨ੍ਹਾਂ ਦੀ ਪਹਿਲ 'ਚ ਸ਼ਾਮਲ ਹੈ।

## ਅਕਾਲ ਤਖਤ ਦੇ ਮਾਮਲਿਆਂ 'ਚ ਦਖਲ ਨਹੀਂ ਦਿੱਤਾ: ਸੁਖਬੀਰ

**ਅੰਮ੍ਰਿਤਸਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਖਿਆ ਕਿ ਉਨ੍ਹਾਂ ਕਦੇ ਵੀ ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਦੇ ਮਾਮਲਿਆਂ ਵਿਚ ਦਖਲ ਨਹੀਂ ਦਿੱਤਾ। ਸਾਬਕਾ ਉਪ ਮੁੱਖ ਮੰਤਰੀ ਨੇ ਦਾਅਵਾ ਕੀਤਾ ਕਿ ਉਨ੍ਹਾਂ ਕਦੇ ਵੀ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿਚ ਦਖਲ ਨਹੀਂ ਦਿੱਤਾ ਤੇ ਭਾਈ ਗੁਰਮੁਖ ਸਿੰਘ ਵੱਲੋਂ ਲਾਏ ਦੋਸ਼ਾਂ ਬਾਰੇ ਸ਼੍ਰੋਮਣੀ ਕਮੇਟੀ ਹੀ ਜਵਾਬ ਦੇ ਸਕਦੀ ਹੈ।

# ਬਾਦਲ ਦੇ ਕਰੀਬੀਆਂ ਨੂੰ ਘੇਰਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੱਛਮੀ ਬੰਗਾਲ ਕਾਡਰ ਨਾਲ ਸਬੰਧਤ 1993 ਬੈਚ ਦੇ ਆਈ.ਏ.ਐਸ. ਅਧਿਕਾਰੀ ਕੇ.ਜੇ.ਐਸ. ਚੀਮਾ ਨੂੰ ਪਿੱਤਰੀ ਕਾਡਰ (ਪੱਛਮੀ ਬੰਗਾਲ) ਜਾਣ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਪ੍ਰਵਾਨਗੀ ਤੋਂ ਬਾਅਦ ਅਮਲਾ ਵਿਭਾਗ ਨੇ ਰਸਮੀ ਹੁਕਮ ਜਾਰੀ ਕਰ ਦਿੱਤੇ।



ਪੰਜਾਬ ਵਿਚ ਇਕ ਦਹਾਕਾ 'ਡੈਪੂਟੇਸ਼ਨ' ਉਪਰ ਤਾਇਨਾਤ ਰਹਿਣ ਵਾਲਾ ਇਹ ਅਧਿਕਾਰੀ ਹੁਣ ਬੰਗਾਲ ਸਰਕਾਰ ਨੂੰ ਰਿਪੋਰਟ ਕਰੇਗਾ। ਅਮਲਾ ਵਿਭਾਗ ਦੇ ਇਕ ਅਧਿਕਾਰੀ ਨੇ ਦੱਸਿਆ ਕਿ ਸ੍ਰੀ ਚੀਮਾ ਦੇ ਮਾਮਲੇ ਵਿਚ ਅਹਿਮ ਪੱਖ ਇਹ ਵੀ ਸਾਹਮਣੇ ਆਇਆ ਹੈ ਕਿ ਮੁੱਖ ਮੰਤਰੀ ਦਫਤਰ ਵਿਚ ਤਾਇਨਾਤ ਸੁਪਰਡੈਂਟ ਪੱਧਰ ਦੇ ਇਕ ਮੁਲਾਜ਼ਮ ਨੇ ਸਰਕਾਰ ਨੂੰ ਲਿਖਤੀ ਤੌਰ 'ਤੇ ਦਿੱਤਾ ਹੈ ਕਿ ਪੱਛਮੀ ਬੰਗਾਲ ਨਾਲ ਸਬੰਧਤ ਇਸ ਅਧਿਕਾਰੀ ਦੀ ਸੇਵਾ ਨਾਲ ਸਬੰਧਤ ਫਾਈਲ ਉਨ੍ਹਾਂ (ਸ੍ਰੀ ਚੀਮਾ) ਕੋਲ ਹੀ ਹੈ। ਸੂਤਰਾਂ ਮੁਤਾਬਕ ਇਸ ਮੁਲਾਜ਼ਮ ਨੇ ਕਿਹਾ ਹੈ ਕਿ ਫਾਈਲ ਤਤਕਾਲੀ ਮੁੱਖ ਮੰਤਰੀ ਦੇ ਪ੍ਰਮੁੱਖ ਸਕੱਤਰ ਸੰਤੋਸ਼ ਕੁਮਾਰ ਸੰਧੂ ਨੂੰ ਭੇਜੀ ਗਈ ਸੀ ਤੇ ਸ੍ਰੀ ਸੰਧੂ ਨੇ ਇਹ ਫਾਈਲ ਸ੍ਰੀ ਚੀਮਾ ਦੇ ਸਪੁਰਦ ਕਰ ਦਿੱਤੀ। ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿਚ ਕੇਂਦਰ ਤੋਂ ਲੋੜੀਂਦੇ ਦਸਤਾਵੇਜ਼ ਹਾਸਲ ਕਰਕੇ ਨਵੇਂ ਸਿਰਿਓਂ ਫਾਈਲ ਤਿਆਰ ਕੀਤੀ ਗਈ ਹੈ। ਪੰਜਾਬ ਦੇ ਸੈਨਿਕ ਭਲਾਈ ਵਿਭਾਗ ਵਿੱਚ ਤਾਇਨਾਤ ਸ੍ਰੀ ਚੀਮਾ ਨੂੰ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਅਤਿ ਕਰੀਬੀ ਮੰਨਿਆ ਜਾਂਦਾ ਹੈ। ਬਾਦਲ ਸਰਕਾਰ ਦੇ ਸਮੇਂ 2007 ਤੋਂ 20017 ਤੱਕ ਦਸ ਸਾਲ ਦਾ ਸਮਾਂ ਉਹ ਸ੍ਰੀ ਬਾਦਲ ਨਾਲ ਹੀ ਤਾਇਨਾਤ ਰਹੇ। ਕੈਪਟਨ ਸਰਕਾਰ ਸ੍ਰੀ ਚੀਮਾ ਦੀ ਇਸ ਤਾਇਨਾਤੀ ਨੂੰ ਗੈਰਕਾਨੂੰਨੀ ਤੇ ਅਨਿਯਮਤ ਮੰਨ ਰਹੀ ਹੈ।

# ਹਰਿਮੰਦਰ ਸਾਹਿਬ ਦੁਆਲੇ ਨਾਜਾਇਜ਼ ਉਸਾਰੀਆਂ ਨੂੰ ਚੁਣੌਤੀ

**ਅੰਮ੍ਰਿਤਸਰ:** ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਨਾਜਾਇਜ਼ ਇਮਾਰਤਾਂ ਬਣਨ ਦਾ ਮਾਮਲਾ ਮੁੜ ਉਭਰਿਆ ਹੈ। ਇਹ ਮਾਮਲਾ ਪੰਜਾਬ ਮਨੁੱਖੀ ਸੰਗਠਨ ਵੱਲੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਅਤੇ ਪੰਜਾਬ ਸਰਕਾਰ ਦੇ ਧਿਆਨ ਵਿਚ ਲਿਆਂਦਾ ਗਿਆ ਹੈ, ਜਿਸ ਤੋਂ ਬਾਅਦ ਇਹ ਨਾਜਾਇਜ਼ ਉਸਾਰੀਆਂ ਰੋਕਣ ਲਈ ਪ੍ਰਸ਼ਾਸਨ ਹਰਕਤ ਵਿਚ ਆ ਗਿਆ ਹੈ।



ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜੁਲਾਈ 2012 ਵਿਚ ਹਰਿਮੰਦਰ ਸਾਹਿਬ ਦੇ ਆਲੇ-ਦੁਆਲੇ ਹੋਟਲਾਂ ਦੇ ਰੂਪ ਵਿਚ ਨਾਜਾਇਜ਼ ਉਸਾਰੀਆਂ ਕਰਨ 'ਤੇ ਰੋਕ ਲਾਈ ਸੀ। ਇਸ ਤੋਂ ਪਹਿਲਾਂ 2010 ਵਿਚ ਪੰਜਾਬ ਤੇ ਮਨੁੱਖੀ ਅਧਿਕਾਰ ਸੰਗਠਨ ਦੇ ਕਾਰਕੁਨ ਸਰਬਜੀਤ ਸਿੰਘ ਵੇਰਕਾ ਵੱਲੋਂ ਇਸ ਇਲਾਕੇ 'ਚ ਬਣੇ 131 ਹੋਟਲਾਂ ਦੀਆਂ ਇਮਾਰਤਾਂ ਨੂੰ ਨਾਜਾਇਜ਼ ਦੱਸਦਿਆਂ ਇਹ ਮਾਮਲਾ ਅਦਾਲਤ ਵਿਚ ਲਿਆਂਦਾ ਸੀ। ਇਨ੍ਹਾਂ 131 ਇਮਾਰਤਾਂ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਨਵੀਂ ਸਾਰਾਗੜ੍ਹੀ ਸਰਾਂ ਵੀ ਸ਼ਾਮਲ ਸੀ। ਇਸ ਦੌਰਾਨ ਸ੍ਰੀ ਵੇਰਕਾ ਨੇ ਉਚ ਅਦਾਲਤ ਨੂੰ ਇਕ ਹੋਰ ਪੱਤਰ ਭੇਜ ਕੇ ਇਥੇ ਬਣ ਰਹੀਆਂ ਹੋਰ ਨਵੀਆਂ ਇਮਾਰਤਾਂ ਦਾ ਜ਼ਿਕਰ ਕੀਤਾ ਹੈ ਤੇ ਇਸ ਨੂੰ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਕਰਾਰ ਦਿੱਤਾ ਹੈ। ਇਸ ਪੱਤਰ ਦੀ ਕਾਪੀ ਉਨ੍ਹਾਂ ਪੰਜਾਬ ਸਰਕਾਰ ਦੇ ਸਾਬਕਾ ਵਿਸ਼ੇਸ਼ ਮੁੱਖ ਸਕੱਤਰ ਰਾਹੁਲ ਤਿਵਾੜੀ ਨੂੰ ਵੀ ਭੇਜੀ ਹੈ ਤੇ ਦਾਅਵਾ ਕੀਤਾ ਹੈ ਕਿ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਇਥੇ 22 ਹੋਰ ਨਵੀਆਂ ਇਮਾਰਤਾਂ ਹੋਟਲਾਂ ਦੇ ਰੂਪ ਵਿਚ ਉਸਾਰੀ ਅਧੀਨ ਹਨ। ਸ੍ਰੀ ਤਿਵਾੜੀ ਨੇ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ, ਨਗਰ ਨਿਗਮ ਦੇ ਕਮਿਸ਼ਨਰ ਤੇ ਟਾਊਨ ਪਲਾਨਰ ਆਦਿ ਨੂੰ ਇਸ ਖਿਲਾਫ਼ ਕਾਰਵਾਈ ਲਈ ਆਖਿਆ ਹੈ।

ਸ੍ਰੀ ਵੇਰਕਾ ਨੇ ਆਖਿਆ ਕਿ ਉਨ੍ਹਾਂ ਇਸ ਸਬੰਧੀ ਰਾਹੁਲ ਤਿਵਾੜੀ ਨੂੰ ਸਿਰਫ ਯਾਦ ਕਰਾਇਆ ਹੈ ਕਿ ਪਹਿਲਾਂ ਵੀ ਇਸ ਮਾਮਲੇ ਵਿੱਚ ਉਚ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਹੋ ਚੁੱਕੀ ਹੈ ਤੇ ਹੁਣ ਮੁੜ ਉਲੰਘਣਾ ਹੋ ਰਹੀ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ ਕਮਲਦੀਪ ਸਿੰਘ ਸੰਘਾ ਨੇ ਦੱਸਿਆ ਕਿ ਉਨ੍ਹਾਂ ਨਗਰ ਨਿਗਮ ਅਤੇ ਅੰਮ੍ਰਿਤਸਰ ਵਿਕਾਸ ਅਥਾਰਟੀ ਦੇ ਅਧਿਕਾਰੀਆਂ ਕੋਲੋਂ ਜਵਾਬ ਮੰਗਿਆ ਹੈ।

## ਨਾਭਾ ਜੇਲ੍ਹ ਕਾਂਡ ਦਾ ਮੁੱਖ ਮੁਲਜ਼ਮ ਗ੍ਰਿਫਤਾਰ

**ਨਵਾਂ ਸ਼ਹਿਰ:** ਨਾਭਾ ਦੀ ਉਚ ਸੁਰੱਖਿਅਤ ਜੇਲ੍ਹ ਵਿਚੋਂ ਖਾੜਕੂਆਂ ਅਤੇ ਗੈਂਗਸਟਰਾਂ ਨੂੰ ਛੁਡਵਾਉਣ ਦੇ ਮੁੱਖ ਮੁਲਜ਼ਮ ਸੁਲੱਖਣ ਸਿੰਘ ਉਰਫ ਸੁਲਤਾਨ ਉਰਫ ਬੱਬਰ ਸੁਲਤਾਨ ਨੂੰ ਨਵਾਂ ਸ਼ਹਿਰ ਪੁਲਿਸ ਨੇ ਗ੍ਰਿਫਤਾਰ ਕੀਤਾ। ਸੁਲਤਾਨ ਨੇ ਨਾਭਾ ਜੇਲ੍ਹ ਵਿਚੋਂ ਗੈਂਗਸਟਰ ਅਤੇ ਖਾੜਕੂਆਂ ਨੂੰ ਛੁਡਵਾਉਣ ਮੌਕੇ ਏ.ਐਸ.ਆਈ. ਦੀ ਵਰਦੀ ਪਾਈ ਹੋਈ ਸੀ ਅਤੇ ਜੇਲ੍ਹ ਵਿਚ ਬੰਦ ਗੁਰਪ੍ਰੀਤ ਨਾਮ ਦੇ ਮੁਲਜ਼ਮ ਦੇ ਫਰਜ਼ੀ ਵਾਰੰਟ ਬਣਾ ਕੇ ਸੰਤਰੀ ਨੂੰ ਦਿਖਾਉਣ ਮਗਰੋਂ ਮੁੱਖ ਦੁਆਰ ਉਸੇ ਨੇ ਖੁਲਵਾਇਆ ਸੀ।

ਪੁਲਿਸ ਮੁਤਾਬਕ ਭਾਵੇਂ ਸੁਲਤਾਨ ਪਾਸੋਂ ਮੌਕੇ 'ਤੇ ਕੋਈ ਹਥਿਆਰ ਬਰਾਮਦ ਨਹੀਂ ਹੋਇਆ, ਪਰ ਉਸ ਦੇ ਖਤਰਨਾਕ ਗੈਂਗਸਟਰ ਹਰਜਿੰਦਰ ਸਿੰਘ ਉਰਫ ਵਿੱਕੀ ਗੌਂਡਰ, ਹਰਮਿੰਦਰ ਮਿੰਟੂ, ਕਸ਼ਮੀਰ ਸਿੰਘ ਗਲਵੱਡੀ, ਅਮਨਦੀਪ ਸਿੰਘ ਢੋਟੀਆਂ, ਕੁਲਪ੍ਰੀਤ ਸਿੰਘ ਉਰਫ ਨੀਟਾ ਦਿਓਲ ਤੇ ਗੁਰਪ੍ਰੀਤ ਸਿੰਘ ਸੇਖੋਂ ਨਾਲ ਨੇੜਲੇ ਸਬੰਧ ਹਨ। ਮੁਲਜ਼ਮ ਨੇ ਮੰਨਿਆ ਹੈ ਕਿ ਨਾਭਾ ਜੇਲ੍ਹ ਵਿਚੋਂ ਗੈਂਗਸਟਰਾਂ ਨੂੰ ਭਜਾਉਣ ਮੌਕੇ ਉਨ੍ਹਾਂ ਫਾਰਚੂਨਰ, ਆਈ-20 ਤੇ ਹੌਂਡਾ ਸਿਟੀ ਗੱਡੀਆਂ ਦੀ ਵਰਤੋਂ ਕੀਤੀ ਸੀ।

## ਦਿੱਲੀ 'ਚ ਸਜੇਗਾ ਕਪਿਲ ਦੇਵ ਦਾ ਬੁੱਤ

**ਨਵੀਂ ਦਿੱਲੀ:** ਉਘੇ ਕ੍ਰਿਕਟਰ ਕਪਿਲ ਦੇਵ ਦਾ ਮੋਮ ਨਾਲ ਬਣਿਆ ਬੁੱਤ ਦਿੱਲੀ ਦੇ ਮਾਦਾਮ ਤੁਸਾਦ 'ਚ ਸਜੇਗਾ। ਕਪਿਲ ਦਾ ਇਹ ਬੁੱਤ ਹੋਰ ਨਾਮੀ ਖਿਡਾਰੀਆਂ ਨਾਲ ਰੱਖਿਆ ਜਾਵੇਗਾ, ਜਿਥੇ ਪ੍ਰਸ਼ੰਸਕ ਖਾਸ ਏਰੀਏ 'ਚ ਆਪਣੇ ਕ੍ਰਿਕਟ ਦੇ ਹੁਨਰ ਨੂੰ ਵੀ ਅਜ਼ਮਾ ਸਕਣਗੇ। ਆਪਣੇ ਸਮੇਂ ਦੇ ਮਹਾਨ ਆਲ ਰਾਊਂਡਰਾਂ 'ਚ ਸ਼ੁਮਾਰ ਰਹੇ ਕਪਿਲ ਦੇਵ ਨੇ ਭਾਰਤ 1983 ਵਿਚ ਕ੍ਰਿਕਟ ਵਿਸ਼ਵ ਕੱਪ 'ਚ ਇਤਿਹਾਸਕ ਜਿੱਤ ਦਿਵਾਈ ਸੀ।

# ਕਾਂਗਰਸੀਆਂ ਨੇ ਅਕਾਲੀ ਸਰਪੰਚ ਕੁੱਟ-ਕੁੱਟ ਮਾਰਿਆ

**ਮਾਨਾਂਵਾਲਾ:** ਵਿਧਾਨ ਸਭਾ ਹਲਕਾ ਅਟਾਰੀ ਦੇ ਪਿੰਡ ਭੀਤਾ ਚੇਤ ਸਿੰਘ ਵਾਲਾ ਦੇ ਮੌਜੂਦਾ ਅਕਾਲੀ ਸਰਪੰਚ ਗੁਰਪਿੰਦਰ ਸਿੰਘ ਲਾਲੀ ਦਾ ਕਤਲ ਕਰ ਦਿੱਤਾ ਗਿਆ।

ਸਰਪੰਚ ਲਾਲੀ ਦੀ ਪਿੰਡ ਦੇ ਕਿਸੇ ਮਸਲੇ 'ਤੇ ਕੁਝ ਕਾਂਗਰਸੀ ਵਰਕਰਾਂ ਨਾਲ ਬਹਿਸ ਹੋਈ ਸੀ ਅਤੇ ਉਸ ਤੋਂ ਬਾਅਦ ਕਾਂਗਰਸੀ ਵਰਕਰਾਂ ਨੇ ਸਿਆਸੀ ਰੰਜਸ਼ ਦੇ ਚੱਲਦਿਆਂ ਸਰਪੰਚ ਲਾਲੀ ਨੂੰ ਘੇਰ ਲਿਆ ਅਤੇ ਗੁੱਝੀਆਂ ਸੱਟਾਂ ਮਾਰ ਦਿੱਤੀਆਂ, ਜਿਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਪਰ ਉਸ ਦੀ ਮੌਤ ਹੋ ਗਈ। ਮ੍ਰਿਤਕ ਦੇ ਭਰਾ ਜਤਿੰਦਰ ਸਿੰਘ ਨੇ ਬਿਆਨਾਂ ਵਿਚ ਦੱਸਿਆ ਕਿ ਸਰਪੰਚ ਗੁਰਪਿੰਦਰ ਸਿੰਘ ਲਾਲੀ ਮੋਟਰਸਾਈਕਲ 'ਤੇ ਗੁਰਦੁਆਰਾ ਸ੍ਰੀ ਤਰਨਤਾਰਨ ਸਾਹਿਬ ਵਿਖੇ ਮੱਥਾ ਟੇਕਣ ਜਾ ਰਿਹਾ ਸੀ ਕਿ ਥੋੜ੍ਹੀ ਦੂਰ ਹੀ ਸੂਆ ਫਟਿਆਂ ਵਾਲਾ ਨਜ਼ਦੀਕ ਸੁਖਦੇਵ ਸਿੰਘ ਨੇ ਆਪਣੇ ਲੜਕੇ ਜਗਸ਼ੇਰ ਸਿੰਘ ਤੇ ਦੋ ਹਮਾਇਤੀਆਂ ਨਾਲ ਸਿਆਸੀ ਰੰਜਸ਼ ਦੇ ਚੱਲਦਿਆਂ ਘੇਰ ਕੇ ਗੰਭੀਰ ਸੱਟਾਂ ਮਾਰੀਆਂ। ਪਰ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਸਰਪੰਚ ਲਾਲੀ ਮੌਤ ਦੇ ਆਗੋਸ਼ ਵਿਚ ਚਲਾ ਗਿਆ।

# ਫੌਜੀਆਂ ਨੇ ਲਾਈ ਸੀ ਹਾਂਗਕਾਂਗ ਵਿਚ ਸਿੱਖੀ ਦੀ ਪੌਧ

**ਹਾਂਗਕਾਂਗ:** ਹਾਂਗਕਾਂਗ ਦੇ ਵਾਨ ਚਾਈ ਵਿਚ ਸਭ ਤੋਂ ਪਹਿਲਾ ਗੁਰੂ ਘਰ ਸ੍ਰੀ ਗੁਰੂ ਸਿੰਘ ਸਭਾ ਦੇ ਨਾਂ ਨਾਲ ਬ੍ਰਿਟਿਸ਼ ਆਰਮੀ ਰੈਜੀਮੈਂਟ ਦੇ ਸਿੱਖ ਸਿਪਾਹੀਆਂ ਵੱਲੋਂ 1901 ਵਿਚ ਸਥਾਪਤ ਕੀਤਾ ਗਿਆ ਸੀ। ਸਿੱਖ ਸਿਪਾਹੀਆਂ ਵੱਲੋਂ ਸਥਾਪਤ ਕੀਤੇ 116 ਸਾਲ ਪੁਰਾਣੇ ਇਸ ਗੁਰੂ ਘਰ ਨੂੰ 1930 ਵਿਚ ਮੁੜ ਤੋਂ ਉਸਾਰਿਆ ਗਿਆ। ਫਿਰ 1980 ਤੇ 1999 ਵਿਚ ਗੁਰੂ ਘਰ ਦੀ ਇਮਾਰਤ 'ਚ ਹੋਰ ਵਾਧਾ ਕੀਤਾ ਗਿਆ। ਅੱਜ ਇਹ ਗੁਰੂ ਘਰ ਹਾਂਗਕਾਂਗ ਦਾ ਸਭ ਤੋਂ ਵੱਡਾ ਤੇ ਪ੍ਰਸਿੱਧ ਗੁਰਦੁਆਰਾ ਹੈ।



ਇਸ ਗੁਰੂ ਘਰ ਦੇ ਦਰਸ਼ਨਾਂ ਲਈ ਹਰ ਸਾਲ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀ ਪਹੁੰਚਦੇ ਹਨ। ਪਿਛਲੇ 8 ਸਾਲਾਂ ਦੌਰਾਨ ਇਥੇ 25000 ਵਿਦਿਆਰਥੀ ਦਰਸ਼ਨ ਕਰ ਚੁੱਕੇ ਹਨ। ਖਾਲਸਾ ਦੀਵਾਨ ਗੁਰੂ ਘਰ ਦੇ ਲੰਗਰ ਹਾਲ ਵਿਚ ਰੋਜ਼ਾਨਾ ਲੰਗਰ ਪੱਕਦਾ ਤੇ ਵਰਤਦਾ ਹੈ। ਰੋਜ਼ਾਨਾ ਲਗਭਗ 200 ਦੀ ਗਿਣਤੀ ਵਿਚ ਸੰਗਤ ਇਥੇ ਲੰਗਰ ਛਕਦੀ ਹੈ ਜਦਕਿ ਐਤਵਾਰ 1500 ਦੇ ਕਰੀਬ ਸੰਗਤ ਲਈ ਲੰਗਰ ਤਿਆਰ ਹੁੰਦਾ ਹੈ। ਗੁਰੂ ਘਰ ਦੀ ਦਿੱਖ ਤੇ ਕੰਪਲੈਕਸ ਅੰਦਰ ਲੱਗੇ ਰੁੱਖ ਦੇਖ ਕੇ ਕੋਈ ਅੰਦਾਜ਼ਾ ਨਹੀਂ ਲਾ ਸਕਦਾ ਕਿ ਇਹ ਗੁਰੂ ਘਰ ਵਿਦੇਸ਼ੀ ਧਰਤੀ 'ਤੇ ਸਥਿਤ ਹੈ, ਬਲਕਿ ਇਹ ਪੂਰੀ ਤਰ੍ਹਾਂ ਪੰਜਾਬੀ ਦਿੱਖ ਪੇਸ਼ ਕਰਦਾ ਹੈ। ਗੁਰੂ ਘਰ ਦੇ ਲੰਗਰ 'ਚੋਂ ਰੋਜ਼ਾਨਾ ਲੋੜਵੰਦ ਰਫਿਊਜੀਆਂ ਲਈ ਖਾਸ ਤੌਰ 'ਤੇ ਲੰਗਰ ਤਿਆਰ ਹੁੰਦਾ ਹੈ। ਬਾਹਰਲੇ ਮੁਲਕਾਂ ਤੋਂ ਹਾਂਗਕਾਂਗ ਆਉਣ ਵਾਲੇ ਸੈਲਾਨੀਆਂ ਨੂੰ ਇਹ ਗੁਰੂ ਘਰ ਮੁਫਤ ਨਿਵਾਸ ਤੇ ਲੰਗਰ ਦੀ ਸਹੂਲਤ ਖੁੱਲ੍ਹੇ ਦਿਲ ਨਾਲ ਦਿੰਦਾ ਹੈ। ਗੁਰੂ ਘਰ ਵਿਖੇ ਪੰਜਾਬੀ ਸਿਖਾਉਣ ਦੀਆਂ ਕਲਾਸਾਂ, ਗਤਕਾ ਕਲਾਸਾਂ, ਕੀਰਤਨ ਕਲਾਸਾਂ, ਗੁਰਬਾਣੀ ਕਲਾਸਾਂ ਦੀ ਸਹੂਲਤ ਦੇ ਨਾਲ ਲਾਇਬ੍ਰੇਰੀ, ਛੋਟੇ ਬੱਚਿਆਂ ਲਈ ਕਿੰਡਰਗਾਰਟਨ ਤੇ ਕੰਪਿਊਟਰ ਸਿਖਲਾਈ ਵੀ ਦਿੱਤੀ ਜਾਂਦੀ ਹੈ।

## 1938 ਵਿਚ ਤਬਾਹ ਹੋ ਗਿਆ ਸੀ ਗੁਰੂ ਘਰ

ਸੰਨ 1938 ਵਿਚ ਜਾਪਾਨ ਦੇ ਕਬਜ਼ੇ ਸਮੇਂ ਗੁਰੂ ਘਰ ਦੇ ਮੂਹਰਲੇ ਪਾਸੇ ਬੰਬ ਸੁੱਟਣ ਕਾਰਨ ਕੁਝ ਹਿੱਸਾ ਬਰਬਾਦ ਹੋ ਗਿਆ ਸੀ ਤੇ ਗ੍ਰੰਥੀ ਸਿੰਘ ਨੰਦ ਸਿੰਘ ਦੀ ਮੌਤ ਹੋ ਗਈ ਸੀ। ਗੁਰਦੁਆਰਾ ਸਾਹਿਬ ਦੀ 1920 ਵੇਲੇ ਦੀ ਯਾਦਗਾਰੀ ਤਸਵੀਰ ਵੀ ਇਥੇ ਸਾਂਭ ਕੇ ਰੱਖੀ ਹੋਈ ਹੈ।

# ਕਰਜ਼ਾ ਮੁਆਫੀ: ਪੈਸੇ ਦੇ ਜੁਗਾੜ ਲਈ ਹੱਥ ਪੈਰ ਮਾਰਨ ਲੱਗੀ ਸਰਕਾਰ

**ਚੰਡੀਗੜ੍ਹ:** ਸੂਬੇ ਦੇ ਕਿਸਾਨਾਂ ਨੂੰ ਕਰਜ਼ਾ ਮੁਆਫੀ ਬਾਰੇ ਕੈਪਟਨ ਸਰਕਾਰ ਕੋਲੋਂ ਵੱਡੀਆਂ ਆਸਾਂ ਹਨ, ਪਰ ਸੂਬੇ ਸਿਰ ਜਨਤਕ ਕਰਜ਼ੇ ਦਾ ਵੱਡਾ ਬੋਝ ਅਤੇ ਵਿਕਾਸ ਕੰਮਾਂ ਲਈ ਸੀਮਤ ਪੈਸਾ ਹੋਣ ਦੇ ਮੱਦੇਨਜ਼ਰ ਕਰਜ਼ਾ ਮੁਆਫੀ ਲਈ ਜੁਗਾੜ ਕਾਫੀ ਔਖਾ ਹੋਵੇਗਾ।

ਕਰਜ਼ਾ ਮੁਆਫੀ ਬਾਰੇ ਮਾਹਿਰਾਂ ਦੀ ਕਮੇਟੀ ਦੀ ਮੀਟਿੰਗ ਵਿਚ ਇਸ ਮਸਲੇ ਉਤੇ ਚਰਚਾ ਹੋਈ। ਉਧਰ, ਪੰਜਾਬ ਸਰਕਾਰ ਨੇ ਮਾਹਿਰਾਂ ਦੀ ਕਮੇਟੀ ਨੂੰ ਕਿਹਾ ਕਿ ਉਹ ਕਰਜ਼ਾ ਮੁਆਫੀ ਬਾਰੇ ਜਿੰਨੀ ਜਲਦੀ ਹੋ ਸਕੇ, ਆਪਣੀ ਰਿਪੋਰਟ ਸੌਂਪੇ ਕਿਉਂਕਿ ਰਾਜ ਸਰਕਾਰ ਨੇ ਜੂਨ ਮਹੀਨੇ ਵਿਚ ਸ਼ੁਰੂ ਹੋ ਰਹੇ ਬਜਟ ਸੈਸ਼ਨ ਵਿਚ ਕਿਸਾਨਾਂ ਦੇ ਕਰਜ਼ੇ ਬਾਰੇ ਪੈਸੇ ਦੀ ਵਿਵਸਥਾ ਕਰਨੀ ਹੈ। ਵਰਣਨਯੋਗ ਹੈ ਕਿ ਰਾਜ ਸਰਕਾਰ ਨੇ 17 ਅਪਰੈਲ ਨੂੰ ਕਰਜ਼ਾ ਮੁਆਫੀ ਬਾਰੇ ਮਾਹਿਰਾਂ ਦੀ ਤਿੰਨ ਮੈਂਬਰੀ ਕਮੇਟੀ ਬਣਾ ਦਿੱਤੀ ਸੀ ਅਤੇ 17 ਜੂਨ ਨੂੰ ਇਸ ਨੂੰ ਬਣਿਆ ਦੋ ਮਹੀਨੇ ਹੋ ਜਾਣਗੇ। ਇਸ ਲਈ ਇਸ ਕਮੇਟੀ ਨੂੰ 17 ਜੂਨ ਤੋਂ ਪਹਿਲਾਂ ਪਹਿਲਾਂ ਆਪਣੀ ਰਿਪੋਰਟ ਦੇਣੀ ਹੋਵੇਗੀ।

ਕਰਜ਼ਾ ਮੁਆਫੀ ਦਾ ਵਾਅਦਾ ਕੈਪਟਨ ਸਰਕਾਰ ਨੂੰ ਕਾਫੀ ਮਹਿੰਗਾ ਪਵੇਗਾ ਕਿਉਂਕਿ ਪੰਜਾਬ ਵਿਚ ਖੇਤੀਬਾੜੀ ਖੇਤਰ ਵਿਚ 'ਕਾਰਜਸ਼ੀਲ ਮੁੱਖ ਕਰਜ਼ੇ' ਦੀ ਕੁੱਲ ਰਕਮ 62931 ਕਰੋੜ ਰੁਪਏ ਹੈ। ਇਸ ਕਾਰਨ ਹੁਣ ਸਰਕਾਰ ਕਰਜ਼ ਮੁਆਫੀ ਦੀ ਬਜਾਏ ਕਰਜ਼ ਰਾਹਤ ਦਾ ਰਾਹ ਚੁਣ ਸਕਦੀ ਹੈ। ਡਾ. ਟੀ ਹੱਕ ਦੀ ਅਗਵਾਈ ਵਾਲਾ



ਮਾਹਿਰਾਂ ਦਾ ਤਿੰਨ ਮੈਂਬਰੀ ਗਰੁੱਪ ਜਦੋਂ ਮੁਲਾਕਾਤ ਕਰ ਰਿਹਾ ਹੈ ਤਾਂ ਸੂਬਾ ਸਰਕਾਰ ਤੇ 'ਸਟੇਟ ਲੈਵਲ ਬੈਂਕਰਜ਼ ਕਮੇਟੀ' (ਐਸ.ਐਲ.ਬੀ.ਸੀ.) ਕੋਲ ਕਿਸਾਨੀ ਕਰਜ਼ ਦੇ ਹੈਰਾਨ ਕਰ ਦੇਣ ਵਾਲੇ ਅੰਕੜੇ ਤਿਆਰ ਹਨ। ਇਨ੍ਹਾਂ ਅੰਕੜਿਆਂ ਵਿਚ ਪੰਜਾਬ ਦਾ ਖੇਤੀਬਾੜੀ ਕਰਜ਼ 77684 ਕਰੋੜ ਰੁਪਏ ਦਰਸਾਇਆ ਗਿਆ ਹੈ, ਜਿਸ ਵਿਚੋਂ 14753 ਕਰੋੜ ਰੁਪਏ ਮਿਆਦੀ ਕਰਜ਼ ਹੈ। ਇਸ ਦਾ ਮਤਲਬ ਹੈ ਕਿ 'ਕਾਰਜਸ਼ੀਲ ਮੁੱਖ ਕਰਜ਼ਾ' (ਜਨਤਕ ਖੇਤਰ, ਪ੍ਰਾਈਵੇਟ, ਰਿਜਨਲ ਪੇਂਡੂ ਤੇ ਸਹਿਕਾਰੀ ਬੈਂਕਾਂ ਤੋਂ ਲਿਆ) 62931 ਕਰੋੜ ਰੁਪਏ ਹੈ, ਜਿਹੜਾ 30.23 ਲੱਖ ਕਿਸਾਨਾਂ ਨੇ ਲਿਆ। ਇਸ ਵਿਚੋਂ 54,521 ਕਰੋੜ ਰੁਪਏ 'ਕਿਸਾਨ ਕਰਜ਼ ਕਾਰਡਾਂ' ਰਾਹੀਂ ਲਏ ਗਏ।

ਖਾਸ ਗੱਲ ਇਹ ਹੈ ਕਿ ਇਹ ਬੈਂਕਾਂ ਤੋਂ ਲਿਆ ਕਰਜ਼ਾ ਹੈ, ਜਦੋਂ ਕਿ ਆੜ੍ਹਤੀਆਂ ਤੋਂ ਲਏ ਕਰਜ਼ੇ ਦੀ ਕੁੱਲ ਹੱਦ ਤਾਂ ਹਾਲੇ ਤੱਕ ਪਤਾ ਨਹੀਂ ਲੱਗੀ। ਸਰਕਾਰੀ ਸੂਤਰਾਂ ਨੇ ਕਿਹਾ ਕਿ ਬੈਂਕਰਜ਼ ਨੇ ਸਪੱਸ਼ਟ ਸੰਕੇਤ ਦਿੱਤਾ ਕਿ ਸੂਬਾ ਸਰਕਾਰ ਦੇ ਫੈਸਲੇ ਮੁਤਾਬਕ ਸਿਰਫ ਇਕੋ ਰਾਹ ਸਾਰੇ ਕਰਜ਼ੇ ਉਤੇ ਲੀਕ ਮਾਰਨ ਦਾ ਬਚਦਾ ਹੈ, ਪਰ ਪੰਜਾਬ ਦੇ ਅਰਥਚਾਰੇ ਦੀ ਡਾਵਾਂਡੋਲ ਸਥਿਤੀ ਨੂੰ ਦੇਖਦਿਆਂ ਸੂਬਾ ਇੰਨਾ ਵੱਡਾ ਭਾਰ ਚੁੱਕਣ ਦੀ ਹਾਲਤ ਵਿਚ ਨਹੀਂ ਹੈ ਕਿਉਂਕਿ ਰਾਜ ਸਿਰ ਪਹਿਲਾਂ ਹੀ ਜਨਤਕ ਕਰਜ਼ੇ ਦੀ ਪੰਡ 1.78 ਲੱਖ ਕਰੋੜ ਰੁਪਏ ਦੀ ਹੋ ਚੁੱਕੀ ਹੈ। ਸਰਕਾਰੀ ਸੂਤਰਾਂ ਨੇ ਕਿਹਾ ਕਿ ਇਸ ਨੂੰ ਧਿਆਨ ਵਿਚ ਰੱਖਦਿਆਂ ਸੂਬਾ ਸਰਕਾਰ ਉਤਰ ਪ੍ਰਦੇਸ਼ ਦੀ ਯੋਗੀ ਅਦਿੱਤਿਆਨਾਥ ਸਰਕਾਰ ਦੀ ਤਰਜ਼ ਉਤੇ ਕਰਜ਼ਾ ਮੁਆਫੀ ਦੀ ਥਾਂ ਕਰਜ਼ਾ ਰਾਹਤ ਦਾ ਤਰੀਕਾ ਅਪਨਾ ਸਕਦੀ ਹੈ। ਹਾਲਾਂਕਿ ਪੰਜਾਬ ਵਿਚ ਕਰਜ਼ ਰਾਹਤ ਦੀ ਹੱਦ ਉਤਰ ਪ੍ਰਦੇਸ਼ ਨਾਲੋਂ ਜ਼ਿਆਦਾ ਹੋਵੇਗੀ।

## ਪਰਵਾਸੀਆਂ ਅੱਗੇ ਹੱਥ ਅੱਡਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਕਿਸਾਨਾਂ ਦੀ ਕਰਜ਼ ਮੁਆਫੀ ਲਈ ਕੇਰਲ ਦੀ ਤਰਜ਼ ਉਤੇ ਪਰਵਾਸੀ ਪੰਜਾਬੀਆਂ ਦੀ ਮਦਦ ਲੈਣ ਦੀ ਤਿਆਰੀ ਕਰ ਰਹੀ ਹੈ। ਕੇਰਲ ਤੋਂ ਵੱਡੀ ਗਿਣਤੀ 'ਚ ਵਿਦੇਸ਼ਾਂ 'ਚ ਵਸੇ ਪਰਵਾਸੀਆਂ ਅਤੇ ਸਥਾਨਕ ਧਨਾਢਾਂ ਵੱਲੋਂ ਰਾਜ ਸਰਕਾਰ ਦੀ ਇਸ ਸਕੀਮ ਨੂੰ ਕਾਮਯਾਬ ਬਣਾਇਆ ਹੈ, ਜਿਸ ਲਈ 7 ਸਾਲ ਬਾਅਦ ਪੈਸਾ ਬਿਨਾਂ ਵਿਆਜ ਵਾਪਸ ਕੀਤਾ ਜਾਣਾ ਹੈ। ਪਰ ਇਸੇ ਪੈਟਰਨ 'ਤੇ ਪੰਜਾਬ ਸਰਕਾਰ ਦੀ ਪੰਜਾਬੀ ਪਰਵਾਸੀਆਂ ਅਤੇ ਦੂਜੇ ਧਨਾਢ ਪੰਜਾਬੀਆਂ ਤੋਂ ਪੈਸਾ ਇਕੱਠਾ ਕਰਨ ਦੀ ਸਕੀਮ ਨੂੰ ਕਿੰਨੀ ਕੁ ਕਾਮਯਾਬੀ ਮਿਲੇਗੀ, ਇਹ ਵੇਖਣ ਵਾਲੀ ਗੱਲ ਹੋਵੇਗੀ, ਕਿਉਂਕਿ ਵਿਆਜ ਨਾ ਮਿਲਣਾ ਤਾਂ ਇਕ ਪਾਸੇ ਰਿਹਾ 7 ਸਾਲਾਂ 'ਚ ਮੁਦਰਾ ਪਸਾਰ ਦਰ ਦੇ ਮੌਜੂਦਾ ਅਨੁਮਾਨਾਂ ਅਨੁਸਾਰ ਪੈਸੇ ਦਾ ਮੁੱਲ 7 ਸਾਲ ਬਾਅਦ ਵੈਸੇ ਵੀ ਅੱਧਾ ਰਹਿ ਜਾਵੇਗਾ ਅਤੇ ਅਜਿਹੀ ਸਕੀਮ ਵਿਚ ਕੋਈ ਪੈਸਾ ਦੇਣਾ ਚਾਹੇਗਾ, ਇਹ ਵੇਖਣ ਵਾਲੀ ਗੱਲ ਹੋਵੇਗੀ।

## ਖੇਤੀ ਕਰਜ਼ਾ ਮੁਆਫੀ ਤੋਂ ਆਰਥਿਕ ਮਾਹਰ ਪ੍ਰੇਸ਼ਾਨ

**ਵਾਸ਼ਿੰਗਟਨ:** ਭਾਰਤ ਦੇ ਕੁਝ ਸੂਬਿਆਂ ਵੱਲੋਂ ਹਾਲ 'ਚ ਕੀਤੀ ਗਈ ਖੇਤੀ ਕਰਜ਼ਾ ਮੁਆਫੀ 'ਤੇ ਚਿੰਤਾ ਪ੍ਰਗਟਾਉਂਦੇ ਹੋਏ ਮੁੱਖ ਆਰਥਿਕ ਸਲਾਹਕਾਰ ਅਰਵਿੰਦ ਸੁਬਰਾਮਣੀਅਨ ਨੇ ਕਿਹਾ ਕਿ ਜੇ ਪੂਰੇ ਦੇਸ਼ 'ਚ ਇਸ ਤਰ੍ਹਾਂ ਦੀ ਕਰਜ਼ਾ ਮੁਆਫੀ ਕੀਤੀ ਜਾਂਦੀ ਹੈ ਤਾਂ ਇਸ ਨਾਲ ਸਰਕਾਰ ਦਾ ਘਾਟਾ ਸਮੁੱਚੇ ਘਰੇਲੂ ਉਤਪਾਦ (ਜੀ.ਡੀ.ਪੀ.) ਦੇ ਦੋ ਫੀਸਦੀ ਤੱਕ ਵਧ ਜਾਵੇਗਾ। ਇਕ ਪ੍ਰੋਗਰਾਮ 'ਚ ਸੁਬਰਾਮਣੀਅਨ ਨੇ ਕਿਹਾ, 'ਅਸੀਂ ਹਾਲ 'ਚ ਖੇਤੀ ਕਰਜ਼ਾ ਮੁਆਫੀ ਦੇ ਕਈ ਐਲਾਨਾਂ ਨੂੰ ਦੇਖਿਆ ਹੈ। ਤੁਸੀਂ ਜਾਣਦੇ ਹੋ ਕਿ ਜੇ ਇਸ ਦਾ ਵਿਸਥਾਰ ਹੁੰਦਾ ਹੈ ਤਾਂ ਇਸ ਦੀ ਲਾਗਤ ਵਧੇਗੀ ਤੇ ਇਹ ਜੀ.ਡੀ.ਪੀ. ਦੇ ਦੋ ਫੀਸਦੀ ਦੇ ਬਰਾਬਰ ਹੋ ਸਕਦੀ ਹੈ ਜਿਸ ਨਾਲ (ਸਰਕਾਰ ਦਾ) ਨੁਕਸਾਨ ਵਧੇਗਾ।' ਕਾਬਲੇਗੌਰ ਹੈ ਕਿ ਹਾਲ 'ਚ ਹੀ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਨੇ ਸੂਬੇ 'ਚ 36,000 ਕਰੋੜ ਰੁਪਏ ਦਾ ਖੇਤੀ ਕਰਜ਼ਾ ਮੁਆਫ ਕਰਨ ਦਾ ਐਲਾਨ ਕੀਤਾ ਹੈ।

# ਮੁਆਫੀ ਦੀ ਝਾਕ ਵਿਚ ਸਰਦੇ-ਪੁੱਜਦੇ ਕਿਸਾਨ ਵੀ ਕਰਜ਼ਾ ਮੋੜਨ ਤੋਂ ਬਾਗੀ ਹੋਏ

**ਬਠਿੰਡਾ:** ਕੈਪਟਨ ਸਰਕਾਰ ਦੀ ਕਰਜ਼ਾ ਮੁਆਫੀ ਦੀ ਯੋਜਨਾ ਕਾਰਨ ਐਤਕੀਂ ਸਹਿਕਾਰੀ ਬੈਂਕਾਂ ਦੀ ਵਸੂਲੀ ਦਾ ਢੋਲ ਖਾਲੀ ਹੀ ਖੜਕ ਰਿਹਾ ਹੈ। ਭਾਵੇਂ ਇਨ੍ਹਾਂ ਬੈਂਕਾਂ ਨੇ ਇਸ ਵਾਰ ਕਰਜ਼ਾਈ ਕਿਸਾਨਾਂ ਦੇ ਗ੍ਰਿਫਤਾਰੀ ਵਰੰਟ ਜਾਂ ਜ਼ਮੀਨ ਨਿਲਾਮੀ ਦੇ ਨੋਟਿਸ ਤਿਆਰ ਨਹੀਂ ਕੀਤੇ ਹਨ, ਪਰ ਬੈਂਕਾਂ ਦੀ ਵਸੂਲੀ ਮੁਹਿੰਮ ਨੇ ਕਿਸਾਨਾਂ ਨੂੰ ਫਿਕਰਮੰਦ ਜ਼ਰੂਰ ਕਰ ਦਿੱਤਾ ਹੈ।

ਕੈਪਟਨ ਸਰਕਾਰ ਦੇ ਅਫਸਰਾਂ ਨੇ ਕਰਜ਼ਾ ਵਸੂਲੀ ਲਈ ਕਿਸਾਨਾਂ ਦੇ ਘਰਾਂ ਦੇ ਕੁੰਡੇ ਖੜਕਾਉਣੇ ਸ਼ੁਰੂ ਕਰ ਦਿੱਤੇ ਹਨ, ਜਦਕਿ ਕਿਸਾਨ ਕਰਜ਼ਾ ਮੁਆਫੀ ਦੀ ਝਾਕ ਵਿਚ ਬੈਠੇ ਹਨ। ਵਸੂਲੀ ਮੁਹਿੰਮ ਲਈ ਹਰ ਖੇਤੀ ਵਿਕਾਸ ਬੈਂਕ ਨੇ ਗੱਡੀਆਂ ਹਾਇਰ ਕੀਤੀਆਂ ਹੋਈਆਂ ਹਨ। ਬਠਿੰਡਾ ਤੇ ਮਾਨਸਾ ਵਿਚ ਇਨ੍ਹਾਂ ਬੈਂਕਾਂ ਦੀ ਵਸੂਲੀ ਦਰ ਹੇਠਾਂ



ਡਿੱਗ ਪਈ ਹੈ। ਪੰਜਾਬ ਭਰ ਵਿਚ ਮੌਜੂਦਾ ਹਾੜ੍ਹੀ ਦੀ ਕਿਸ਼ਤ 1500 ਕਰੋੜ ਰੁਪਏ ਇਕੱਲੇ ਖੇਤੀ ਵਿਕਾਸ ਬੈਂਕਾਂ ਨੇ ਕਰਨੀ ਹੈ। ਵਸੂਲੀ ਦਰ ਮਾੜੀ ਹੋਣ ਕਰ ਕੇ ਸਹਿਕਾਰੀ ਬੈਂਕਾਂ ਨੂੰ 30 ਜੂਨ ਤੱਕ ਨਬਾਰਡ ਨੂੰ ਤਾਰੀ ਜਾਣ ਵਾਲੀ ਕਿਸ਼ਤ ਵੀ ਮੁਸ਼ਕਲ ਬਣ ਜਾਣੀ ਹੈ। ਬਠਿੰਡਾ ਜ਼ਿਲ੍ਹੇ ਵਿਚ ਖੇਤੀ ਵਿਕਾਸ ਬੈਂਕਾਂ ਨੇ 29.89 ਕਰੋੜ ਦੀ ਕਿਸ਼ਤ ਵਸੂਲ ਕਰਨੀ ਹੈ, ਪਰ ਅਜੇ ਤੱਕ ਸਿਰਫ 2.11 ਫੀਸਦੀ ਵਸੂਲੀ ਹੀ ਹੋਈ ਹੈ, ਜਦੋਂਕਿ ਪਿਛਲੇ ਵਰ੍ਹੇ ਇਸ ਸਮੇਂ ਤੱਕ ਵਸੂਲੀ ਦਰ 6.08 ਫੀਸਦੀ ਸੀ। ਜ਼ਿਲ੍ਹੇ ਦੇ 1706 ਡਿਫਾਲਟਰ ਕਿਸਾਨ ਹਨ, ਜਿਨ੍ਹਾਂ ਵੱਲ 22.48 ਕਰੋੜ ਦਾ ਕਰਜ਼ ਖੜ੍ਹਾ ਹੈ।

ਮਾਨਸਾ ਜ਼ਿਲ੍ਹੇ ਵਿਚ 35.68 ਕਰੋੜ ਦੀ ਵਸੂਲੀ ਕਰਨੀ ਹੈ, ਪਰ ਜ਼ਿਲ੍ਹੇ ਵਿਚ ਹੁਣ ਤੱਕ ਵਸੂਲੀ ਦਰ 1.37 ਫੀਸਦੀ ਹੈ, ਜਦੋਂਕਿ ਪਿਛਲੇ ਵਰ੍ਹੇ ਇਸ ਸਮੇਂ ਤੱਕ 1.94 ਫੀਸਦੀ ਸੀ। ਜ਼ਿਲ੍ਹੇ ਦੇ 2372 ਡਿਫਾਲਟਰ ਕਿਸਾਨਾਂ ਵੱਲ 24.63 ਕਰੋੜ ਦੇ ਬਕਾਏ ਖੜ੍ਹੇ ਹਨ। ਬੁਢਲਾਡਾ ਦੀ ਖੇਤੀ ਵਿਕਾਸ ਬੈਂਕ ਦੀ ਵਸੂਲੀ ਦਰ ਸਿਰਫ 0.94 ਫੀਸਦੀ ਹੈ। ਸਰਦੂਲਗੜ੍ਹ ਬੈਂਕ ਦੀ ਪਿਛਲੇ ਵਰ੍ਹੇ ਦੀ 4.21 ਫੀਸਦੀ ਦੇ ਮੁਕਾਬਲੇ 1.58 ਫੀਸਦੀ ਵਸੂਲੀ ਦਰ ਹੈ। ਸੰਸਦ ਮੈਂਬਰ ਭਗਵੰਤ ਮਾਨ ਦਾ ਪ੍ਰਤੀਕਰਮ ਸੀ ਕਿ ਬੈਂਕਾਂ ਵਾਲੇ ਤਾਂ ਹਾਲੇ ਵੀ ਕਿਸਾਨਾਂ ਕੋਲ ਕਿਸ਼ਤਾਂ ਲਈ ਜਾ ਰਹੇ ਹਨ, ਜਦੋਂਕਿ ਕਿਸਾਨਾਂ ਨੂੰ ਕਰਜ਼ਾ ਮੁਆਫੀ ਦੀ ਉਮੀਦ ਸੀ।

ਖੇਤੀ ਵਿਕਾਸ ਬੈਂਕਾਂ ਦੇ ਫੀਲਡ ਅਫਸਰ ਰੋਜ਼ਾਨਾ ਪਿੰਡਾਂ ਵਿਚ ਜਾ ਰਹੇ ਹਨ ਤੇ ਖਾਸ ਕਰ ਕੇ ਡਿਫਾਲਟਰ ਕਿਸਾਨਾਂ ਨੂੰ ਮੌਜੂਦਾ ਕਿਸ਼ਤਾਂ ਤਾਰਨ ਲਈ ਆਖ ਰਹੇ ਹਨ। ਨਰਮਾ ਪੱਟੀ ਵਿਚ ਤਕਰੀਬਨ ਦੋ ਦਰਜਨ ਖੇਤੀ ਵਿਕਾਸ ਬੈਂਕ ਹਨ, ਜਿਨ੍ਹਾਂ ਨੇ ਹਾੜ੍ਹੀ ਦੀ ਵਸੂਲੀ 15 ਅਪਰੈਲ ਤੋਂ ਸ਼ੁਰੂ ਕੀਤੀ ਹੈ, ਜੋ 30 ਜੂਨ ਤੱਕ ਚੱਲਣੀ ਹੈ। ਖੇਤੀ ਵਿਕਾਸ ਬੈਂਕਾਂ ਦੇ ਫੀਲਡ ਅਫਸਰ ਦਿਨ ਚੜ੍ਹਨ ਤੋਂ ਪਹਿਲਾਂ ਹੀ ਪਿੰਡਾਂ ਵਿਚ ਪੁੱਜ ਰਹੇ ਹਨ।

# ਟਰਾਂਸਪੋਰਟ ਵਿਚ ਇਜਾਰੇਦਾਰੀ ਤੋੜਨ ਲਈ ਹੋਵੇਗੀ ਨਵੀਂ ਰਣਨੀਤੀ

**ਚੰਡੀਗੜ੍ਹ:** ਟਰਾਂਸਪੋਰਟ ਪ੍ਰਣਾਲੀ 'ਚ ਮੌਜੂਦਾ ਇਜਾਰੇਦਾਰੀ ਤੋੜਨ ਦੇ ਮੱਦੇਨਜ਼ਰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰਾਸ਼ਟਰੀ ਮਾਰਗ ਦੇ ਰੂਟਾਂ ਤੋਂ ਇਲਾਵਾ ਬਾਕੀ ਰੂਟਾਂ ਦੇ ਬੱਸ ਪਰਮਿਟਾਂ ਤੱਕ ਸਭਨਾਂ ਦੀ ਪਹੁੰਚ ਨੂੰ ਯਕੀਨੀ ਬਣਾਉਣ ਵਾਸਤੇ ਇਕ ਖੁੱਲ੍ਹੀ ਤੇ ਪਾਰਦਰਸ਼ੀ ਨੀਤੀ 'ਤੇ ਜ਼ੋਰ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਵਾਸਤੇ ਵਿਸ਼ੇਸ਼ ਬੱਸ ਰੂਟ ਦੇਣ ਲਈ ਟਰਾਂਸਪੋਰਟ ਵਿਭਾਗ ਨੂੰ ਨਿਰਦੇਸ਼ ਦਿੱਤੇ ਹਨ।

ਸੂਬੇ ਵਿਚ ਮੁਸੀਬਤਾਂ 'ਚ ਘਿਰੀ ਟਰਾਂਸਪੋਰਟ ਪ੍ਰਣਾਲੀ ਵਿਚ ਸੁਧਾਰ ਲਿਆਉਣ ਤੇ ਪਿਛਲੀ ਸਰਕਾਰ ਵੱਲੋਂ ਇਸ ਖੇਤਰ ਵਿਚ ਪੈਦਾ ਕੀਤੀ ਇਜਾਰੇਦਾਰੀ ਤੋਂ ਮੁਕਤ ਕਰਾਉਣ ਦੇ ਏਜੰਡੇ ਨੂੰ ਤੋਰਦਿਆਂ ਮੁੱਖ ਮੰਤਰੀ ਨੇ ਅੰਤਰਰਾਜੀ ਰੂਟਾਂ ਨੂੰ ਹੋਰ ਤਰਕਸੰਗਤ ਬਣਾਉਣ ਦਾ ਸੁਝਾਅ ਦਿੱਤਾ ਹੈ ਤਾਂ ਜੋ ਇਸ ਪ੍ਰਣਾਲੀ ਨੂੰ ਹੋਰ ਜ਼ਿਆਦਾ ਮੁਕਾਬਲੇਬਾਜ਼ੀ ਵਾਲੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਦੇ ਨਾਲ ਮੁਸਾਫਰਾਂ ਨੂੰ ਵਧੀਆ ਤੇ ਕਿਫਾਇਤੀ ਸੇਵਾਵਾਂ ਮੁਹੱਈਆ ਕਰਾਉਣ ਨੂੰ ਯਕੀਨੀ ਬਣਾਇਆ ਜਾ ਸਕੇਗਾ। ਨਵੀਂ ਟਰਾਂਸਪੋਰਟ ਨੀਤੀ ਦਾ ਖਰੜਾ ਤਿਆਰ ਕਰਨ ਵਾਸਤੇ ਟਰਾਂਸਪੋਰਟ ਵਿਭਾਗ ਦੀ ਮੁਢਲੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ ਮੁੱਖ ਮੰਤਰੀ ਨੇ ਅੰਤਰਰਾਜੀ ਰੂਟਾਂ ਨੂੰ ਤਰਕਸੰਗਤ ਬਣਾਉਣ ਲਈ ਸਬੰਧਤ ਅਧਿਕਾਰੀਆਂ ਨੂੰ ਰੂਪ-ਰੇਖਾ ਤਿਆਰ ਕਰਨ ਲਈ ਨਿਰਦੇਸ਼ ਦਿੱਤੇ। ਸਾਰੇ ਟਰਾਂਸਪੋਰਟਰਾਂ



ਨੂੰ ਬਰਾਬਰ ਦੇ ਮੌਕੇ ਮੁਹੱਈਆ ਕਰਵਾਉਣ ਤੇ ਇਸ ਵਪਾਰ ਨੂੰ ਜ਼ਿਆਦਾ ਲਾਭਦਾਇਕ ਬਣਾਉਣ ਲਈ ਮੀਟਿੰਗ ਵਿਚ ਲਾਹੇਵੰਦ ਰੂਟ ਈ-ਟੈਂਡਰ ਰਾਹੀਂ ਦੇਣ ਦਾ ਫੈਸਲਾ ਕੀਤਾ ਗਿਆ ਹੈ।

ਮੀਟਿੰਗ ਤੋਂ ਬਾਅਦ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਵਿਭਾਗ ਵੱਲੋਂ ਤਿਆਰ ਕੀਤੀ ਜਾ ਰਹੀ ਨੀਤੀ ਦਾ ਖਰੜਾ ਛੇਤੀ ਹੀ ਸੂਬਾ ਮੰਤਰੀ ਮੰਡਲ ਦੀ ਪ੍ਰਵਾਨਗੀ ਲਈ ਭੇਜਿਆ ਜਾਵੇਗਾ। ਰੁਜ਼ਗਾਰ ਮੁਹੱਈਆ ਕਰਾਉਣ ਲਈ ਆਪਣੀ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਮੁੱਖ ਮੰਤਰੀ ਨੇ ਸੁਝਾਅ ਦਿੱਤਾ ਕਿ ਰੁਜ਼ਗਾਰ ਪੈਦਾ ਕਰਨ ਲਈ ਕਾਂਗਰਸ ਦੇ ਮੈਨੀਫੈਸਟੋ ਵਿਚ ਕੀਤੇ ਗਏ ਵਾਅਦੇ ਦੇ ਅਨੁਸਾਰ 'ਯਾਰੀ ਇੰਟਰਪ੍ਰਾਇਜ਼' ਅਤੇ 'ਆਪਣੀ ਗੱਡੀ ਆਪਣਾ ਰੁਜ਼ਗਾਰ' ਹੇਠ ਨੌਜਵਾਨਾਂ ਨੂੰ ਛੋਟੀਆਂ ਤੇ ਮਿੰਨੀ ਬੱਸਾਂ ਦੇ ਪਰਮਿਟ ਦੇਣ ਲਈ ਇੰਟਰ-ਸਿਟੀ ਟਰਾਂਸਪੋਰਟ ਸਿਸਟਮ ਸ਼ੁਰੂ ਕਰਨ ਲਈ ਕਦਮ ਚੁੱਕੇ ਜਾਣ ਦਾ ਵੀ ਸੁਝਾਅ ਦਿੱਤਾ ਹੈ।

# ਵਿੱਤੀ ਤੰਗੀ ਨੇ ਸਾਹੋ-ਸਾਹ ਕੀਤੀ ਕੈਪਟਨ ਸਰਕਾਰ

**ਚੰਡੀਗੜ੍ਹ:** ਚੋਣਾਂ ਦੌਰਾਨ ਕਾਂਗਰਸ ਪਾਰਟੀ ਨੇ ਸੂਬੇ ਦੇ ਮੁਲਾਜ਼ਮਾਂ ਨੂੰ ਸਮੇਂ ਸਿਰ ਤਨਖਾਹਾਂ ਦੇਣ ਦੇ ਵੱਡੇ ਵਾਅਦੇ ਕੀਤੇ ਸਨ, ਪਰ ਹੁਣ ਸੱਤਾ ਵਿਚ ਆਉਣ ਤੋਂ ਬਾਅਦ ਕੈਪਟਨ ਸਰਕਾਰ ਤਨਖਾਹਾਂ ਜਾਰੀ ਕਰਨ ਲਈ ਪਿਛਲੀ ਬਾਦਲ ਸਰਕਾਰ ਵਾਂਗ ਹੀ ਫੇਲ੍ਹ ਸਾਬਤ ਹੁੰਦੀ ਦਿਖਾਈ ਦੇ ਰਹੀ ਹੈ।

ਜ਼ਿਕਰਯੋਗ ਹੈ ਕਿ ਸਰਬ ਸਿੱਖਿਆ ਅਭਿਆਨ (ਐਸ.ਐਸ.ਏ.) ਅਤੇ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ (ਰਮਸਾ) ਅਧੀਨ ਕੰਮ ਕਰਦੇ 18 ਹਜ਼ਾਰ ਦੇ ਕਰੀਬ ਅਧਿਆਪਕਾਂ, ਹੈਡਮਾਸਟਰਾਂ, ਲੈਬ ਸਟਾਫ ਅਤੇ ਕਲੈਰੀਕਲ ਸਟਾਫ ਨੂੰ ਦਸੰਬਰ 2016 ਤੋਂ ਲੈ ਕੇ ਹੁਣ ਤੱਕ ਤਨਖਾਹਾਂ ਨਸੀਬ ਨਹੀਂ ਹੋਈਆਂ ਹਨ। ਖੁਦ ਕੈਪਟਨ ਅਮਰਿੰਦਰ ਸਿੰਘ ਨੇ ਚੋਣ ਪ੍ਰਚਾਰ ਦੌਰਾਨ ਮੁਲਾਜ਼ਮਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਨੂੰ ਪਹਿਲੀ ਤਰੀਕ ਨੂੰ ਤਨਖਾਹ ਮੁਹੱਈਆ ਕਰਾਉਣ ਦਾ ਪ੍ਰਬੰਧ ਕੀਤਾ ਜਾਵੇਗਾ। ਦਰਅਸਲ, ਇਨ੍ਹਾਂ ਮੁਲਾਜ਼ਮਾਂ ਨੂੰ ਪਿਛਲੇ ਵਰ੍ਹੇ ਸਤੰਬਰ, ਅਕਤੂਬਰ ਅਤੇ ਨਵੰਬਰ ਦੀਆਂ ਤਨਖਾਹਾਂ ਵੀ ਨਸੀਬ ਨਹੀਂ ਹੋਈਆਂ ਸਨ ਅਤੇ ਮੌਜੂਦਾ ਸਰਕਾਰ ਨੇ ਕਿਸੇ ਤਰ੍ਹਾਂ ਮਹਿਜ਼ ਤਿੰਨ ਮਹੀਨਿਆਂ ਦੀਆਂ ਰੁਕੀਆਂ ਤਨਖਾਹਾਂ ਹੀ ਰਿਲੀਜ਼ ਕਰ ਕੇ ਚੁੱਪੀ ਸਾਧ ਲਈ ਹੈ।

ਸੂਤਰਾਂ ਅਨੁਸਾਰ ਕੇਂਦਰ ਸਰਕਾਰ ਵੱਲੋਂ ਆਪਣੇ ਹਿੱਸੇ ਦੀ ਗ੍ਰਾਂਟ ਮਾਰਚ 2017 ਤੱਕ ਭੇਜੀ ਜਾ ਚੁੱਕੀ ਹੈ, ਪਰ ਸੂਬਾ ਸਰਕਾਰ ਵਿੱਤੀ ਸੰਕਟ ਵਿਚ ਡੁੱਬੀ ਹੋਣ ਕਾਰਨ ਤਨਖਾਹਾਂ ਰਿਲੀਜ਼ ਕਰਨ ਦੇ ਅਸਮਰੱਥ ਹੈ। ਕੇਂਦਰੀ ਸਕੀਮਾਂ ਤਹਿਤ ਮੁਲਾਜ਼ਮਾਂ ਨੂੰ ਤਨਖਾਹਾਂ ਦੇਣ ਦੇ ਕੁੱਲ ਖਰਚੇ ਵਿੱਚ 60 ਫੀਸਦੀ ਹਿੱਸਾ ਭਾਰਤ ਸਰਕਾਰ ਅਤੇ 40 ਫੀਸਦੀ ਹਿੱਸਾ ਪੰਜਾਬ ਸਰਕਾਰ ਵੱਲੋਂ ਪਾਇਆ ਜਾਂਦਾ ਹੈ।

ਸੂਤਰਾਂ ਅਨੁਸਾਰ ਭਾਰਤ ਸਰਕਾਰ ਵੱਲੋਂ ਅਗਲੇ ਵਰ੍ਹੇ ਦੀ ਗ੍ਰਾਂਟ ਮਈ ਵਿਚ ਰਿਲੀਜ਼ ਕਰਨ ਦੇ ਆਸਾਰ ਹਨ। ਇਨ੍ਹਾਂ ਮੁਲਾਜ਼ਮਾਂ ਨੂੰ ਪੰਜ ਮਹੀਨਿਆਂ ਦੀਆਂ ਰੁਕੀਆਂ ਤਨਖਾਹਾਂ ਫਿਲਹਾਲ ਮਿਲਣ ਦੀ ਕੋਈ ਸੰਭਾਵਨਾ ਨਹੀਂ ਹੈ ਕਿਉਂਕਿ ਪੰਜਾਬ ਸਰਕਾਰ ਨੂੰ ਆਪਣਾ 40 ਫੀਸਦੀ ਹਿੱਸਾ ਪਾਉਣ ਲਈ ਜੁਗਾੜ ਕਰਨੇ ਪੈਣੇ ਹਨ। ਉਧਰ, ਮੁਲਾਜ਼ਮਾਂ ਨੇ ਮੁੜ ਸੜਕਾਂ 'ਤੇ ਉਤਰਨ ਦਾ ਫੈਸਲਾ ਕਰ ਲਿਆ ਹੈ।

## ਆਟਾ-ਦਾਲ ਯੋਜਨਾ ਦੀ ਚੁਣੌਤੀ

**ਚੰਡੀਗੜ੍ਹ:** ਪੰਜਾਬ ਵਿਚ ਆਟਾ-ਦਾਲ ਯੋਜਨਾ ਦਾ ਲਾਭ ਲੈਣ ਲਈ ਲਾਭਪਾਤਰੀਆਂ ਨੂੰ ਅਜੇ ਕੁਝ ਸਮਾਂ ਹੋਰ ਉਡੀਕ ਕਰਨੀ ਪਵੇਗੀ ਕਿਉਂਕਿ ਨਵੀਂ ਸਰਕਾਰ ਕੋਲ ਫੰਡ ਨਹੀਂ ਹਨ ਅਤੇ ਬਜਟ ਸੈਸ਼ਨ ਵਿਚ ਹੀ ਫੰਡਾਂ ਦਾ ਪ੍ਰਬੰਧ ਕੀਤਾ ਜਾ ਸਕੇਗਾ। ਸੂਬੇ ਵਿਚ ਆਟਾ-ਦਾਲ ਸਕੀਮ ਦੇ 1.4 ਕਰੋੜ ਲਾਭਪਾਤਰੀ ਹਨ ਅਤੇ ਪਿਛਲੀ ਸਰਕਾਰ ਉਨ੍ਹਾਂ ਨੂੰ ਕਣਕ ਦੋ ਰੁਪਏ ਕਿਲੋ ਅਤੇ ਦਾਲ ਆਪਣੇ ਪੱਲਿਓਂ ਅੱਧੀ ਕੀਮਤ 'ਤੇ ਦਿੰਦੀ ਸੀ। ਗਰੀਬਾਂ ਨੂੰ ਕਣਕ ਦੇਣ ਲਈ ਰਾਜ ਸਰਕਾਰ ਨੂੰ ਕੇਂਦਰ ਸਰਕਾਰ ਕੋਲੋਂ ਚਾਰ ਰੁਪਏ ਕਿਲੋ ਕਣਕ ਮਿਲਦੀ ਹੈ, ਪਰ ਪਿਛਲੀ ਸਰਕਾਰ ਨੇ ਇਸ ਨੂੰ ਹੋਰ ਸਸਤਾ ਕਰਦਿਆਂ ਦੋ ਰੁਪਏ ਕਿਲੋ ਕਰ ਦਿੱਤਾ ਸੀ। ਪਿਛਲੀ ਸਰਕਾਰ ਦੇ ਕਾਰਜਕਾਲ ਵਿਚ ਦਾਲ ਦਾ ਮਾਰਕਿਟ ਭਾਅ 60 ਰੁਪਏ ਕਿਲੋ ਸੀ, ਪਰ ਰਾਜ ਸਰਕਾਰ ਦਾਲ 30 ਰੁਪਏ ਕਿਲੋ ਦੇ ਹਿਸਾਬ ਨਾਲ ਦਿੰਦੀ ਸੀ। ਹੁਣ ਦਾਲ 80 ਰੁਪਏ ਕਿਲੋ ਤੋਂ ਵੱਧ ਮਹਿੰਗੀ ਹੋ ਗਈ ਹੈ। ਕੈਪਟਨ ਸਰਕਾਰ ਦੀ ਮੁਸ਼ਕਲ ਇਹ ਹੈ ਕਿ ਉਸ ਨੂੰ ਦਾਲ 30 ਰੁਪਏ ਦੀ ਥਾਂ 40 ਰੁਪਏ ਦੇਣੀ ਪਵੇਗੀ ਅਤੇ ਜੇਕਰ ਉਹ ਲੋਕਾਂ ਨੂੰ ਦਾਲ 30 ਰੁਪਏ ਦੇ ਭਾਅ ਨਾਲ ਦਿੰਦੀ ਹੈ ਤਾਂ ਉਸ ਨੂੰ 10 ਰੁਪਏ ਪ੍ਰਤੀ ਕਿਲੋ ਦਾ ਆਪਣੇ ਕੋਲੋਂ ਪ੍ਰਬੰਧ ਕਰਨਾ ਪਵੇਗਾ। ਸਰਕਾਰ ਦੀ ਮਾਲੀ ਹਾਲਤ ਮਾੜੀ ਹੈ ਅਤੇ ਇਸ ਹਾਲਤ 'ਚ ਰਿਆਇਤ ਦੇਣ ਬਾਰੇ ਸ਼ੰਕੇ ਹੀ ਹਨ। ਜਾਣਕਾਰੀ ਅਨੁਸਾਰ ਖੁਰਾਕ ਸਪਲਾਈ ਵਿਭਾਗ ਕੋਲ 1457 ਟਨ ਦਾਲ ਪਈ ਹੈ, ਪਰ ਸਾਰੇ ਲਾਭਪਾਤਰੀਆਂ ਨੂੰ ਦਾਲ ਦੇਣ ਲਈ 6800 ਟਨ ਦਾਲ ਦਾ ਪ੍ਰਬੰਧ ਕਰਨਾ ਪਵੇਗਾ। ਆਟਾ-ਦਾਲ ਸਕੀਮ ਦੇ ਲਾਭਪਾਤਰੀਆਂ ਦੀ ਗਿਣਤੀ ਨੂੰ ਲੈ ਕੇ ਵੀ ਕਾਫੀ ਵਿਵਾਦ ਹੈ।



# ਗ੍ਰੰਥੀ ਸਿੰਘਾਂ ਲਈ ਫਾਰਸੀ ਤੇ ਉਰਦੂ ਦੀ ਤਾਲੀਮ ਲਾਜ਼ਮੀ ਹੋਵੇ: ਰੁਬੀਨਾ ਸ਼ਬਨਮ

**ਮਲੇਰਕੋਟਲਾ:** ਪੰਜਾਬੀ, ਉਰਦੂ, ਫਾਰਸੀ ਅਤੇ ਅਰਬੀ ਭਾਸ਼ਾਵਾਂ ਦੀ ਵਿਸ਼ਵ ਪ੍ਰਸਿੱਧ ਵਿਦਵਾਨ ਡਾ. ਰੁਬੀਨਾ ਸ਼ਬਨਮ ਨੇ ਕਿਹਾ ਹੈ ਕਿ ਉਰਦੂ ਅਤੇ ਫਾਰਸੀ ਦੇ ਗਿਆਨ ਤੋਂ ਬਗੈਰ ਨਾ ਤਾਂ ਪੰਜਾਬੀ ਭਾਸ਼ਾ ਦਾ ਸ਼ੁੱਧ ਉਚਾਰਨ ਤੇ ਸ਼ਬਦ ਬਣਤਰ ਸੰਭਵ ਹੈ ਅਤੇ ਨਾ ਹੀ ਪਵਿੱਤਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਅਤੇ ਸਿੱਖ ਇਤਿਹਾਸ ਦਾ ਹਕੀਕੀ ਗਿਆਨ ਹਾਸਲ ਕੀਤਾ ਜਾ ਸਕਦਾ ਹੈ। ਵਿਸ਼ਵ ਭਰ ਅੰਦਰ ਆਪਣੀਆਂ ਮੌਲਿਕ ਗਜ਼ਲਾਂ, ਕਾਵਿ ਰਚਨਾਵਾਂ ਤੇ ਖੋਜ ਪੱਤਰਾਂ ਸਮੇਤ ਕਈ ਪੁਸਤਕਾਂ ਸਾਹਿਤ ਜਗਤ ਦੀ ਝੋਲੀ ਪਾ ਚੁੱਕੀ ਡਾ. ਰੁਬੀਨਾ ਸ਼ਬਨਮ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਕੀਤਾ ਸ੍ਰੀ ਜਪੁਜੀ ਸਾਹਿਬ ਦਾ ਉਰਦੂ ਅਨੁਵਾਦ ਛੇਤੀ ਹੀ ਛਪ ਰਿਹਾ ਹੈ।



ਗ੍ਰੰਥੀ ਸਿੰਘਾਂ ਲਈ ਫਾਰਸੀ ਤੇ ਉਰਦੂ ਦੇ ਗਿਆਨ ਨੂੰ ਬੇਹੱਦ ਜ਼ਰੂਰੀ ਦੱਸਦਿਆਂ ਡਾ. ਰੁਬੀਨਾ ਨੇ ਦੱਸਿਆ ਕਿ ਉਨ੍ਹਾਂ ਨਵਾਬ ਸ਼ੇਰ ਮੁਹੰਮਦ ਖਾਨ ਇੰਸਟੀਚਿਊਟ ਦੀ ਮੁਖੀ ਵਜੋਂ ਕੁਝ ਸਮਾਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਤਤਕਾਲੀਨ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਮਿਲ ਕੇ ਚਰਚਾ ਕਰਦਿਆਂ ਨਵਾਬ ਸ਼ੇਰ ਮੁਹੰਮਦ ਖਾਨ ਇੰਸਟੀਚਿਊਟ ਵੱਲੋਂ ਗ੍ਰੰਥੀ ਸਿੰਘਾਂ ਨੂੰ ਫਾਰਸੀ ਦਾ ਇਕ ਸਾਲ ਦਾ ਡਿਪਲੋਮਾ ਅੱਧੀ ਫੀਸ 'ਤੇ ਕਰਵਾਉਣ ਦੀ ਪੇਸ਼ਕਸ਼ ਕੀਤੀ ਸੀ। ਡਾ. ਰੁਬੀਨਾ ਮੁਤਾਬਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਹਾਰਾਜਾ ਰਣਜੀਤ ਸਿੰਘ ਵੇਲੇ ਸਰਕਾਰੀ ਭਾਸ਼ਾ ਫਾਰਸੀ ਹੋਣ ਕਰ ਕੇ ਉਸ ਵੇਲੇ ਦੇ ਸਾਰੇ ਇਤਿਹਾਸਕ ਦਸਤਾਵੇਜ਼ ਫਾਰਸੀ ਭਾਸ਼ਾ ਵਿਚ ਹੀ ਲਿਖੇ ਮਿਲਦੇ ਹਨ। ਹੈਰਾਨੀ ਦੀ ਗੱਲ ਇਹ ਕਿ ਪੁਰਾਤਤਵ ਵਿਭਾਗ ਦੇ ਚੰਡੀਗੜ੍ਹ ਦਫਤਰ ਵਿਖੇ ਪਈਆਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਨਾਲ ਸਬੰਧਤ ਫ਼ਾਰਸੀ ਜ਼ੁਬਾਨ ਵਿਚ ਲਿਖੀਆਂ 300 ਤੋਂ ਵੱਧ ਦਸਤਾਵੇਜ਼ੀ ਫਾਈਲਾਂ ਨੂੰ ਪੜ੍ਹਨ ਵਾਲਾ ਅੱਜ ਇਕ ਵੀ ਵਿਅਕਤੀ ਨਹੀਂ ਹੈ।

ਉਨ੍ਹਾਂ ਸਿੱਖ ਇਤਿਹਾਸ ਨਾਲ ਸਬੰਧਤ ਬਹੁਮੁੱਲੇ ਇਤਿਹਾਸ ਅਤੇ ਦਸਤਾਵੇਜ਼ਾਂ ਨੂੰ ਸੰਭਾਲਣ ਲਈ ਉਰਦੂ ਤੇ ਫ਼ਾਰਸੀ ਦੇ ਗਿਆਨ ਦੀ ਵੱਡੀ ਲੋੜ ਮਹਿਸੂਸ ਕਰਦਿਆਂ ਕਿਹਾ ਗੁਰਬਾਣੀ ਤੇ ਸਿੱਖ ਇਤਿਹਾਸ ਦੇ ਗਿਆਨ ਅਤੇ ਖੋਜਾਂ ਲਈ ਫ਼ਾਰਸੀ ਤੇ ਉਰਦੂ ਭਾਸ਼ਾਵਾਂ ਦੀ ਤਾਲੀਮ ਮਲੇਰਕੋਟਲਾ 'ਚ ਨਵਾਬ ਸ਼ੇਰ ਮੁਹੰਮਦ ਖਾਨ ਇੰਸਟੀਚਿਊਟ ਤੋਂ ਮਾਮੂਲੀ ਸਰਕਾਰੀ ਫੀਸ ਜਮਾ ਕਰਵਾ ਕੇ ਹਾਸਲ ਕੀਤੀ ਜਾ ਸਕਦੀ ਹੈ। ਪੰਜਾਬ ਉਰਦੂ ਅਕਾਦਮੀ ਦੀ ਸਕੱਤਰ ਵਜੋਂ ਉਰਦੂ ਭਾਸ਼ਾ ਦੀ ਤਰੱਕੀ, ਅਦਬੀ ਤੇ ਸ਼ਾਇਰ ਸ਼ਖ਼ਸੀਅਤਾਂ ਦੀ ਸਰਪ੍ਰਸਤੀ ਸਮੇਤ ਮਿਆਰੀ ਉਰਦੂ ਸਾਹਿਤ ਨੂੰ ਉਤਸ਼ਾਹਤ ਕਰਨਾ ਹੀ ਆਪਣੀ ਪਹਿਲੀ ਜ਼ਿੰਮੇਵਾਰੀ ਦੱਸਦਿਆਂ ਡਾ. ਰੁਬੀਨਾ ਸ਼ਬਨਮ ਨੇ ਕਿਹਾ ਕਿ ਉਹ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਲੋਕ ਨਿਰਮਾਣ ਮੰਤਰੀ ਬੀਬੀ ਰਜ਼ੀਆ ਸੁਲਤਾਨਾ ਦੀਆਂ ਉਮੀਦਾਂ 'ਤੇ ਖਰੀ ਉਤਰਨ ਦਾ ਹਰ ਸੰਭਵ ਯਤਨ ਕਰੇਗੀ।

# ਸਰਕਾਰੀ ਨੀਤੀਆਂ ਤੋਂ ਪੰਜਾਬ ਦੇ ਸਰਹੱਦੀ ਕਿਸਾਨ ਔਖੇ

**ਵਰਸੋਲਾ:** ਭਾਰਤ-ਪਾਕਿਸਤਾਨ ਸਰਹੱਦ ਦੇ ਨਾਲ ਲੱਗਦੀ ਪੰਜਾਬ ਦੇ ਸਰਹੱਦੀ ਕਿਸਾਨਾਂ ਦੀ ਕੇਂਦਰ ਸਰਕਾਰ ਵੱਲੋਂ ਐਕਵਾਇਰ ਕੀਤੀ ਜਾਣ ਵਾਲੀ 600 ਏਕੜ ਜ਼ਮੀਨ ਦਾ ਮੁੱਲ 2 ਲੱਖ ਰੁਪਏ ਪ੍ਰਤੀ ਏਕੜ ਤੈਅ ਕੀਤੇ ਜਾਣ ਕਾਰਨ ਕਿਸਾਨਾਂ 'ਚ ਭਾਰੀ ਨਿਰਾਸ਼ਾ ਹੈ।

ਜ਼ਿਕਰਯੋਗ ਹੈ ਕਿ ਇਹ ਜ਼ਮੀਨ ਜ਼ੀਰੋ ਲਾਈਨ 'ਤੇ ਕੰਡਿਆਲੀ ਤਾਰ ਦੇ ਨਾਲ ਹੈ, ਜਿਸ ਨੂੰ ਬੀ.ਐਸ.ਐਫ. 11 ਫੁੱਟ ਰਸਤੇ ਦੇ ਤੌਰ 'ਤੇ ਵਰਤ ਰਹੀ ਹੈ। ਪੰਜਾਬ ਦੇ 6 ਸਰਹੱਦੀ ਜ਼ਿਲ੍ਹਿਆਂ ਪਠਾਨਕੋਟ, ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਫਿਰੋਜ਼ਪੁਰ ਤੇ ਫਾਜ਼ਿਲਕਾ ਦੀ ਸਰਹੱਦ ਦੇ ਨਾਲ ਲੱਗਦੇ ਕਰੀਬ 2200 ਪਿੰਡਾਂ ਦੇ ਕਿਸਾਨਾਂ ਦੀ ਇਸ ਜ਼ਮੀਨ ਨੂੰ ਬੀ.ਐਸ.ਐਫ. ਵੱਲੋਂ 1947 ਤੋਂ ਆਪਣੇ ਕਬਜ਼ੇ ਹੇਠ ਲਿਆ ਹੋਇਆ ਹੈ। ਇਸ ਕਾਰਨ ਜ਼ਮੀਨ ਦੇ ਮਾਲਕ ਹੁੰਦੇ ਹੋਏ ਵੀ ਸਬੰਧਤ ਕਿਸਾਨ ਇਸ ਜ਼ਮੀਨ ਵਿਚ ਕੋਈ ਖੇਤੀ ਨਹੀਂ ਕਰ ਸਕੇ। ਸਬੰਧਤ ਕਿਸਾਨਾਂ ਵੱਲੋਂ ਇਸ ਜ਼ਮੀਨ ਦਾ ਹੱਕ ਲੈਣ ਲਈ ਇਸ ਮਾਮਲੇ ਨੂੰ ਸੁਪਰੀਮ ਕੋਰਟ ਤੱਕ ਲਿਜਾਇਆ ਗਿਆ ਸੀ।



ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ ਕਰਦੇ ਹੋਏ ਜਦੋਂ ਕੇਂਦਰ ਸਰਕਾਰ ਤੋਂ ਇਸ ਬਾਰੇ ਜਾਣਕਾਰੀ ਮੰਗੀ ਤਾਂ ਇਹ ਗੱਲ ਸਾਫ ਹੋ ਗਈ ਸੀ ਕਿ ਇਹ ਜ਼ਮੀਨ ਕਿਸਾਨਾਂ ਦੀ ਮਾਲਕੀ ਵਾਲੀ ਜ਼ਮੀਨ ਹੈ, ਜਿਸ 'ਤੇ ਕੇਂਦਰ ਸਰਕਾਰ ਨੇ ਕਿਹਾ ਸੀ ਕਿ ਉਹ ਇਸ ਜ਼ਮੀਨ ਨੂੰ ਐਕਵਾਇਰ ਕਰ ਕੇ ਕਿਸਾਨਾਂ ਨੂੰ ਇਸ ਦਾ ਬਣਦਾ ਮੁੱਲ ਦੇਵੇਗੀ। ਇਸ ਦੇ ਬਾਅਦ ਪੰਜਾਬ ਸਰਕਾਰ ਨੂੰ ਸਬੰਧਤ ਜ਼ਮੀਨ ਦੀ ਸ਼ਨਾਖਤ ਕਰ ਕੇ ਇਸ ਦਾ ਮੁੱਲ ਤੈਅ ਕਰਨ ਦੀ ਜ਼ਿੰਮੇਵਾਰੀ ਮਿਲੀ ਸੀ ਤਾਂ ਪਿਛਲੇ ਸਾਲ ਅਕਾਲੀ-ਭਾਜਪਾ ਸਰਕਾਰ ਨੇ ਇਸ ਜ਼ਮੀਨ ਦਾ ਮੁੱਲ ਕੁਲੈਕਟਰ ਰੇਟ ਤੋਂ ਕਿਤੇ ਘੱਟ 2 ਲੱਖ ਰੁਪਏ ਪ੍ਰਤੀ ਏਕੜ ਤੈਅ ਕਰ ਦਿੱਤਾ ਸੀ। ਇਸ ਬਾਰੇ ਕਿਸਾਨਾਂ ਨੂੰ ਪਤਾ ਲੱਗਾ ਤਾਂ ਉਨ੍ਹਾਂ ਅੰਦਰ ਨਿਰਾਸ਼ਾ ਫੈਲ ਗਈ ਹੈ। ਕਿਸਾਨਾਂ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਤੇ ਪੰਜਾਬ ਦੇ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਤੱਕ ਪਹੁੰਚ ਕੀਤੀ ਗਈ ਹੈ, ਜਿਨ੍ਹਾਂ ਕਿਸਾਨਾਂ ਨੂੰ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀਆਂ ਜ਼ਮੀਨਾਂ ਦੇ ਮੁੱਲ ਵਾਲਾ ਇਹ ਕੇਸ ਅਜੇ ਕੇਂਦਰ ਸਰਕਾਰ ਨੂੰ ਨਹੀਂ ਭੇਜਿਆ ਜਾਵੇਗਾ, ਸਗੋਂ ਇਸ ਸਬੰਧੀ ਮੁੜ ਕਾਰਵਾਈ ਕੀਤੀ ਜਾਵੇਗੀ।

# ਪੰਜਾਬਣਾਂ ਨੂੰ ਵੀ ਮੋਟਾਪੇ ਨੇ ਘੇਰਿਆ

**ਚੰਡੀਗੜ੍ਹ:** ਕੌਮੀ ਪਰਿਵਾਰਕ ਸਿਹਤ ਸਰਵੇਖਣ 2015-16 (ਐਨ.ਐਫ.ਐਚ.ਐਸ.) ਅਨੁਸਾਰ ਮੋਟਾਪਾ ਸਿਰਫ ਪੰਜਾਬੀ ਪੁਰਸ਼ਾਂ ਤੱਕ ਸੀਮਤ ਨਹੀਂ ਸਗੋਂ ਇਸਤਰੀਆਂ ਇਸ ਪੱਖੋਂ ਪੁਰਸ਼ਾਂ ਤੋਂ ਅੱਗੇ ਨਿਕਲ ਚੁੱਕੀਆਂ ਹਨ। ਸਰਵੇਖਣ ਇਹ ਵੀ ਦੱਸਦਾ ਹੈ ਕਿ ਇਹ ਰੁਝਾਨ ਸਿਰਫ ਸ਼ਹਿਰੀ ਖੇਤਰਾਂ ਤੱਕ ਸੀਮਤ ਨਹੀਂ, ਹੁਣ ਪੇਂਡੂ ਇਲਾਕਿਆਂ ਵਿਚ ਵੀ ਫੈਲ ਚੁੱਕਾ ਹੈ। 2005-06 ਵਿਚ ਕਰਵਾਏ ਗਏ ਅਜਿਹੇ ਸਰਵੇਖਣ ਨੇ ਪੰਜਾਬੀਆਂ ਬਾਰੇ ਕਈ ਭਰਮ ਤੋੜੇ ਸਨ। ਹੁਣ ਨਵੇਂ ਸਰਵੇਖਣ ਦੀ ਰਿਪੋਰਟ ਅਨੁਸਾਰ ਪੰਜਾਬ ਦੇ ਸ਼ਹਿਰਾਂ ਤੇ ਕਸਬਿਆਂ ਦੀਆਂ 32.4 ਫੀਸਦੀ ਇਸਤਰੀਆਂ ਸਥੂਲਤਾ ਭਾਵ ਮੋਟਾਪੇ ਦੀਆਂ ਸ਼ਿਕਾਰ ਹਨ ਜਦੋਂਕਿ ਪੁਰਸ਼ਾਂ ਦੀ ਇਹੋ ਨਿਸਬਤ 32.1 ਫੀਸਦੀ ਹੈ। ਪੇਂਡੂ ਖੇਤਰਾਂ ਵਿਚ ਸਥੂਲਤਾ ਦੀਆਂ ਸ਼ਿਕਾਰ ਇਸਤਰੀਆਂ ਦੀ ਔਸਤ 30.6 ਫੀਸਦੀ ਹੈ ਜਦੋਂਕਿ ਪਿੰਡਾਂ ਦੇ 25.1 ਫੀਸਦੀ ਪੁਰਸ਼ ਇਸੇ ਮਰਜ਼ ਨਾਲ ਜੂਝ ਰਹੇ ਹਨ। ਇਸ ਸਥਿਤੀ ਦਾ ਅਫਸੋਸਨਾਕ ਪੱਖ ਇਹ ਹੈ ਕਿ ਮੋਟਾਪੇ ਦੀ ਵਬਾਅ ਤੋਂ ਬੱਚੇ ਵੀ ਨਹੀਂ ਬਚੇ ਹੋਏ। ਵੱਖ-ਵੱਖ ਉਮਰ ਵਰਗਾਂ ਦੇ 33.4 ਫੀਸਦੀ ਬੱਚੇ ਵੀ ਔਸਤ ਨਾਲੋਂ ਵੱਧ ਮੋਟੇ ਹਨ ਅਤੇ ਅਜਿਹਾ ਹੋਣ ਕਾਰਨ ਉਨ੍ਹਾਂ ਨੂੰ ਮੋਟਾਪੇ ਨਾਲ ਜੁੜੀਆਂ ਬਿਮਾਰੀਆਂ ਲੱਗਣ ਦਾ ਖਤਰਾ ਹੈ।



ਕੌਮੀ ਸਿਹਤ ਸਰਵੇਖਣ ਕੇਂਦਰੀ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਕਰਵਾਏ ਜਾਂਦੇ ਹਨ। ਪੰਜਾਬ ਵਿਚ ਇਸ ਸਰਵੇਖਣ ਲਈ ਜਾਣਕਾਰੀ ਇਕੱਤਰ ਕਰਨ ਦਾ ਅਮਲ 28 ਜਨਵਰੀ ਤੋਂ 30 ਜੂਨ, 2016 ਤੱਕ ਚੱਲਿਆ। ਇਹ ਸਰਵੇਖਣ ਮੁੰਬਈ ਸਥਿਤ ਇੰਟਰਨੈਸ਼ਨਲ ਇੰਸਟੀਟਿਊਟ ਆਫ ਪਾਪੂਲੇਸ਼ਨ ਸਾਇੰਸਜ਼ (ਆਈ.ਆਈ.ਪੀ.ਐਸ.) ਰਾਹੀਂ ਕਰਵਾਇਆ ਗਿਆ। ਸਰਵੇਖਣ ਵਿਚਲੀ ਜਾਣਕਾਰੀ ਦਾ ਇਕ ਚਿੰਤਾਜਨਕ ਪੱਖ ਇਹ ਹੈ ਕਿ ਮੋਟਾਪੇ ਦੀ ਬਹੁਤਾਤ ਦੇ ਬਾਵਜੂਦ 37 ਫੀਸਦੀ ਪੰਜਾਬੀ ਇਸਤਰੀਆਂ ਅਨੀਮਿਕ ਹਨ, ਭਾਵ ਉਨ੍ਹਾਂ ਅੰਦਰ ਲੋਹ-ਤੱਤ (ਆਇਰਨ) ਦੀ ਘਾਟ ਹੈ। ਇਹ ਘਾਟ ਸਰੀਰ ਅੰਦਰ ਪੂਰੀ ਉਰਜਾ ਨਹੀਂ ਬਣਨ ਦਿੰਦੀ ਅਤੇ ਬੰਦਾ ਖੁਦ ਨੂੰ ਥੱਕਿਆ ਥੱਕਿਆ ਤੇ ਬਿਮਾਰ ਮਹਿਸੂਸ ਕਰਦਾ ਹੈ। ਦੁੱਧ, ਦਹੀਂ, ਮੱਖਣ, ਚਿਕਨ ਤੇ ਹਰੀਆਂ ਸਬਜ਼ੀਆਂ ਦੀ ਬਹੁਤਾਤ ਵਾਲੀ ਧਰਤੀ ਉਤੇ ਇਸਤਰੀਆਂ ਦਾ ਵੱਡੀ ਸੰਖਿਆ ਵਿਚ ਅਨੀਮਿਕ ਹੋਣਾ ਹੈਰਾਨੀ ਵਾਲੀ ਗੱਲ ਹੈ।

# ਅਦਾਕਾਰ ਤੇ ਸਿਆਸਤਦਾਨ ਵਿਨੋਦ ਖੰਨਾ ਜਹਾਨੋਂ ਰੁਖਸਤ

**ਮੁੰਬਈ:** ਬਜ਼ੁਰਗ ਅਦਾਕਾਰ ਅਤੇ ਸੰਸਦ ਮੈਂਬਰ ਵਿਨੋਦ ਖੰਨਾ ਦਾ ਕੈਂਸਰ ਦੀ ਬਿਮਾਰੀ ਕਾਰਨ ਦੇਹਾਂਤ ਹੋ ਗਿਆ। ਉਹ 70 ਸਾਲਾਂ ਦੇ ਸਨ। 'ਅਮਰ ਅਕਬਰ ਐਂਥਨੀ', 'ਕੁਰਬਾਨੀ' ਅਤੇ 'ਇਨਸਾ' ਵਰਗੀਆਂ ਫਿਲਮਾਂ ਵਿਚ ਭੂਮਿਕਾਵਾਂ ਲਈ ਉਨ੍ਹਾਂ ਨੂੰ ਬੌਲੀਵੁੱਡ ਦੀ ਧੜਕਨ ਵਜੋਂ ਜਾਣਿਆ ਜਾਂਦਾ ਸੀ।

ਵਿਨੋਦ ਖੰਨਾ ਨੂੰ ਡੀਹਾਈਡਰੇਸ਼ਨ (ਸਰੀਰ ਵਿਚ ਪਾਣੀ ਦੀ ਘਾਟ) ਦੀ ਸਮੱਸਿਆ ਕਾਰਨ 31 ਮਾਰਚ ਨੂੰ ਸਰ ਐਚ.ਐਨ. ਰਿਲਾਇੰਸ ਫਾਊਂਡੇਸ਼ਨ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਉਹ ਮਸਾਨੇ ਦੇ ਕੈਂਸਰ ਤੋਂ ਪੀੜਤ ਸਨ। ਫਿਲਮੀ ਦੁਨੀਆਂ ਦੇ ਸਭ ਤੋਂ ਸੁਨੱਖੇ ਅਦਾਕਾਰਾਂ ਵਿਚੋਂ ਇਕ ਸ੍ਰੀ ਖੰਨਾ ਨੇ 1968 ਵਿਚ 'ਮਨ ਕਾ ਮੀਤ' ਨਾਲ ਕਰੀਅਰ ਦੀ ਸ਼ੁਰੂਆਤ ਕੀਤੀ। ਸ਼ੁਰੂਆਤੀ ਫਿਲਮਾਂ ਵਿਚ ਉਹ ਖਲਨਾਇਕ ਜਾਂ ਸਹਾਇਕ ਦੀ ਭੂਮਿਕਾ ਵਿਚ ਨਜ਼ਰ ਆਏ। ਉਨ੍ਹਾਂ ਦੀ ਸਮਰੱਥਾ ਦਾ ਪਹਿਲੀ ਵਾਰ ਪਤਾ ਗੁਲਜ਼ਾਰ ਦੀ 1971 ਵਿਚ ਆਈ ਫਿਲਮ 'ਮੇਰੇ ਅਪਨੇ' ਵਿਚ ਲੱਗਿਆ। ਉਨ੍ਹਾਂ 'ਮੇਰਾ ਗਾਓਂ ਮੇਰਾ ਦੇਸ਼', 'ਰੇਸ਼ਮਾ ਔਰ ਸ਼ੇਰਾ', 'ਐਲਾਨ' ਅਤੇ 'ਦਯਾਵਾਨ' ਸਣੇ ਕਈ ਸੁਪਰਹਿੱਟ ਫਿਲਮਾਂ ਕੀਤੀਆਂ। ਆਪਣੀ ਅਦਾਕਾਰੀ ਦੇ ਸਿਖਰ ਉਤੇ ਸ੍ਰੀ ਖੰਨਾ ਨੇ ਆਪਣੇ ਪ੍ਰਸ਼ੰਸਕਾਂ ਨੂੰ ਉਦੋਂ ਹੈਰਾਨ ਕਰ ਦਿੱਤਾ ਸੀ, ਜਦੋਂ ਉਹ ਅਦਾਕਾਰੀ ਛੱਡ ਕੇ 1982 ਵਿਚ ਪੰਜ ਸਾਲਾਂ ਲਈ ਓਸ਼ੋ ਰਜਨੀਸ਼ ਦੇ ਪੂਣੇ ਵਿਚਲੇ ਆਸ਼ਰਮ ਵਿਚ ਚਲੇ ਗਏ। ਅਖੀਰ ਵਿਚ ਉਹ ਫਿਰ ਫਿਲਮੀ ਦੁਨੀਆਂ ਵਿਚ ਪਰਤੇ ਅਤੇ 'ਇਨਸਾਫ਼' ਅਤੇ 'ਸਤਿਆਮੇਵ ਜਯਤੇ' ਵਰਗੀਆਂ ਫਿਲਮਾਂ ਨਾਲ ਮੁੜ ਸਫਲਤਾ ਦੇ ਝੰਡੇ ਗੱਡੇ।



## ਸਿਆਸੀ ਪ੍ਰਾਪਤੀਆਂ

**ਮੁੰਬਈ:** ਵਿਨੋਦ ਖੰਨਾ 1997 ਅਤੇ 1999 'ਚ ਦੋ ਵਾਰ ਪੰਜਾਬ ਦੇ ਗੁਰਦਾਸਪੁਰ ਹਲਕੇ ਤੋਂ ਭਾਜਪਾ ਵੱਲੋਂ ਸੰਸਦ ਮੈਂਬਰ ਚੁਣੇ ਗਏ। ਇਥੋਂ ਉਹ ਚਾਰ ਵਾਰ ਸੰਸਦ ਮੈਂਬਰ ਬਣੇ। 2002 'ਚ ਉਹ ਕੇਂਦਰ 'ਚ ਸਭਿਆਚਾਰ ਅਤੇ ਸੈਰ ਸਪਾਟਾ ਮੰਤਰੀ ਵੀ ਰਹੇ। 6 ਮਹੀਨਿਆਂ ਬਾਅਦ ਹੀ ਉਨ੍ਹਾਂ ਨੂੰ ਅਤਿ ਮਹੱਤਵਪੂਰਨ ਵਿਦੇਸ਼ ਮਾਮਲਿਆਂ ਦੇ ਮੰਤਰਾਲੇ 'ਚ ਰਾਜ ਮੰਤਰੀ ਬਣਾ ਦਿੱਤਾ ਗਿਆ। ਉਨ੍ਹਾਂ ਨੂੰ ਅਟਲ ਬਿਹਾਰੀ ਵਾਜਪਾਈ ਦੇ ਮੰਤਰੀ ਮੰਡਲ 'ਚ ਸੈਰ ਸਪਾਟਾ ਅਤੇ ਵਿਦੇਸ਼ ਰਾਜ ਮੰਤਰੀ ਬਣਾਇਆ ਗਿਆ। ਖੰਨਾ 2014 ਦੀਆਂ ਲੋਕ ਸਭਾ ਚੋਣਾਂ ਵੀ ਗੁਰਦਾਸਪੁਰ ਤੋਂ ਜਿੱਤੇ। ਖੰਨਾ 2009 ਦੀਆਂ ਲੋਕ ਸਭਾ ਚੋਣਾਂ ਹਾਰ ਗਏ।

# ਸਰਹੱਦ ਤੋਂ ਗੁੰਮ ਹੋਏ ਜਵਾਨਾਂ ਬਾਰੇ ਭੇਤ ਬਰਕਰਾਰ

**ਚੰਡੀਗੜ੍ਹ:** ਭਾਰਤ ਦੇ ਤਕਰੀਬਨ 74 ਗੁੰਮਸ਼ੁਦਾ ਫੌਜੀ ਪਿਛਲੇ 52 ਸਾਲਾਂ ਤੋਂ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਕੈਦ ਹਨ। ਪਾਕਿਸਤਾਨ ਵੱਲੋਂ ਇਸ ਮੁੱਦੇ ਉਪਰ ਭਾਰਤ ਨੂੰ ਕੋਈ ਹੱਥ-ਪੱਲਾ ਨਾ ਫੜਾਉਣ ਕਾਰਨ ਦੇਸ਼ ਦੀ ਰਾਖੀ ਕਰਦਿਆਂ ਸਰਹੱਦਾਂ ਉਤੇ ਗਾਇਬ ਹੋਏ ਇਨ੍ਹਾਂ ਫੌਜੀਆਂ ਦੀ ਕੋਈ ਉਘ-ਸੁੱਘ ਨਹੀਂ ਮਿਲ ਰਹੀ। ਭਾਰਤ ਸਰਕਾਰ ਮਹਿਜ਼ ਪਾਕਿਸਤਾਨ ਕੋਲ ਵਾਰ-ਵਾਰ ਪਹੁੰਚ ਕਰਨ ਤੱਕ ਹੀ ਸੀਮਤ ਹੈ।

ਸੂਚਨਾ ਦੇ ਅਧਿਕਾਰ (ਆਰ.ਟੀ.ਆਈ.) ਤਹਿਤ ਮਿਲੀ ਜਾਣਕਾਰੀ ਅਨੁਸਾਰ ਭਾਰਤ ਦੇ 74 ਗੁੰਮਸ਼ੁਦਾ ਡਿਫੈਂਸ ਪਰਸੋਨਲ (ਐਮ.ਡੀ.ਪੀ.) ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਬੰਦ ਹਨ। ਇਨ੍ਹਾਂ ਵਿਚੋਂ 54 ਫੌਜੀ 1965 ਦੀ ਜੰਗ ਅਤੇ 20 ਫੌਜੀ ਜਵਾਨ 1971 ਦੀ ਜੰਗ ਦੌਰਾਨ ਗਾਇਬ ਹੋਏ ਸਨ। ਭਾਰਤ ਸਰਕਾਰ ਵੱਲੋਂ ਵੱਖ-ਵੱਖ ਢੰਗਾਂ ਨਾਲ ਹਾਸਲ ਕੀਤੀਆਂ ਸੂਚਨਾਵਾਂ ਅਨੁਸਾਰ ਇਨ੍ਹਾਂ ਫੌਜੀਆਂ ਦੇ ਪਾਕਿਸਤਾਨ ਦੀਆਂ ਜੇਲ੍ਹਾਂ ਵਿਚ ਹੀ ਬੰਦ ਹੋਣ ਦੀ ਸੰਭਾਵਨਾ ਹੈ।

ਵਿਦੇਸ਼ ਵਿਭਾਗ ਅਨੁਸਾਰ ਭਾਰਤ ਸਰਕਾਰ ਇਹ ਮੁੱਦਾ ਸਫਾਰਤੀ ਵਸੀਲਿਆਂ ਰਾਹੀਂ ਪਾਕਿਸਤਾਨ ਕੋਲ ਉਠਾਉਂਦੀ ਰਹੀ ਹੈ। ਇਸ ਤੋਂ



ਇਲਾਵਾ ਉਚ ਪੱਧਰੀ ਸੰਪਰਕਾਂ ਦੇ ਮਾਧਿਅਮ ਨਾਲ ਵੀ ਇਨ੍ਹਾਂ ਨੂੰ ਪਾਕਿਸਤਾਨ ਦੀਆਂ ਜੇਲ੍ਹਾਂ ਵਿਚੋਂ ਰਿਹਾਅ ਕਰਨ ਲਈ ਯਤਨ ਕੀਤੇ ਜਾ ਰਹੇ ਹਨ। ਵਿਦੇਸ਼ ਵਿਭਾਗ ਅਨੁਸਾਰ ਇੰਨਾ ਕੁਝ ਕਰਨ ਦੇ ਬਾਵਜੂਦ ਪਾਕਿਸਤਾਨ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਕਿ ਗੁੰਮਸ਼ੁਦਾ ਭਾਰਤੀ ਫੌਜੀ ਉਥੋਂ ਦੀਆਂ ਜੇਲ੍ਹਾਂ ਵਿਚ ਬੰਦ ਹਨ।


ਭਾਰਤ ਦੇ ਵਿਦੇਸ਼ ਮੰਤਰੀ ਨੇ ਜਨਵਰੀ 2007 ਦੌਰਾਨ ਪਾਕਿਸਤਾਨ ਦੀ ਫੇਰੀ ਮੌਕੇ ਇਹ ਮੁੱਦਾ ਪਾਕਿਸਤਾਨ ਸਰਕਾਰ ਕੋਲ ਉਠਾਇਆ ਸੀ। ਭਾਰਤ ਸਰਕਾਰ ਨੇ ਉਦੋਂ ਇਹ ਤਜਵੀਜ਼ ਰੱਖੀ ਸੀ ਕਿ ਗੁੰਮਸ਼ੁਦਾ ਭਾਰਤੀ ਫੌਜੀਆਂ ਦੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਦੇ ਵਫਦ ਨੂੰ ਪਾਕਿਸਤਾਨ ਦੀਆਂ ਜੇਲ੍ਹਾਂ ਦਾ ਦੌਰਾ ਕਰਨ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਜੋ ਉਹ ਆਪਣੇ ਵਿਛੜੇ ਮੈਂਬਰਾਂ ਦੀ ਨਿਸ਼ਾਨਦੇਹੀ ਕਰ ਸਕਣ।

ਗੁਆਂਢੀ ਮੁਲਕ ਨੇ ਉਦੋਂ ਭਾਰਤ ਦੀ ਇਹ ਤਜਵੀਜ਼ ਪ੍ਰਵਾਨ ਕਰ ਲਈ ਸੀ ਅਤੇ ਸਾਲ 1965 ਤੇ 1971 ਦੀਆਂ ਜੰਗਾਂ ਦੌਰਾਨ ਗੁੰਮ ਹੋਏ ਭਾਰਤੀ ਫੌਜੀਆਂ ਦੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਦੇ ਵਫਦ ਨੇ ਪਹਿਲੀ ਜੂਨ ਤੋਂ 14 ਜੂਨ 2007 ਦੌਰਾਨ ਪਾਕਿਸਤਾਨ ਦੀਆਂ 10 ਜੇਲ੍ਹਾਂ ਦਾ ਦੌਰਾ ਕਰ ਕੇ ਗੁੰਮਸ਼ੁਦਾ ਭਾਰਤੀਆਂ ਫੌਜੀਆਂ ਦੀ ਪਛਾਣ ਕਰਨ ਦਾ ਯਤਨ ਕੀਤਾ ਸੀ, ਜੋ ਨਾਕਾਮ ਰਿਹਾ। ਉਪਰੰਤ ਭਾਰਤ ਸਰਕਾਰ ਨੇ ਮਾਰਚ 2008 ਵਿਚ ਇਸ ਮੁੱਦੇ ਉਪਰ ਟ੍ਰਾਈ-ਸਰਵਿਸ ਕਮੇਟੀ ਫਾਰ ਮੌਨੀਟਰਿੰਗ ਆਫ ਮਿਸਿੰਗ ਡਿਫੈਂਸ ਪ੍ਰਸੋਨਲਜ਼ (ਸੀ.ਐਮ.ਐਮ.ਡੀ.ਪੀ.) ਦਾ ਗਠਨ ਕੀਤਾ।

ਵਿਦੇਸ਼ ਵਿਭਾਗ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਇਸ ਤੋਂ ਬਾਅਦ 24 ਤੇ 25 ਮਈ 2012 ਨੂੰ ਇਸਲਾਮਾਬਾਦ ਵਿਚ ਦੋਵਾਂ ਮੁਲਕਾਂ ਦੇ ਗ੍ਰਹਿ ਸਕੱਤਰਾਂ ਅਤੇ ਮਗਰੋਂ ਦਿੱਲੀ ਵਿਚ ਵਿਦੇਸ਼ ਸਕੱਤਰਾਂ ਦੀ ਹੋਈ ਮੀਟਿੰਗ ਦੌਰਾਨ ਵੀ ਇਹ ਮੁੱਦਾ ਉਠਿਆ ਸੀ, ਪਰ ਗੁਆਂਢੀ ਮੁਲਕ ਆਪਣੀ ਪੁਰਾਣੀ ਰੱਟ 'ਤੇ ਹੀ ਕਾਇਮ ਰਿਹਾ। ਫਿਲਹਾਲ ਇਨ੍ਹਾਂ 74 ਗੁੰਮਸ਼ੁਦਾ ਭਾਰਤੀ ਫੌਜੀਆਂ ਬਾਰੇ ਕੇਂਦਰ ਸਰਕਾਰ ਕੋਲ ਕੋਈ ਜਾਣਕਾਰੀ ਨਹੀਂ ਹੈ। ਇਹ ਮਾਮਲਾ ਭੇਤ ਬਣ ਕਰ ਕੇ ਸਬੰਧਤ ਫੌਜੀ ਜਵਾਨਾਂ ਦੇ ਪਰਿਵਾਰ ਅਤੇ ਰਿਸ਼ਤੇਦਾਰ ਦੁਚਿੱਤੀ ਵਿਚ ਹਨ।

# ਨਵੀਂ ਸਰਕਾਰ ਵੇਲੇ ਵੀ 'ਚੁਗੱਤਿਆਂ ਦਾ ਟੋਲਾ' ਸਰਗਰਮ!

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪਾਠਕਾਂ ਦੇ ਹੱਥ ਇਹ ਲਿਖਤ ਜਾਣ ਤੱਕ ਪੰਜਾਬ ਦੀ ਨਵੀਂ ਸਰਕਾਰ ਡੇਢ ਮਹੀਨਾ ਪੂਰਾ ਕਰ ਲਵੇਗੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਿਰਫ ਸੌ ਦਿਨਾਂ ਵਿਚ 'ਅੱਛੇ ਦਿਨ' ਲਿਆਉਣ ਦਾ ਵਾਅਦਾ ਕੀਤਾ ਸੀ ਤੇ ਡੇਢ ਸੌ ਹਫ਼ਤੇ ਗੁਜ਼ਾਰ ਕੇ ਵੀ ਨਹੀਂ ਸਨ ਲਿਆ ਸਕੇ। ਜਿਹੜੇ ਲੋਕ ਅਜੇ ਵੀ ਨਰਿੰਦਰ ਮੋਦੀ ਉਤੇ ਭਰੋਸਾ ਰੱਖਣ ਵਾਲਾ ਹੋਕਾ ਦੇਈ ਜਾਂਦੇ ਹਨ, ਉਹ ਪੰਜਾਬ ਦੀ ਨਵੀਂ ਸਰਕਾਰ ਤੋਂ ਡੇਢ ਮਹੀਨੇ ਵਿਚ ਕੰਮਾਂ ਦੀ ਰਿਪੋਰਟ ਪੁੱਛਣ ਲੱਗੇ ਹਨ। ਅਸੀਂ ਉਨ੍ਹਾਂ ਦੇ ਇਸ ਕਾਹਲੇਪਣ ਪਿੱਛੇ ਲੁਕੀ ਸਿਆਸੀ ਚੁਸਤੀ ਵੇਖ ਸਕਦੇ ਹਾਂ ਅਤੇ ਇਸੇ ਲਈ ਇਸ ਨੂੰ ਬਹੁਤਾ ਮਹੱਤਵ ਦੇਣ ਦੀ ਲੋੜ ਨਹੀਂ ਸਮਝਦੇ। ਫਿਰ ਵੀ ਸਰਕਾਰ ਨੂੰ ਲੋਕਾਂ ਵਿਚ ਫੈਲ ਰਹੇ ਵਿਸਵਿਸੇ ਦੂਰ ਕਰਨੇ ਚਾਹੀਦੇ ਹਨ।

ਅਕਾਲੀ-ਭਾਜਪਾ ਦੇ ਪਿਛਲੇ ਦਸ ਸਾਲਾਂ ਦੇ ਰਾਜ ਨੂੰ ਆਮ ਲੋਕ 'ਚੁਗੱਤਿਆਂ ਦਾ ਦੌਰ' ਕਹਿਣੋਂ ਸੰਕੋਚ ਨਹੀਂ ਸਨ ਕਰਦੇ। ਚੁਗਤਾਈ ਕਬੀਲਿਆਂ ਤੋਂ ਆਏ ਮੁਗਲਾਂ ਦੇ ਇੱਕ ਹਿੱਸੇ ਨੂੰ 'ਚੁਗੱਤੇ' ਕਿਹਾ ਜਾਣ ਲੱਗ ਪਿਆ ਸੀ। ਉਹ ਲੋਕ ਭਾਰਤ ਵਿਚ ਟਿਕਣ ਵਾਲੇ ਮੁਸਲਮਾਨਾਂ ਤੋਂ ਵੱਖਰੇ ਸਨ। ਕੋਈ ਵੀ ਹਮਲਾਵਰ ਆਉਂਦਾ ਵੇਖ ਕੇ ਉਸ ਨਾਲ ਇਹੋ ਜਿਹਾ ਲਸ਼ਕਰ ਜੁੜ ਜਾਂਦਾ ਤੇ ਲੁੱਟ-ਮਾਰ ਕਰਨ ਦੇ ਬਾਅਦ ਕਿਸੇ ਹੋਰ ਹਮਲਾਵਰ ਧਿਰ ਨਾਲ ਜਾ ਜੁੜਦਾ। ਉਂਜ ਇਹ ਗੱਲ ਚੇਤੇ ਰੱਖਣ ਵਾਲੀ ਹੈ ਕਿ ਚੁਗਤਾਈ ਕਬੀਲੇ ਦੇ ਸਾਰੇ



ਅਮਰਿੰਦਰ ਸਿੰਘ ਰਾਜਾ ਵੜਿੰਗ

ਲੋਕ ਵੀ ਇਹੋ ਜਿਹੇ ਨਹੀਂ ਸਨ, ਸਿਰਫ ਇੱਕ ਖਾਸ ਵਰਗ ਏਦਾਂ ਦਾ ਸੀ, ਜਿਸ ਦੀ ਬਦਨਾਮੀ ਉਸ ਦੀ ਲੁੱਟ-ਮਾਰ ਦੇ ਕਾਰਨ ਹੁੰਦੀ ਸੀ। ਉਦੋਂ ਤੋਂ ਚੜ੍ਹਦੇ ਪੰਜਾਬ ਦੇ ਲੋਕਾਂ ਨੂੰ ਜਦੋਂ ਕਿਸੇ ਰਾਜ ਵਿਚ ਵੱਡੀ ਲੁੱਟ-ਖੋਹ ਦਾ ਦੌਰ ਭੁਗਤਣਾ ਪਿਆ ਤਾਂ ਉਨ੍ਹਾਂ ਨੇ ਉਸ ਦੌਰ ਨੂੰ ਏਸੇ ਨਾਂ ਨਾਲ ਜੋੜ ਕੇ ਗੱਲ ਕੀਤੀ ਹੈ, ਤੇ ਸ਼ਾਇਦ ਅੱਗੋਂ ਵੀ ਇਹ ਚਰਚਾ ਇਸੇ ਤਰ੍ਹਾਂ ਕਰਦੇ ਜਾਣਗੇ।

ਜਦੋਂ ਚੌਥੀ ਵਾਰ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ ਨੇ ਪਾਰਟੀ ਦੇ ਮੋਹਰੀ ਵਜੋਂ ਆਪਣੇ ਪੁੱਤਰ ਸੁਖਬੀਰ ਸਿੰਘ ਬਾਦਲ ਨੂੰ ਅੱਗੇ ਕਰਨਾ ਸ਼ੁਰੂ ਕੀਤਾ ਤਾਂ ਮੁੱਢ ਵਿਚ ਹੀ ਸੁਖਬੀਰ ਨਾਲ ਇਹੋ ਜਿਹੇ ਲੋਕ ਜੁੜਨੇ ਸ਼ੁਰੂ ਹੋ ਗਏ ਸਨ, ਜੋ ਪਿਛਲੀਆਂ ਸਭ ਕਾਂਗਰਸੀ ਤੇ ਅਕਾਲੀ ਸਰਕਾਰਾਂ ਵੇਲੇ ਹਕੂਮਤੀ ਗਲਿਆਰਿਆਂ ਵਿਚ ਦਲਾਲੀਆਂ ਕਰਦੇ ਰਹੇ ਸਨ। ਬਦਲਦੇ ਮੌਸਮ ਦੀ ਸੋਝੀ ਅਗੇਤੀ ਰੱਖਦੇ ਇਹ ਲੋਕ ਉਸ ਦੌਰ ਵਿਚ ਅੱਗੇ ਆ ਗਏ ਤਾਂ ਅਗਲੇ ਦਸ ਸਾਲ ਸਾਰੇ ਪੁੱਠੇ ਕੰਮਾਂ ਵਿਚ ਉਨ੍ਹਾਂ ਦਾ ਨਾਂ ਵੱਜਦਾ ਰਿਹਾ ਤੇ ਸੁਖਬੀਰ ਸਿੰਘ ਬਾਦਲ ਦੀ ਟੀਮ ਉਨ੍ਹਾਂ ਦੇ ਬਚਾਅ ਲਈ ਕਾਨੂੰਨੀ ਮਸ਼ੀਨਰੀ ਦੀ ਦੁਰਵਰਤੋਂ ਕਰਨ ਦੀ ਸਿਖਰ ਤੱਕ ਚਲੀ ਜਾਂਦੀ ਰਹੀ। ਰਾਤ-ਦਿਨ ਪਰਛਾਵੇਂ ਵਾਂਗ ਨਾਲ ਰਹਿਣ ਕਾਰਨ ਇਹ ਲੋਕ ਅਕਾਲੀ-ਭਾਜਪਾ 'ਰਾਜ ਦਰਬਾਰ' ਵਾਲੇ ਏਨੇ ਔਗੁਣ ਜਾਣਦੇ ਸਨ ਕਿ ਇਨ੍ਹਾਂ ਦਾ ਸਾਥ ਛੱਡਣ ਤੋਂ ਆਪਣੇ ਆਖਰੀ ਸਮੇਂ ਵਿਚ ਅਕਾਲੀ ਦਲ ਦੀ 'ਧੜੱਲੇਦਾਰ' ਕਹੀ ਜਾਂਦੀ ਲੀਡਰਸ਼ਿਪ ਵੀ ਤ੍ਰਹਿਕਣ ਲੱਗ ਪਈ ਸੀ।

ਜਿਹੜੀ ਗੱਲ ਅਸੀਂ ਕਹਿ ਰਹੇ ਹਾਂ, ਪੰਜਾਬ ਦੇ ਨਵੇਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਬਹੁਤ ਚੰਗੀ ਤਰ੍ਹਾਂ ਪਤਾ ਹੋਣੀ ਚਾਹੀਦੀ ਹੈ। ਉਨ੍ਹਾਂ ਦੀ ਪਿਛਲੀ ਸਰਕਾਰ ਦਾ ਪਹਿਲਾ ਸਾਲ ਸਾਫ-ਸੁਥਰਾ ਲੰਘਣ ਪਿੱਛੋਂ ਦੂਸਰੇ ਸਾਲ ਦੇ ਸ਼ੁਰੂ ਹੁੰਦਿਆਂ ਸਾਰ 'ਚੁਗੱਤਿਆਂ ਦਾ ਲਸ਼ਕਰ' ਉਨ੍ਹਾਂ ਨੇੜੇ ਜਾ ਲੱਗਾ ਸੀ ਤੇ ਫਿਰ ਉਸ ਸਰਕਾਰ ਦੇ ਅੰਦਰਲੇ ਉਹ ਕਿੱਸੇ ਲੋਕਾਂ ਵਿਚ ਚਰਚਿਤ ਹੋਣ ਲੱਗ ਪਏ ਸਨ, ਜਿਨ੍ਹਾਂ ਨੇ ਭੱਠਾ ਬਿਠਾਉਣ ਵਿਚ ਹਿੱਸਾ ਪਾਇਆ ਸੀ। 'ਚੁਗੱਤੇ' ਕਿਸੇ ਦੇ ਮਿੱਤ ਨਹੀਂ ਹੋ ਸਕਦੇ, ਇਸ ਲਈ ਜਦੋਂ ਉਨ੍ਹਾਂ ਰਾਜ ਬਦਲਦਾ ਵੇਖਿਆ ਤਾਂ ਅਕਾਲੀ ਲੀਡਰਸ਼ਿਪ ਵਿਚ ਉਭਰ ਰਹੇ ਨਵੇਂ ਚਿਹਰਿਆਂ ਅਤੇ ਉਨ੍ਹਾਂ ਚਿਹਰਿਆਂ ਪਿੱਛੇ ਦਿਖਾਈ ਦਿੰਦੇ ਗੈਰ-ਵਿਧਾਨਕ ਸੱਤਾ ਕੇਂਦਰਾਂ ਨਾਲ ਜੁੜਨ ਦੇ ਰਾਹ ਪੈ ਗਏ ਸਨ। ਇਹੋ ਜਿਹੇ ਉਸ ਦੌਰ ਦੇ ਮੁਢਲੇ ਦਿਨਾਂ ਵਿਚ ਪ੍ਰਕਾਸ਼ ਸਿੰਘ ਬਾਦਲ ਨੇ ਕਈ ਵਾਰੀ ਅੰਦਰ-ਖਾਤੇ ਤੇ ਕਈ ਵਾਰੀ ਜਨਤਕ ਸਟੇਜਾਂ ਤੋਂ ਵੀ ਹਾਸੇ-ਮਜ਼ਾਕ ਵਿਚ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕੀਤੀ ਸੀ, ਪਰ ਉਨ੍ਹਾਂ ਦੀ ਗੱਲ ਅਣਗੌਲੀ ਕੀਤੀ ਗਈ ਸੀ। ਬਾਅਦ ਵਿਚ ਉਹ ਕਿਸੇ ਗੱਲ ਵਿਚ ਦਖਲ ਦੇਣ ਦੀ ਸਥਿਤੀ ਵਿਚ ਹੀ ਨਹੀਂ ਸੀ ਰਹੇ ਤੇ ਮਾੜੇ-ਚੰਗੇ ਕਾਫਲੇ ਦੇ ਨਾਲ ਤੁਰਦੇ ਰਹਿਣ ਲਈ ਮਜਬੂਰ ਹੋ ਗਏ ਸਨ। ਉਦੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਪੁਰਾਣੇ ਸਾਥੀ ਕਿਹਾ ਕਰਦੇ ਸਨ ਕਿ ਬਜ਼ੁਰਗ ਦੀ ਏਨੀ ਬੇਵੱਸੀ ਹੈ ਕਿ ਆਪਣੇ ਮਨ ਦੀ ਗੱਲ ਕਹਿ ਵੀ ਨਹੀਂ ਸਕਦਾ ਤੇ ਜੋ ਕੁਝ ਅੱਖਾਂ ਸਾਹਮਣੇ ਹੋ ਰਿਹਾ ਹੈ, ਉਸ ਨੂੰ ਸਹਿ ਵੀ ਨਹੀਂ ਸਕਦਾ, ਬਾਹਲਾ ਦੁਖੀ ਸੁਣੀਂਦਾ ਹੈ।

ਹੁਣ ਸਥਿਤੀ ਬਦਲ ਚੁਕੀ ਹੈ। ਵੱਡਾ ਬਾਦਲ ਉਸ ਸਥਿਤੀ ਵਿਚ ਨਹੀਂ ਰਹਿ ਗਿਆ ਕਿ ਪਾਰਟੀ ਦੇ ਭਵਿੱਖ ਦੀ ਕਿਸੇ ਗੱਲ ਬਾਰੇ ਕੋਈ ਦਖਲ ਦੇ ਸਕੇ। ਇਸ ਲਈ ਆਮ ਕਰ ਕੇ ਚੁੱਪ ਰਹਿੰਦਾ ਹੈ।

> *ਸਰਕਾਰ ਬਦਲਣ ਪਿੱਛੋਂ ਹੋਏ ਜਿਹੜੇ ਦਰਜਨ ਦੇ ਕਰੀਬ ਕਤਲਾਂ ਨੂੰ ਸਿਆਸੀ ਰੰਗ ਵਾਲੇ ਮੰਨਿਆ ਜਾ ਸਕਦਾ ਹੈ, ਉਨ੍ਹਾਂ ਵਿਚ ਸੱਠ-ਚਾਲੀ ਦਾ ਅਨੁਪਾਤ ਬਣਦਾ ਹੈ। ਸੱਤ ਜਾਂ ਅੱਠ ਕਤਲ ਕਾਂਗਰਸੀ ਆਗੂਆਂ ਨੇ ਕੀਤੇ-ਕਰਾਏ ਤੇ ਚਾਰ-ਪੰਜ ਅਕਾਲੀ ਦਲ ਦੇ ਬੰਦਿਆਂ ਨੇ ਕੀਤੇ ਹਨ। ਇਹ ਹਾਲੇ ਸ਼ੁਰੂਆਤ ਹੈ। ਬਾਅਦ ਵਿਚ ਜਦੋਂ ਪੁਲਿਸ ਵੀ ਨਵੇਂ ਮਾਲਕਾਂ ਨੂੰ ਪਛਾਣਨ ਲੱਗ ਪਈ ਤੇ ਉਨ੍ਹਾਂ ਨਾਲ ਅੱਖ ਮਿਲ ਗਈ, ਉਦੋਂ ਕਾਂਗਰਸੀਆਂ ਦੀ ਬਦਨਾਮੀ ਵਾਲੇ ਜੁਰਮ ਹੋਰ ਵਧ ਸਕਦੇ ਹਨ। ਇਹ ਵਰਤਾਰਾ ਮੁੱਢ ਵਿਚ ਨਾ ਰੋਕਿਆ ਤਾਂ ਰੁਕਣਾ ਨਹੀਂ।*

ਜਿਹੜਾ 'ਚੁਗੱਤਿਆਂ ਦਾ ਲਸ਼ਕਰ' ਉਸ ਰਾਜ ਦੀ ਬੇੜੀ ਡੋਬਣ ਵਿਚ ਭਾਈਵਾਲ ਸੀ, ਉਸ ਦੇ ਕਈ ਲੋਕ ਹੁਣ ਨਵੀਂ ਸਰਕਾਰ ਦੇ ਨਾਲ ਜੁੜਦੇ ਸੁਣੇ ਜਾਣ ਲੱਗ ਪਏ ਹਨ। ਇਹ ਸਥਿਤੀ ਨਵੇਂ ਮੁੱਖ ਮੰਤਰੀ ਨੂੰ ਵਕਤ ਰਹਿੰਦਿਆਂ ਸਮਝਣੀ ਤੇ ਸੰਭਾਲਣੀ ਪਵੇਗੀ।

ਪਿਛਲੇ ਹਫਤੇ ਜਿਹੜੀ ਖਬਰ ਸਾਬਕਾ ਮੁੱਖ ਮੰਤਰੀ ਬਾਦਲ ਦੇ ਜ਼ਿਲ੍ਹੇ ਵਿਚਲੇ ਇੱਕ ਪੱਤਰਕਾਰ ਨਾਲ ਬੇਹੂਦਗੀ ਕੀਤੇ ਜਾਣ ਬਾਰੇ ਆਈ ਹੈ, ਉਸ ਨੂੰ ਖਬਰ ਨਹੀਂ, ਖਬਰਾਂ ਦੀ ਲੜੀ ਦਾ ਹਿੱਸਾ ਮੰਨਣਾ ਪਵੇਗਾ। ਜਿਸ ਦਿਨ ਵਿਧਾਨ ਸਭਾ ਚੋਣਾਂ ਦੀਆਂ ਵੋਟਾਂ ਦੀ ਗਿਣਤੀ ਹੋਈ, ਪਹਿਲੀ ਖਬਰ ਉਸ ਤੋਂ ਅਗਲੇ ਦਿਨ ਹੀ ਆ ਗਈ ਸੀ ਕਿ ਕਾਂਗਰਸ ਦੀ ਜਿੱਤ ਹੁੰਦੇ ਸਾਰ ਕਈ ਥਾਂਈਂ ਟਰੱਕ ਯੂਨੀਅਨਾਂ ਵਿਚ ਲੀਡਰਸ਼ਿਪ ਦੇ ਰਾਜ-ਪਲਟੇ ਹੋ ਗਏ ਹਨ ਤੇ ਅਕਾਲੀ ਆਗੂਆਂ ਦੇ ਚਾਟੜੇ ਭੱਜ ਗਏ ਜਾਂ ਭਜਾ ਦਿੱਤੇ ਗਏ ਹਨ। ਮਾਲਵੇ ਦੇ ਇੱਕ ਸ਼ਹਿਰ ਵਿਚ ਉਸ ਪਹਿਲੇ ਦਿਨ ਹੀ ਕਾਂਗਰਸ ਦੇ ਦੋ ਧੜਿਆਂ ਦਾ ਆਪਸੀ ਟਕਰਾਅ ਵੀ ਟਰੱਕ ਯੂਨੀਅਨ ਉਤੇ ਕਬਜ਼ੇ ਲਈ ਹੋ ਗਿਆ ਸੀ। ਇਸ ਤੋਂ ਸਾਨੂੰ ਲੁਧਿਆਣੇ ਦੀ ਸਬਜ਼ੀ ਮੰਡੀ ਵਿਚ ਪਿਛਲੇ ਸਾਲ ਹੋਏ ਇੱਕ ਯੂਥ ਅਕਾਲੀ ਆਗੂ ਦੇ ਕਤਲ ਦੀ ਕਹਾਣੀ ਯਾਦ ਆ ਗਈ ਸੀ। ਸਬਜ਼ੀ ਮੰਡੀ ਵਿਚ ਹਫਤਾ ਵਸੂਲੀ ਦਾ ਕੰਮ ਦੋ ਧਿਰਾਂ ਕਰਦੀਆਂ ਸਨ, ਦੋਵਾਂ ਦੀ ਸਰਪ੍ਰਸਤੀ ਅਕਾਲੀ ਦਲ ਦੇ ਇੱਕੋ ਮੰਤਰੀ ਕੋਲ ਸੀ ਤੇ ਉਸ ਨੇ ਦੋਵਾਂ ਨੂੰ ਕੰਮ ਵੰਡ ਕੇ ਇੱਕ ਧਿਰ ਨੂੰ ਮੰਡੀ ਦੇ ਅੰਦਰ ਤੇ ਦੂਸਰੀ ਨੂੰ ਮੰਡੀ ਦੇ ਬਾਹਰ ਵਸੂਲੀ ਦੀ ਹੱਦਬੰਦੀ ਕਰਵਾ ਦਿੱਤੀ ਸੀ। ਬਾਹਰਲਿਆਂ ਨੂੰ ਹਿੱਸਾ ਦਿੰਦਾ ਰੇੜ੍ਹੀ ਵਾਲਾ ਅੰਦਰ ਗਿਆ ਤਾਂ ਅੰਦਰਲੇ ਉਸ ਤੋਂ ਹਫਤਾ ਮੰਗਣ ਲੱਗ ਪਏ। ਇਸ ਗੱਲ ਦੇ ਝਗੜੇ ਵਿਚ ਇੱਕ ਅਕਾਲੀ ਧੜੇ ਨੇ ਦੂਸਰੇ ਅਕਾਲੀ ਧੜੇ ਦਾ ਆਗੂ ਮਾਰ ਸੁੱਟਿਆ। ਟਰੱਕ ਯੂਨੀਅਨ ਦੀ ਚੌਧਰ ਲਈ ਦੋ ਕਾਂਗਰਸੀ ਧੜਿਆਂ ਦਾ ਟਕਰਾਅ ਵੀ ਇੱਕ ਦਿਨ ਓਥੇ ਜਾਣਾ ਹੈ।

ਸਰਕਾਰ ਬਦਲਣ ਪਿੱਛੋਂ ਹੋਏ ਜਿਹੜੇ ਦਰਜਨ ਦੇ ਕਰੀਬ ਕਤਲਾਂ ਨੂੰ ਸਿਆਸੀ ਰੰਗ ਵਾਲੇ ਮੰਨਿਆ ਜਾ ਸਕਦਾ ਹੈ, ਉਨ੍ਹਾਂ ਵਿਚ ਸੱਠ-ਚਾਲੀ ਦਾ ਅਨੁਪਾਤ ਬਣਦਾ ਹੈ। ਸੱਤ ਜਾਂ ਅੱਠ ਕਤਲ ਕਾਂਗਰਸੀ ਆਗੂਆਂ ਨੇ ਕੀਤੇ-ਕਰਾਏ ਤੇ ਚਾਰ-ਪੰਜ ਅਕਾਲੀ ਦਲ ਦੇ ਬੰਦਿਆਂ ਨੇ ਕੀਤੇ ਹਨ। ਇਹ ਹਾਲੇ ਸ਼ੁਰੂਆਤ ਹੈ। ਬਾਅਦ ਵਿਚ ਜਦੋਂ ਪੁਲਿਸ ਵੀ ਨਵੇਂ ਮਾਲਕਾਂ ਨੂੰ ਪਛਾਣਨ ਲੱਗ ਪਈ ਤੇ ਉਨ੍ਹਾਂ ਨਾਲ ਅੱਖ ਮਿਲ ਗਈ, ਉਦੋਂ ਕਾਂਗਰਸੀਆਂ ਦੀ ਬਦਨਾਮੀ ਵਾਲੇ ਜੁਰਮ ਹੋਰ ਵਧ ਸਕਦੇ ਹਨ। ਇਹ ਵਰਤਾਰਾ ਮੁੱਢ ਵਿਚ ਨਾ ਰੋਕਿਆ ਤਾਂ ਰੁਕਣਾ ਨਹੀਂ। ਗਿੱਦੜਬਾਹੇ ਦੇ ਪੱਤਰਕਾਰ ਨਾਲ ਜਿਹੜੀ ਬਦ-ਸਲੂਕੀ ਦੀ ਸਿਖਰ ਕੀਤੀ ਗਈ, ਅਸੀਂ ਉਸ ਪੱਤਰਕਾਰ ਬਾਰੇ ਨਹੀਂ ਜਾਣਦੇ, ਫਿਰ ਵੀ ਇਹ ਸਮਝਦੇ ਹਾਂ ਕਿ ਇਸ ਬਦ-ਸਲੂਕੀ ਤੋਂ ਉਸ ਖੇਤਰ ਦੇ ਇੱਕ ਚਾਂਭਲੇ ਹੋਏ ਕਾਂਗਰਸੀ ਵਿਧਾਇਕ ਛੋਕਰੇ ਦੇ ਥਾਪੜੇ ਦੀ ਝਲਕ ਸਾਫ ਦਿਖਾਈ ਦੇ ਜਾਂਦੀ ਹੈ। ਕਾਰਵਾਈ ਹੋਣੀ ਚਾਹੀਦੀ ਹੈ, ਪਰ ਇਹ ਕਾਰਵਾਈ ਸਿਰਫ ਦੋਸ਼ੀਆਂ ਦੇ ਖਿਲਾਫ ਨਹੀਂ, ਉਨ੍ਹਾਂ ਨੂੰ ਥਾਪੜਾ ਦੇ ਕੇ ਅਜਿਹੇ ਜੁਰਮ ਕਰਨ ਲਈ ਤੋਰਨ ਵਾਲੇ ਵਿਧਾਇਕ ਦੇ ਖਿਲਾਫ ਵੀ ਕਰਨ ਦੀ ਲੋੜ ਹੈ, ਕਿਉਂਕਿ ਪਿੰਡਾਂ 'ਚ ਕਹਿੰਦੇ ਹਨ ਕਿ ਘੁੱਘੂਰਾ ਮਾਰਨ ਵਾਲਾ ਵੀ ਕਤਲ ਦਾ ਬਰਾਬਰ ਦਾ ਦੋਸ਼ੀ ਹੁੰਦਾ ਹੈ।

ਤਾਜ਼ਾ ਖਬਰ ਬਠਿੰਡੇ ਤੋਂ ਇੱਕ ਕਾਂਗਰਸੀ ਆਗੂ ਵੱਲੋਂ ਟਰੱਕਾਂ ਤੇ ਟਰਾਲਿਆਂ ਵਾਲਿਆਂ ਤੋਂ ਮਹੀਨਾ ਵਸੂਲੀ ਦੀ ਆਈ ਹੈ। ਦੋਸ਼ ਲਾਉਣ ਵਾਲੇ ਵੀ ਕਾਂਗਰਸੀ ਹਨ। ਜਿਸ ਬੰਦੇ ਉਤੇ ਦੋਸ਼ ਲਾਇਆ ਗਿਆ, ਉਹ ਪਿਛਲੇ ਮਹੀਨੇ ਆਏ ਨਤੀਜਿਆਂ ਵਿਚ ਕਾਂਗਰਸੀ ਟਿਕਟ ਉਤੇ ਵਿਧਾਇਕ ਬਣਨੋਂ ਰਹਿ ਗਿਆ ਹੈ। ਅਜੇ ਉਹ ਵਿਧਾਇਕ ਨਹੀਂ ਬਣਿਆ ਤੇ ਇਹ ਹਾਲ ਹੈ, ਜੇ ਭਲਾ ਉਹ ਵਿਧਾਇਕ ਚੁਣਿਆ ਗਿਆ ਹੁੰਦਾ ਤਾਂ ਜਿੱਦਾਂ ਦਾ ਭਾਣਾ ਗਿੱਦੜਬਾਹੇ ਵਿਚ ਵਾਪਰਿਆ ਹੈ, ਬਠਿੰਡੇ ਵਿਚ ਉਸ ਦੀ ਖਬਰ ਦੇਣ ਵਾਲੇ ਪੱਤਰਕਾਰ ਨਾਲ ਉਸ ਤੋਂ ਘੱਟ ਨਹੀਂ ਸੀ ਹੋਣੀ। ਖਬਰ ਛਪ ਜਾਣ ਦੇ ਬਾਅਦ ਇਹ ਗੱਲ ਪੰਜਾਬ ਦੇ ਮੁੱਖ ਮੰਤਰੀ ਨੂੰ ਸਮਝ ਆ ਜਾਣੀ ਚਾਹੀਦੀ ਹੈ ਕਿ ਗਿੱਦੜਬਾਹੇ ਦੀ ਵਾਰਦਾਤ ਖਬਰ ਨਾ ਹੋ ਕੇ ਖਬਰਾਂ ਦੀ ਲੜੀ ਦਾ ਹਿੱਸਾ ਇਸੇ ਲਈ ਕਹੀ ਗਈ ਸੀ। ਉਹ ਲੜੀ ਅੱਗੇ ਵਧ ਰਹੀ ਹੈ। ਪੰਜਾਬ ਵਿਚ ਅਖਾਣ ਹੈ ਕਿ 'ਲੜਨ ਫੌਜਾਂ ਤੇ ਮਾਣ ਸਰਦਾਰਾਂ ਦਾ' ਇਸ ਅਖਾਣ ਨੂੰ ਉਲਟਾ ਕਰ ਕੇ ਸੋਚਿਆ ਜਾਵੇ ਤਾਂ ਇਸ ਦਾ ਅਰਥ ਇਹ ਵੀ ਨਿਕਲਦਾ ਹੈ ਕਿ ਪੁੱਠੇ ਕੰਮ ਜਦੋਂ ਫੌਜਾਂ ਕਰਨਗੀਆਂ ਤਾਂ ਇਸ ਨਾਲ ਬਦਨਾਮੀ ਫੌਜਾਂ ਦੇ ਸਰਦਾਰ ਜਾਂ ਉਨ੍ਹਾਂ ਪਿੱਛੇ ਖੜੀ ਹੋਈ ਸਰਕਾਰ ਦੀ ਹੋਣੀ ਹੁੰਦੀ ਹੈ। ਮੁੱਖ ਮੰਤਰੀ ਸਾਹਿਬ ਨੂੰ ਇਹ ਵੀ ਸੋਚਣਾ ਪਵੇਗਾ।

ਅਸੀਂ ਇਹ ਫਿਰ ਕਹਿ ਦੇਈਏ ਕਿ ਇਸ ਸਰਕਾਰ ਦੇ ਮੁੱਢਲੇ ਕਦਮ ਆਮ ਲੋਕਾਂ ਦਾ ਭਰੋਸਾ ਬੰਨ੍ਹਾਉਣ ਵਾਲੇ ਕਹੇ ਜਾ ਸਕਦੇ ਹਨ, ਪਰ ਜਿਹੜਾ ਅਕਸ ਸਰਕਾਰ ਦਾ ਮੁਖੀ ਬਣਾਉਣਾ ਚਾਹੁੰਦਾ ਹੈ, ਉਸ ਅਕਸ ਨੂੰ ਬਣਾਉਣ ਨਾਲੋਂ ਵੱਧ ਧਿਆਨ ਪੁਰਾਣੀ ਇਨਫੈਕਸ਼ਨ ਤੋਂ ਬਚਾਉਣ ਵੱਲ ਦੇਣਾ ਹੋਵੇਗਾ। 'ਚੁਗੱਤਿਆਂ ਦੇ ਟੋਲੇ' ਦੀ ਨਵੇਂ ਸਿਰਿਓਂ ਹੋ ਰਹੀ ਉਠਾਣ ਨੂੰ ਵੇਲੇ ਸਿਰ ਰੋਕਣਾ ਪਵੇਗਾ, ਨਹੀਂ ਤਾਂ ਉਨ੍ਹਾਂ ਨੇ ਰੋਕਣ ਜੋਗੇ ਛੱਡਣਾ ਹੀ ਨਹੀਂ।



ਪੱਤਰਕਾਰ ਸ਼ਿਵਰਾਜ ਸਿੰਘ ਰਾਜੂ ਬਠਿੰਡਾ ਦੇ ਸਿਵਲ ਹਸਪਤਾਲ 'ਚ ਡਾਕਟਰੀ ਮੁਆਇਨਾ ਕਰਵਾਉਂਦਾ ਹੋਇਆ

# ਅਕਾਲੀ ਪਿਉ-ਪੁੱਤ ਦੀ ਹੱਤਿਆ

**ਫ਼ਿਰੋਜ਼ਪੁਰ:** ਪਿੰਡ ਰੁਕਨ ਸ਼ਾਹ ਵਾਲਾ ਵਿਚ ਪੁਰਾਣੀ ਰੰਜਿਸ਼ ਦੇ ਚੱਲਦਿਆਂ ਮੰਗਲਵਾਰੀਂ ਇਕ ਧਿਰ ਵੱਲੋਂ ਜਬਰੀ ਘਰ ਵਿਚ ਦਾਖ਼ਲ ਹੋ ਕੇ ਕੀਤੀ ਫਾਇਰਿੰਗ ਦੌਰਾਨ ਪਿਉ-ਪੁੱਤ ਹਲਾਕ ਹੋ ਗਏ ਜਦਕਿ ਪੀੜਤ ਪਰਿਵਾਰ ਦਾ ਇਕ ਹੋਰ ਜੀਅ ਜ਼ਖ਼ਮੀ ਹੋ ਗਿਆ।

ਮ੍ਰਿਤਕਾਂ ਦੀ ਪਛਾਣ ਬਜ਼ੁਰਗ ਹਰਨਾਮ ਸਿੰਘ (80) ਅਤੇ ਉਸ ਦੇ ਪੁੱਤਰ ਜੋਗਿੰਦਰ ਸਿੰਘ ਬੱਬੀ (45) ਜਦਕਿ ਜ਼ਖ਼ਮੀ ਦੀ ਹਰਨਾਮ ਸਿੰਘ ਦੇ ਦੂਜੇ ਲੜਕੇ ਬਲਵਿੰਦਰ ਸਿੰਘ ਵਜੋਂ ਹੋਈ ਹੈ ਜੋ ਸ਼੍ਰੋਮਣੀ ਅਕਾਲੀ ਦਲ ਦੀ ਸਥਾਨਕ ਇਕਾਈ ਦਾ ਮੀਤ ਪ੍ਰਧਾਨ ਅਤੇ ਪਿੰਡ ਦਾ ਸਾਬਕਾ ਸਰਪੰਚ ਹੈ। ਵਾਰਦਾਤ ਦਾ ਮੁੱਖ ਮੁਲਜ਼ਮ ਲਖਵਿੰਦਰ ਸਿੰਘ ਢਿੱਲੋਂ ਦੱਸਿਆ ਜਾ ਰਿਹਾ ਹੈ ਜੋ ਇਸੇ ਪਿੰਡ ਦਾ ਵਸਨੀਕ ਹੈ ਅਤੇ ਕਾਂਗਰਸੀ ਧੜੇ ਨਾਲ ਸਬੰਧ ਰੱਖਦਾ ਹੈ।

ਇਹ ਘਟਨਾ ਸਵੇਰੇ 8 ਵਜੇ ਦੇ ਕਰੀਬ ਵਾਪਰੀ। ਪਿੰਡ ਦੀ ਅਨੁਸੂਚਿਤ ਜਾਤੀ ਦੀ ਮਹਿਲਾ ਸਰਪੰਚ ਅਕਾਲੀ ਦਲ ਨਾਲ ਸਬੰਧਤ ਹੈ। ਪਿੰਡ ਦੇ ਹਰ ਮਸਲੇ ਸਬੰਧੀ ਉਹ ਬਲਵਿੰਦਰ ਸਿੰਘ ਨਾਲ ਮਸ਼ਵਰਾ ਕਰਦੀ ਸੀ, ਪਰ ਪੰਜਾਬ ਵਿਚ ਵਜ਼ਾਰਤ ਬਦਲਣ ਉਪਰੰਤ ਲੱਖਾ ਚਾਹੁੰਦਾ ਸੀ ਕਿ ਪਿੰਡ ਦਾ ਹਰ ਕੰਮ ਉਸ ਦੀ ਸਲਾਹ ਨਾਲ ਹੋਵੇ। ਇਸ ਗੱਲ ਨੂੰ ਲੈ ਕੇ ਬਲਵਿੰਦਰ ਸਿੰਘ ਅਤੇ ਲੱਖਾ ਦਰਮਿਆਨ ਖਿੱਚੋਤਾਣ ਚੱਲ ਰਹੀ ਸੀ। 28 ਅਪਰੈਲ ਨੂੰ ਉਸ ਨੇ ਆਪਣੇ ਫੇਸਬੁੱਕ ਪੇਜ ਉਤੇ ਬਲਵਿੰਦਰ ਸਿੰਘ ਨਾਲ ਨਜਿੱਠਣ ਦੀ ਧਮਕੀ ਵੀ ਦਿੱਤੀ ਸੀ।

ਬਲਵਿੰਦਰ ਸਿੰਘ ਦੇ ਪਰਿਵਾਰ ਵੱਲੋਂ ਇਸ ਸਬੰਧੀ ਕਈ ਸ਼ਿਕਾਇਤਾਂ ਪੁਲਿਸ ਅਧਿਕਾਰੀਆਂ ਨੂੰ ਕੀਤੀਆਂ, ਪਰ ਕੋਈ ਕਾਰਵਾਈ ਨਹੀਂ ਹੋਈ।

## ਨਸਲੀ ਜੁਰਮ: ਟਰੰਪ ਪ੍ਰਸ਼ਾਸਨ ਨੇ ਕਮੇਟੀ ਬਣਾਈ


**ਵਾਸ਼ਿੰਗਟਨ:** ਟਰੰਪ ਪ੍ਰਸ਼ਾਸਨ ਨੇ ਹਿੰਦੂ ਸਿੱਖਾਂ ਸਮੇਤ ਹੋਰ ਭਾਈਚਾਰਿਆਂ ਖ਼ਿਲਾਫ਼ ਹੋ ਰਹੇ ਨਸਲੀ ਜੁਰਮਾਂ ਨੂੰ ਰੋਕਣ ਦਾ ਅਹਿਦ ਲੈਂਦਿਆਂ ਟਾਸਕ ਫੋਰਸ ਸਬ ਕਮੇਟੀ ਬਣਾਈ ਹੈ ਜੋ ਮਾਮਲਿਆਂ ਦੀ ਘੋਖ ਕਰ ਕੇ ਆਪਣੀਆਂ ਸਿਫਾਰਸ਼ਾਂ ਦੇਵੇਗੀ।

ਇਹ ਜਾਣਕਾਰੀ ਸੈਨੇਟ ਦੀ ਜੁਡੀਸ਼ਿਅਰੀ ਕਮੇਟੀ ਅੱਗੇ ਨਿਆਂ ਵਿਭਾਗ ਵਿਚ ਧਾਰਮਿਕ ਵਿਤਕਰਾ ਤੇ ਸ਼ਹਿਰੀ ਹੱਕਾਂ ਸਬੰਧੀ ਡਿਵੀਜ਼ਨ ਦੇ ਵਿਸ਼ੇਸ਼ ਵਕੀਲ ਐਰਿਕ ਟਰੀਨੀ ਨੇ ਦਿੱਤੀ।

# ਅਨੰਤਨਾਗ ਜ਼ਿਮਨੀ ਚੋਣ ਮੁਲਤਵੀ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਅਨੰਤਨਾਗ ਸੰਸਦੀ ਸੀਟ ਲਈ 25 ਮਈ ਨੂੰ ਹੋਣ ਵਾਲੀ ਜ਼ਿਮਨੀ ਚੋਣ ਮੁਲਤਵੀ ਕਰ ਦਿੱਤੀ ਹੈ। ਇਹ ਚੋਣ ਹੁਣ ਅਕਤੂਬਰ ਤੋਂ ਬਾਅਦ ਕਰਵਾਏ ਜਾਣ ਦੀ ਸੰਭਾਵਨਾ ਹੈ। ਕਮਿਸ਼ਨ ਦਾ ਕਹਿਣਾ ਹੈ ਕਿ ਰਾਜ ਸਰਕਾਰ ਵੱਲੋਂ ਦਿੱਤੀ ਜਾਣਕਾਰੀ ਅਨੁਸਾਰ ਦੱਖਣੀ ਕਸ਼ਮੀਰ ਵਿਚ ਹਾਲਾਤ ਬਹੁਤ ਭਿਆਨਕ ਤੇ ਚੋਣਾਂ ਕਰਵਾਏ ਜਾਣ ਲਈ ਸਾਜ਼ਗਾਰ ਨਹੀਂ। ਕਮਿਸ਼ਨ ਨੇ ਆਪਣੇ ਹੁਕਮਾਂ ਵਿਚ ਕਿਹਾ ਹੈ ਕਿ ਨਿਰਪੱਖ ਵੋਟਿੰਗ ਦਾ ਯਕੀਨ ਮਿਲਣ ਮਗਰੋਂ ਹੀ ਚੋਣ ਕਰਵਾਈ ਜਾਵੇਗੀ। ਇਸ ਤੋਂ ਪਹਿਲਾਂ 9 ਅਪਰੈਲ ਨੂੰ ਸ੍ਰੀਨਗਰ ਸੰਸਦੀ ਸੀਟ ਲਈ ਪਈਆਂ ਵੋਟਾਂ ਮੌਕੇ ਵੱਡੇ ਪੱਧਰ ਉਤੇ ਹੋਈ ਹਿੰਸਾ ਕਰ ਕੇ ਅਨੰਤਨਾਗ ਸੰਸਦੀ ਸੀਟ ਲਈ 12 ਅਪਰੈਲ ਨੂੰ ਹੋਣ ਵਾਲੀ ਚੋਣ ਨੂੰ ਅੱਗੇ ਪਾ ਦਿੱਤਾ ਗਿਆ ਸੀ।

ਰੈਸਟੋਰੈਂਟ ਲਈ ਲੋੜ ਹੈ



ਮੈਡੀਸਨ, ਵਿਸਕਾਨਸਿਨ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਤੰਦੂਰੀਏ ਤੇ ਕਿਚਨ ਹੈਲਪਰ ਦੀ ਲੋੜ ਹੈ
ਸੰਪਰਕ ਕਰੋ
ਫੋਨ: 262-391-7666
18-20

ਪੰਜਾਬ ਟਾਈਮਜ਼

*ਸਨਿਚਰਵਾਰ, 6 ਮਈ 2017*

## ਪੰਜਾਬ ਦੀ ਹੋਣੀ

ਦਿੱਲੀ ਨਗਰ ਨਿਗਮ ਦੀਆਂ ਚੋਣਾਂ ਵਿਚ ਹਾਰ ਤੋਂ ਬਾਅਦ ਆਮ ਆਦਮੀ ਪਾਰਟੀ ਉਤੇ ਹਮਲੇ ਹੋਰ ਤੇਜ਼ ਹੋ ਗਏ ਹਨ। ਕਈ ਕਾਰਨਾਂ ਕਰ ਕੇ ਇਹ ਪਾਰਟੀ ਮੁੱਖ ਧਾਰਾ ਵਾਲੀਆਂ ਪਾਰਟੀਆਂ, ਖਾਸ ਕਰ ਕੇ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਦੀਆਂ ਅੱਖਾਂ ਵਿਚ ਕੁਝ ਜ਼ਿਆਦਾ ਹੀ ਰੜਕ ਰਹੀ ਸੀ। ਦਿੱਲੀ ਦੇ ਤਿੰਨ ਨਗਰ ਨਿਗਮਾਂ ਦੀਆਂ ਕੁੱਲ 272 ਵਾਰਡਾਂ ਵਿਚੋਂ ਇਕੱਲੀ ਭਾਰਤੀ ਜਨਤਾ ਪਾਰਟੀ ਨੇ 181 ਵਾਰਡਾਂ ਉਤੇ ਜਿੱਤ ਹਾਸਲ ਕਰ ਕੇ ਨਿਗਮ ਚੋਣਾਂ ਵਿਚ ਲਗਾਤਾਰ ਤੀਜੀ ਜਿੱਤ ਦਰਜ ਕੀਤੀ ਹੈ। ਦਿੱਲੀ ਸਰਕਾਰ ਚਲਾ ਰਹੀ ਆਮ ਆਦਮੀ ਪਾਰਟੀ ਨੂੰ ਸਿਰਫ 48 ਸੀਟਾਂ ਉਤੇ ਹੀ ਸਬਰ ਕਰਨਾ ਪਿਆ ਹੈ ਅਤੇ ਕਾਂਗਰਸ 30 ਸੀਟਾਂ ਜਿੱਤ ਕੇ ਤੀਜੀ ਥਾਂ ਉਤੇ ਰਹੀ ਹੈ। ਇਨ੍ਹਾਂ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਦੀ ਜਿੱਤ ਅਤੇ ਆਮ ਆਦਮੀ ਪਾਰਟੀ ਦੀ ਹਾਰ ਦੇ ਵੱਖਰੇ ਵੱਖਰੇ ਕਾਰਨ ਹਨ, ਪਰ ਦਿੱਲੀ ਵਿਚ ਕੇਜਰੀਵਾਲ ਸਰਕਾਰ ਦੀ ਧੜੱਲੇਦਾਰ ਕਾਇਮੀ ਤੋਂ ਸਿਰਫ ਦੋ ਸਾਲਾਂ ਬਾਅਦ ਹੀ ਇਸ ਵੱਡੀ ਹਾਰ ਨੇ ਆਮ ਆਦਮੀ ਪਾਰਟੀ ਦੇ ਅੰਦਰ ਅਤੇ ਬਾਹਰ ਕਲੇਸ਼ ਛੇੜ ਦਿੱਤਾ ਹੈ। ਲੀਡਰਸ਼ਿਪ ਉਤੇ ਸਿੱਧੇ ਹਮਲੇ ਹੋ ਰਹੇ ਹਨ। ਇਸ ਦੀਆਂ ਨੀਤੀਆਂ ਉਤੇ ਸਵਾਲ ਦਰ ਸਵਾਲ ਕੀਤੇ ਜਾ ਰਹੇ ਹਨ। ਲੀਡਰਸ਼ਿਪ ਬਦਲਣ ਤੱਕ ਦੀਆਂ ਬਹਿਸਾਂ ਚੱਲ ਪਈਆਂ ਹਨ। ਇਸ ਤੋਂ ਪਹਿਲਾਂ ਪੰਜਾਬ ਵਿਧਾਨ ਸਭਾ ਚੋਣਾਂ ਜਿਥੇ ਪਾਰਟੀ ਨੂੰ ਸਰਕਾਰ ਬਣਾਉਣ ਦੀ ਪੱਕੀ ਆਸ ਬੱਝੀ ਹੋਈ ਸੀ, ਵਿਚ ਪਛੜਨ ਤੋਂ ਬਾਅਦ ਹੀ ਪਾਰਟੀ ਅੰਦਰ ਕਲੇਸ਼ ਸ਼ੁਰੂ ਹੋ ਗਿਆ ਸੀ ਅਤੇ ਪਾਰਟੀ ਲੀਡਰਸ਼ਿਪ ਵੱਲੋਂ ਕੀਤੇ ਕੁਝ ਫੈਸਲਿਆਂ ਉਤੇ ਕਿੰਤੂ-ਪ੍ਰੰਤੂ ਅਰੰਭ ਹੋ ਗਏ ਸਨ, ਪਰ ਇਹ ਕਿੰਤੂ-ਪ੍ਰੰਤੂ ਦਬਵੀਂ ਸੁਰ ਵਿਚ ਕੀਤੇ ਜਾ ਰਹੇ ਸਨ। ਦਿੱਲੀ ਵਿਚ ਹਾਰ ਤੋਂ ਬਾਅਦ ਸਾਰੇ ਆਲੋਚਕ ਹੁਣ ਖੁੱਲ੍ਹ ਕੇ ਸਾਹਮਣੇ ਆ ਗਏ ਹਨ। ਕੁਝ ਸਿਆਸੀ ਮਾਹਿਰ ਤਾਂ ਦਿੱਲੀ ਸਰਕਾਰ ਕਾਇਮ ਰਹਿਣ 'ਤੇ ਵੀ ਸਵਾਲੀਆ ਨਿਸ਼ਾਨ ਲਾ ਰਹੇ ਹਨ; ਹਾਲਾਂਕਿ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਦਿੱਲੀ ਸਰਕਾਰ ਪੰਜ ਸਾਲਾਂ ਲਈ ਚੁਣੀ ਗਈ ਸੀ। ਹਕੀਕਤ ਇਹ ਵੀ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਮੇਤ ਭਾਰਤੀ ਜਨਤਾ ਪਾਰਟੀ ਦੀ ਸਮੁੱਚੀ ਲੀਡਰਸ਼ਿਪ 'ਆਪ' ਸਰਕਾਰ ਅਤੇ ਇਸ ਦੀ ਲੀਡਰਸ਼ਿਪ ਖਿਲਾਫ ਘਾਤ ਲਾ ਕੇ ਹੀ ਬੈਠੇ ਹੋਏ ਹਨ। ਹੁਣ ਇਸ ਪਾਰਟੀ ਦੀ ਲੱਕ ਤੋੜਵੀ ਹਾਰ ਤੋਂ ਬਾਅਦ ਇਨ੍ਹਾਂ ਲੋਕਾਂ ਨੂੰ ਮੌਕਾ ਹੱਥ ਲੱਗ ਗਿਆ ਹੈ। ਪਹਿਲਾਂ ਉਪ ਰਾਜਪਾਲ ਦੇ ਦਫਤਰ ਰਾਹੀਂ ਵੀ ਭਾਰਤੀ ਜਨਤਾ ਪਾਰਟੀ, ਕੇਜਰੀਵਾਲ ਸਰਕਾਰ ਖਿਲਾਫ ਮਨਆਈਆਂ ਕਰਦੀ ਹੀ ਰਹੀ ਹੈ। ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦਾ ਸਦਾ ਇਹ ਇਤਰਾਜ਼ ਰਿਹਾ ਹੈ ਕਿ ਉਪ ਰਾਜਪਾਲ ਮੋਦੀ ਸਰਕਾਰ ਅਤੇ ਭਾਰਤੀ ਜਨਤਾ ਪਾਰਟੀ ਦੀ ਸ਼ਹਿ 'ਤੇ ਸਰਕਾਰ ਦੇ ਰਾਹ ਵਿਚ ਰੋੜੇ ਅਟਕਾ ਰਹੇ ਹਨ। ਕੁਝ ਮਾਮਲਿਆਂ ਵਿਚ ਇਹ ਗੱਲ ਸੱਚੀ ਵੀ ਜਾਪਦੀ ਸੀ, ਕਿਉਂਕਿ ਇਨ੍ਹਾਂ ਮਾਮਲਿਆਂ ਵਿਚ ਉਪ ਰਾਜਪਾਲ ਆਮ ਨਾਲੋਂ ਰਤਾ ਵਧ ਕੇ ਦਿਲਚਸਪ ਦਿਖਾਉਂਦੇ ਰਹੇ ਹਨ। ਉਪ ਰਾਜਪਾਲ ਅਤੇ ਸਰਕਾਰ ਦੇ ਅਧਿਕਾਰ ਖੇਤਰਾਂ ਬਾਰੇ ਰੱਫੜ ਤਾਂ ਅੱਜ ਤੱਕ ਮੁੱਕਣ ਦਾ ਨਾਂ ਨਹੀਂ ਲੈ ਰਿਹਾ। ਅਸਲ ਵਿਚ ਇਹ ਸਾਰਾ ਕੁਝ ਕਿਉਂਕਿ ਕੇਂਦਰ ਸਰਕਾਰ ਦੇ ਹੱਕ ਵਿਚ ਜਾਂਦਾ ਰਿਹਾ ਹੈ, ਇਸ ਲਈ ਇਨ੍ਹਾਂ ਮਾਮਲਿਆਂ ਨੂੰ ਨਜਿਠਣ ਵਿਚ ਕੇਂਦਰ ਸਰਕਾਰ ਕਦੀ ਉਤਸੁਕ ਵੀ ਨਹੀਂ ਰਹੀ।

ਹੁਣ ਅਵੱਲੀ ਗੱਲ ਇਹ ਹੋਈ ਹੈ ਕਿ ਵਿਰੋਧੀਆਂ ਦੇ ਨਾਲ ਨਾਲ 'ਆਪਣੇ' ਵੀ 'ਆਪ' ਲੀਡਰਸ਼ਿਪ ਖਿਲਾਫ ਖੜ੍ਹੇ ਹੋ ਗਏ ਹਨ। ਇਹ ਗੱਲ ਮੰਨਣ ਵਾਲੀ ਹੈ ਕਿ ਪਾਰਟੀ ਦੀ ਉਸਾਰੀ ਜਮਹੂਰੀ ਕਦਰਾਂ-ਕੀਮਤਾਂ ਉਤੇ ਨਹੀਂ ਹੋਈ। ਸਿੱਟੇ ਵਜੋਂ ਪਹਿਲਾਂ ਦਿੱਲੀ ਅਤੇ ਫਿਰ ਪੰਜਾਬ ਵਿਚ ਮਿਲੇ ਭਰਪੂਰ ਹੁੰਗਾਰੇ ਦੇ ਬਾਵਜੂਦ ਪਾਰਟੀ ਆਪਣੀਆਂ ਜੇਤੂ ਮੁਹਿੰਮਾਂ ਪੂਰੀ ਮੜਕ ਨਾਲ ਅਗਾਂਹ ਵਧਾਉਣ ਵਿਚ ਅਸਫਲ ਰਹੀ ਹੈ। ਹੋਰ ਤਾਂ ਹੋਰ, ਪਾਰਟੀ ਨੇ ਮੌਕੇ-ਬੇਮੌਕੇ ਪਈਆਂ ਇਨ੍ਹਾਂ ਮਾਰਾਂ ਦੀ ਪੁਣ-ਛਾਣ ਕਰਨ ਦਾ ਕੋਈ ਹੀਲਾ-ਵਸੀਲਾ ਨਹੀਂ ਕੀਤਾ। ਸਿੱਟਾ ਸਭ ਦੇ ਸਾਹਮਣੇ ਹੈ। ਠੀਕ ਹੈ ਕਿ ਪੰਜਾਬ ਵਿਚ ਪਾਰਟੀ ਸਰਕਾਰ ਬਣਾਉਣ ਜੋਗੀਆਂ ਸੀਟਾਂ ਜਿੱਤ ਨਹੀਂ ਸਕੀ, ਪਰ ਪਾਰਟੀ ਨੂੰ ਧੜੱਲੇਦਾਰ ਵਿਰੋਧੀ ਧਿਰ ਵਾਲੀ ਭੂਮਿਕਾ ਨਿਭਾਉਣ ਤੋਂ ਤਾਂ ਕੋਈ ਨਹੀਂ ਰੋਕ ਰਿਹਾ। ਹੁਣ ਹਾਲਾਤ ਇਹ ਹਨ ਕਿ ਅਗਾਂਹ ਲਈ ਕੋਈ ਦਮਦਾਰ ਰਣਨੀਤੀ ਘੜਨ ਦੀ ਥਾਂ ਪਾਰਟੀ ਦੇ ਆਗੂ ਇਕ-ਦੂਜੇ ਉਤੇ ਦੂਸ਼ਣਬਾਜ਼ੀ ਵਿਚ ਰੁਝੇ ਹੋਏ ਹਨ। ਪੰਜਾਬ ਅੰਦਰ ਨਸ਼ਿਆਂ ਦਾ ਮਾਮਲਾ ਜਿਉਂ ਦਾ ਤਿਉਂ ਹੈ। ਕੈਪਟਨ ਅਮਰਿੰਦਰ ਸਿੰਘ ਵੱਲੋਂ ਮਹੀਨੇ ਦੇ ਅੰਦਰ ਅੰਦਰ ਇਸ ਮਸਲੇ ਤੋਂ ਨਿਜਾਤ ਦਿਵਾਉਣ ਵਾਲਾ ਵਕਤ ਬੀਤ ਚੁਕਾ ਹੈ। ਕਾਨੂੰਨ ਵਿਵਸਥਾ ਦੀ ਹਾਲਤ ਵਿਚ ਕੋਈ ਖਾਸ ਤਬਦੀਲੀ ਨਹੀਂ ਹੋਈ ਹੈ। ਗੈਂਗਸਟਰਾਂ ਦੀਆਂ ਕਾਰਵਾਈ ਨਿਰਵਿਘਨ ਜਾਰੀ ਹਨ। ਹਾਂ, ਇਕ ਗੱਲ ਪੱਕੀ ਹੈ ਕਿ ਆਵਾਮ ਦਾ ਅਕਾਲੀ-ਭਾਜਪਾ ਗਠਜੋੜ ਦੀ ਸਰਕਾਰ ਜੋ ਮਨਆਈਆਂ ਕਰ ਰਹੀ ਸੀ, ਉਸ ਤੋਂ ਛੁਟਕਾਰਾ ਜ਼ਰੂਰ ਹੋ ਗਿਆ ਹੈ। ਸਰਕਾਰ ਤੋਂ ਲਾਂਭੇ ਹੋਣ ਕਾਰਨ ਸਿੱਖ ਸੰਸਥਾਵਾਂ ਤੋਂ ਬਾਦਲਾਂ ਦਾ ਕੁੰਡਾ ਵੀ ਕੁਝ ਢਿੱਲਾ ਪਿਆ ਹੈ, ਪਰ ਇਨ੍ਹਾਂ ਸੰਸਥਾਵਾਂ ਅੰਦਰ ਬਾਦਲਾਂ ਦਾ ਬਦਲ ਅਜੇ ਵੀ ਕਿਤੇ ਨਜ਼ਰੀਂ ਨਹੀਂ ਪੈ ਰਿਹਾ। ਸੂਬੇ ਦੇ ਲੋਕ ਨਵੇਂ ਮਾਹੌਲ ਦੀ ਬੜੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ, ਪਰ ਫਿਲਹਾਲ ਕਿਸੇ ਪਾਸਿਉਂ ਉਮੀਦ ਦੀ ਕੋਈ ਕਿਰਨ ਨਹੀਂ ਚਮਕੀ ਹੈ। ਇਸ ਪ੍ਰਸੰਗ ਵਿਚ ਕੈਪਟਨ ਸਰਕਾਰ ਜਿਸ ਤੋਰੇ ਤੁਰ ਰਹੀ ਹੈ, ਉਸ ਤੋਂ ਕੋਈ ਬਹੁਤੀ ਉਮੀਦ ਵੀ ਨਹੀਂ ਬੱਝ ਰਹੀ। ਦੋ ਅਹਿਮ ਖੇਤਰਾਂ- ਸਿਖਿਆ ਤੇ ਸਿਹਤ, ਜੋ ਸਿੱਧੇ ਆਮ ਲੋਕਾਂ ਨਾਲ ਜੁੜੇ ਹੋਏ ਹਨ, ਦਾ ਹਾਲ ਬੇਹੱਦ ਮਾੜਾ ਹੈ। ਨਵੀਂ ਸਰਕਾਰ ਨੇ ਇਸ ਪਾਸੇ ਕੋਈ ਨਵਾਂ ਅਤੇ ਵੱਡਾ ਕਦਮ ਉਠਾਉਣ ਬਾਰੇ ਸੰਕੇਤ ਤੱਕ ਨਹੀਂ ਦਿੱਤਾ ਹੈ। ਕੁਝ ਸਿਆਸੀ ਮਾਹਿਰਾਂ ਦੀ ਰਾਇ ਹੈ ਕਿ ਨਵੀਂ ਸਰਕਾਰ ਤੋਂ ਤੱਟ-ਫੱਟ ਵੱਡੇ ਨਤੀਜਿਆਂ ਦੀ ਆਸ ਕਰਨਾ ਸਰਕਾਰ ਨਾਲ ਜ਼ਿਆਦਤੀ ਹੈ, ਕਿਉਂਕਿ ਕੁਝ ਪ੍ਰਸ਼ਾਸਨਿਕ ਪਹਿਲਕਦਮੀਆਂ ਰੁਟੀਨ ਮੁਤਾਬਕ ਹੋਣੀਆਂ ਹੁੰਦੀ ਹਨ। ਇਸ ਲਈ ਕਾਹਲੀ ਕਰਨ ਦੀ ਤਾਂ ਸਰਕਾਰ ਨੂੰ ਕੁਝ ਕੁ ਸਮਾਂ ਤਾਂ ਦੇਣਾ ਹੀ ਚਾਹੀਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਲੱਖ ਤੋਂ ਕੱਖ?*

ਆਵੇ ਸੱਚ ਦਾ ਜੋਸ਼ ਉਹ ਯਾਦ ਕਰਕੇ, ਤੁਰਿਆ ਹੋਇਆ ਪੰਜਾਬ ਸੀ ਨਾਲ ਯਾਰੋ।
ਭਾਣਾ ਵਰਤਿਆ ਕਿਹੜਾ ਸੀ ਨੁਕਸ ਕਿਥੇ, ਕਰ ਰਿਹਾ ਨਾ ਇਹਦੀ ਕੋਈ ਭਾਲ ਯਾਰੋ।
ਮੌਕਾ ਭੰਡੀ ਦਾ ਦਿੱਤਾ ਵਿਰੋਧੀਆਂ ਨੂੰ, ਬਣ ਕੇ ਰਹੇ ਨਾ 'ਆਪ' ਦੀ ਢਾਲ ਯਾਰੋ।
ਚੁੱਪ ਰਹਿਣ ਦਾ ਕੋਈ ਪਾਬੰਦ ਹੈ ਨਹੀਂ, ਦਿਸੇ ਜ਼ਬਤ ਦਾ ਪੈ ਗਿਆ 'ਕਾਲ ਯਾਰੋ।
ਸਵੈ-ਮੰਥਨ ਦਾ ਛੱਡ ਕੇ ਕੰਮ ਪਹਿਲਾ, ਮਾਰੀ ਜਾਂਦੇ ਨੇ ਰੋਜ਼ ਹੀ ਝੱਖ ਜਿਹੀ।
ਵੋਟਾਂ ਤੱਕ ਸੀ ਲੱਖ ਦੀ ਬੰਦ ਮੁੱਠੀ, ਕਰ'ਤੀ ਖੋਲ੍ਹ ਕੇ ਆਪ ਹੀ ਕੱਖ ਜਿਹੀ!

# ਸਿੱਖਾਂ ਦੀ ਵਰਤਮਾਨ ਦਸ਼ਾ ਅਤੇ ਦਿਸ਼ਾ: ਕੁਝ ਨੁਕਤੇ

***ਸਿੱਖ ਧਰਮ ਵਿਚ ਸਿਆਸਤ ਦਾ ਦਖਲ ਪਿਛਲੇ ਕੁਝ ਸਮੇਂ ਤੋਂ ਲਗਾਤਾਰ ਵਧਦਾ ਚਲਾ ਗਿਆ ਹੈ ਜਿਸ ਨਾਲ ਧਰਮ ਪਿਛੇ ਪੈ ਗਿਆ ਹੈ ਅਤੇ ਸਿਆਸਤ ਮੂਹਰੇ ਆ ਗਈ ਹੈ। ਇਹ ਵਰਤਾਰਾ ਖਾਸ ਕਰ ਬਾਦਲਾਂ ਦੀ ਹਕੂਮਤ ਦੌਰਾਨ ਕੁਝ ਜ਼ਿਆਦਾ ਹੀ ਚਲਦਾ ਰਿਹਾ ਹੈ। ਤਖਤਾਂ ਦੇ ਜਥੇਦਾਰ ਸਿਆਸਤਦਾਨਾਂ ਦੇ ਹੱਥਾਂ ਵਿਚ ਪੁਤਲੀਆਂ ਬਣ ਕੇ ਰਹਿ ਗਏ। ਹਾਲ ਹੀ ਵਿਚ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਗੁਰਮੁਖ ਸਿੰਘ ਨੇ ਸਿਆਸਤ ਦੀ ਇਸ ਜਕੜ ਵਿਰੁਧ ਆਵਾਜ਼ ਬੁਲੰਦ ਕੀਤੀ ਹੈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਡਾ. ਬਲਕਾਰ ਸਿੰਘ ਨੇ ਇਸੇ ਨੁਕਤੇ ਨੂੰ ਲੈ ਕੇ ਆਪਣੇ ਇਸ ਲੇਖ ਵਿਚ ਕੁਝ ਸਾਰਥਕ ਟਿੱਪਣੀਆਂ ਕੀਤੀਆਂ ਹਨ। -ਸੰਪਾਦਕ***

ਅਕਾਲੀਆਂ ਦੇ ਹਾਰ ਜਾਣ ਤੋਂ ਬਾਅਦ ਸਿੱਖ ਭਾਈਚਾਰੇ ਦੇ ਵਾਲੀ ਵਾਰਸ ਹੋ ਜਾਣ ਦੀ ਸਿਆਸੀ ਦੌੜ ਓਨੀ ਤਿੱਖੀ ਨਹੀਂ ਹੋਈ, ਜਿੰਨੀ ਬੇਲਗਾਮ ਹੋ ਗਈ ਹੈ। ਸਿੱਖਾਂ ਨੂੰ ਜਿਸ ਤਰ੍ਹਾਂ ਦੁਸ਼ਮਣ ਨਾਲ ਲੜਨਾ ਆਉਂਦਾ ਹੈ, ਉਸ ਤਰ੍ਹਾਂ ਆਪਣੇ ਆਪ ਨਾਲ ਲੜਨਾ ਨਹੀਂ ਆਉਂਦਾ। ਨਤੀਜੇ ਵਜੋਂ ਸਿੱਖ ਆਪਣੇ ਆਪ ਵਿਚ ਘੱਟ ਅਤੇ ਆਪਣੇ ਆਪ ਤੋਂ ਬਾਹਰ ਵੱਧ ਨਜ਼ਰ ਆਉਂਦੇ ਰਹਿੰਦੇ ਹਨ। ਇਸੇ ਕਰ ਕੇ ਅੰਦਰ ਬਹਿ ਕੇ ਵਿਚਾਰਨ ਅਤੇ ਨਜਿੱਠਣ ਵਾਲੀਆਂ ਗੱਲਾਂ ਨੂੰ ਸਰਬੱਤ ਖਾਲਸਾ ਸੱਦ ਕੇ ਨਜਿੱਠਣ ਦੀਆਂ ਗੱਲਾਂ ਬਣਾ ਦੇਣਾ, ਇਸੇ ਦਾ ਨਤੀਜਾ ਹੈ। ਇਸ ਵਿਚ ਵਾਧਾ ਉਦੋਂ ਹੁੰਦਾ ਹੈ ਜਦੋਂ ਸਹਿਜ, ਸੰਜੀਦਗੀ ਅਤੇ ਸ਼ੋਰੀਲੇਪਨ ਨੂੰ ਲੋੜ ਅਨੁਸਾਰ ਇਕੋ ਅਰਥਾਂ ਵਿਚ ਲਿਆ ਜਾਣ ਲੱਗ ਪੈਂਦਾ ਹੈ।



ਬਲਕਾਰ ਸਿੰਘ (ਪ੍ਰੋ.)
ਫੋਨ: 91-93163-01328

ਜਦੋਂ ਇਹ ਪਤਾ ਲੱਗਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਥਾਪੇ ਹੋਏ ਜਥੇਦਾਰਾਂ ਨੇ ਆਪਣੀ ਸਾਖ ਦਾ ਆਪ ਹੀ ਕਬਾੜਾ ਕਰ ਲਿਆ ਹੈ ਤਾਂ ਨਵੇਂ ਜਥੇਦਾਰ ਥਾਪ ਕੇ ਜਥੇਦਾਰੀ ਸੰਸਥਾ ਨੂੰ ਹੀ ਖੋਰਾ ਲਾ ਦਿੱਤਾ ਗਿਆ। ਸਿਆਸਤ ਨਾਲ ਇਹ ਮੌਜ ਆਮ ਹੋ ਗਈ ਹੈ ਕਿ ਕੋਈ ਵੀ ਫੱਟਾ ਲਾ ਕੇ ਕੁਝ ਵੀ ਬਣ ਕੇ ਬਹਿ ਸਕਦਾ ਹੈ।

ਵੈਸੇ ਹੀ ਸਥਿਤੀ ਇਹ ਪੈਦਾ ਹੁੰਦੀ ਜਾ ਰਹੀ ਹੈ ਕਿ ਪ੍ਰਾਪਤ ਵਰਤਾਰੇ ਨੂੰ ਵਿਸ਼ਵਾਸ ਮੁਤਾਬਕ ਚਲਾਉਣਾ ਹੈ ਕਿ ਵਿਧਾਨ ਮੁਤਾਬਕ! ਇਸ ਨਾਲ ਸ਼੍ਰੋਮਣੀ ਕਮੇਟੀ ਨੂੰ ਇੰਨਾ ਕੁ ਸਾਹ ਆ ਗਿਆ ਹੈ ਕਿ ਸਿਆਸੀ ਦਖਲ ਉਹੋ ਜਿਹਾ ਨਹੀਂ ਰਿਹਾ, ਜਿਹੋ ਜਿਹਾ ਅਕਾਲੀ ਸਰਕਾਰ ਵੇਲੇ ਹੁੰਦਾ ਸੀ। ਇਸ ਦਾ ਖੁਲਾਸਾ ਜਿਵੇਂ ਜਥੇਦਾਰ ਦਮਦਮਾ ਸਾਹਿਬ ਨੇ ਕੀਤਾ ਹੈ, ਉਸ ਨਾਲ ਪੰਥਕ ਸੰਸਥਾਵਾਂ, ਸੰਸਥਾ ਮੁਖੀਆਂ ਦੇ ਕੱਦ-ਕਾਠ ਜਿੰਡੀਆਂ ਲੱਗਣ ਲੱਗ ਪਈਆਂ ਹਨ। ਇਸ ਨਾਲ ਇਹ ਵੀ ਸਾਹਮਣੇ ਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਵਿਚ ਸ਼ਾਨ ਨਾਲ ਵੜਿਆ ਤਾਂ ਜਾ ਸਕਦਾ ਹੈ, ਪਰ ਇਸ ਵਿਚੋਂ ਸ਼ਾਨ ਨਾਲ ਨਿਕਲਿਆ ਨਹੀਂ ਜਾ ਸਕਦਾ। ਇਹ ਸਾਰਿਆਂ ਨੂੰ ਭੁਗਤਣਾ ਪਿਆ ਹੈ ਅਤੇ ਇਸ ਤੋਂ ਬਚਣ ਦਾ ਬਾਨਣੂ ਕੋਈ ਵੀ ਬੰਨ੍ਹਣ ਨੂੰ ਤਿਆਰ ਨਹੀਂ ਹੈ। ਅਹੁਦਿਆਂ ਨੂੰ ਖੁਆਰੀ ਤੋਂ ਬਚਾਉਣ ਦਾ ਰਾਹ ਤਤਕਾਲੀ ਅਹੁਦੇਦਾਰ ਹੀ ਕੱਢ ਸਕਦੇ ਹਨ, ਪਰ ਸਿੱਖ ਸੰਸਥਾਵਾਂ ਦੇ ਅਹੁਦੇਦਾਰ ਆਪੋ ਆਪਣੇ ਕਾਰਜਕਾਲ ਦੌਰਾਨ ਕਸੂਤੇ ਉਲਝੇ ਰਹਿੰਦੇ ਹਨ। ਅਜਿਹਾ ਅਹੁਦਿਆਂ ਦੀ ਨੈਤਿਕਤਾ ਅਤੇ ਅਹੁਦਿਆਂ ਦੇ ਅਧਿਕਾਰ ਵਿਚਕਾਰ ਤਣਾਓ ਕਾਰਨ ਵਾਪਰਦਾ ਆ ਰਿਹਾ ਹੈ।

ਸਿੱਖ ਸੰਸਥਾਵਾਂ ਦੇ ਪ੍ਰਬੰਧਨ ਨਾਲ ਸਬੰਧਤ ਵਿਅਕਤੀਆਂ ਨੂੰ ਇਹ ਅਹਿਸਾਸ ਹੋਣਾ ਚਾਹੀਦਾ ਹੈ ਕਿ ਵਿਸ਼ਵਾਸ ਅਤੇ ਵਿਧਾਨ ਨੂੰ ਇਕ ਦੂਜੇ ਤੋਂ ਬਚਾ ਕੇ ਰੱਖੇ ਜਾਣ ਲਈ ਚੇਤਨਾ ਹੀ ਕੰਮ ਆ ਸਕਦੀ ਹੈ। ਵਿਸ਼ਵਾਸ ਸਦਾ ਹੀ ਚੇਤਨਾ ਤੋਂ ਤ੍ਰਹਿੰਦਾ ਰਹਿੰਦਾ ਹੈ ਅਤੇ ਇਸ ਸਥਿਤੀ ਨਾਲ ਨਿਭਣ ਦਾ ਰਾਹ ਸਿੱਖ ਸੁਰ ਵਿਚ ਭਾਈਚਾਰਕ ਸੰਵਾਦ ਹੀ ਹੋ ਸਕਦਾ ਹੈ। ਸਿੱਖ ਸੁਰ ਵਿਚ ਸੰਵਾਦ ਦੀਆਂ ਸੰਭਾਵਨਾਵਾਂ ਕਿਸੇ ਵੀ ਕਿਸਮ ਦੀ ਸਿਆਸਤ ਨੂੰ ਠੀਕ ਨਹੀਂ ਬੈਠਦੀਆਂ ਅਤੇ ਸਿੱਖ ਸੰਸਥਾਵਾਂ ਇਸ ਵੇਲੇ ਸਿਧਾਂਤ ਦੀ ਔਖ ਵੱਲ ਪਿੱਠ ਕਰ ਕੇ, ਸਿਆਸਤ ਦੀ ਸੌਖ ਵੱਲ ਤੁਰੀਆਂ ਹੋਈਆਂ ਲੱਗਣ ਲੱਗ ਪਈਆਂ ਹਨ। ਹਾਲ ਹੀ ਵਿਚ ਕਾਲੇ ਪਾਣੀਆਂ ਵਿਚੋਂ ਸਿੱਖਾਂ ਦਾ ਯੋਗਦਾਨ ਦਰਕਿਨਾਰ ਕਰਨ ਬਾਰੇ ਤੱਥ ਸਾਹਮਣੇ ਆਏ ਹਨ। ਸ਼੍ਰੋਮਣੀ ਕਮੇਟੀ ਨੇ ਇਸ ਮਸਲੇ ਦੀ ਪੁਣ-ਛਾਣ ਵਾਸਤੇ ਕਮੇਟੀ ਵੀ ਬਣਾ ਦਿੱਤੀ ਹੈ। ਇਸ ਕਮੇਟੀ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਇਕ ਕਮੇਟੀ ਇਸੇ ਕੰਮ ਵਾਸਤੇ ਬਣਾਈ ਗਈ ਸੀ ਅਤੇ ਉਸ ਵਿਚ ਡਾ. ਜਸਪਾਲ ਸਿੰਘ, ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ, ਡਾ. ਜਗਤਾਰ ਸਿੰਘ ਗਰੇਵਾਲ ਅਤੇ ਡਾ. ਕ੍ਰਿਪਾਲ ਸਿੰਘ ਸ਼ਾਮਲ ਸਨ। ਇਸ ਕਮੇਟੀ ਦੀ ਰਾਏ ਨੂੰ ਜੰਗ-ਏ-ਆਜ਼ਾਦੀ ਦੇ ਮਿਊਜ਼ੀਅਮ ਵਿਚ ਕਿਸੇ ਨਾ ਕਿਸੇ ਰੂਪ ਵਿਚ ਸ਼ਾਮਲ ਕਰ ਲਿਆ ਗਿਆ ਸੀ। ਇਸ ਨਵੀਂ ਬਣੀ ਕਮੇਟੀ ਨੇ ਜੇ ਇਸ ਤੋਂ ਅੱਗੇ ਤੁਰਨਾ ਹੈ ਤਾਂ ਸੋਚ ਸਮਝ ਕੇ ਕਦਮ ਚੁੱਕਣੇ ਪੈਣਗੇ। ਇਹ ਵੀ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ ਤੋਂ ਪੰਜਾਬ ਸਰਕਾਰ ਨੇ ਇਕ ਪੁਸਤਕ ਲਿਖਵਾਈ ਸੀ ਅਤੇ ਇਹ ਪੁਸਤਕ 2004 ਵਿਚ "Main Currents of Freedom Struggle in Punjab" ਦੇ ਨਾਮ ਹੇਠ ਛਪ ਚੁਕੀ ਹੈ। ਇਸ ਪੁਸਤਕ ਵਿਚ ਇਹੋ ਜਿਹੇ ਨੁਕਤਿਆਂ ਵੱਲ ਇਸ਼ਾਰੇ ਹੋ ਗਏ ਹਨ ਕਿ ਸਿੱਖ ਜਿਥੇ ਵੀ, ਕਿਸੇ ਵੀ ਹਾਲਤ ਵਿਚ ਗਿਆ ਹੈ, ਆਪਣੇ ਸੁਭਾ ਮੁਤਾਬਿਕ ਆਪਣੀ ਸਿੱਖ ਛਾਪ ਛੱਡਦਾ ਰਿਹਾ ਹੈ। ਇਸ ਕਰ ਕੇ ਪ੍ਰਸਤਾਵਿਤ ਕਮੇਟੀ ਜੇ ਗਈ ਤਾਂ ਇਹ ਧਿਆਨ ਵਿਚ ਰੱਖ ਲਵੇ ਕਿ ਕਾਲੇ ਪਾਣੀਆਂ ਦੀ ਸਜ਼ਾ ਸਿੱਖਾਂ ਨੂੰ ਵੱਖ ਵੱਖ ਕਾਰਨਾਂ ਕਰ ਕੇ ਭੁਗਤਣੀ ਪਈ ਸੀ ਅਤੇ ਉਨ੍ਹਾਂ ਵਿਚੋਂ ਬਹੁਤੇ ਉਥੇ ਹੀ ਵੱਸ ਗਏ ਸਨ। ਉਥੇ ਦੋ ਗੁਰਦੁਆਰੇ ਹਨ ਅਤੇ ਸਿੱਖ ਉਥੋਂ ਦੀ ਵਸੋਂ ਦੇ ਸਨਮਾਨਯੋਗ ਵਾਸੀ ਹਨ। ਫਿਰ ਨਿਤਾਰਨਾ ਕੀ ਹੈ?

ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਜੋ ਕੁਝ ਹੋ ਰਿਹਾ ਹੈ, ਉਹ ਬੜੇ ਧਿਆਨ ਨਾਲ ਨਿਰਖਿਆ ਪਰਖਿਆ ਜਾ ਰਿਹਾ ਹੈ। ਇਹ ਕਿਸ ਨੂੰ ਨਹੀਂ ਪਤਾ ਕਿ ਪੰਜਾਬ ਦੀ ਵਰਤਮਾਨ ਸਥਿਤੀ ਦਾ ਪਰਤ ਦਰ ਪਰਤ ਵਿਸਥਾਰ ਜਿੰਨਾ ਸੌਖਾ ਲੱਗਦਾ ਹੈ, ਇਸ ਦਾ ਅਰਥ ਭਰਪੂਰ ਸੰਖੇਪ ਉਨਾ ਹੀ ਔਖਾ ਲੱਗਦਾ ਹੈ। ਇਸ ਦਾ ਕਾਰਨ ਦਿਸਣ ਅਤੇ ਹੋਣ ਵਿਚਕਾਰ ਪਾੜਾ ਹੈ। ਸਿਆਸੀ-ਸਾਖ ਦੇ ਖੋਰੇ ਨੂੰ ਲੋੜੀਂਦੇ ਬਹਾਨੇ ਮਿਲਦੇ ਗਏ ਸਨ ਅਤੇ ਆਮ ਬੰਦੇ ਦਾ ਸਿਆਸੀ-ਸਿੱਖਾਂ ਵਿਰੁਧ ਗੁੱਸਾ ਸੜਕਾਂ 'ਤੇ ਵਹਿ ਤੁਰਿਆ ਸੀ। ਇਹ ਨਹੀਂ ਭੁੱਲਣਾ ਚਾਹੀਦਾ ਕਿ ਤਖਤਾਂ ਦੇ ਜਥੇਦਾਰ, ਜਿਸ ਤਰ੍ਹਾਂ ਇਸ ਵੇਲੇ ਆਮ ਸਿੱਖਾਂ ਦੇ ਗੁੱਸੇ ਦਾ ਸ਼ਿਕਾਰ ਹੋਏ ਹਨ, ਇਸ ਤਰ੍ਹਾਂ ਇਸ ਨਾਲੋਂ ਮਾੜੇ ਹਾਲਾਤ ਵਿਚ ਵੀ ਪਹਿਲਾਂ ਕਦੇ ਆਪਣਿਆਂ ਦੇ ਗੁੱਸੇ ਦਾ ਸ਼ਿਕਾਰ ਨਹੀਂ ਹੋਏ ਸਨ। ਇਸ ਹਾਲਤ ਵਿਚ ਪੰਜਾਬ ਵਿਚਲੇ ਤਖਤਾਂ ਦੇ ਜਥੇਦਾਰਾਂ ਨੂੰ ਨੈਤਿਕ ਪ੍ਰਤੀਨਿਧ ਵਾਂਗ ਆਪ ਹੀ ਪਾਸੇ ਹੋ ਜਾਣਾ ਚਾਹੀਦਾ ਸੀ। ਅਜਿਹਾ ਨਾ ਹੋ ਸਕਣ ਕਰ ਕੇ ਤਖਤ ਜਥੇਦਾਰ ਅਪ੍ਰਸੰਗਕ ਹੋ ਗਏ ਹਨ। ਜਥੇਦਾਰਾਂ ਦੀ ਬਹਾਲੀ ਵਾਸਤੇ ਜਿਵੇਂ ਉਨ੍ਹਾਂ ਸਿਆਸਤਦਾਨਾਂ ਨੂੰ ਵੀ ਤਲਬ ਕੀਤਾ ਗਿਆ ਹੈ ਜਿਨ੍ਹਾਂ ਨੂੰ ਮਰਿਆਦਾ ਮੁਤਾਬਿਕ ਤਲਬ ਨਹੀਂ ਸੀ ਕੀਤਾ ਜਾ ਸਕਦਾ, ਕਿਉਂਕਿ ਅਜਿਹੀ ਕੋਈ ਪਰੰਪਰਾ ਹੀ ਨਹੀਂ ਹੈ।

> ***ਜਥੇਦਾਰਾਂ ਦਾ ਬਦਲ ਜਿਸ ਤਰ੍ਹਾਂ ਇਸ ਵੇਲੇ ਮਸਲਾ ਬਣ ਗਿਆ ਹੈ, ਇਹ ਤਾਂ ਕਦੇ ਵੀ ਨਹੀਂ ਸੀ। ਇਹ ਸਥਿਤੀ ਪੈਦਾ ਕਰਨ ਵਾਲੇ ਸਿਆਸਤਦਾਨ ਝੂਠ ਦੀ ਸਿਆਸਤ ਕਰ ਰਹੇ ਹਨ। ਇਸ ਮਸਲੇ ਦਾ ਹੱਲ ਕੀਤੇ ਬਿਨਾ ਵਰਤਮਾਨ ਸਥਿਤੀ ਵਿਚੋਂ ਨਿਕਲਣ ਦੀ ਕੋਸ਼ਿਸ਼, ਸਿਆਸੀ ਦੁਸ਼ਵਾਰੀਆਂ ਵਿਚ ਵਾਧਾ ਕਰਦੀ ਤੁਰੀ ਜਾਏਗੀ। ਇਸ ਵਾਸਤੇ ਦੁਸ਼ਵਾਰੀਆਂ ਦੀ ਸਿਆਸਤ ਕਰਨ ਦੀ ਥਾਂ, ਦੁਸ਼ਵਾਰੀਆਂ ਦੇ ਪ੍ਰਬੰਧਨ ਵੱਲ ਕੂਹਣੀ ਮੋੜ ਕੱਟੇ ਜਾਣ ਦੀ ਲੋੜ ਹੈ। ਇਸ ਦੀ ਸ਼ੁਰੂਆਤ ਜਥੇਦਾਰਾਂ ਤੋਂ ਅਸਤੀਫੇ ਲੈ ਕੇ ਨਵੇਂ ਜਥੇਦਾਰਾਂ ਦੀ ਨਿਯੁਕਤੀ ਨਾਲ ਜਿੰਨੀ ਛੇਤੀ ਹੋ ਸਕੇ, ਕਰ ਲੈਣੀ ਚਾਹੀਦੀ ਹੈ।***

ਪਰੰਪਰਾ ਮੁਤਾਬਿਕ ਪੰਜਾਬ ਦਾ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਅਤੇ ਦੇਸ਼ ਦਾ ਗ੍ਰਹਿ ਮੰਤਰੀ ਬੂਟਾ ਸਿੰਘ ਗਲਾਂ ਵਿਚ ਦੋਸ਼ੀ ਹੋਣ ਦੀ ਫੱਟੀ ਪਾ ਕੇ ਹੱਥ ਬੰਨ੍ਹੀ ਅਕਾਲ ਤਖਤ ਸਾਹਿਬ ਦੇ ਫੈਸਲੇ ਨੂੰ ਉਡੀਕਦੇ ਰਹੇ ਸਨ। ਕੀ ਵਰਤਮਾਨ ਜਥੇਦਾਰ ਵੱਲੋਂ ਤਲਬ ਕੀਤੇ ਗਏ ਸਿਆਸਤਦਾਨਾਂ ਨੇ ਅਜਿਹਾ ਕੋਈ ਪ੍ਰਭਾਵ ਦਿੱਤਾ ਸੀ? ਕੀ ਇਹ ਜਥੇਦਾਰ ਦੀ ਜਥੇਦਾਰੀ ਨੂੰ ਸਥਾਪਤ ਕਰਨ ਦਾ ਤਰਲਾ ਹੀ ਤਾਂ ਨਹੀਂ ਸੀ? ਇਸ ਤਰ੍ਹਾਂ ਜਥੇਦਾਰੀ ਸੰਸਥਾ ਦੀ ਪੈਦਾ ਹੋ ਗਈ ਅਪ੍ਰਸੰਗਕਤਾ ਨੇ ਸਿੱਖ ਸੰਗਤ ਨੂੰ ਸਿੱਖ ਭੀੜ ਵਿਚ ਤਬਦੀਲ ਹੋ ਜਾਣ ਦਾ ਮੌਕਾ ਦੇ ਦਿੱਤਾ ਹੈ।

ਜਥੇਦਾਰਾਂ ਦਾ ਬਦਲ ਜਿਸ ਤਰ੍ਹਾਂ ਇਸ ਵੇਲੇ ਮਸਲਾ ਬਣ ਗਿਆ ਹੈ, ਇਹ ਤਾਂ ਕਦੇ ਵੀ ਨਹੀਂ ਸੀ। ਇਹ ਸਥਿਤੀ ਪੈਦਾ ਕਰਨ ਵਾਲੇ ਸਿਆਸਤਦਾਨ ਝੂਠ ਦੀ ਸਿਆਸਤ ਕਰੀ ਜਾ ਰਹੇ ਹਨ। ਇਸ ਮਸਲੇ ਦਾ ਹੱਲ ਕੀਤੇ ਬਿਨਾ ਵਰਤਮਾਨ ਸਥਿਤੀ ਵਿਚੋਂ ਨਿਕਲਣ ਦੀ ਕੋਸ਼ਿਸ਼, ਸਿਆਸੀ ਦੁਸ਼ਵਾਰੀਆਂ ਵਿਚ ਵਾਧਾ ਕਰਦੀ ਤੁਰੀ ਜਾਏਗੀ। ਇਸ ਵਾਸਤੇ ਦੁਸ਼ਵਾਰੀਆਂ ਦੀ ਸਿਆਸਤ ਕਰਨ ਦੀ ਥਾਂ, ਦੁਸ਼ਵਾਰੀਆਂ ਦੇ ਪ੍ਰਬੰਧਨ ਵੱਲ ਕੂਹਣੀ ਮੋੜ ਕੱਟੇ ਜਾਣ ਦੀ ਲੋੜ ਹੈ। ਇਸ ਦੀ ਸ਼ੁਰੂਆਤ ਜਥੇਦਾਰਾਂ ਤੋਂ ਅਸਤੀਫੇ ਲੈ ਕੇ ਨਵੇਂ ਜਥੇਦਾਰਾਂ ਦੀ ਨਿਯੁਕਤੀ ਨਾਲ ਜਿੰਨੀ ਛੇਤੀ ਹੋ ਸਕੇ, ਕਰ ਲੈਣੀ ਚਾਹੀਦੀ ਹੈ। ਜਥੇਦਾਰਾਂ ਦੇ ਪੈਰੋਂ ਵਿਗੜੇ ਹਾਲਾਤ, ਜਥੇਦਾਰਾਂ ਦੁਆਰਾ ਹੀ ਠੀਕ ਹੋ ਸਕਦੇ ਹਨ ਬਸ਼ਰਤਿ ਸਿਆਸਤ ਅਤੇ ਧਰਮ ਨੂੰ ਇਕ ਦੂਜੇ ਨਾਲੋਂ ਨਿੱਖੜ ਕੇ ਆਪੋ ਆਪਣੀ ਭੂਮਿਕਾ ਨਿਭਾਉਣ ਵਾਲੇ ਰਾਹ ਤੁਰਨ ਦਿੱਤਾ ਜਾਵੇ।

ਜਥੇਦਾਰਾਂ ਦੀ ਨਿਯੁਕਤੀ ਨੂੰ ਵੀ ਮਸਲੇ ਵਾਂਗ ਵਿਚਾਰੇ ਜਾਣ ਦੀ ਲੋੜ ਹੈ। ਇਸ ਪ੍ਰਥਾਏ ਇਕ ਕਮੇਟੀ ਬਣੀ ਸੀ ਜਿਸ ਵਿਚ ਮੇਰੇ ਨਾਲ ਡਾ. ਜਸਪਾਲ ਸਿੰਘ, ਪ੍ਰੋ. ਪ੍ਰਿਥੀਪਾਲ ਸਿੰਘ ਕਪੂਰ, ਡਾ. ਕ੍ਰਿਪਾਲ ਸਿੰਘ ਅਤੇ ਡਾ. ਬਲਵੰਤ ਸਿੰਘ ਮੈਂਬਰ ਸਨ। ਇਕ ਮੀਟਿੰਗ ਤਤਕਾਲੀ ਸਕੱਤਰ ਸ. ਦਿਲਮੇਘ ਸਿੰਘ ਨੇ ਸੱਦੀ ਸੀ ਅਤੇ ਇਸ ਵਿਚ ਮੈਂ ਅਤੇ ਡਾ. ਬਲਵੰਤ ਸਿੰਘ ਹੀ ਹਾਜ਼ਰ ਹੋਏ ਸਾਂ। ਮਹਿਸੂਸ ਕੀਤਾ ਗਿਆ ਸੀ ਕਿ ਜੇ ਸਿੱਖ ਸੰਸਥਾਵਾਂ ਦੇ ਮੁਖੀਏ ਹੀ ਕੁਝ ਨਹੀਂ ਕਰਨਾ ਚਾਹੁੰਦੇ ਤਾਂ ਕਮੇਟੀਆਂ ਦਾ ਕੋਈ ਅਰਥ ਹੀ ਨਹੀਂ ਹੈ। ਕਿਸ ਨੂੰ ਨਹੀਂ ਪਤਾ ਕਿ ਇਹ ਧਿਆਨ ਵਿਚ ਰਹਿਣਾ ਚਾਹੀਦਾ ਹੈ ਕਿ ਕਿਸੇ ਵੀ ਤਖਤ ਸਾਹਿਬ ਦੀ ਜਥੇਦਾਰੀ, ਪਦਵੀ ਦਾ ਅਧਿਕਾਰ ਨਹੀਂ ਹੋਣੀ ਚਾਹੀਦੀ, ਕਿਉਂਕਿ ਜਥੇਦਾਰੀ, ਪਦਵੀ ਦੀ ਨੈਤਿਕਤਾ ਹੋਣੀ ਚਾਹੀਦੀ ਹੈ। ਜੋ ਇਸ ਨੂੰ ਨਹੀਂ ਸਮਝਦਾ, ਉਸ ਨੂੰ ਜਥੇਦਾਰੀ ਤੋਂ ਦੂਰ ਰੱਖਣਾ ਚਾਹੀਦਾ ਹੈ। ਜਥੇਦਾਰ ਨੇ ਦੁਨੀਆਂ ਭਰ ਦੇ ਸਿੱਖਾਂ ਦਾ ਪ੍ਰਤੀਨਿਧ ਹੋਣਾ ਹੈ। ਇਸ ਲਈ ਤਖਤ ਜਥੇਦਾਰ ਵਾਸਤੇ ਰੰਗ-ਬਰੰਗੀ ਸਿੱਖ ਸਿਆਸਤ ਦਾ ਭੇਤੀ ਹੋਣਾ ਤਾਂ ਜ਼ਰੂਰੀ ਹੈ, ਪਰ ਸਿੱਖ ਸਿਆਸਤ ਦਾ ਹਿੱਸੇਦਾਰ ਨਹੀਂ ਹੋਣਾ ਚਾਹੀਦਾ। ਲੱਭਾਂਗੇ ਤਾਂ ਇਹੋ ਜਿਹੀ ਯੋਗਤਾ ਵਾਲੇ ਗੁਰਸਿੱਖ ਮਿਲ ਜਾਣਗੇ, ਪਰ ਸੋਚਣ ਵਾਲੀ ਗੱਲ ਇਹ ਹੈ ਕਿ ਜੋ ਸਾਰੇ ਚਾਹੁੰਦੇ ਹਨ, ਉਸ ਨੂੰ ਰੋਕ ਕੌਣ ਰਿਹਾ ਹੈ?

# ਆਵਾਮ, ਹਿੰਸਾ, ਹਥਿਆਰ ਅਤੇ ਸਰਕਾਰ

24 ਮਈ ਨੂੰ ਛੱਤੀਸਗੜ੍ਹ ਦੇ ਸੁਕਮਾ ਜ਼ਿਲ੍ਹੇ ਵਿਚ ਸੀ.ਆਰ.ਪੀ.ਐਫ. ਦੇ 26 ਜਵਾਨਾਂ ਦਾ ਮਾਓਵਾਦੀ ਗੁਰੀਲਾ ਹਮਲੇ ਵਿਚ ਮਾਰੇ ਜਾਣਾ ਬਹੁਤ ਦੁਖਦਾਈ ਹੈ, ਇਸ ਲਈ ਕਿ ਮਰਨ ਵਾਲੇ ਰੋਟੀ-ਰੋਜ਼ੀ ਲਈ ਇਨ੍ਹਾਂ ਬਲਾਂ ਵਿਚ ਭਰਤੀ ਹੋਏ ਆਮ ਲੋਕਾਂ ਦੇ ਜਾਏ ਸਨ। ਉਨ੍ਹਾਂ ਅੱਗੇ ਯਕੀਨੀ ਰੋਜ਼ਗਾਰ ਦੀ ਇਸ ਤੋਂ ਬਿਨਾ ਹੋਰ ਕੋਈ ਚੋਣ ਨਹੀਂ, ਨਹੀਂ ਤਾਂ ਉਹ ਜੰਗਲਾਂ ਵਿਚ ਪੀਣ ਵਾਲੇ ਪਾਣੀ ਦੀ ਅਣਹੋਂਦ 'ਚ ਅਤੇ ਮਲੇਰੀਏ ਨਾਲ ਜਾਨਾਂ ਗਵਾਉਣ ਦੀ ਇਸ 'ਦੇਸ਼ਭਗਤੀ' ਦੀ ਬਜਾਏ ਆਮ ਜ਼ਿੰਦਗੀ ਜਿਉਣ ਨੂੰ ਤਰਜੀਹ ਦਿੰਦੇ! ਇਸੇ ਤਰ੍ਹਾਂ ਜਿਨ੍ਹਾਂ 31 ਮਾਓਵਾਦੀਆਂ ਨੂੰ ਪਿਛਲੇ ਸਾਲ 24 ਅਕਤੂਬਰ ਨੂੰ ਮਲਕਾਨਗਿਰੀ (ਉੜੀਸਾ) ਵਿਚ ਸਰਕਾਰੀ ਬੰਦੂਕਾਂ ਨੇ ਗੋਲੀਆਂ ਨਾਲ ਭੁੰਨ ਕੇ 'ਮੁਕਾਬਲੇ' ਦੀ ਕਹਾਣੀ ਘੜੀ ਸੀ, ਉਹ ਵੀ ਲੋਕਾਂ ਦੇ ਧੀਆਂ-ਪੁੱਤ ਸਨ, ਪਰ ਉਦੋਂ ਹਾਕਮ ਜਮਾਤੀ ਕੋੜਮੇ ਅਤੇ ਮੀਡੀਆ ਦੇ ਜ਼ਿਆਦਾਤਰ ਹਿੱਸੇ ਦਾ

**ਬੂਟਾ ਸਿੰਘ**
ਫੋਨ: +91-94634-74342

ਪ੍ਰਤੀਕਰਮ ਵੱਖਰੀ ਤਰ੍ਹਾਂ ਦਾ ਸੀ। ਉਦੋਂ ਸੁਰੱਖਿਆ ਬਲਾਂ ਦੀਆਂ ਮਾਓਵਾਦੀਆਂ ਨੂੰ ਅਖੌਤੀ ਮੁਕਾਬਲਿਆਂ ਵਿਚ ਮਾਰਨ ਦੀਆਂ 'ਜਿੱਤਾਂ' ਦੇ ਜਸ਼ਨ ਮਨਾਏ ਜਾਂਦੇ ਹਨ। ਇਹ ਦਾਅਵਾ ਹੁਬ ਕੇ ਕੀਤਾ ਜਾ ਰਿਹਾ ਹੈ ਕਿ 2015 ਦੇ ਮੁਕਾਬਲੇ ਸੰਨ 2016 ਵਿਚ ਮੁਕਾਬਲਿਆਂ ਵਿਚ ਮਾਓਵਾਦੀਆਂ ਦੇ ਸਫ਼ਾਏ ਵਿਚ 150 ਫ਼ੀਸਦੀ ਵਾਧਾ ਹੋਇਆ ਹੈ। 'ਸੁਰੱਖਿਆ' ਬਲਾਂ ਦੇ ਮਾਰੇ ਜਾਣ 'ਤੇ ਸਵਾਲ ਨੂੰ ਜਜ਼ਬਾਤੀ ਰੰਗਤ ਦੇ ਕੇ ਅਸਲ ਕਹਾਣੀ ਨੂੰ ਲੁਕੋਇਆ ਜਾਂਦਾ ਹੈ। ਲਿਹਾਜ਼ਾ, ਹਿੰਦੁਸਤਾਨ ਦੀ ਸਰਜ਼ਮੀਨ ਉਪਰ ਦਹਾਕਿਆਂ ਤੋਂ ਚਲ ਰਹੇ 'ਹਿੰਸਕ' ਵਰਤਾਰਿਆਂ ਦੀਆਂ ਤਹਿਆਂ ਨੂੰ ਸਮਝਣਾ ਜ਼ਰੂਰੀ ਹੈ।

ਮਾਓਵਾਦੀ ਪਾਰਟੀ ਨੇ ਆਪਣਾ ਪੱਖ ਸਪਸ਼ਟ ਕੀਤਾ ਹੈ ਕਿ ਉਨ੍ਹਾਂ ਨੇ ਇਹ ਕਾਰਵਾਈ ਸਰਕਾਰੀ ਲਸ਼ਕਰਾਂ ਵਲੋਂ ਛੱਤੀਸਗੜ੍ਹ ਵਿਚ ਔਰਤਾਂ ਨਾਲ ਕੀਤੇ ਜਾ ਰਹੇ ਜਬਰ ਜਨਾਹਾਂ, ਝੂਠੇ ਮੁਕਾਬਲਿਆਂ ਰਾਹੀਂ ਕਤਲਾਂ ਅਤੇ ਹਿੰਸਾ ਦੇ ਜਵਾਬ ਵਿਚ ਕੀਤੀ ਹੈ। ਉਨ੍ਹਾਂ ਨੇ ਇਹ ਵੀ ਸਪਸ਼ਟ ਕੀਤਾ ਹੈ ਕਿ ਸਰਕਾਰੀ ਤਾਕਤਾਂ ਦੇ ਆਮ ਜਵਾਨ ਉਨ੍ਹਾਂ ਦੇ ਦੁਸ਼ਮਣ ਨਹੀਂ, ਉਨ੍ਹਾਂ ਨੂੰ ਹਕੂਮਤੀ ਨੀਤੀਆਂ ਦੇ ਸੰਦ ਬਣ ਕੇ ਜਬਰ ਦਾ ਸਿਲਸਿਲਾ ਬੰਦ ਕਰਨਾ ਚਾਹੀਦਾ ਹੈ। ਮਾਓਵਾਦੀਆਂ ਦੀ ਦਲੀਲ ਵਿਚ ਵਜ਼ਨ ਹੈ। ਇਸ ਵਕਤ ਛੱਤੀਸਗੜ੍ਹ ਵਿਚ ਤਾਇਨਾਤ ਸੀ.ਆਰ.ਪੀ.ਐਫ. ਦੀਆਂ 28 ਬਟਾਲੀਅਨਾਂ ਵਿਚੋਂ 12 ਇਕੱਲੇ ਸੁਕਮਾ ਜ਼ਿਲ੍ਹੇ ਵਿਚ ਤਾਇਨਾਤ ਹਨ ਜਿਸ ਦੀ ਵਸੋਂ ਮਹਿਜ਼ ਢਾਈ ਲੱਖ ਦੇ ਕਰੀਬ ਹੈ। ਉਥੇ ਆਮ ਨਾਗਰਿਕਾਂ ਅਤੇ ਸਰਕਾਰੀ ਬਲਾਂ ਦਾ ਅਨੁਪਾਤ 14:1 ਹੈ। ਖ਼ੁਫ਼ੀਆ ਏਜੰਸੀਆਂ, ਪੁਲਿਸ, ਵਿਸ਼ੇਸ਼ ਪੁਲਿਸ ਅਫ਼ਸਰ ਅਤੇ ਗ਼ੈਰਕਾਨੂੰਨੀ ਹਥਿਆਰਬੰਦ ਗਰੁੱਪ ਇਸ ਤੋਂ ਵੱਖਰੇ ਹਨ। ਮੁੱਖ ਸਵਾਲ ਇਹ ਹੈ ਕਿ ਅੰਡਰ ਬੈਰਲ ਗਰਨੇਡ ਲਾਂਚਰ ਵਰਗੇ ਘਾਤਕ ਹਥਿਆਰਾਂ ਨਾਲ ਲੈਸ ਇਹ ਅਖੌਤੀ 'ਸੁਰੱਖਿਆ' ਬਲ ਉਥੇ ਕਿਸ ਮਨੋਰਥ ਲਈ ਤਾਇਨਾਤ ਹਨ, ਇਹ ਕਿਸ ਦੀ 'ਸੁਰੱਖਿਆ' ਕਰ ਰਹੀਆਂ ਹਨ ਅਤੇ ਸਟੇਟ ਵਲੋਂ ਉਥੇ, ਖ਼ਾਸ ਕਰ ਕੇ 2005 ਤੋਂ ਲੈ ਕੇ ਜੋ ਕਤਲੇਆਮ ਕਰਵਾਇਆ ਜਾ ਰਿਹਾ ਹੈ, ਉਸ ਦੀ ਵਾਜਬੀਅਤ ਕੀ ਹੈ? ਆਪਣੇ ਹੀ ਲੋਕਾਂ ਵਿਰੁੱਧ ਐਸੀ ਜੰਗ ਦੀ ਜ਼ਰੂਰਤ ਆਖ਼ਿਰਕਾਰ ਸਟੇਟ ਨੂੰ ਕਿਉਂ ਹੈ?

ਸਵਾਲ ਤਾਂ ਇਹ ਵੀ ਹੈ ਕਿ ਖੋਜੀ ਪੱਤਰਕਾਰਾਂ, ਅਸਲ ਤੱਥ ਸਾਹਮਣੇ ਲਿਆਉਣ ਲਈ ਸਰਗਰਮ ਮਨੁੱਖੀ ਅਧਿਕਾਰ ਅਤੇ ਹੋਰ ਜਮਹੂਰੀ ਕਾਰਕੁਨਾਂ ਉਪਰ ਉਥੇ ਜਾਣ 'ਤੇ ਪਾਬੰਦੀਆਂ ਕਿਉਂ ਹਨ? ਇਥੋਂ ਤਕ ਕਿ ਜੇ ਮੀਡੀਆ ਦੇ ਕਿਸੇ ਹਿੱਸੇ ਵਿਚ ਇਸ ਉਪਰ ਚਰਚਾ ਕਰਨ ਲਈ ਮਨੁੱਖੀ ਹੱਕਾਂ ਦੇ ਕਾਰਕੁਨਾਂ ਨੂੰ ਬੁਲਾਇਆ ਜਾਂਦਾ ਹੈ ਤਾਂ ਉਸ ਮੀਡੀਆ ਚੈਨਲ ਨੂੰ ਵੀ ਧਮਕੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੁਕਮਾ ਦਾ ਹਾਲੀਆ ਕਾਂਡ ਵਾਪਰਨ 'ਤੇ ਟੀ.ਵੀ. ਟੂਡੇ ਦੇ ਸਲਾਹਕਾਰ ਸੰਪਾਦਕ ਅਤੇ ਉਘੇ ਪੱਤਰਕਾਰ ਰਾਜਦੀਪ ਸਰਦੇਸਾਈ ਵਲੋਂ ਪੈਨਲ ਡਿਸਕਸ਼ਨ ਵਿਚ ਗ੍ਰਹਿ ਰਾਜ ਮੰਤਰੀ ਹੰਸਰਾਜ ਅਹੀਰ ਅਤੇ ਪੁਲਿਸ ਅਫ਼ਸਰ ਦਿਲੀਪ ਤ੍ਰਿਵੇਦੀ ਨਾਲ ਦਿੱਲੀ ਯੂਨੀਵਰਸਿਟੀ ਦੀ ਪ੍ਰੋਫੈਸਰ ਨੰਦਿਨੀ

## ਦੱਬੇ-ਕੁਚਲੇ ਲੋਕ 'ਹਿੰਸਾ' ਦੇ ਰਾਹ ਕਿਉਂ?

***ਭਾਰਤ ਅੰਦਰ ਮਾਓਵਾਦੀਆਂ ਨਾਲ ਸਬੰਧਤ ਜਦ ਵੀ ਕੋਈ ਵੱਡੀ ਘਟਨਾ ਵਾਪਰਦੀ ਹੈ ਤਾਂ ਸਰਕਾਰ ਅਤੇ ਮੁੱਖ ਧਾਰਾ ਵਾਲਾ ਮੀਡੀਆ ਮਾਓਵਾਦੀਆਂ ਅਤੇ ਇਨ੍ਹਾਂ ਦੀ ਸਿਆਸਤ ਨੂੰ ਭੰਡਣ ਤੁਰ ਪੈਂਦਾ ਹੈ। ਹਕੀਕਤ ਅਤੇ ਤੱਥਾਂ ਨੂੰ ਦਰਕਿਨਾਰ ਕਰ ਕੇ ਅਜਿਹੇ ਮੁੱਦੇ ਉਭਾਰਨ ਦਾ ਯਤਨ ਕੀਤਾ ਜਾਂਦਾ ਹੈ ਜਿਨ੍ਹਾਂ ਦੀ ਮਦਦ ਨਾਲ ਉਨ੍ਹਾਂ ਨੂੰ ਅਤਿਵਾਦੀ ਸਾਬਤ ਕੀਤਾ ਜਾ ਸਕੇ। ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਇਸ ਨੁਕਤੇ ਤੋਂ ਸਮੁੱਚੇ ਹਾਲਾਤ ਦੀ ਚੀਰ-ਫਾੜ ਆਪਣੇ ਇਸ ਲੇਖ ਵਿਚ ਕੀਤੀ ਹੈ ਅਤੇ ਦੱਸਿਆ ਹੈ ਕਿ ਹਕੀਕਤ ਉਤੇ ਕਿਸ ਤਰ੍ਹਾਂ ਪਰਦਾ ਪਾਇਆ ਜਾਂਦਾ ਹੈ। -ਸੰਪਾਦਕ***

ਸੁੰਦਰ ਨੂੰ ਆਪਣੇ ਟਾਕ-ਸ਼ੋਅ ਵਿਚ ਸ਼ਾਮਲ ਕੀਤਾ ਗਿਆ। ਇਸ 'ਤੇ 'ਲੀਗਲ ਰਾਈਟਸ ਆਬਜ਼ਰਬੇਟਰੀ' (ਐਲ.ਆਰ.ਓ.) ਨਾਂ ਦਾ ਬੇਪਛਾਣ ਗਰੁਪ ਤੁਰੰਤ ਹਰਕਤ ਵਿਚ ਆ ਗਿਆ ਕਿ ਚੈਨਲ ਉਪਰ ਚਰਚਾ ਲਈ 'ਖੁੱਲ੍ਹੀ ਨਕਸਲੀ ਕਾਰਕੁਨ' ਨੂੰ ਕਿਉਂ ਸੱਦਿਆ ਗਿਆ ਜੋ 'ਸਾਡੇ ਫ਼ੌਜੀ ਦਸਤਿਆਂ ਨੂੰ ਬਦਨਾਮ ਕਰਨ ਅਤੇ ਖ਼ੂਨ ਦੇ ਤਿਹਾਏ ਨਕਸਲੀਆਂ ਤੇ ਮਾਓਵਾਦੀਆਂ ਦੇ ਗੁਣ ਗਾਉਣ ਦੇ ਏਜੰਡੇ ਤਹਿਤ ਕੰਮ ਕਰ ਰਹੀ ਹੈ।' ਵਿਨੇ ਜੋਸ਼ੀ ਨਾਂ ਦੇ ਬੰਦੇ ਵਲੋਂ ਚੈਨਲ ਦੇ ਪ੍ਰਬੰਧਕਾਂ ਨੂੰ ਈ-ਮੇਲ ਭੇਜ ਕੇ 'ਇਹ ਬੇਹਯਾ ਹਰਕਤ ਕਰਨ ਵਾਲੇ ਸੰਪਾਦਕ ਸਰਦੇਸਾਈ ਅਤੇ ਸੰਪਾਦਕੀ ਟੀਮ



ਦੇ ਹੋਰ ਮੈਂਬਰਾਂ ਵਿਰੁਧ ਸਖ਼ਤ ਕਾਰਵਾਈ ਦੀ ਮੰਗ' ਕੀਤੀ ਗਈ। ਅਜਿਹਾ ਨਾ ਕਰਨ 'ਤੇ ਉਸ ਵਲੋਂ ਚੈਨਲ ਖ਼ਿਲਾਫ਼ ਗ਼ੈਰਕਾਨੂੰਨੀ ਕਾਰਵਾਈਆਂ ਰੋਕੂ ਐਕਟ ਤਹਿਤ ਸ਼ਿਕਾਇਤ ਦਰਜ ਕਰਾਉਣ ਦੀ ਧਮਕੀ ਦਿੱਤੀ ਗਈ। ਹੁਣ ਇਹ ਸ਼ਿਕਾਇਤ ਦਰਜਾ ਕਰਾ ਦਿੱਤੀ ਗਈ ਹੈ। ਸ਼ਿਕਾਇਤ ਕਰਤਾਵਾਂ ਵਿਚ ਸੱਜੇ ਪੱਖੀ ਫ਼ਿਲਮਸਾਜ਼ ਵਿਵੇਕ ਅਗਨੀਹੋਤਰੀ ਵੀ ਹੈ ਜਿਸ ਨੇ ਨਕਸਲੀ ਮੁੱਦੇ ਉਪਰ 'ਬੁੱਧਾ ਇਨ ਏ ਟਰੈਫਿਕ ਜਾਮ' ਫਿਲਮ ਬਣਾਈ ਸੀ। ਸ਼ਿਕਾਇਤ ਦਰਜ ਕਰਾ ਕੇ ਅਗਨੀਹੋਤਰੀ ਨੇ ਟਵੀਟ ਕੀਤਾ- 'ਅਸੀਂ ਸ਼ਹਿਰੀ ਨਕਸਲੀਆਂ ਨੂੰ ਇਸ ਤਰ੍ਹਾਂ ਇਕ ਇਕ ਕਰ ਕੇ ਖ਼ਤਮ ਕਰ ਰਹੇ ਹਾਂ।'

ਇਹ ਇਸ਼ਾਰਾ ਹੈ, ਟੀ.ਵੀ. ਚੈਨਲਾਂ ਤੇ ਹੋਰ ਮੀਡੀਆ ਨੂੰ, ਕਿ ਜੇ ਸਵਾਲ ਉਠਾਉਣੇ ਬੰਦ ਨਹੀਂ ਕੀਤੇ ਜਾਣਗੇ ਤਾਂ ਉਨ੍ਹਾਂ ਨੂੰ ਵੀ 90 ਫ਼ੀਸਦੀ ਅਪਾਹਜ ਪ੍ਰੋਫੈਸਰ ਸਾਈਬਾਬਾ ਵਾਂਗ ਰਾਜ ਧ੍ਰੋਹ ਦੇ ਇਲਜ਼ਾਮ ਹੇਠ ਜੇਲ੍ਹ ਭੇਜਿਆ ਜਾ ਸਕਦਾ ਹੈ ਅਤੇ ਪ੍ਰੋਫੈਸਰ ਨੰਦਿਨੀ ਸੁੰਦਰ ਵਾਂਗ ਕਤਲ ਦੀ ਐਫ.ਆਈ.ਆਰ. ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਟੇਟ ਮਸ਼ੀਨਰੀ ਦੇ ਅੰਦਰੋਂ ਸਵਾਲ ਉਠਾਉਣ ਵਾਲੇ ਵੀ ਨਿਸ਼ਾਨੇ 'ਤੇ ਹਨ। ਛੱਤੀਸਗੜ੍ਹ ਸਰਕਾਰ ਨੇ ਰਾਏਪੁਰ ਦੀ ਡਿਪਟੀ ਜੇਲ੍ਹਰ ਵਰਸ਼ਾ ਡੋਂਗਰੇ ਨੂੰ ਨੋਟਿਸ ਜਾਰੀ ਕਰ ਕੇ ਜਵਾਬ-ਤਲਬੀ ਕੀਤੀ ਹੈ। ਉਸ ਨੇ ਆਪਣੀ ਫੇਸਬੁੱਕ ਵਾਲ ਉਪਰ ਟਿਪਣੀ ਕੀਤੀ ਸੀ: 'ਮੈਨੂੰ ਲਗਦਾ ਹੈ ਕਿ ਇਕ ਵਾਰ ਸਾਨੂੰ ਸਾਰਿਆਂ ਨੂੰ ਆਪਣੇ ਗਿਰੇਵਾਨ ਵਿਚ ਝਾਕਣਾ ਚਾਹੀਦਾ ਹੈ, ਸਚਾਈ ਖ਼ੁਦ-ਬ-ਖ਼ੁਦ ਸਾਹਮਣੇ ਆ ਜਾਵੇਗੀ। ਘਟਨਾ ਵਿਚ ਦੋਨੋਂ ਪਾਸੇ ਮਰਨ ਵਾਲੇ ਦੇਸ਼ ਵਾਸੀ ਹਨ।' ਉਸ ਨੇ ਕਿਹਾ ਸੀ ਕਿ ਲਗਦਾ ਨਹੀਂ ਹੈ, ਇਹ ਸਭ ਕੁਝ ਸਰਕਾਰ ਨਕਸਲਵਾਦ ਨੂੰ ਖ਼ਤਮ ਕਰਨ ਲਈ ਕਰ ਰਹੀ ਹੈ।

ਮਾਓਵਾਦੀਆਂ ਨੂੰ ਕੁਚਲਣ ਲਈ ਹੋਰ ਸਖ਼ਤੀ ਵਰਤਣ ਅਤੇ ਹੋਰ ਜ਼ਿਆਦਾ ਬਲ ਭੇਜਣ ਦੀ ਮੰਗ ਕਰਨ ਵਾਲੇ ਅਖੌਤੀ ਦੇਸ਼ ਭਗਤ, ਹੁਕਮਰਾਨਾਂ ਅਤੇ ਆਪਣੇ ਆਪ ਨੂੰ ਇਹ ਸਵਾਲ ਕਦੇ ਨਹੀਂ ਕਰਦੇ ਜਾਂ ਕਰਨਾ ਨਹੀਂ ਚਾਹੁੰਦੇ ਕਿ ਚਾਹੇ ਛੱਤੀਸਗੜ੍ਹ ਹੈ ਜਾਂ ਕਸ਼ਮੀਰ, ਉਥੇ ਆਮ ਲੋਕ ਸਰਕਾਰੀ ਲਸ਼ਕਰਾਂ ਦੇ ਖ਼ਿਲਾਫ਼ ਜਾ ਕੇ 'ਹਿੰਸਾਪਸੰਦ' ਤਾਕਤਾਂ ਦੇ ਸਹਿਯੋਗੀ ਕਿਉਂ ਹਨ? ਸੱਤਾਧਾਰੀਆਂ ਦੇ ਦਾਅਵੇ ਅਤੇ ਜ਼ਮੀਨੀ ਹਕੀਕਤ ਪੂਰੀ ਤਰ੍ਹਾਂ ਉਲਟ ਕਿਉਂ ਹੈ? ਕੇਂਦਰ ਸਰਕਾਰ ਅਤੇ ਓਪਰੇਸ਼ਨਾਂ ਦੇ ਇੰਚਾਰਜ ਪੁਲਿਸ ਅਧਿਕਾਰੀ ਲਗਾਤਾਰ ਦਾਅਵੇ ਕਰ ਰਹੇ ਹਨ ਕਿ ਲੋਕ ਮਾਓਵਾਦੀ ਹਿੰਸਾ ਤੋਂ ਤੰਗ ਆ ਚੁੱਕੇ ਹਨ, ਛੇਤੀ ਹੀ ਉਨ੍ਹਾਂ ਦਾ ਨਾਮ-ਨਿਸ਼ਾਨ ਮਿਟਾ ਦਿੱਤਾ ਜਾਵੇਗਾ। ਛੱਤੀਸਗੜ੍ਹ ਦੇ ਮੁੱਖ ਮੰਤਰੀ ਨੇ ਪਿੱਛੇ ਜਿਹੇ ਬਿਆਨ ਦਿੱਤਾ ਸੀ ਕਿ ਮਾਓਵਾਦੀਆਂ ਦਾ ਆਧਾਰ ਸੁੰਗੜ ਕੇ ਪੰਚਾਇਤ ਸਮਿਤੀ ਦੇ ਇਲਾਕੇ ਜਿੰਨਾ ਰਹਿ ਗਿਆ ਹੈ, ਕਿਉਂਕਿ ਉਥੇ ਸੜਕਾਂ ਅਤੇ ਮੋਬਾਈਲ ਟਾਵਰਾਂ ਦਾ ਜਾਲ ਵਿਛਾ ਕੇ ਬਹੁਤ ਵਿਕਾਸ ਕਰ ਦਿੱਤਾ ਗਿਆ ਹੈ। ਨੋਟਬੰਦੀ ਤੋਂ ਬਾਅਦ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰਾਲੇ ਨੇ ਵਾਰ-ਵਾਰ ਉਚੇਚਾ ਦਾਅਵਾ ਕੀਤਾ ਕਿ ਮਾਓਵਾਦੀਆਂ ਅਤੇ ਕਸ਼ਮੀਰੀ ਵੱਖਵਾਦੀਆਂ ਦੀ ਵਿਤੀ 'ਲਾਈਫ਼-ਲਾਈਨ' ਖ਼ਤਮ ਕਰ ਦਿੱਤੀ ਗਈ ਹੈ ਅਤੇ ਹੁਣ

> *ਅੱਜ ਦੇ ਹਾਕਮਾਂ ਵਾਂਗ ਧਾੜਵੀ ਗੋਰੇ ਬਸਤੀਵਾਦੀ ਵੀ 'ਅਮਨ-ਕਾਨੂੰਨ' ਦੀ ਦੁਹਾਈ ਦੇ ਕੇ ਹਿੰਦੁਸਤਾਨੀ ਲੋਕਾਂ ਦੀ 'ਹਿੰਸਾ' ਅਤੇ 'ਦਹਿਸ਼ਤਵਾਦ' ਨੂੰ ਭੰਡਦੇ ਸਨ। ਇਸ ਦਾ ਬਾਦਲੀਲ ਜਵਾਬ ਸ਼ਹੀਦ ਭਗਤ ਸਿੰਘ ਹੋਰਾਂ ਨੇ ਦਿੱਤਾ ਸੀ- 'ਅਮਨ ਕਾਨੂੰਨ' ਮਨੁੱਖ ਵਾਸਤੇ ਹੈ, ਨਾ ਕਿ ਮਨੁੱਖ 'ਅਮਨ ਕਾਨੂੰਨ' ਵਾਸਤੇ। ਉਨ੍ਹਾਂ ਨੇ ਧਾੜਵੀ ਰਾਜ ਨੂੰ ਸਿੱਧੀ ਚੁਣੌਤੀ ਦਿੰਦਿਆ ਕਿਹਾ ਸੀ- 'ਯੁੱਧ ਚੱਲ ਰਿਹਾ ਹੈ ਤੇ ਇਹ ਤਦ ਤਕ ਚਲਦਾ ਰਹੇਗਾ, ਜਦ ਤੱਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਨ੍ਹਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਨੋਂ ਰਲਵੇਂ।'*

ਉਨ੍ਹਾਂ ਦੀ ਲੜਾਕੂ ਸਮਰੱਥਾ ਦਾ ਲੱਕ ਟੁੱਟ ਜਾਵੇਗਾ। ਕਸ਼ਮੀਰ ਘਾਟੀ ਦਾ ਸੱਚ ਹਾਲੀਆ ਜ਼ਿਮਨੀ ਚੋਣ ਵਿਚ 7 ਫ਼ੀਸਦੀ ਪੋਲਿੰਗ ਅਤੇ ਵਿਦਿਆਰਥਣਾਂ ਵਲੋਂ ਸਰਕਾਰੀ ਬਖਤਰਬੰਦ ਗੱਡੀਆਂ ਉਪਰ ਕੀਤੇ ਜਾ ਰਹੇ ਪਥਰਾਓ ਨੇ ਜੱਗ ਜ਼ਾਹਰ ਕਰ ਦਿੱਤਾ ਹੈ। ਉਧਰ ਮਾਓਵਾਦੀ ਗੜ੍ਹਾਂ ਵਿਚ ਇਕ ਪਿੱਛੋਂ ਇਕ ਗੁਰੀਲਾ ਹਮਲੇ ਸਾਬਤ ਕਰ ਰਹੇ ਹਨ ਕਿ ਲੋਕ ਸਰਕਾਰ ਨਾਲ ਨਹੀਂ, ਉਨ੍ਹਾਂ ਦੇ ਨਾਲ ਹਨ ਜਿਨ੍ਹਾਂ ਨੂੰ 'ਮੁਲਕ ਦੀ ਅੰਦਰੂਨੀ ਸੁਰੱਖਿਆ ਲਈ ਸਭ ਤੋਂ ਵੱਡਾ ਖ਼ਤਰਾ' ਕਿਹਾ ਜਾ ਰਿਹਾ ਹੈ। ਇਸ ਸੱਚ ਨੂੰ ਲੁਕੋਣ ਲਈ ਸਵਾਲ ਉਠਾਉਣ ਵਾਲੇ 'ਸ਼ਹਿਰੀ ਨਕਸਲੀਆਂ ਨੂੰ ਇਕ ਇਕ ਕਰ ਕੇ ਖ਼ਤਮ ਕਰਨਾ', ਚੈਨਲਾਂ ਨੂੰ ਖੁੱਲ੍ਹੀ ਚਰਚਾ ਬੰਦ ਕਰਨ ਅਤੇ ਸੱਤਾਧਾਰੀ ਧਿਰ ਦੀ ਪਸੰਦ ਦੇ ਮਸਲਾ 'ਮਾਹਰਾਂ' ਨੂੰ ਬੁਲਾਉਣ ਲਈ ਧਮਕਾਉਣਾ ਸੱਤਾਧਾਰੀਆਂ ਲਈ ਜ਼ਰੂਰੀ ਹੋ ਗਿਆ ਹੈ। ਸੱਤਾਧਾਰੀ ਜਮਾਤ ਚਾਹੁੰਦੀ ਹੈ ਕਿ ਮਾਓਵਾਦੀ ਸਵਾਲ ਉਪਰ ਚਰਚਾ ਨੂੰ 'ਮਾਓਵਾਦੀ ਹਿੰਸਾ' ਉਪਰ ਕੇਂਦਰਤ ਰੱਖਿਆ ਜਾਵੇ ਅਤੇ ਸਰਕਾਰੀ ਲਸ਼ਕਰਾਂ ਵਲੋਂ ਕੀਤੇ ਜਾ ਰਹੇ ਜਬਰ ਜਨਾਹਾਂ, ਝੂਠੇ ਮੁਕਾਬਲਿਆਂ ਅਤੇ ਮਨੁੱਖੀ ਹੱਕਾਂ ਦੇ ਘਾਣ ਅਤੇ ਰੋਜ਼ਮਰਾ ਢਾਂਚਾਗਤ ਹਿੰਸਾ ਦੀ ਗੱਲ ਹੀ ਨਾ ਹੋਵੇ। ਚਰਚਾ ਵਿਚ ਸਿਰਫ਼ ਸਰਕਾਰ ਵਲੋਂ ਲਿਖੀ ਸਕਰਿਪਟ ਪੜ੍ਹ ਕੇ ਸੁਣਾਉਣਾ ਹੀ ਦੇਸ਼ ਭਗਤੀ ਹੈ।

ਪਰ ਉਹ ਇਸ ਸਚਾਈ ਨੂੰ ਕਿਵੇਂ ਦਬਾ ਦੇਣਗੇ ਕਿ ਜੇ ਇਨਸਾਨਾਂ ਦੇ ਕਤਲ ਹੀ ਹਿੰਸਾ ਅਤੇ ਦਹਿਸ਼ਤਗਰਦੀ ਹੈ ਤਾਂ ਇਸ ਪੈਮਾਨੇ ਅਨੁਸਾਰ ਸਭ ਤੋਂ ਵੱਧ ਹਿੰਸਕ ਅਤੇ ਦਹਿਸ਼ਤਗਰਦ ਤਾਂ ਇਹ ਰਾਜ ਪ੍ਰਬੰਧ ਅਤੇ ਇਸ ਦੇ ਹੁਕਮਰਾਨ ਹਨ ਜਿਨ੍ਹਾਂ ਨੇ 70 ਸਾਲ ਵਿਚ ਸਮਾਜ ਨੂੰ ਮੁੱਢਲੀਆਂ ਮਨੁੱਖੀ ਲੋੜਾਂ ਮੁਹੱਈਆ ਕਰਾਉਣ ਦੀ ਬਜਾਏ ਸਮਾਜੀ ਬੇਚੈਨੀ ਨੂੰ ਹਮੇਸ਼ਾ ਰਾਜਕੀ ਦਮਨ ਅਤੇ ਸਰਕਾਰੀ ਬੰਦੂਕਾਂ ਦੇ ਜ਼ੋਰ ਦਬਾਉਣਾ ਚਾਹਿਆ ਹੈ। ਵਿਕਾਸ ਦੇ ਨਾਂ ਹੇਠ ਥੋਪੀਆਂ ਉਦਾਰਵਾਦੀ ਨੀਤੀਆਂ ਇਸ ਨਾਬਰਾਬਰੀ, ਵਾਂਝੇਪਣ ਅਤੇ ਸਮਾਜੀ ਬੇਚੈਨੀ ਨੂੰ ਬੇਤਹਾਸ਼ਾ ਜ਼ਰਬਾਂ ਦੇ ਰਹੀਆਂ ਹਨ। ਇਸ ਦਾ ਸਬੂਤ ਹਾਲ ਹੀ ਵਿਚ ਨਾਬਰਾਬਰੀ ਦੀ ਪੋਲ ਖੋਲ੍ਹਦੀ ਰਿਪੋਰਟ ਹੈ। ਨਵੀਂ ਦਿੱਲੀ ਵਿਖੇ ਯੂ.ਐਨ. ਗਲੋਬਲ ਕੰਪੈਕਟ (ਯੂ.ਐਨ.ਜੀ.ਸੀ.) ਦੇ ਸੰਮੇਲਨ ਵਿਚ ਜਾਰੀ ਰਿਪੋਰਟ ਨੇ ਮੁਲਕ ਵਿਚ ਵਧ ਰਹੀ ਨਾਬਰਾਬਰੀ ਦਾ ਖ਼ੁਲਾਸਾ ਕੀਤਾ ਹੈ। ਹਿੰਦੁਸਤਾਨ ਟਾਈਮਜ਼ (28 ਅਪਰੈਲ) ਅਨੁਸਾਰ, ਗ਼ੈਰਮੁਨਾਫ਼ਾਕਾਰੀ ਸੰਸਥਾ ਬਿਜਨੈੱਸ ਐਂਡ ਸਸਟੇਨੇਬਲ ਡਿਵੈਲਪਮੈਂਟ ਕਮਿਸ਼ਨ (ਕਾਰੋਬਾਰ ਅਤੇ ਟਿਕਾਊ ਵਿਕਾਸ ਕਮਿਸ਼ਨ) ਵਲੋਂ ਛਾਪੀ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਦੌਲਤ ਦੀ ਨਾਬਰਾਬਰੀ ਵਿਚ ਹਿੰਦੁਸਤਾਨ ਰੂਸ ਤੋਂ ਬਾਅਦ ਦੂਜੇ ਨੰਬਰ 'ਤੇ ਹੈ, ਇਥੇ ਮਹਿਜ਼ 1 ਫ਼ੀਸਦੀ ਲੋਕਾਂ ਕੋਲ ਮੁਲਕ ਦੀ 53 ਫੀਸਦੀ ਦੌਲਤ ਹੈ। ਇਕ ਹੋਰ ਸੰਸਥਾ ਆਕਸਫੌਮ ਨੇ ਆਪਣੇ ਅਧਿਐਨ ਵਿਚ ਇਹ ਅੰਕੜਾ 58 ਫਸਿਦੀ ਦੱਸਿਆ ਸੀ। ਆਕਸਫੌਮ ਅਨੁਸਾਰ, ਮੁਲਕ ਦੇ ਕੇਵਲ 57 ਧਨਕੁਬੇਰਾਂ ਕੋਲ ਉਨੀ ਦੌਲਤ ਹੈ, ਜਿੰਨੀ ਮੁਲਕ ਦੀ ਹੇਠਲੀ 70 ਫੀਸਦੀ ਵਸੋਂ ਕੋਲ ਹੈ। ਇਸ ਤੋਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਵਿਕਾਸ ਦੇ ਨਾਂ ਹੇਠ ਹੁਕਮਰਾਨਾਂ ਦੀ ਮਿਲੀਭੁਗਤ ਨਾਲ ਕਾਰਪੋਰੇਟ ਸਰਮਾਏਦਾਰ ਇਸ ਮੁਲਕ ਦੀ ਦੌਲਤ ਨੂੰ ਕਿਵ ਗਿਰਝਾਂ ਵਾਂਗ ਨੋਚ ਕੇ ਖਾ ਰਹੇ ਹੈ। ਜੇ 'ਵਿਕਾਸ' ਦਾ ਸੱਚ ਇਹ ਹੈ ਤਾਂ ਆਪਣੇ ਹਿੱਤਾਂ ਅਤੇ ਜ਼ਿੰਦਗੀ ਦੀ ਸੁਰੱਖਿਆ ਲਈ ਸਮੂਹਿਕ ਤੌਰ 'ਤੇ ਲੜਨਾ ਇਸ 'ਵਿਕਾਸ' ਦੇ ਪੀੜਤਾਂ ਲਈ ਜ਼ਿੰਦਗੀ ਦਾ ਸਭ ਤੋਂ ਵੱਡਾ ਮਸਲਾ ਕਿਉਂ ਨਹੀਂ ਹੋਣਾ ਚਾਹੀਦਾ?

ਮਾਓਵਾਦੀਆਂ ਨੇ ਇਨ੍ਹਾਂ ਹੀ ਸਭ ਤੋਂ ਦੱਬੇ-ਕੁਚਲੇ ਅਤੇ ਵਾਂਝੇ ਲੋਕਾਂ ਨੂੰ ਸਨਮਾਨਜਨਕ ਜ਼ਿੰਦਗੀ ਜਿਊਣ ਲਈ ਜਥੇਬੰਦ ਕਰ ਕੇ ਲੁੱਟ-ਖਸੁੱਟ, ਦਾਬੇ, ਨਾਬਰਾਬਰੀ ਅਤੇ ਬੇਇਨਸਾਫ਼ੀ ਤੋਂ ਮੁਕਤ ਹੋਣ ਦਾ ਰਾਹ ਦਿਖਾਇਆ ਹੈ। ਉਨ੍ਹਾਂ ਦੀ ਅਗਵਾਈ ਹੇਠ ਆਦਿਵਾਸੀ ਉਸ ਦੇ ਖ਼ਿਲਾਫ਼ ਲੜ ਰਹੇ ਹਨ ਜਿਸ ਨੂੰ ਜ਼ਮੀਨੀ ਸੁਧਾਰਾਂ ਦੇ ਅਧੂਰੇ ਕੰਮ ਬਾਰੇ ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਵਲੋਂ ਬਣਾਈ ਕਮੇਟੀ ਨੇ ਆਪਣੀ ਰਿਪੋਰਟ (2009) ਵਿਚ 'ਕੋਲੰਬਸ ਦੇ ਜ਼ਮਾਨੇ ਤੋਂ ਲੈ ਕੇ ਕਬਾਇਲੀ ਜ਼ਮੀਨਾਂ ਹੜੱਪਣ ਦੀ ਸਭ ਤੋਂ ਵੱਡੀ ਮੁਹਿੰਮ' ਕਰਾਰ ਦਿੱਤਾ ਸੀ। ਜਦੋਂ ਰਾਜ ਨੇ ਸਵੈ-ਯਤਨਾਂ ਨਾਲ ਗੁਜ਼ਾਰਾ ਕਰ ਰਹੇ ਲੋਕਾਂ ਦੇ ਜੀਵਨ-ਗੁਜ਼ਾਰੇ ਦੇ ਵਸੀਲੇ ਖੋਹ ਕੇ ਕਾਰਪੋਰੇਟ ਸਰਮਾਏਦਾਰੀ ਦੇ ਹਵਾਲੇ ਕਰਨ ਲਈ ਉਨ੍ਹਾਂ ਉਪਰ ਜੰਗ ਥੋਪੀ ਹੋਈ ਹੈ ਤਾਂ ਆਪਣੀ ਹੋਂਦ ਬਚਾਉਣ ਲਈ ਲੜ ਰਹੇ ਲੋਕਾਂ ਦੀ ਜਵਾਬੀ ਲੜਾਈ ਨਾਵਾਜਬ ਕਿਵੇਂ ਹੈ। ਸੁਪਰੀਮ ਕੋਰਟ ਨੇ ਸਲਵਾ ਜੁਡਮ ਬਾਰੇ ਆਪਣੇ ਜੁਲਾਈ 2011 ਦੇ ਫ਼ੈਸਲੇ ਵਿਚ ਸਰਕਾਰੀ ਨੀਤੀ ਅਤੇ ਸੱਤਾਧਾਰੀ ਧਿਰ ਦੇ ਵਤੀਰੇ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਇਆ ਸੀ। ਮਾਓਵਾਦੀ ਹਿੰਸਾ ਨੂੰ ਭੰਡਣ ਵਾਲੇ ਹੁਕਮਰਾਨ ਅਤੇ ਮੀਡੀਆ ਇਸ ਦੀ ਗੱਲ ਕਦੇ ਨਹੀਂ ਕਰਨਗੇ।

ਅੱਜ ਦੇ ਹਾਕਮਾਂ ਵਾਂਗ ਧਾੜਵੀ ਗੋਰੇ ਬਸਤੀਵਾਦੀ ਵੀ 'ਅਮਨ-ਕਾਨੂੰਨ' ਦੀ ਦੁਹਾਈ ਦੇ ਕੇ ਹਿੰਦੁਸਤਾਨੀ ਲੋਕਾਂ ਦੀ 'ਹਿੰਸਾ' ਅਤੇ 'ਦਹਿਸ਼ਤਵਾਦ' ਨੂੰ ਭੰਡਦੇ ਸਨ। ਇਸ ਦਾ ਬਾਦਲੀਲ ਜਵਾਬ ਸ਼ਹੀਦ ਭਗਤ ਸਿੰਘ ਹੋਰਾਂ ਨੇ ਦਿੱਤਾ ਸੀ- 'ਅਮਨ ਕਾਨੂੰਨ' ਮਨੁੱਖ ਵਾਸਤੇ ਹੈ, ਨਾ ਕਿ ਮਨੁੱਖ 'ਅਮਨ ਕਾਨੂੰਨ' ਵਾਸਤੇ। ਉਨ੍ਹਾਂ ਨੇ ਧਾੜਵੀ ਰਾਜ ਨੂੰ ਸਿੱਧੀ ਚੁਣੌਤੀ ਦਿੰਦਿਆ ਕਿਹਾ ਸੀ- 'ਯੁੱਧ ਚੱਲ ਰਿਹਾ ਹੈ ਤੇ ਇਹ ਤਦ ਤਕ ਚਲਦਾ ਰਹੇਗਾ, ਜਦ ਤੱਕ ਕੁਝ ਤਾਕਤਵਰ ਲੋਕ ਭਾਰਤੀ ਜਨਤਾ ਤੇ ਮਿਹਨਤਕਸ਼ ਲੋਕਾਂ ਨੂੰ ਤੇ ਉਨ੍ਹਾਂ ਦੇ ਆਮਦਨ ਦੇ ਵਸੀਲਿਆਂ ਨੂੰ ਲੁੱਟਦੇ ਰਹਿਣਗੇ। ਉਹ ਲੁਟੇਰੇ ਭਾਵੇਂ ਨਿਰੋਲ ਅੰਗਰੇਜ਼ ਸਰਮਾਏਦਾਰ ਹੋਣ ਜਾਂ ਨਿਰੋਲ ਭਾਰਤੀ ਸਰਮਾਏਦਾਰ ਜਾਂ ਦੋਨੋਂ ਰਲਵੇਂ।' ਮੁਲਕ ਧਰਤੀ ਨੂੰ ਨਹੀਂ ਕਿਹਾ ਜਾਂਦਾ, ਇਸ ਦਾ ਮੁੱਖ ਅੰਗ ਸਮਾਜ ਅਤੇ ਇਸ ਦੇ ਲੋਕ ਹੁੰਦੇ ਹਨ। ਜੇ ਸੱਤਾਧਾਰੀਆਂ ਦੀਆਂ ਨੀਤੀਆਂ ਨਾਲ ਸਰਜ਼ਮੀਨ ਦੇ ਬਾਸ਼ਿੰਦਿਆਂ ਦੀ ਹੋਂਦ ਹੀ ਖ਼ਤਰੇ ਵਿਚ ਹੈ ਤਾਂ ਸਮਾਜ ਨੂੰ ਜਿਊਣਯੋਗ ਬਣਾਉਣ ਦਾ ਆਦਰਸ਼ ਲੈ ਕੇ ਚੱਲਣ ਵਾਲੇ ਵੀ ਖ਼ਾਮੋਸ਼ ਨਹੀਂ ਬੈਠ ਸਕਦੇ। ਉਹ ਜ਼ਰੂਰ ਹੀ ਲੁਟੇਰਿਆਂ ਦਾ ਹਮਲਾ ਰੋਕਣ ਲਈ ਅੱਗੇ ਆਉਣਗੇ। ਉਹ ਜੱਦੋਜਹਿਦ ਦਾ ਕੀ ਤਰੀਕਾ ਅਖ਼ਤਿਆਰ ਕਰਨਗੇ, ਇਸ ਦਾ ਜਵਾਬ ਵੀ ਸ਼ਹੀਦ ਭਗਤ ਸਿੰਘ ਹੋਰਾਂ ਨੇ ਦਿੱਤਾ ਸੀ: 'ਜਿਥੋਂ ਤਕ ਸ਼ਾਂਤੀਪੂਰਨ ਜਾਂ ਦੂਸਰੇ ਤਰੀਕੇ ਰਾਹੀਂ ਇਨਕਲਾਬੀ ਆਦਰਸ਼ਾਂ ਨੂੰ ਸਥਾਪਤ ਕਰਨ ਦਾ ਸਬੰਧ ਹੈ, ਅਸੀਂ ਐਲਾਨ ਕਰਦੇ ਹਾਂ, ਇਸ ਨੂੰ ਚੁਣਨ ਦੀ ਖੁੱਲ੍ਹ ਵਕਤ ਦੇ ਹਾਕਮਾਂ ਦੀ ਮਰਜ਼ੀ ਉਪਰ ਨਿਰਭਰ ਹੈ।... ਜੇ ਇਨਕਲਾਬੀ ਬੰਬਾਂ ਅਤੇ ਪਿਸਤੌਲਾਂ ਦਾ ਸਹਾਰਾ ਲੈਂਦਾ ਹੈ ਤਾਂ ਇਹ ਅਤਿ ਦੀ ਲੋੜ ਵਿਚੋਂ ਹੁੰਦਾ ਹੈ, ਤੇ ਆਖ਼ਰੀ ਦਾਅਵੇ ਦੇ ਤੌਰ 'ਤੇ।'

ਕੀ 'ਹਿੰਸਾ' ਦੀ ਦੁਹਾਈ ਦੇਣ ਵਾਲਿਆਂ ਵਿਚ ਇਸ ਸੱਚ ਨੂੰ ਕਬੂਲਣ ਦਾ ਜੇਰਾ ਹੈ?

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

# ਭਾਪੇ ਨੇ ਚਾੜ੍ਹਿਆ ਚੰਦ...

ਪੜ੍ਹਨ ਸੁਣਨ ਨੂੰ ਤਾਂ ਇਹ ਗੱਲ ਆਮ ਜਿਹੀ ਲੱਗਦੀ ਹੈ, ਪਰ ਹੈ ਬੜੀ ਦਿਲਚਸਪ, ਮਨੋਰੰਜਕ ਅਤੇ ਸੇਧ ਦੇਣ ਵਾਲੀ। ਖਾਸ ਕਰ ਕੇ ਉਨ੍ਹਾਂ ਘਰਾਂ ਵਾਸਤੇ ਇਹ ਖੁਸ਼ੀਆਂ ਖੇੜੇ ਦੇਣ ਵਾਲਾ ਮੰਤਰ ਸਾਬਤ ਹੋ ਸਕਦੀ ਹੈ, ਜਿਥੇ ਕੋਈ ਮਾਮੂਲੀ ਜਿਹਾ ਨੁਕਸਾਨ ਹੋ ਜਾਣ 'ਤੇ ਕਈ ਕਈ ਦਿਨ ਮਹਾਂਭਾਰਤ ਛਿੜਿਆ ਰਹਿੰਦਾ ਹੈ, ਤੇ ਵਧਦੀ ਵਧਦੀ ਗੱਲ ਤੋੜ-ਵਿਛੋੜਿਆਂ ਤੱਕ ਪਹੁੰਚ ਜਾਂਦੀ ਹੈ। ਇਸ ਵਾਰਤਾ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਖੇਤੀਬਾੜੀ ਕਰਨ ਵਾਲੇ ਸਾਰੇ ਕਿਸਾਨ ਭਰਾ ਧਰਤੀ ਨਾਲ ਮੋਹ ਕਰਨ ਵਾਲੇ ਤਾਂ ਹੁੰਦੇ ਹਨ, ਪਰ ਧਰਤੀ ਜਿਹਾ ਜੇਰਾ ਵਿਰਲਿਆਂ ਕੋਲ ਹੀ ਹੁੰਦੈ, ਜਿਹੜੇ ਦੁਰਘਟਨਾ ਵਾਂਗ ਵਾਪਰੇ ਕਿਸੇ ਅਚਨਚੇਤੀ ਨੁਕਸਾਨ ਨੂੰ ਅੱਖੋਂ ਪਰੋਖੇ ਕਰਦਿਆਂ ਹੱਸਣ ਦਾ ਹੌਸਲਾ ਰੱਖਦੇ ਨੇ।

ਤਿੰਨ ਕੁ ਕਿੱਲਿਆਂ ਦੀ ਖੇਤੀ ਨਾਲ ਆਪਣਾ ਜੀਵਨ ਨਿਰਬਾਹ ਚਲਾਉਂਦੇ ਮੇਰੇ ਇਕ ਦੋਸਤ ਨੇ ਮੌਸਮ ਦੀ ਖਰਾਬੀ ਦੇਖਦਿਆਂ ਕੰਬਾਈਨ ਨਾਲ ਕਣਕ ਵਢਾਉਣ ਦਾ ਫੈਸਲਾ ਕਰ ਲਿਆ। ਜ਼ਮੀਨ ਥੋੜ੍ਹੀ ਹੋਣ ਕਾਰਨ ਕੋਈ ਵੱਖਰਾ ਖੇਤ ਬੀਜਣ ਦੀ ਥਾਂ, ਉਹ ਬਾਹਰਲੇ ਸਿਆੜਾਂ ਵਿਚ ਹੀ ਸਰ੍ਹੋਂ ਬੀਜ ਲੈਂਦਾ ਹੈ। ਉਹਦੇ ਨਾਲ ਪਰਿਵਾਰ ਦਾ ਸਾਗ-ਪੱਤੇ ਦਾ ਵੀ ਸਰ ਜਾਂਦਾ ਹੈ ਤੇ ਬਾਅਦ ਵਿਚ ਪਕਾਵੀਂ ਰੱਖੀ ਸਰੋਂ ਦਾ ਗੁਜ਼ਾਰੇ ਜੋਗਾ ਤੇਲ ਵੀ ਹੋ ਜਾਂਦਾ ਹੈ। ਕੰਬਾਈਨ ਖੇਤਾਂ ਵਿਚ ਵੜਨ ਤੋਂ ਇਕ ਦਿਨ ਪਹਿਲਾਂ ਉਸ ਨੇ ਸਿਖਰ ਦੁਪਹਿਰੇ ਸਿਆੜ ਸਿਆੜ ਘੁੰਮ ਕੇ ਸਾਰੀ ਸਰ੍ਹੋਂ ਵੱਢ ਲਈ। ਗੱਡੇ ਰੇਹੜੀ 'ਤੇ ਲੱਦ ਕੇ ਸਰ੍ਹੋਂ ਦੀਆਂ ਪੂਲੀਆਂ ਘਰ ਦੇ ਵਿਹੜੇ ਵਿਚ ਲਿਆ ਰੱਖੀਆਂ।

ਇਕ ਦੋ ਦਿਨ ਧੁੱਪ ਲੱਗਣ ਤੋਂ ਬਾਅਦ ਸਰ੍ਹੋਂ ਚੰਗੀ ਤਰ੍ਹਾਂ ਸੁੱਕ ਗਈ। ਉਹਦੇ ਭਾਈਚਾਰੇ ਵਿਚ ਨੂੰਹਾਂ-ਧੀਆਂ ਦੇ ਅਜਿਹੇ ਮਿਹਨਤ-ਮੁਸ਼ੱਕਤ ਵਾਲੇ ਕੰਮ ਖੁਦ ਨਾ ਕਰਨ ਦਾ ਰਿਵਾਜ਼ ਹੋਣ ਕਰ ਕੇ ਉਸ ਨੂੰ ਇਕੱਲੇ ਨੂੰ ਹੀ ਕੜਕਦੀ ਧੁੱਪ ਵਿਚ ਸਰ੍ਹੋਂ ਝਾੜਨੀ ਪਈ। ਹਿੰਮਤੀ ਬੰਦੇ ਨੇ ਕੁੱਟ-ਕੁਟਾਈ, ਛਾਣ-ਛਣਾਈ ਕਰ ਕੇ ਸਰ੍ਹੋਂ ਦਾ ਥੈਲਾ ਭਰ ਲਿਆ। ਸਿਖਰ ਦੁਪਹਿਰੇ ਕੰਮ ਕਰ ਕੇ ਹਾਕਲ-ਬਾਕਲ ਹੋਏ ਨੂੰ ਥਕੇਵਾਂ ਤਾਂ ਭਾਵੇਂ ਹੋ ਗਿਆ ਸੀ, ਪਰ ਸਰ੍ਹੋਂ ਦਾ ਥੈਲਾ ਭਰਿਆ ਦੇਖ ਕੇ ਉਸ ਨੂੰ ਥਕਾਵਟ ਭੁੱਲ ਗਈ। ਝਾੜੀ ਹੋਈ ਸਰ੍ਹੋਂ ਦੀਆਂ ਪੂਲੀਆਂ ਬੰਨ੍ਹ ਬੰਨ੍ਹ ਉਸ ਨੇ ਬਾਲਣ ਵਾਸਤੇ ਪਾਥੀਆਂ ਕੋਲੇ ਖਿੱਤੀ ਲਾ ਦਿੱਤੀ।

ਕੰਮ ਧੰਦਾ ਮੁਕਾਉਣ ਬਾਅਦ ਉਸ ਨੇ ਹਾਲੇ ਪਾਣੀ-ਧਾਣੀ ਹੀ ਪੀਤਾ ਸੀ ਕਿ ਗਲੀ ਵਿਚ ਸਬਜ਼ੀ ਵੇਚਣ ਵਾਲੇ ਨੇ ਹੋਕਾ ਦਿੱਤਾ। ਉਸ ਦੀ ਪਤਨੀ ਫਟਾ-ਫਟ ਫੇਰੀ ਵਾਲੇ ਕੋਲ ਜਾ ਖੜ੍ਹੀ ਹੋਈ। ਉਨ੍ਹਾਂ ਦੇ ਪਿੰਡ ਲਾਗਿਉਂ ਵਗਦੇ ਦਰਿਆ ਕੰਢੇ ਸਬਜ਼ੀਆਂ ਉਗਾਉਣ ਵਾਲੇ ਲਾਗੇ ਲਾਗੇ ਦੇ ਪਿੰਡਾਂ ਵਿਚ ਫੇਰੀ ਲਾ ਕੇ ਵੇਚਦੇ ਨੇ। ਸਾਫ-ਸੁਥਰੀਆਂ ਤਾਜ਼ੀਆਂ ਸਬਜ਼ੀਆਂ ਹੋਣ ਕਰ ਕੇ ਉਨ੍ਹਾਂ ਮਿਹਨਤਕਸ਼ਾਂ ਦੀ ਇਸ ਇਲਾਕੇ ਵਿਚ ਚੰਗੀ ਗਾਹਕੀ ਹੈ।

ਸੁੱਖ ਨਾਲ ਟੱਬਰ ਭਾਰਾ ਹੋਣ ਕਰ ਕੇ ਦੋਸਤ ਦੀ ਪਤਨੀ ਨੇ ਡੇਢ-ਦੋ ਕਿਲੋ ਕਰੇਲੇ ਖਰੀਦ ਲਏ। ਪਰਾਤ ਵਿਚ ਕਰੇਲੇ ਲੈ ਕੇ ਵਿਹੜੇ ਵਿਚ ਵੜਦੀ ਨੇ ਹੀ ਸ੍ਰੀਮਾਨ ਨੂੰ ਹੁਕਮ ਚਾੜ੍ਹ ਦਿੱਤਾ ਕਿ ਕਰੇਲੇ ਹੁਣੇ ਈ ਬਣਾਉਣੇ ਨੇ, ਘਰੇ ਤੇਲ ਹੈ ਨਹੀਂ, ਇਸ ਕਰ ਕੇ ਹੁਣੇ ਜਾ ਕੇ ਘਾਣੀ ਕਢਵਾ ਕੇ ਲਿਆਉ। 'ਸਤਿ ਬਚਨ' ਕਹਿ ਕੇ ਪਤੀ ਜੀ ਨੇ ਹੁਕਮ ਪ੍ਰਵਾਨ ਕਰ ਲਿਆ। ਵਿਹੜੇ ਵਿਚ ਲੱਗੇ ਤੂਤ ਦੀ ਛਾਵੇਂ ਕੱਪੜੇ ਉਤਾਰ ਕੇ ਬੈਠੇ ਨੇ ਮੁੜ ਕਮੀਜ਼-ਪਜਾਮਾ ਪਾਇਆ ਤੇ ਹੁਣੇ ਹੁਣੇ ਹੱਥੀਂ ਛਾਂਟੀ-ਸੁਆਰੀ ਸਰ੍ਹੋਂ ਦਾ ਥੈਲਾ ਸਾਈਕਲ 'ਤੇ ਲੱਦ ਲਿਆ। ਦੁੱਧ ਢੋਣ ਲਈ ਖੁੱਲ੍ਹੇ ਮੂੰਹ ਵਾਲੀ ਵੱਡੀ ਸਾਰੀ ਪਲਾਸਟਿਕ ਦੀ ਡਰੰਮੀ ਵੀ ਤੇਲ ਪਾਉਣ ਲਈ ਕੈਰੀਅਰ ਦੇ ਨਾਲ ਹੀ ਬੰਨ੍ਹ ਲਈ ਤੇ ਉਹ ਪਿੰਡੋਂ ਦੋ ਕੁ ਮੀਲ ਦੂਰ ਪੈਂਦੇ ਕਸਬੇ ਤੋਂ ਘਾਣੀ ਕਢਾਉਣ ਲਈ ਰਵਾਨਾ ਹੋ ਗਿਆ।

ਘਰੇ ਉਸ ਦੀ ਪਤਨੀ ਤੇ ਨੂੰਹਾਂ ਨੇ ਫੁਰਤੀ ਨਾਲ ਮਿਰਚ ਮਸਾਲਾ ਕੁੱਟ ਕਰੇਲਿਆਂ ਦੀ ਛਿੱਲ-ਛਲਾਈ ਕਰ ਕੇ ਚਾਈਂ ਚਾਈਂ ਮਸਾਲੇ ਨਾਲ ਭਰੇ ਕਰੇਲਿਆਂ ਉਤੇ ਧਾਗਾ ਲਪੇਟ ਧੁੱਪੇ ਰੱਖ ਦਿੱਤੇ। ਸ੍ਰੀਮਾਨ ਦੇ ਤੇਲ ਦੀ ਉਡੀਕ ਹੋ ਰਹੀ ਸੀ ਕਿ ਉਸ ਦਾ ਫੋਨ ਆ ਗਿਆ, ਅਖੇ, ਮੇਰੇ ਨਾਲ ਤਾਂ 'ਆਹ ਕੰਮ' ਹੋ ਗਿਐ! ਅੱਠ ਦਸ ਮਿੰਟ ਫੋਨ 'ਤੇ ਵਾਦ-ਵਿਵਾਦ ਕਰ ਕੇ ਖਿਝੀ ਹੋਈ ਪਤਨੀ ਨੇ 'ਆ ਜੋ ਹੁਣ ਘਰ ਨੂੰ...' ਕਹਿ ਕੇ ਫੋਨ ਦਾ ਰਿਸੀਵਰ 'ਕੜੱਕ' ਕਰ ਕੇ ਰੱਖ ਦਿੱਤਾ।

ਖਲ ਦੀ ਬੋਰੀ ਪਿੱਛੇ ਬੰਨ੍ਹੀ ਤੇ ਕੈਰੀਅਰ ਨਾਲ ਲਟਕਦੀ ਡਰੰਮੀ ਸਮੇਤ ਮੇਰਾ ਮਿੱਤਰ ਘਰੇ ਆਣ ਵੜਿਆ। ਸਾਰਾ ਟੱਬਰ ਰਾਹ ਦਾ ਵਾਕਿਆ ਸੁਣਨ ਲਈ ਉਹਦੇ ਦੁਆਲੇ ਹੋ ਗਿਆ। ਕੋਈ ਉਸ ਦੀਆਂ ਅਗਲੀਆਂ ਪਿਛਲੀਆਂ ਅਣਗਹਿਲੀਆਂ ਗਿਣਾ ਕੇ ਉਸ ਉਤੇ ਗੁੱਸਾ ਕੱਢ ਰਿਹਾ ਸੀ। ਨੂੰਹਾਂ ਤੇ ਪੋਤੇ-ਪੋਤੀਆਂ 'ਭਾਪਾ ਜੀ' ਵੱਲ ਦੇਖ ਕੇ ਹੱਸੀ ਜਾ ਰਹੇ ਸਨ। ਅੱਗਿਉਂ ਉਹ ਬੇਫਿਕਰੀ ਨਾਲ ਹੱਸਦਿਆਂ ਸਭ ਨੂੰ "ਮੈਂ ਕੀ ਕਰਦਾ ਫੇ" ਕਹੀ ਜਾ ਰਿਹਾ ਸੀ। ਇਤਫ਼ਾਕ ਵੱਸ ਐਨ ਇਸੇ ਮੌਕੇ ਮੈਂ ਉਸ ਨੂੰ ਫੋਨ 'ਤੇ ਆਮ ਵਾਂਗ 'ਕੀ ਕਰਦਾ ਐਂ ਅੱਜ?' ਪੁੱਛ ਲਿਆ। ਕੜਕਦੀ ਧੁੱਪ ਵਿਚ ਸਿਆੜ ਸਿਆੜ ਘੁੰਮ ਕੇ ਸਰੋਂ ਵੱਢਣ ਤੋਂ ਲੈ ਕੇ ਹੱਥੀਂ ਕੁੱਟ-ਕਟਾਈ ਸਾਫ-ਸਫਾਈ ਦੀ ਸਾਰੀ ਕਥਾ ਬਿਆਨਦਿਆਂ ਉਸ ਨੇ ਅੱਜ ਵਾਲਾ ਕਿੱਸਾ ਸੁਣਾ ਦਿੱਤਾ। ਪੂਰੀ ਵਿਥਿਆ ਸੁਣ ਕੇ ਮੈਨੂੰ ਹਾਸਾ ਵੀ ਆਵੇ, ਤੇ ਹੋਏ ਨੁਕਸਾਨ ਨੂੰ ਅਣਡਿੱਠ ਕਰਨ ਦੇ ਉਹਦੇ ਜੇਰੇ 'ਤੇ ਹੈਰਾਨੀ ਵੀ ਹੋਵੇ।

ਸਪੈਲਰ ਤੋਂ ਤੇਲ ਕਢਾਉਣ ਬਾਅਦ ਉਥੇ ਕੰਮ ਕਰਦੇ ਕਾਰਿੰਦਿਆਂ ਨੇ ਖਲ ਥੈਲੇ ਵਿਚ ਪਾ ਕੇ ਉਹਦੇ ਸਾਈਕਲ 'ਤੇ ਰੱਖ ਦਿੱਤੀ ਅਤੇ ਤੇਲ ਵਾਲੀ ਡਰੰਮੀ ਕੈਰੀਅਰ ਨਾਲ ਲਟਕਾ ਕੇ ਨਾਈਲੋਨ ਦੀ ਰੱਸੀ ਨਾਲ ਬੰਨ੍ਹ ਦਿੱਤੀ। ਕਸਬੇ ਵਿਚੋਂ ਨਿਕਲ ਕੇ ਉਹ ਢੋਲੇ ਦੀਆਂ ਗਾਉਂਦਾ ਆਪਣੇ ਪਿੰਡ ਨੂੰ ਆ ਰਿਹਾ ਸੀ। ਥਾਂ ਥਾਂ 'ਤੇ ਖੱਡਿਆਂ-ਟੋਇਆਂ ਵਾਲੀ ਲਿੰਕ ਰੋਡ 'ਤੇ ਸਾਈਕਲ ਚਲਾਉਂਦਾ ਜਦ ਉਹ ਅੱਧੀ ਕੁ ਵਾਟ ਕੱਢ ਆਇਆ ਤਾਂ ਉਸ ਨੇ ਅਚਾਨਕ ਖੜਾਕਾ ਹੋਣ ਦੀ ਆਵਾਜ਼ ਸੁਣੀ। ਪਿੱਛੇ ਮੁੜ ਕੇ ਦੇਖਿਆ ਤਾਂ ਚੌੜ੍ਹੇ-ਖੁੱਲ੍ਹੇ ਮੂੰਹ ਵਾਲੀ ਡਰੰਮੀ ਸੜਕ ਦੇ ਕਿਨਾਰੇ ਨਿਵਾਣ ਵੱਲ ਡਿੱਗੀ ਪਈ ਸੀ। ਉਸ ਦਾ ਢੱਕਣ ਖੁੱਲ੍ਹ ਕੇ ਰਿੜ੍ਹਦਾ ਪਰੇ ਜਾ ਡਿੱਗਾ ਸੀ।

ਕੀਤੀ ਕਰਾਈ ਮਿਹਨਤ ਅੱਖ ਦੇ ਫੋਰ ਵਿਚ ਹੀ ਮਿੱਟੀ ਵਿਚ ਮਿਲ ਜਾਣ 'ਤੇ ਵੀ ਹੱਸਦਿਆਂ ਮੇਰਾ ਦੋਸਤ ਦੱਸ ਰਿਹਾ ਸੀ, "ਜਿੰਨੇ ਚਿਰ ਨੂੰ ਮੈਂ ਸਾਈਕਲ ਖੜ੍ਹਾ ਕੀਤਾ, ਡਰੰਮੀ ਵਿਚੋਂ ਸਰਕਾਰੀ ਟਿਊਬਵੈੱਲ ਦੀ ਮੋਟੀ ਧਾਰ ਵਾਂਗ ਸਾਰਾ ਈ ਤੇਲ ਵੱਗ ਕੇ ਧਰਤੀ ਉਤੇ ਵਿਛ ਗਿਆ।" ਅਚਨਚੇਤ ਹੋਏ ਨੁਕਸਾਨ 'ਤੇ ਹਮਦਰਦੀ ਪ੍ਰਗਟਾਉਂਦਿਆਂ ਮੈਂ ਪੇਂਡੂ ਬੀਬੀਆਂ ਕੋਲੋਂ ਸੁਣਿਆ 'ਵਾਕ' ਬੋਲਿਆ ਕਿ ਚੱਲ ਕੋਈ ਨਾ ਯਾਰ, ਦੇਸੀ ਤੇਲ ਡੁੱਲ੍ਹ ਜਾਵੇ ਤਾਂ ਕਹਿੰਦੇ 'ਗ੍ਰਹੁ' ਟਲ ਜਾਂਦਾ ਐ! ਵਹਿਮਾਂ-ਭਰਮਾਂ ਤੋਂ ਕੋਹਾਂ ਦੂਰ ਰਹਿਣ ਵਾਲੇ ਇਸ ਧਰਤੀ ਪੁੱਤ ਦਾ ਜਿਗਰਾ ਦੇਖੋ, ਮਜ਼ਾਕ ਵਿਚ ਮੈਨੂੰ ਕਹਿੰਦਾ, "ਅੱਛਾ ਜੀ? ਫਿਰ ਐਦਾਂ ਕਰਦਾਂ, ਘਰਦੇ ਕਹਿੰਦੇ ਆ ਕਿ ਪੰਜ ਸੱਤ ਕਿਲੋ ਸਰ੍ਹੋਂ ਹੋਰ ਹੈਗੀ ਆ, ਉਹਦਾ ਵੀ ਤੇਲ ਕਢਾ ਕੇ ਉਥੇ ਹੀ ਡੋਲ੍ਹ ਆਉਨਾਂ ਤਾਂ ਕਿ ਰਹਿੰਦੇ-ਖੂੰਹਦੇ ਗ੍ਰਹੁ ਵੀ 'ਟਲ' ਜਾਣ।"

ਮਸਾਲੇ ਨਾਲ ਭਰੇ-ਭਕੁੰਨੇ ਧੁੱਪੇ ਪਏ ਕਰੇਲਿਆਂ ਦਾ ਕੀ ਬਣਿਆ ਫਿਰ? ਮੇਰੇ ਇਸ ਸਵਾਲ 'ਤੇ ਮੁੜ ਖਿੜ ਖਿੜ ਹੱਸਦਿਆਂ ਉਹ ਬੋਲਿਆ, "ਮੈਂ ਨਿਆਣਿਆਂ ਨੂੰ ਸਮਝਾਇਐ, ਤੇਲ ਤਾਂ ਬੀ.ਪੀ. ਵਧਾਉਂਦਾ ਐ, ਤੁਸੀਂ ਪਾਣੀ ਵਿਚ ਉਬਾਲ ਕੇ ਕਰੇਲੇ ਬਣਾਉ ਐਤਕੀਂ।"

ਉਨ੍ਹਾਂ ਦੇ ਘਰ ਮਚੇ ਹਾਸੇ ਦਾ ਸਵਾਦ ਮਾਣਦਿਆਂ ਮੈਂ ਗੱਲ ਹੋਰ ਵਧਾਈ, "ਘਰਵਾਲੀਆਂ ਤਾਂ ਪਤੀਆਂ 'ਤੇ ਬਿਨਾਂ ਵਜ੍ਹਾ ਹੀ ਲੋਹੇ-ਲਾਖੀਆਂ ਹੋਈਆਂ ਰਹਿੰਦੀਆਂ, 'ਭੈਣ ਜੀ' ਤਾਂ ਗੁੱਸੇ ਹੀ ਹੋਣੀ ਐਂ, ਪਰ ਤੇਰੀਆਂ ਨੂੰਹਾਂ ਤੇ ਪੋਤੇ ਪੋਤਰੀਆਂ ਤੇਰੇ ਅੱਜ ਵਾਲੇ 'ਕਾਰਨਾਮੇ' ਬਾਰੇ ਕੀ ਕਹਿੰਦੇ ਨੇ?"

"ਕਹਿਣਾ ਕਿਆ ਐ, ਹੱਸਣ ਡਹੇ ਆ। ਕਹਿੰਦੇ ਆ, ਭਾਪਾ ਜੀ ਨੇ ਚਾੜ੍ਹ'ਤਾ ਚੰਦ ਅੱਜ!"

# ਬਾਦਲ-ਟੌਹੜਾ ਟਕਰਾਅ ਦਾ ਪਿਛੋਕੜ

ਭੁੱਲੀਆਂ ਵਿਸਰੀਆਂ

ਪ੍ਰੋ. ਮੇਵਾ ਸਿੰਘ ਤੁੰਗ
ਫੋਨ: +91-99140-89221

***ਖਾਲਸਾ ਕਾਲਜ ਪਟਿਆਲਾ ਤੋਂ ਰਿਟਾਇਰਡ ਪ੍ਰੋ. ਤੁੰਗ ਉਮਰ ਦੇ ਹੁਣ 90ਵਿਆਂ ਵਿਚ ਹਨ ਪਰ ਉਨ੍ਹਾਂ ਦੀ ਯਾਦਾਸ਼ਤ ਝੀਲ ਦੇ ਨਿਤਰੇ ਪਾਣੀ ਵਾਂਗ ਸਾਫ ਹੈ। ਇਸ ਲੇਖ ਵਿਚ ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਅਤੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਿਚਾਲੇ ਚੱਲਦੀ ਰਹੀ ਖਿੱਚੋਤਾਣ ਅਤੇ ਇਸ ਪ੍ਰਥਾਏ ਇੰਦਰਾ ਗਾਂਧੀ ਅਤੇ ਹੋਰ ਕਾਂਗਰਸੀਆਂ ਵਲੋਂ ਨਿਭਾਏ ਗਏ ਰੋਲ ਦੀ ਚਰਚਾ ਕੀਤੀ ਹੈ। ਅਕਾਲੀ ਆਗੂਆਂ ਦੀ ਆਪਸੀ ਲੜਾਈ ਦੇ ਪੰਜਾਬ ਦੀ ਸਿਆਸਤ ਉਪਰ ਪੈਂਦੇ ਰਹੇ ਪ੍ਰਭਾਵ ਨੂੰ ਪਾਠਕਾਂ ਸਾਹਮਣੇ ਲਿਆਉਣ ਦਾ ਯਤਨ ਕੀਤਾ ਹੈ। -ਸੰਪਾਦਕ***

ਮੈਨੂੰ ਮੇਰੇ ਕਾਂਗਰਸੀ ਅਤੇ ਅਕਾਲੀ ਮਿੱਤਰਾਂ ਤੋਂ ਜੋ ਪਤਾ ਲੱਗਾ ਉਹ ਇਹ ਸੀ ਕਿ ਭਾਵੇਂ ਕਾਂਗਰਸ ਦੇ ਆਫਿਸ਼ਿਅਲ ਉਮੀਦਵਾਰ ਸੰਜੀਵਾ ਰੈਡੀ ਦੇ ਖਿਲਾਫ ਇੰਦਰਾ ਗਾਂਧੀ ਨੇ ਵੀ.ਵੀ.ਗਿਰੀ ਨੂੰ ਰਾਸ਼ਟਰਪਤੀ ਬਣਵਾ ਲਿਆ ਸੀ ਪਰ ਛੇਤੀ ਹੀ ਪਿਛੋਂ ਉਸ ਨਾਲੋਂ ਲੋਕ ਸਭਾ ਦੇ ਮੈਂਬਰ ਭਾਰੀ ਗਿਣਤੀ ਵਿਚ ਟੁੱਟ ਚੁਕੇ ਸਨ ਇਸ ਲਈ 1971 ਦੀ ਚੋਣ ਚੌਦਾਂ ਮਹੀਨੇ ਪਹਿਲਾਂ ਕਰਵਾਉਣਾ ਉਸ ਦੀ ਮਜਬੂਰੀ ਬਣ ਗਈ। ਪੂਰੀ ਤਿਆਰੀ ਨਾਲ ਉਹ ਅਗਲਾ ਕਦਮ ਚੁੱਕਣਾ ਚਾਹੁੰਦੀ ਸੀ। ਇਸ ਲਈ ਉਸ ਨੇ ਆਪਣੇ ਸਾਥੀ ਲੱਭਣੇ ਸ਼ੁਰੂ ਕਰ ਦਿੱਤੇ। ਪੰਜਾਬ ਵਿਚ ਉਸ ਨੂੰ ਇਹ ਟੇਕ ਅਕਾਲੀ ਦਲ 'ਤੇ ਨਜ਼ਰ ਆਈ। ਸ. ਪ੍ਰਕਾਸ਼ ਸਿੰਘ ਬਾਦਲ ਮੁਖ ਮੰਤਰੀ ਸੀ ਤੇ ਥਿਰ ਹੋਣਾ ਚਾਹੁੰਦਾ ਸੀ, ਸੰਤ ਫਤਿਹ ਸਿੰਘ ਅਤੇ ਲਛਮਣ ਸਿੰਘ ਗਿੱਲ ਵਰਗੇ ਹਾਲਾਤ ਤੋਂ ਬਚਣਾ ਚਾਹੁੰਦੇ ਸੀ। ਗੁਰਨਾਮ ਸਿੰਘ ਆਪਣਾ ਦਲ ਤੋੜ ਕੇ ਸੰਤ ਫਤਿਹ ਸਿੰਘ ਨਾਲ ਮਿਲ ਜਾਣ ਦੇ ਬਾਵਜੂਦ ਬਾਦਲ ਤੋਂ ਮੁਖ ਮੰਤਰੀ ਦੀ ਕੁਰਸੀ ਖੋਹਣਾ ਚਾਹੁੰਦਾ ਸੀ। ਉਹ ਸੰਤ ਦਲ ਦੀ ਸਾਰੀ ਹਾਈ ਕਮਾਂਡ ਨੂੰ ਜੇਲ ਭੇਜਣਾ ਚਾਹੁੰਦਾ ਸੀ। ਇੰਦਰਾ ਗਾਂਧੀ ਨੇ ਦੋਹਾਂ ਪਾਰਟੀਆਂ



ਜਥੇਦਾਰ ਗੁਰਚਰਨ ਸਿੰਘ ਟੌਹੜਾ


ਕਾਂਗਰਸ ਅਤੇ ਅਕਾਲੀ ਦਲ ਦੇ ਇਕੋ ਜਿਹੇ ਵਫਾਦਾਰ ਜ. ਸੰਤੋਖ ਸਿੰਘ ਰਾਹੀਂ ਸਮਝੌਤੇ ਦੀ ਗੱਲ ਚਲਾਈ। ਸੰਤ ਅਤੇ ਬਾਦਲ ਨੇ ਤੁਰਤ ਇਹ ਸਲਾਹ ਮੰਨ ਲਈ। ਇੰਦਰਾ ਗਾਂਧੀ ਬਾਦਲ ਦਾ ਸਮਰਥਨ ਕਰਨ ਲਈ ਤਿਆਰ ਸੀ ਤੇ ਬਾਕੀ ਮੰਗਾਂ ਮੰਨਦੀ ਸੀ। ਇਸ ਸਮਝੌਤੇ ਤਹਿਤ ਉਹ ਲੋਕ ਸਭਾ ਵਾਸਤੇ ਅਕਾਲੀਆਂ ਲਈ ਚਾਰ ਸੀਟਾਂ ਛਡਦੀ ਸੀ। ਇਸ ਬਦਲੇ ਸੰਸਦ ਵਿਚ ਅਕਾਲੀ ਇੰਦਰਾ ਗਾਂਧੀ ਨੂੰ ਸਿਆਸੀ ਤੇ ਇਖਲਾਕੀ ਮਦਦ ਦੇਣ। ਗੁਰਨਾਮ ਸਿੰਘ ਨੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਅੱਗੇ ਲਾ ਕੇ ਇਸ ਪਲੈਨ ਨੂੰ ਤਾਰਪੀਡੋ ਕਰ ਦਿੱਤਾ। ਚੋਣਾਂ ਹੋਈਆਂ। ਅਕਾਲੀ ਬੁਰੀ ਤਰ੍ਹਾਂ ਹਾਰੇ। ਫਾਜ਼ਿਲਕਾ ਦੀ ਕੇਵਲ ਇਕ ਸੀਟ ਜਿੱਤੇ। ਡੇਢ ਦੋ ਮਹੀਨਿਆਂ ਬਾਅਦ ਗੁਰਨਾਮ ਸਿੰਘ ਨੇ ਹੱਲਾ ਬੋਲ ਦਿੱਤਾ। ਉਸ ਨੇ ਕਾਂਗਰਸ ਦੀ ਮਦਦ ਲੈ ਕੇ ਸਰਕਾਰ ਬਣਾਉਣ ਦਾ ਫੈਸਲਾ ਕਰ ਲਿਆ। ਮਨੋਨੀਤ ਕੈਬਨਿਟ ਵਿਚ ਕਾਂਗਰਸੀ ਆਗੂ ਹਰਚਰਨ ਸਿੰਘ ਬਰਾੜ ਵੀ ਸੀ ਜਿਸ ਨੂੰ ਪੰਜਾਬ ਦਾ ਗ੍ਰਹਿ ਮੰਤਰੀ ਲਾਉਣਾ ਸੀ। ਇਹ ਸਾਰਾ ਕੁਝ ਸ਼ਾਮ ਨੂੰ ਹੋਣਾ ਸੀ। ਖੁਫੀਆ ਵਿਭਾਗ ਨੇ ਬਾਦਲ ਨੂੰ ਇਸ ਦੀ ਖਬਰ ਦੁਪਹਿਰ ਤੋਂ ਪਹਿਲਾਂ ਦੇ ਦਿੱਤੀ। ਬਾਦਲ ਨੇ ਸੰਤ ਫਤਿਹ ਸਿੰਘ ਅਤੇ ਸੰਤ ਚੰਨਣ ਸਿੰਘ ਨੂੰ ਇਤਲਾਹ ਕਰਕੇ ਸੋਹਣ ਸਿੰਘ ਬਾਸੀ ਦੀ ਕੋਠੀ ਵਿਚ ਮੰਤਰੀ ਮੰਡਲ ਦੀ ਮੀਟਿੰਗ ਬੁਲਾ ਕੇ ਵਿਧਾਨ ਸਭਾ ਭੰਗ ਕਰਨ ਦਾ ਫੈਸਲਾ ਕਰ ਲਿਆ। ਰਾਜਪਾਲ ਡੀ.ਸੀ ਪਾਵਟੇ ਪਾਸ ਰਾਜ ਭਵਨ ਇਹ ਫੈਸਲਾ ਪੁਚਾ ਕੇ ਅਸੈਂਬਲੀ ਤੋੜਨ ਦੀ ਸਿਫਾਰਸ਼ ਕਰ ਦਿੱਤੀ। ਪਾਵਟੇ ਨੇ ਫੈਸਲਾ ਪ੍ਰਵਾਨ ਕਰਕੇ ਅਸੈਂਬਲੀ ਭੰਗ ਕਰ ਦਿੱਤੀ।

ਇਹ ਮੋਰਚਾ ਫਤਿਹ ਕਰਕੇ ਜਦੋਂ ਬਾਦਲ ਸਾਹਿਬ ਰਾਜਭਵਨ ਵਿਚੋਂ ਬਾਹਰ ਆਏ ਤਾਂ ਗੇਟ ਉਪਰ ਗੁਰਨਾਮ ਸਿੰਘ ਆਪਣੇ ਚੋਣਵੇਂ ਹਮਾਇਤੀਆਂ ਨਾਲ ਅੰਦਰ ਆਉਂਦੇ ਮਿਲ ਗਏ। ਰਸਮੀ ਆਦਾਬ ਅਰਜ਼ ਕਰਨ ਤੋਂ ਬਾਅਦ ਬਾਦਲ ਸਾਹਿਬ ਨੇ ਹਸਦਿਆਂ ਗੁਰਨਾਮ ਸਿੰਘ ਨੂੰ ਕਿਹਾ, ਆ ਜਾਉ। ਹੁਣ ਕੋਈ ਫਾਇਦਾ ਨਹੀਂ। ਅਸੈਂਬਲੀ ਟੁਟ ਗਈ। ਹੁਣ ਆਪਾਂ ਪਿੰਡਾਂ ਵਿਚ ਮਿਲਾਂਗੇ।

1971 ਦਾ ਸਮਝੌਤਾ ਨਾ ਹੋਣ ਕਾਰਨ ਇਹ ਹਾਲਤ ਹੋਈ। ਇਹ ਸੰਤ ਫਤਿਹ ਸਿੰਘ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਜ਼ਿਦ ਸੀ ਕਿ ਕਾਂਗਰਸ ਨਾਲ ਸਮਝੌਤਾ ਕਰੋਗੇ ਤਾਂ ਅਸੀਂ ਵੱਖਰਾ ਅਕਾਲੀ ਦਲ ਬਣਾਵਾਂਗੇ। ਸੰਤ ਫਤਿਹ ਸਿੰਘ ਦੁਚਿਤੀ ਵਿਚ ਹੋਣ ਕਾਰਨ ਮਾਯੂਸੀ ਵਿਚ ਟਾਲਾ ਵੱਟ ਗਿਆ। ਇਥੋਂ ਬਾਦਲ-ਟੌਹੜਾ ਦੀ ਸਿਆਸੀ ਟੱਕਰ ਦਾ ਮੁੱਢ ਬਝ ਗਿਆ। ਲੰਮੇ ਸਮੇਂ ਲਈ ਬਾਦਲ ਦੀ ਚੀਫ ਮਨਿਸਟਰੀ ਕਾਇਮ ਨਾ ਹੋ ਸਕੇ, ਇਸ ਮਕਸਦ ਵਿਚ ਜਥੇਦਾਰ ਟੌਹੜਾ ਸਫਲ ਹੋ ਗਏ। ਬਾਅਦ ਵਿਚ 1975 ਦੀ ਐਮਰਜੈਂਸੀ ਦੌਰਾਨ ਫਿਰ ਇੰਦਰਾ ਗਾਂਧੀ ਨੇ ਸਮਝੌਤੇ ਦੀ ਪੇਸ਼ਕਸ਼ ਕੀਤੀ। ਜਥੇਦਾਰ ਸੰਤੋਖ ਸਿੰਘ ਪੇਸ਼ਕਸ਼ ਲੈ ਕੇ ਆਇਆ ਕਿ ਜਥੇਦਾਰ ਟੌਹੜਾ ਮੁਖ ਮੰਤਰੀ ਹੋ ਜਾਣ, ਕਾਂਗਰਸ ਨੂੰ ਇਤਰਾਜ ਨਹੀਂ। ਹੁਣ ਬਾਦਲ ਸਾਹਿਬ ਨੇ ਪੱਕੇ ਤੌਰ 'ਤੇ ਪੇਸ਼ਕਸ਼ ਠੁਕਰਾ ਦਿੱਤੀ। ਸੰਤੋਖ ਸਿੰਘ ਪਹਿਲੋਂ ਅਕਾਲੀ ਦਲ ਵਿਚ ਸੰਤ ਫਤਿਹ ਸਿੰਘ ਨਾਲ ਹੋਇਆ ਕਰਦਾ ਸੀ ਹੁਣ ਜਥੇਦਾਰ ਟੌਹੜਾ ਨਾਲ ਮਿਲ ਗਿਆ। ਸੰਤੋਖ ਸਿੰਘ ਨੇ ਐਮਰਜੈਂਸੀ ਦੀ ਡਟ ਕੇ ਹਮਾਇਤ ਕੀਤੀ ਤਾਂ ਇੰਦਰਾ ਗਾਂਧੀ ਦੇ ਐਨ ਨਜ਼ਦੀਕ ਹੋ ਗਿਆ ਤੇ ਦਿੱਲੀ ਵਿਚ ਆਪਣੀ ਸਰਦਾਰੀ ਪੱਕੀ ਕਰ ਲਈ।



ਪ੍ਰਕਾਸ਼ ਸਿੰਘ ਬਾਦਲ



ਸੰਤ ਫਤਿਹ ਸਿੰਘ

ਗੰਗਾਨਗਰ ਬੈਠੇ ਸੰਤ ਫਤਿਹ ਸਿੰਘ ਨੂੰ ਮੁੜ ਸਿਆਸਤ 'ਚ ਲਿਆਉਣ ਦਾ ਬੀੜਾ ਜਥੇਦਾਰ ਉਮਰਾਨੰਗਲ ਨੇ ਚੁਕਿਆ ਸੀ। ਉਸ ਨੇ ਅਨੰਦਪੁਰ ਸਾਹਿਬ ਤੋਂ ਐਲਾਨ ਕੀਤਾ ਕਿ ਜੇ ਸੰਤ ਨੂੰ ਵਾਪਸ ਨਾ ਲਿਆਂਦਾ ਤਾਂ ਉਹ ਅੰਦੋਲਨ ਸ਼ੁਰੂ ਕਰ ਦਏਗਾ। ਇਹ ਐਲਾਨ ਕਰਦਿਆਂ ਉਮਰਾਨੰਗਲ ਰੋ ਪਿਆ ਤੇ ਕਿਹਾ ਸੀ, 1947 ਵਿਚ ਮੈਂ ਇਕ ਮੁਸਲਮਾਨ ਨੂੰ ਕਤਲ ਕੀਤਾ ਸੀ ਜਿਸ ਦਾ ਮੈਨੂੰ ਪਛਤਾਵਾ ਹੈ ਤੇ ਅਕਾਲ ਪੁਰਖ ਤੋਂ ਖਿਮਾ ਮੰਗਦਾ ਹਾਂ। ਇਸ ਪ੍ਰਥਾਇ ਉਸ ਨੇ ਪਸ਼ਚਾਤਾਪ ਵਜੋਂ ਅਖੰਡ ਪਾਠ ਵੀ ਕਰਵਾਇਆ। ਕਾਂਗਰਸੀਆਂ ਨੇ ਮੰਗ ਕੀਤੀ ਸੀ ਕਿ ਇਸ ਇਕਬਾਲੀਆ ਬਿਆਨ ਦੇ ਆਧਾਰ 'ਤੇ ਉਮਰਾਨੰਗਲ ਵਿਰੁੱਧ ਕਤਲ ਦਾ ਮੁਕਦਮਾ ਦਰਜ ਕਰਕੇ ਗ੍ਰਿਫਤਾਰ ਕੀਤਾ ਜਾਵੇ।

ਮੋਹਨ ਸਿੰਘ ਤੁੜ ਦੀ ਐਕਟਿੰਗ ਪ੍ਰਧਾਨਗੀ ਹੇਠ ਅਕਾਲੀ ਦਲ ਨੂੰ ਅਸਲ ਵਿਚ ਸੰਤ ਚੰਨਣ ਸਿੰਘ ਚਲਾ ਰਹੇ ਸਨ। ਉਨ੍ਹਾਂ ਉਮਰਾਨੰਗਲ ਨੂੰ ਅਗਲੀ ਕਾਰਵਾਈ ਤੋਂ ਰੋਕ ਦਿੱਤਾ ਤੇ ਸੰਤ ਫਤਿਹ ਸਿੰਘ ਨੂੰ ਵਾਪਸ ਲੈ ਆਏ। ਜਥੇਦਾਰ ਟੌਹੜਾ ਦੇ ਹਮਾਇਤੀਆਂ ਨੇ ਸੰਤ ਫਤਿਹ ਸਿੰਘ ਦੀ ਪੂਰੀ ਹੱਤਕ ਕੀਤੀ। ਜਥੇਦਾਰ ਟੌਹੜਾ ਦਾ ਫੈਸਲਾ ਸੀ ਕਿ ਸੰਤ ਚੰਨਣ ਸਿੰਘ ਦੀ ਹੱਤਕ ਸੰਤ ਦੇ ਪਿੰਡ ਢੋਲਣ ਵਿਚ ਕਰਾਂਗੇ। ਢੋਲਣ ਵਿਚ ਮੀਟਿੰਗ ਬੁਲਾ ਕੇ ਜਥੇਦਾਰ ਟੌਹੜਾ ਨੇ ਗੁਰਦੇਵ ਸਿੰਘ ਸਿਧੂ ਅਤੇ ਆਪਣੇ ਹੋਰ ਚੇਲਿਆਂ ਤੋਂ ਬੇਇੱਜਤੀ ਕਰਵਾਈ। ਮੋਹਨ ਸਿੰਘ ਤੁੜ ਅਕਾਲੀ ਦਲ ਦੇ ਪ੍ਰਧਾਨ ਹੋ ਗਏ, ਸੰਤ ਚੰਨਣ ਸਿੰਘ ਸੀਨੀਅਰ ਮੀਤ ਪ੍ਰਧਾਨ, ਜਥੇਦਾਰ ਟੌਹੜਾ ਜੂਨੀਅਰ ਮੀਤ ਪ੍ਰਧਾਨ, ਸੁਰਜੀਤ ਸਿੰਘ ਬਰਨਾਲਾ ਜਨਰਲ ਸਕਤਰ ਬਣੇ। ਸੰਤ ਚੰਨਣ ਸਿੰਘ ਸੰਤ ਫਤਿਹ ਸਿੰਘ ਦਾ ਹੀ ਦੂਜਾ ਰੂਪ ਸਨ। ਸੰਤ ਫਤਿਹ ਸਿੰਘ ਨੂੰ ਸਰਪ੍ਰਸਤ ਦਾ ਰੁਤਬਾ ਮਿਲਿਆ ਪਰ ਇਹ ਰੁਤਬਾ ਬੇਮਾਇਨਾ ਸੀ, ਜਿਸ ਕਰਕੇ ਸੰਤ ਰਾਜਸਥਾਨ ਚਲੇ ਗਏ। ਸੰਤ ਜੀ ਸਰਪ੍ਰਸਤੀ ਵਰਗੇ ਸਜਾਵਟੀ ਅਹੁਦੇ ਦੇ ਫਜ਼ੂਲ ਮਾਣ ਤੋਂ ਬੇਇੱਜਤੀ ਮਹਿਸੂਸ ਕਰਦੇ ਹੋਏ ਮਰ ਗਏ। ਉਮਰਾਨੰਗਲ ਕਿਹਾ ਕਰਦਾ ਸੀ ਮੈਂ ਸੰਤ ਫਤਿਹ ਸਿੰਘ ਦਾ ਵੱਡਾ ਪੁੱਤਰ ਹਾਂ। ਉਕਤ ਸਿਆਸੀ ਵੇਰਵਾ ਪਾਠਕਾਂ ਸਨਮੁਖ ਅਸੀਂ ਇਸ ਕਰਕੇ ਰੱਖਿਆ ਹੈ ਕਿ ਪਤਾ ਲੱਗ ਸਕੇ ਕਿ ਬਾਦਲ-ਟੌਹੜਾ ਦੀ ਖੁਦਪ੍ਰਸਤੀ ਕਿਵੇਂ ਪੰਜਾਬ ਦੀ ਬਰਬਾਦੀ ਦਾ ਕਾਰਨ ਬਣੀ। ਬਿਗਾਨਿਆਂ ਉਪਰ ਦੋਸ਼ ਮੜ੍ਹਨ ਦੀ ਥਾਂ ਪੰਜਾਬੀ ਆਪਣੇ ਅੰਦਰ ਝਾਤ ਮਾਰਨਗੇ ਤਾਂ ਭਵਿੱਖ ਸੁਰੱਖਿਅਤ ਹੋਵੇਗਾ।



ਲਛਮਣ ਸਿੰਘ ਗਿੱਲ

# ਨਡਾਲਾ ਡਰਾਈਵ 'ਤੇ ਇਕ ਦਿਨ

## ਇਕ ਯਾਦ

ਹਿਊਸਟਨ ਵਿਚ ਇਕ ਨਜਦੀਕੀ ਰਿਸ਼ਤੇਦਾਰ ਨਾਲ ਉਨ੍ਹਾਂ ਦੇ ਘਰ ਜਾ ਰਿਹਾ ਹਾਂ। ਅਚਾਨਕ ਕਾਰ ਨਡਾਲਾ ਡਰਾਈਵ 'ਤੇ ਮੋੜ ਕੱਟਦੀ ਹੈ। ਮਨ ਵਿਚ ਇਕ ਦਮ ਸਰੂਰੀ ਖਿਆਲ ਉਪਜਦਾ ਏ। ਕੇਹਾ ਸ਼ਰਫ ਭਰਪੂਰ ਸਫਰ ਏ, ਕਪੂਰਥਲਾ ਦੇ ਪਿੰਡ ਨਡਾਲਾ ਤੋਂ ਹਿਊਸਟਨ ਦੀ ਨਡਾਲਾ ਡਰਾਈਵ ਤੀਕ ਦਾ। ਸੋਚ-ਉਡਾਣ ਪਿਛੇ ਪਰਤਦੀ ਏ। ਮਾਨ ਪਰਿਵਾਰ ਵਲੋਂ ਸਫਲਤਾ ਦੇ ਨਵੇਂ ਦਿਸਹੱਦੇ ਸਿਰਜਣ ਦੀ ਕਹਾਣੀ ਦੀਦਿਆਂ ਵਿਚ ਤਰਦੀ ਹੈ। ਵੱਡਾ ਪਰਿਵਾਰ, ਪਿਤਾ ਦਾ ਸਿਰ ਤੋਂ ਉਠ ਚੁਕਿਆ ਸਾਇਆ ਅਤੇ ਪਰਿਵਾਰਕ ਜਿੰਮੇਵਾਰੀਆਂ ਦੇ ਬੋਝ ਥੱਲੇ ਜੀਵਨ-ਗੱਡੀ ਨੂੰ ਗਤੀ ਦਿੰਦੀ ਹੋਈ



**ਡਾ. ਗੁਰਬਖ਼ਸ਼ ਸਿੰਘ ਭੰਡਾਲ**
**ਫੋਨ:** 216-556-2080

ਸਿਦਕਵਾਨ ਮਾਤਾ। ਨੇੜਲਿਆਂ ਦੀ ਆਰਥਿਕ ਮਦਦ ਅਤੇ ਉਨ੍ਹਾਂ ਦੀ ਹੌਂਸਲਾ ਅਫਜ਼ਾਈ ਸਦਕਾ, ਸਮਾਂ ਰੰਗ ਬਦਲਦਾ ਏ। ਵੱਡਾ ਲੜਕਾ ਵਿਆਹ ਕਰਵਾ ਕੇ ਅਮਰੀਕਾ ਪਹੁੰਚ ਜਾਂਦਾ ਹੈ ਅਤੇ ਹੌਲੀ ਹੌਲੀ ਸਾਰਾ ਪਰਿਵਾਰ ਅਮਰੀਕਾ ਵਿਚ ਪਹੁੰਚ ਕੇ ਮਿਹਨਤ, ਸਿਰੜ, ਪ੍ਰਤੀਬੱਧਤਾ ਅਤੇ ਵਿੱਤੀ ਵਸੀਲਿਆਂ ਨੂੰ ਸਿਰਜਣ ਦੀ ਸਾਧਨਾ ਦੌਰਾਨ ਆਪਣੀ ਨਿਵੇਕਲੀ ਪਛਾਣ ਬਣਾਉਣ ਵਿਚ ਮੋਹਰੀ ਬਣ ਬਹਿੰਦਾ ਹੈ।

ਮੇਰੀ ਸੁਰਤ ਪਰਤਦੀ ਹੈ ਜਦ ਅੱਖਾਂ ਮੂਹਰੇ ਸਿਰਜੇ ਸੁੰਦਰ ਸੱਚ ਨੂੰ ਦੇਖਦਾ ਹਾਂ। ਹਿਊਸਟਨ ਅਮਰੀਕਾ ਦਾ ਤੀਸਰਾ ਸਭ ਤੋਂ ਵੱਡਾ ਸ਼ਹਿਰ ਹੈ ਜਿਥੇ ਪੰਜਾਬੀਆਂ ਦੀ ਵੱਡੀ ਗਿਣਤੀ ਹੈ। ਸਾਨੂੰ ਪਰਦੇਸ ਵਿਚ ਪਰਵਾਸ ਹੰਢਾਉਂਦਿਆਂ ਸੂਹੀ ਅਤੇ ਸੱਚੀ ਪਛਾਣ ਸਿਰਜਣ ਲਈ ਭਾਈਚਾਰਕ ਕਾਰਜਾਂ ਵਿਚ ਮੋਹਰੀ ਭੂਮਿਕਾ ਨਿਭਾਉਂਦਿਆਂ ਧਰਤੀ ਨਾਲ ਜੁੜੇ ਰਹਿਣ ਦਾ ਧਰਮ ਵੀ ਪਾਲਣਾ ਪੈਂਦਾ ਏ। ਅਜਿਹਾ ਹੀ ਨਡਾਲਾ ਦੇ ਮਾਨ ਪਰਿਵਾਰ ਨੇ ਹਿਊਸਟਨ ਵਿਚ ਨਵੀਆਂ ਸਿਖਰਾਂ ਨੂੰ ਛੂੰਹਦਿਆਂ ਕੀਤਾ ਹੈ।

ਕਾਰ ਬਹੁਤ ਸੁੰਦਰ ਅਤੇ ਖੁਲ੍ਹੇ ਡੁੱਲ੍ਹੇ ਏਰੀਏ ਵਿਚ ਦਾਖਲ ਹੁੰਦੀ ਹੈ। ਇਥੇ ਮੋਰ ਬੋਲਦੇ ਨੇ ਅਤੇ ਪਰਿੰਦੇ ਗੁਟਕਦੇ ਨੇ। ਨਡਾਲਾ ਡਰਾਈਵ 'ਤੇ ਚੜ੍ਹਦੇ ਸਾਰ ਇਕ ਝੀਲ ਤੁਹਾਡਾ ਸੁਆਗਤ ਕਰਦੀ ਹੈ। ਇਸ ਦੇ ਸਵੱਛ ਪਾਣੀਆਂ ਵਿਚ ਤੁਸੀਂ ਆਪਣਾ ਬਿੰਬ ਦੇਖ ਸਕਦੇ ਹੋ। ਤਰਦੀਆਂ ਬੱਤਖਾਂ ਨਾਲ ਸੰਵਾਦ ਰਚਾ ਸਕਦੇ ਹੋ ਅਤੇ ਇਸ ਝੀਲ ਦੀਆਂ ਮੱਛੀਆਂ, ਘਰਦਿਆਂ ਵਲੋਂ ਸੁੱਟੀ ਖੁਰਾਕ ਖਾਂਦੀਆਂ, ਤੁਹਾਡੀ ਮੂਕ ਗੱਲਬਾਤ ਦਾ ਹੁੰਗਾਰਾ ਵੀ ਭਰਦੀਆਂ ਨੇ।

ਨਡਾਲਾ ਡਰਾਈਵ 'ਤੇ ਮੋਰਾਂ, ਖਰਗੋਸ਼ਾਂ, ਬੱਤਖਾਂ, ਬਗਲਿਆਂ ਅਤੇ ਪੰਛੀਆਂ ਦਾ ਰੈਣ-ਬਸੇਰਾ ਬਣਿਆ ਚੌਗਿਰਦਾ, ਇਕ ਦਮ ਕਪੂਰਥਲਾ ਦੇ ਸੈਨਿਕ ਸਕੂਲ ਵਿਚਲੇ ਮਾਹੌਲ ਦੀ ਯਾਦ ਤਾਜਾ ਕਰਵਾ ਦਿੰਦਾ ਏ ਜਿਥੇ ਮੋਰਾਂ ਦੀਆਂ ਕੂਕਾਂ, ਉਨ੍ਹਾਂ ਦੀਆਂ ਪੈਲਾਂ ਅਤੇ ਪਰਿੰਦਿਆਂ ਦੀ ਗੁਟਕਣੀ ਨੂੰ ਹੁਣ ਵੀ ਮਾਣਿਆ ਜਾ ਸਕਦਾ ਹੈ ਪਰ ਜੋ ਪਿੰਡਾਂ 'ਚੋਂ ਪਰਵਾਸ ਕਰ ਚੁਕੀਆਂ ਨੇ।

ਵੱਡੇ ਵੱਡੇ ਘਰਾਂ ਵਾਲੇ ਇਸ ਏਰੀਏ ਵਿਚ ਤੁਹਾਡੇ ਸਵਾਗਤ ਲਈ ਉਚੇ ਲਹਿਰਾਉਂਦੇ ਟੈਕਸਾਸ ਸਟੇਟ ਅਤੇ ਅਮਰੀਕਾ ਦੇ ਕੌਮੀ ਝੰਡੇ ਤੁਹਾਨੂੰ ਸਲਾਮੀ ਦਿੰਦੇ ਹਨ। ਇਹ ਝੰਡੇ ਇਕ ਅਚੇਤ ਸੁਨੇਹਾ ਵੀ ਤੁਹਾਡੇ ਚਿੰਤਨ ਵਿਚ ਧਰ ਦਿੰਦੇ ਨੇ ਕਿ ਪਰਦੇਸਾਂ ਵਿਚ ਜੀਵਨ ਦੀ ਹਰ ਸਹੂਲਤ ਅਤੇ ਹਰ ਰੰਗ ਮਾਣ ਰਹੇ ਪੰਜਾਬੀ, ਉਸ ਧਰਤ ਦੇ ਬਹੁਤ ਸ਼ੁਕਰਗੁਜ਼ਾਰ ਵੀ ਹਨ ਅਤੇ ਇਸ ਨੂੰ ਬਹੁਤ ਪਿਆਰ ਕਰਦੇ ਨੇ ਜਿਸ ਨੇ ਉਨ੍ਹਾਂ ਨੂੰ ਧਨ-ਦੌਲਤ ਨਾਲ ਮਾਲੋ-ਮਾਲ ਕਰਕੇ ਇੱਜਤ ਅਤੇ ਸ਼ੁਹਰਤ ਵੀ ਬੇਪਨਾਹ ਬਖਸ਼ੀ ਹੈ। ਦਰਅਸਲ ਸ਼ੁਕਰਗੁਜ਼ਾਰੀ ਮਨੁੱਖ ਦਾ ਸਭ ਤੋਂ ਅਮੋਲਕ ਗੁਣ ਹੈ ਜੋ ਤੁਹਾਡੀਆਂ ਜੜ੍ਹਾਂ ਨੂੰ ਮਜਬੂਤ ਕਰਦੀ, ਤੁਹਾਨੂੰ ਉਚੇ ਅੰਬਰੀਂ ਉਡਦਿਆਂ ਵੀ ਨੀਂਵੇਂ ਰਹਿਣ ਦੀ ਜੁਗਤ ਅਤੇ ਜਰੂਰਤ ਦਾ ਅਹਿਸਾਸ ਕਰਵਾਉਂਦੀ ਏ। ਅਜਿਹੇ ਲੋਕ ਹੀ ਸਮੇਂ ਦੇ ਸਿਰਨਾਵੇਂ ਹੁੰਦੇ ਨੇ। ਮਾਨ ਪਰਿਵਾਰ ਇਸੇ ਨਿਰਮਾਣਤਾ ਕਰਕੇ ਨਡਾਲੇ ਦਾ ਮਾਣਮੱਤਾ ਨਾਮ ਏ।

ਕੋਈ 22 ਏਕੜ ਵਿਚ ਫੈਲੀ ਸਿਗਨੇਚਰ ਅਸਟੇਟ ਵਿਚ ਉਸਰੇ ਵੱਡੇ ਵੱਡੇ ਘਰ, ਪੰਜਾਬੀਆਂ ਦੀ ਕਿਰਤ ਕਮਾਈ ਦਾ ਮਾਣ ਬਣੇ, ਅਪਣੱਤ ਦਾ ਸੁੱਚਾ ਹਰਫ ਬਣ ਕੇ ਹਿਊਸਟਨ ਦੀ ਧਰਤ ਨੂੰ ਭਾਗ ਲਾ ਰਹੇ ਹਨ। ਮਾਨ ਪਰਿਵਾਰ ਦੇ ਸ. ਮਨੋਹਰ ਸਿੰਘ ਮਾਨ, ਸ. ਹਰਦੀਪ ਸਿੰਘ ਮਾਨ ਅਤੇ ਸਵਰਗਵਾਸੀ ਹਰਜਿੰਦਰ ਸਿੰਘ ਮਾਨ ਦੀ ਸਾਧਨਾ ਦਾ ਇਹ ਕੇਹਾ ਸ਼ਰਫ ਹੈ ਕਿ ਮਹਿਲ-ਨੁਮਾ ਤਿੰਨ ਘਰ, ਇਕ ਹੀ ਘਰ ਦਾ ਰੂਪ ਹਨ। ਤਿੰਨ ਪੀੜ੍ਹੀਆਂ ਤੱਕ ਫੈਲੇ ਹੋਏ ਇਹ ਤਿੰਨ ਪਰਿਵਾਰ, ਇਕ ਹੀ ਚੁੱਲੇ-ਚੌਂਕੇ 'ਚੋਂ ਖਾਣਾ ਖਾ ਕੇ ਸਾਂਝੀ ਵਿਰਾਸਤੀ ਰੰਗਤ ਦਾ ਮਾਣ ਵਧਾ ਰਹੇ ਹਨ। ਅਜੋਕੇ ਸਮੇਂ ਵਿਚ ਜਦ ਨਵੀਂ ਪੀੜ੍ਹੀ ਨਿਜੀ ਆਜ਼ਾਦੀ ਦਾ ਪਰਚਮ ਲਹਿਰਾ ਕੇ ਵਡੱਿਤਣ ਦਾ ਫੋਕਾ ਭਰਮ ਪੈਦਾ ਕਰਨ ਵਿਚ ਰੁੱਝੀ ਹੋਈ ਹੈ ਤਾਂ ਉਸ ਸਮੇਂ ਸਾਂਝੇ ਪਰਿਵਾਰ ਦਾ ਇਹ ਇਕ ਅਨੂਠਾ ਮੁਜੱਸਮਾ ਹੈ। ਹਰ ਵਡੇਰਾ ਛੋਟੇ ਨੂੰ ਝਿੜਕ ਸਕਦਾ ਏ, ਲਾਡ ਲਡਾਉਂਦਾ ਏ ਅਤੇ ਉਸ ਦੇ ਮਾਪਿਆਂ ਤੋਂ ਇਲਾਵਾ ਬੱਚੇ ਦੀ ਜੇਬ




ਖਰਚ ਦਾ ਖਜਾਨਾ ਵੀ ਬਣ ਸਕਦਾ ਏ। ਹਰ ਬੱਚੇ ਲਈ ਵੱਡਿਆਂ ਦਾ ਸਤਿਕਾਰ ਅਤੇ ਅਦਬ, ਉਨ੍ਹਾਂ ਦੀ ਜੀਵਨ-ਜਾਚ ਏ। ਉਨ੍ਹਾਂ ਲਈ ਆਪਣੇ ਬਜੁਰਗਾਂ ਦਾ ਹੁਕਮ ਅਲਹਾਮ ਏ ਅਤੇ ਉਹ ਇਸ ਅਲਹਾਮ ਵਿਚ ਬੱਝੇ ਜੀਵਨ ਦੀਆਂ ਸੱਚੀਆਂ-ਸੁੱਚੀਆਂ ਕਦਰਾਂ-ਕੀਮਤਾਂ ਦੇ ਚਸ਼ਮਦੀਦ ਗਵਾਹ ਨੇ। ਆਪਣੇ ਵਿਰਸੇ ਨਾਲ ਜੁੜਨਾ, ਸਿੱਖੀ ਸਰੂਪ ਵਿਚ ਰਹਿਣਾ, ਘਰ ਵਿਚ ਪੰਜਾਬੀ ਬੋਲਣੀ ਅਤੇ ਹਰ ਮਹਿਮਾਨ ਨੂੰ ਖੁਸ਼-ਆਮਦੀਦ ਕਹਿਣਾ, ਮਾਨ ਪਰਿਵਾਰ ਦੇ ਹਰ ਛੋਟੇ ਵੱਡੇ ਦੀ ਜੀਵਨ ਰੀਤ ਏ। ਘਰ ਦੀਆਂ ਸਵਾਣੀਆਂ ਸਵੇਰੇ ਉਠ ਕੇ ਗੁਰੂ ਗ੍ਰੰਥ ਸਾਹਿਬ ਤੋਂ ਮੁੱਖ ਵਾਕ ਲੈ ਕੇ ਦਿਨ ਦੀ ਸ਼ੁਰੂਆਤ ਕਰਦੀਆਂ ਨੇ। ਬੱਚਿਆਂ ਦਾ ਆਪਣੇ ਇਸ਼ਟ ਨੂੰ ਪੂਜਣਾ, ਇਕ ਧਰਮੀ ਕਰਮ ਏ ਅਤੇ ਉਹ ਇਹ ਧਰਮ ਹਰ ਰੋਜ਼ ਨਿੱਠ ਕੇ ਨਿਭਾਉਂਦੇ ਨੇ।


ਮਾਨ ਪਰਿਵਾਰ ਦੇ ਡੂੰਘੇ ਸਦਮੇ ਵਿਚ ਸ਼ਰੀਕ ਹੋਣ ਗਿਆ ਸਾਂ। ਸਮੁੱਚੇ ਪਰਿਵਾਰ ਵਿਚ ਆਪਸੀ ਪਿਆਰ, ਭਾਈਚਾਰਕ ਸਾਂਝ ਅਤੇ ਦੁੱਖ ਨੂੰ ਨਿਜੀ ਦੁੱਖ ਸਮਝਦਿਆਂ, ਇਸ ਦੀ ਪੀੜਾ ਨੂੰ ਹਰਨ ਕਰਨਾ ਬਾਖੂਬੀ ਆਉਂਦਾ ਏ। ਸ. ਹਰਜਿੰਦਰ ਸਿੰਘ ਮਾਨ ਦੀ ਅਚਨਚੇਤੀ ਮੌਤ 'ਤੇ ਹਰ ਪਰਿਵਾਰਕ ਮੈਂਬਰ ਦੀਆਂ ਸਿਸਕੀਆਂ ਅਤੇ ਅੱਥਰੂਆਂ ਦੀ ਆਹਟ ਸੁਣਾਈ ਦਿੰਦੀ ਸੀ। ਸਮੁੱਚਾ ਭਾਈਚਾਰਾ ਨਮ ਅੱਖਾਂ ਨੂੰ ਸੰਤ-ਸੁਭਾ ਵਾਲੇ 'ਜਿੰਦ' ਮਾਨ ਨੂੰ ਆਖਰੀ ਅਲਵਿਦਾ ਕਹਿ ਰਿਹਾ ਸੀ। ਇਹ ਉਨ੍ਹਾਂ ਲੋਕਾਂ ਲਈ ਇਕ ਸਬਕ ਹੋ ਸਕਦਾ ਏ ਜਿਨ੍ਹਾਂ ਦਾ ਕਿਸੇ ਵੀ ਗਮ 'ਚ ਹਿਰਦਾ ਨਹੀਂ ਪਸੀਜਦਾ ਅਤੇ ਅੱਖ ਕਦੇ ਵੀ ਨਮ ਨਹੀਂ ਹੁੰਦੀ।

ਸਾਰੇ ਬੱਚਿਆਂ ਦਾ ਪਾਪੂ (ਸਵਰਗੀ ਹਰਜਿੰਦਰ ਸਿੰਘ ਮਾਨ ਜੋ ਬੱਚਿਆਂ ਦਾ ਬਾਪ, ਚਾਚਾ ਜਾਂ ਤਾਇਆ ਨਹੀਂ ਸਗੋਂ ਪਾਪੂ ਸੀ), ਉਨ੍ਹਾਂ ਲਈ ਸਭ ਕੁਝ ਸੀ ਜਿਹੜਾ ਉਨ੍ਹਾਂ ਨਾਲ ਮਜ਼ਾਕ ਕਰ ਸਕਦਾ ਸੀ, ਹੱਸ ਸਕਦਾ ਸੀ, ਡਾਂਸ ਕਰਦਾ ਸੀ, ਸ਼ਰਾਰਤਾਂ ਕਰਦਾ ਸੀ ਅਤੇ ਉਨ੍ਹਾਂ ਦੀ ਹਰ ਲੋੜ ਨੂੰ ਪੂਰੀ ਕਰਨ ਲਈ ਹਰਦਮ ਹਾਜ਼ਰ ਰਹਿੰਦਾ ਸੀ। ਉਹ ਬਰਗਰ ਜਾਂ ਕੈਂਡੀ ਲੈਣ ਲਈ ਪਾਪੂ ਦੀ ਜੇਬ ਵਿਚੋਂ ਪੈਸੇ ਲੈ ਸਕਦੇ ਸਨ। ਦਰਅਸਲ ਪਾਪੂ ਨੇ ਅਚੇਤ ਰੂਪ ਵਿਚ ਬੱਚਿਆਂ ਨੂੰ ਸਾਂਝੇ ਪਰਿਵਾਰ ਦੀਆਂ ਨਿਆਮਤਾਂ ਤੇ ਬਰਕਤਾਂ ਅਤੇ ਵਿਰਾਸਤੀ ਗੁਣਾਂ ਨਾਲ ਇੰਨਾ ਮਾਲੋਮਾਲ ਕੀਤਾ ਹੋਇਆ ਏ ਕਿ ਉਨ੍ਹਾਂ ਨੂੰ ਸਾਂਝੇ ਪਰਿਵਾਰ ਵਿਚੋਂ ਹੀ ਆਪਣੇ ਆਪ ਨੂੰ ਪਰਿਭਾਸ਼ਤ ਕਰਨ, ਨਵੇਂ ਕੀਰਤੀਮਾਨ ਸਥਾਪਤ ਕਰਨ ਅਤੇ ਨਵੀਆਂ ਲੀਹਾਂ ਸਿਰਜਣ ਦੀ ਪ੍ਰੇਰਨਾ ਮਿਲ ਰਹੀ ਏ। ਯਾਦ ਰੱਖਣਾ! ਬੱਚੇ ਸਾਡੀ ਸਭ ਤੋਂ ਵੱਡੀ ਵਿਰਾਸਤ, ਅਮਾਨਤ ਅਤੇ ਕਮਾਈ ਹੁੰਦੇ ਨੇ ਜਿਨ੍ਹਾਂ ਨੇ ਸਾਰੇ ਸੰਸਕਾਰਾਂ, ਸਰੋਕਾਰਾਂ ਅਤੇ ਸੰਦੇਸ਼ਾਂ ਨੂੰ ਇਕ ਵਾਹਕ ਬਣ ਕੇ ਮਹਿਕ ਰੂਪ ਵਿਚ ਖਿੰਡਾਉਣਾ ਹੁੰਦਾ ਏ। ਅਜਿਹੀ ਮਹਿਕ ਨਾਲ ਲਬਰੇਜ਼ ਹੈ, ਮਾਨ ਪਰਿਵਾਰ।

ਮਾਨ ਪਰਿਵਾਰ ਦੀ ਸਭ ਤੋਂ ਵਿਲੱਖਣ ਪ੍ਰਾਪਤੀ ਹੈ ਕਿ ਉਹ ਆਪਣੇ ਕਾਰੋਬਾਰ ਦੇ ਵਾਧੇ ਅਤੇ ਇਸ ਦੀਆਂ ਨਵੀਆਂ ਉਪਲਬਧੀਆਂ ਦੇ ਨਾਲ-ਨਾਲ ਸਮਾਜਿਕ ਸਰੋਕਾਰਾਂ ਅਤੇ ਕਾਰਜਾਂ ਵਿਚ ਵੀ ਮੋਹਰੀ ਭੂਮਿਕਾ ਨਿਭਾਉਂਦਾ ਏ। ਹਿਊਸਟਨ ਦੇ ਹਰ ਸਮਾਜਿਕ/ਧਾਰਮਕ/ਭਾਈਚਾਰਕ ਕਾਰਜ ਵਿਚ ਪ੍ਰਮੁੱਖ ਰੋਲ ਨਿਭਾਉਣ ਵਾਲਾ ਸ. ਮਨੋਹਰ ਸਿੰਘ ਮਾਨ ਪੰਜਾਬੀ ਭਾਈਚਾਰੇ ਵਿਚ ਅਜਿਹਾ ਨਾਮ ਹੈ ਜੋ ਧਨ ਦੇ ਨਾਲ ਨਾਲ ਸੁਹਜ ਅਤੇ ਸਿਆਣਪੀ ਸਹਿਯੋਗ ਰਾਹੀਂ ਪੰਜਾਬੀ ਭਾਈਚਾਰੇ ਦੀ ਸਰਬਮੁਖੀ ਤਰੱਕੀ ਅਤੇ ਇਸ ਦੇ ਸੁਚੱਜੇ ਤੇ ਸਦਭਾਵੀ ਸਰੂਪ ਨੂੰ ਸਿਰਜਣ ਵਿਚ ਪ੍ਰਮੁੱਖ ਰੋਲ ਨਿਭਾਉਂਦਾ ਏ। ਆਪਣੇ ਭਾਈਚਾਰੇ ਤੋਂ ਇਲਾਵਾ ਸਮੁੱਚੇ ਅਮਰੀਕੀ ਭਾਈਚਾਰੇ ਨੂੰ ਆਪਣੇ ਕਲਾਵੇ ਵਿਚ ਲੈਣਾ ਅਤੇ ਇਸ ਵਿਚੋਂ ਸਕੂਨ ਤੇ ਸਫਲਤਾ ਦੇ ਅਰਥਾਂ ਨੂੰ ਸਿਰਜਣਾ, ਸ਼ਾਇਦ ਮਾਨ ਪਰਿਵਾਰ ਦੇ ਹਿੱਸੇ ਹੀ ਆਇਆ ਏ।


ਸਾਝਰੇ ਹੀ ਨਡਾਲਾ ਡਰਾਈਵ ਦੇ ਚੌਗਿਰਦੇ ਵਿਚ ਮੋਰਾਂ ਦੀਆਂ 'ਵਾਜਾਂ, ਪਰਿੰਦਿਆਂ ਦੇ ਬੋਲ, ਬੱਤਖਾਂ ਦਾ ਗੁਟਕਣਾ ਆਦਿ ਸਵੇਰ ਦੀ ਚਹਿਲ-ਕਦਮੀ ਨੂੰ ਖੁਸ਼ਗਵਾਰ ਬਣਾਉਂਦੇ ਨੇ। ਇਸ ਦੌਰਾਨ ਤੁਸੀਂ ਕੁਦਰਤ ਨਾਲ ਸੰਵਾਦ ਰਚਾਉਂਦੇ, ਜ਼ਿੰਦਗੀ ਦੇ ਸੁੱਚਮ ਦੇ ਰੂਬਰੂ ਹੁੰਦੇ, ਸੱਚੇ-ਸੁੱਚੇ ਅਰਥਾਂ ਦੀ ਤਸ਼ਬੀਹ ਬਣਦੇ ਹੋ। ਅਜਿਹੇ ਕਰਮੀ-ਧਰਮੀ ਤੇ ਕਾਇਨਾਤੀ ਕਾਰਜਸ਼ੀਲਤਾ ਨੂੰ ਨਡਾਲਾ ਡਰਾਈਵ ਦੀ ਜੂਹ ਵਿਚ ਦੇਖ ਤੇ ਮਾਣ ਕੇ ਮਨ ਬਾਗੋ-ਬਾਗ ਹੈ।

ਖੁਦਾ ਕਰੇ! ਪਰਦੇਸ ਵਸੇਂਦੇ ਸਾਰੇ ਪੰਜਾਬੀ ਅਜਿਹੀ ਰਮਣੀਕਤਾ ਵਿਚੋਂ ਹੀ ਜ਼ਿੰਦਗੀ ਦੀ ਨਿਸ਼ਾਨਦੇਹੀ ਕਰਨ। ਇਹ ਦੁਆ ਮੇਰੀ ਹੀ ਨਹੀਂ, ਆਪ ਸਭ ਦੀ ਵੀ ਹੈ।



# ਪਿੰਗਲਵਾੜਾ ਚੈਰੀਟੇਬਲ ਸੁਸਾਇਟੀ

## ਨਿੱਕ ਸੁੱਕ




**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਭਗਤ ਪੂਰਨ ਸਿੰਘ ਵਾਲੀ ਆਲ ਇੰਡੀਆ ਚੈਰੀਟੇਬਲ ਸੁਸਾਇਟੀ ਕੇਵਲ ਮਰੀਜਾਂ ਦਾ ਇਲਾਜ ਹੀ ਨਹੀਂ ਕਰਦੀ, ਉਨ੍ਹਾਂ ਨੂੰ ਰੋਗੀ ਹੋਣ ਤੋਂ ਬਚਾਉਣ ਦਾ ਯਤਨ ਵੀ ਕਰਦੀ ਹੈ। ਮੁੱਖ ਸ਼ਾਖਾ ਅੰਮ੍ਰਿਤਸਰ ਸਮੇਤ ਮਾਨਾਂਵਾਲਾ, ਪੰਡੋਰੀ, ਗੋਇੰਦਵਾਲ, ਜਲੰਧਰ, ਸੰਗਰੂਰ ਤੇ ਪਲਸੌਰਾ (ਚੰਡੀਗੜ੍ਹ) ਦੀਆਂ ਸ਼ਾਖਾਵਾਂ ਵਿਚ ਕੋਈ 1700 ਰੋਗੀਆਂ ਦੇ ਇਲਾਜ ਅਤੇ ਰਹਿਣ ਦੀ ਵਿਵਸਥਾ ਹੈ। ਜ਼ਹਿਰ ਮੁਕਤ ਭੋਜਨ, ਪ੍ਰਦੂਸ਼ਨ ਰਹਿਤ ਪਾਣੀ, ਚੰਗੇਰੀ ਹਵਾ ਤੇ ਵਾਤਾਵਰਣ ਅਤੇ ਖੁਸ਼ਹਾਲ ਤੇ ਪ੍ਰਫੁਲਿਤ ਜੀਵਨ ਪ੍ਰਦਾਨ ਕਰਨਾ ਇਸ ਦਾ ਮੰਤਵ ਹੈ। ਖੇਤੀ ਵਿਚ ਰਸਾਇਣਕ ਖਾਦਾਂ ਤੇ ਕੀੜੇਮਾਰ ਦਵਾਈਆਂ ਤੋਂ ਮੁਕਤ ਉਪਜ ਪ੍ਰਾਪਤ ਕਰਨਾ ਇਸ ਦਾ ਟੀਚਾ ਹੈ।

ਜਰਨੈਲੀ ਸੜਕ ਉਤੇ ਜੰਡਿਆਲਾ ਗੁਰੂ ਦੇ ਨੇੜੇ ਭਗਤ ਪੂਰਨ ਸਿੰਘ ਕੁਦਰਤੀ ਖੇਤੀ ਫਾਰਮ ਅਤੇ ਖੋਜ ਕੇਂਦਰ ਵਿਖੇ ਸੁਸਾਇਟੀ ਨੇ ਜੈਵਿਕ ਖੇਤੀ ਦਾ ਵੇਖਣਯੋਗ ਮਾਡਲ ਸਥਾਪਿਤ ਕੀਤਾ ਹੈ। ਇਥੇ ਵਧੇਰੇ ਖੇਤੀ ਉਚੀਆਂ ਵੱਟਾਂ ਵਾਲੀਆਂ ਖਾਲਾਂ ਵਿਚ ਕੀਤੀ ਜਾਂਦੀ ਹੈ। ਕਣਕ, ਧਾਨ ਹੋਵੇ ਜਾਂ ਕਮਾਦ, ਇਨ੍ਹਾਂ ਦੀਆਂ ਪਾਲਾਂ ਦੇ ਵਿਚ ਵਿਚਾਲੇ ਗਾਜਰ, ਸ਼ਲਗਮ, ਮੂਲੀ ਤੇ ਹੋਰ ਸਬਜ਼ੀਆਂ ਦੀ ਕਾਸ਼ਤ ਕੀਤੀ ਜਾਂਦੀ ਹੈ। ਹਰ ਇਕ ਪੌਦੇ ਨੂੰ ਖੁੱਲ੍ਹੀ ਹਵਾ ਤੇ ਵਾਤਾਵਰਣ ਮਿਲਦਾ ਹੈ। ਸਿੰਜਾਈ ਤੇ ਗੋਡੀ ਕਰਨ ਵੇਲੇ ਵੀ ਕੋਈ ਔਕੜ ਨਹੀਂ ਹੁੰਦੀ।

ਅਜਿਹਾ ਕੀਤਿਆਂ ਫਸਲ ਹੀ ਚੰਗੀ ਨਹੀਂ ਮਿਲਦੀ, ਉਪਜ ਵੀ ਸਿਹਤਮੰਦ ਮਿਲਦੀ ਹੈ। ਮੇਰੇ ਪਰਿਵਾਰ ਨੇ ਇਸ ਫਾਰਮ ਉਤੇ ਤਿਆਰ ਕੀਤੇ ਉਨ੍ਹਾਂ ਚੌਲਾਂ ਦਾ ਪਕਵਾਨ ਖਾਧਾ ਹੈ ਜੋ ਉਕਾ ਹੀ ਪਾਲਿਸ਼ ਨਹੀਂ ਕੀਤੇ ਹੁੰਦੇ। ਮੈਂ ਇਸ ਫਾਰਮ ਵਿਚ ਬੀਜੇ ਜਾਂਦੇ ਗੰਨੇ ਦੀਆਂ '85' ਤੇ '119'



*ਭਗਤ ਪੂਰਨ ਸਿੰਘ*

ਨਾਂ ਦੀਆਂ ਕਿਸਮਾਂ ਦੇ ਗੁੜ ਸ਼ੱਕਰ ਤੋਂ ਤਿਆਰ ਹੋਈ ਰਹੁ, ਖੀਰ ਤੇ ਕੜਾਹ ਦਾ ਸਵਾਦ ਚਖਿਆ ਹੈ ਜੋ ਰਸਾਇਣਕ ਖਾਦਾਂ ਤੇ ਕੀੜੇਮਾਰ ਦਵਾਈਆਂ ਦੀ ਵਰਤੋਂ ਕੀਤੇ ਬਿਨਾ ਤਿਆਰ ਹੈ। 85 ਵਜੋਂ ਜਾਣੀ ਜਾਂਦੀ ਕਿਸਮ ਅਗੇਤੀ ਤੇ ਛੇਤੀ ਪੱਕਦੀ ਹੈ। ਦੂਜੀ 119 ਕਿਸਮ ਪਛੇਤੀ ਹੈ ਜਿਹੜੀ ਸਮਾਂ ਲੈ ਕੇ ਪਕਦੀ ਹੈ। ਦੋਵਾਂ ਕਿਸਮਾਂ ਦਾ ਝਾੜ ਤਾਂ ਘੱਟ ਵੱਧ ਹੈ ਪਰ ਗੁਣਾਂ ਪੱਖੋਂ ਇਕ ਬਰਾਬਰ ਹਨ। ਇਹੋ ਗੱਲ ਬਾਕੀ ਫਸਲਾਂ ਉਤੇ ਵੀ ਢੁਕਦੀ ਹੈ।

ਜਲੰਧਰ ਤੋਂ ਅੰਮ੍ਰਿਤਸਰ ਜਾਂਦਿਆਂ ਜੰਡਿਆਲਾ ਗੁਰੂ ਦੇ ਨੇੜੇ ਕੈਨਾਲ ਰੈਸਟ ਹਾਊਸ ਰਾਹੀਂ ਧੀਰੇ ਕੋਟ ਪਹੁੰਚ ਕੇ ਇਹ ਫਾਰਮ ਵੇਖਿਆ ਜਾ ਸਕਦਾ ਹੈ। ਇਸ ਦੀ ਸਾਂਭ-ਸੰਭਾਲ ਮਾਸਟਰ ਰਾਜਬੀਰ ਸਿੰਘ ਜਾਇੰਟ ਸੈਕਟਰੀ ਖਾਲਸਾ ਕਾਲਜ ਜਲੰਧਰ ਦੇ ਜ਼ਿੰਮੇ ਹੈ। ਉਹ ਆਪਣਾ ਵਿਹਲਾ ਸਮਾਂ ਇਥੇ ਹੀ ਬਿਤਾਉਂਦਾ ਹੈ। ਉਸ ਨੂੰ ਪ੍ਰੇਰਿਤ ਕਰਨ ਵਾਲੀ ਸੁਸਾਇਟੀ ਦੀ ਪ੍ਰਧਾਨ ਡਾ. ਇੰਦਰਜੀਤ ਕੌਰ ਹੀ ਨਹੀਂ ਬੀ.ਐਸਸੀ. (ਐਗਰੀਕਲਚਰ) ਪਾਸ ਅਮਰਾਵਤੀ (ਮਹਾਰਾਸ਼ਟਰ) ਦਾ ਸੁਭਾਸ਼ ਪਾਲੇਕਰ ਵੀ ਹੈ ਜੋ ਮਹਾਰਾਸ਼ਟਰ ਰਾਜ ਵਿਚ ਖੇਤੀ ਖੋਜ ਵਿਕਾਸ ਤੇ ਵਿਸਤਾਰ ਲਹਿਰ ਦਾ ਬਾਨੀ ਹੈ। ਸੁਸਾਇਟੀ ਨੇ ਪਾਲੇਕਰ ਦੀ ਲਿਖੀ 'ਕੁਦਰਤੀ ਖੇਤੀ ਕਿਵੇਂ ਕਰੀਏ?' ਨਾਂ ਦੀ ਪੁਸਤਕ ਦਾ ਪੰਜਾਬੀ ਅਨੁਵਾਦ ਕਰਵਾ ਕੇ ਛਾਪਿਆ ਹੈ ਜਿਸ ਦੀ ਸੱਤਵੀਂ ਐਡੀਸ਼ਨ ਦੀਆਂ 10,000 ਕਾਪੀਆਂ ਖਤਮ ਹੋਣ ਵਾਲੀਆਂ ਹਨ। ਸੁਭਾਸ਼ ਪਾਲੇਕਰ ਨੇ ਕੁਦਰਤੀ ਜੈਵਿਕ ਖੇਤੀ ਦਾ ਕੰਮ ਕਾਜ ਸਰਕਾਰ ਦੇ ਖੇਤੀ ਵਿਭਾਗ ਦੀ ਨੌਕਰੀ ਨੂੰ ਠੁੱਡਾ ਮਾਰਨ ਉਪਰੰਤ ਸ਼ੁਰੂ ਕੀਤਾ ਹੈ। ਇਹ ਦੱਸਣ ਦੀ ਲੋੜ ਨਹੀਂ ਕਿ ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਦੀ ਰੂਹੇ ਰਵਾਂ ਡਾ. ਇੰਦਰਜੀਤ ਕੌਰ ਹੈ ਜਿਸ ਨੇ ਭਗਤ ਪੂਰਨ ਸਿੰਘ ਤੋਂ ਇਸ ਦੀ ਕਮਾਂਡ ਸੰਭਾਲੀ ਹੈ।

**ਨੋਰਾ ਚੋਪੜਾ ਦੇ ਤੁਰ ਜਾਣ 'ਤੇ:** ਮੈਂ 'ਅਜੀਤ' ਦੇ ਸੰਪਾਦਕੀ ਪੰਨੇ ਉਤੇ ਆਪਣਾ ਕਾਲਮ ਤੇ ਸੰਪਾਦਕੀ ਵਿਸ਼ੇ ਦਾ ਸਾਰ-ਅੰਸ਼ ਵੇਖਣ ਤੋਂ ਪਿਛੋਂ ਨੋਰਾ ਚੋਪੜਾ ਦਾ ਕਾਲਮ ਸਿਆਸੀ ਗਲਿਆਰਿਆਂ ਤੋਂ ਪੜ੍ਹਨ ਦਾ ਆਦੀ ਰਿਹਾ ਹਾਂ। ਇਹ ਵਾਲਾ ਕਾਲਮ ਪੜ੍ਹੇ ਬਿਨਾ ਮੇਰੀ ਸੰਤੁਸ਼ਟੀ ਨਹੀਂ ਸੀ ਹੁੰਦੀ।

ਸਿਆਸੀ, ਧਾਰਮਕ ਤੇ ਸਭਿਆਚਾਰਕ ਹਵਾ ਦਾ ਰੁਖ ਕੀ ਹੈ ਤੇ ਕਦੋਂ ਕੀ ਹੋਣ ਦੀ ਸੰਭਾਵਨਾ ਹੈ, ਇਸ ਤੋਂ ਪਤਾ ਲੱਗਦਾ ਸੀ। ਉਹ ਕਿਥੋਂ ਦੀ ਰਹਿਣ ਵਾਲੀ ਸੀ ਤੇ ਉਸ ਦਾ ਪਿਛੋਕੜ ਕੀ ਸੀ, ਮੈਂ ਨਹੀਂ ਜਾਣਿਆ। ਪਰ ਅਪਰੈਲ ਮਹੀਨੇ ਉਸ ਦੇ ਅਚਾਨਕ ਤੁਰ ਜਾਣ ਨਾਲ ਝਟਕਾ ਜਿਹਾ ਲੱਗਿਆ ਜਿਸ ਵਿਚੋਂ ਨਿਕਲਣ ਵਿਚ ਸਮਾਂ ਲੱਗ ਸਕਦਾ ਹੈ। ਮੈਡਮ ਤਾਂ 'ਖੁਸ਼ ਰਹੋ ਅਹਿਲ-ਏ-ਵਤਨ' ਕਹਿ ਕੇ ਤੁਰ ਗਈ ਹੈ।

**ਅੰਤਿਕਾ:** ਅਸਦ ਉਲਾ ਖਾਂ

ਬਰਲਿਨ (ਜਰਮਨੀ) ਵਿਖੇ ਮੇਰੇ ਹਮਜਮਾਤੀ ਮਾਮੇ ਸਵਰਨ ਸਿੰਘ ਭੰਗੂ ਦਾ ਜਾਣੂੰ ਅਸਦ ਉਲਾ ਖਾਂ ਰਹਿੰਦਾ ਹੈ। ਮੈਂ ਜਦੋਂ ਵੀ ਜਰਮਨ ਜਾਵਾਂ, ਉਸ ਨੂੰ ਜ਼ਰੂਰ ਮਿਲਦਾ ਹਾਂ। ਪਿਛਲੀ ਵਾਰੀ ਮਿਲਿਆ ਤਾਂ ਉਸ ਨੇ ਮਿਰਜ਼ਾ ਗਾਲਿਬ ਦੇ ਜੀਵਨ ਤੇ ਸ਼ੌਕਾਂ ਬਾਰੇ ਇਰਸ਼ਾਦ ਰਚਿਤ ਟੋਟਕਾ ਸੁਣਾਇਆ। ਮਰਨ ਉਪਰੰਤ ਉਸ ਦੀ ਖੁਦਾ ਨਾਲ ਵਾਰਤਾਲਾਪ। ਖੁਦਾ ਵੱਲੋਂ ਪੁੱਛੇ ਪ੍ਰਸ਼ਨ 'ਉਸ ਨੂੰ ਸ਼ਰਾਬ ਕਿਥੋਂ ਮਿਲੀ' ਦਾ ਉਤਰ:

ਸ਼ਾਗਿਰਦ ਜੋ ਥੇ ਗਾਲਿਬ ਏ ਖਾਨਾ ਖਰਾਬ ਕੇ
ਕਫਨ ਮੇਂ ਆਧੇ ਰਖ ਗਏ ਦੇਸੀ ਸ਼ਰਾਬ ਕੇ।
ਏਕ ਆਧਾ ਤੋਂ ਉੜਾ ਲੀਆ ਮੁਨਕਰ ਨਕੀਰ ਨੇ
ਬਾਕੀ ਜੋ ਬਚ ਰਹੀ ਥੀ ਪੀ ਲੀ ਹਕੀਰ ਨੇ।

ਇਸਲਾਮ ਅਨੁਸਾਰ ਮੌਤ ਪਿੱਛੋਂ ਬੰਦੇ ਨੂੰ ਸੁਰਗਾਂ ਦੇ ਝੂਟੇ ਦੇਣੇ ਹਨ ਜਾਂ ਨਰਕ ਦੀ ਭੱਠੀ ਸੁਟਣਾ ਹੈ, ਇਸ ਦਾ ਫੈਸਲਾ ਮੁਨਕਰ-ਨਕੀਬ ਨਾਂ ਦੇ ਦੋ ਫਰਿਸ਼ਤਿਆਂ ਨੇ ਕਰਨਾ ਹੁੰਦਾ ਹੈ ਜੋ ਮਰਹੂਮ ਨੂੰ ਖੱਬੇ ਸੱਜੇ ਤੋਂ ਪ੍ਰਸ਼ਨ ਕਰਦੇ ਹਨ। ਉਨ੍ਹਾਂ ਵੱਲੋਂ ਸ਼ਰਾਬ ਦੇ ਸੇਵਨ ਦਾ ਸਵਾਲ ਹੀ ਨਹੀਂ।

# ਸੱਜਣ ਬਾਰੇ ਕੈਪਟਨ ਦੇ ਰੁਖ ਤੋਂ ਪਰਵਾਸੀ ਪੰਜਾਬੀ ਹੋਏ ਬੇਹੱਦ ਔਖੇ

## ਕੈਨੇਡਾ ਵਿਚ ਪੰਜਾਬ ਦੇ ਸਿਆਸੀ ਆਗੂਆਂ ਦੇ ਬਾਈਕਾਟ ਦਾ ਐਲਾਨ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਖਾਲਿਸਤਾਨ ਪੱਖੀ ਦੱਸ ਕੇ ਬਣਦਾ ਮਾਣ-ਸਤਿਕਾਰ ਨਾ ਦੇਣ ਤੋਂ ਪਰਵਾਸੀ ਪੰਜਾਬੀ ਔਖੇ ਹਨ।

ਕੈਨੇਡਾ ਵਿਚ ਪਰਵਾਸੀ ਪੰਜਾਬੀਆਂ ਦੇ ਗੜ੍ਹ ਵਜੋਂ ਜਾਣੇ ਜਾਂਦੇ ਇਲਾਕੇ ਸਰੀ ਵਿਚ ਸਜਾਏ ਨਗਰ ਕੀਰਤਨ ਦੌਰਾਨ ਬੁਲਾਰਿਆਂ ਨੇ ਮੰਚ ਤੋਂ ਇਹ ਐਲਾਨ ਕੀਤਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦਾ ਪੰਜਾਬ ਸਰਕਾਰ ਵੱਲੋਂ ਅਪਮਾਨ ਕਰਵਾਇਆ ਹੈ, ਉਸੇ ਤਰ੍ਹਾਂ ਦਾ ਵਤੀਰਾ ਕੈਨੇਡਾ ਆਉਣ 'ਤੇ ਪੰਜਾਬ ਦੇ ਮੰਤਰੀਆਂ ਨਾਲ ਕੀਤਾ ਜਾਵੇਗਾ। ਇਹ ਨਗਰ ਕੀਰਤਨ ਖਾਲਸਾ ਡੇਅ ਪਰੇਡ ਮੌਕੇ ਸਜਾਇਆ ਗਿਆ, ਜਿਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਇਸ ਵਿਚ ਚਾਰ ਲੱਖ ਦੇ ਕਰੀਬ ਪੰਜਾਬੀਆਂ ਨੇ ਹਿੱਸਾ ਲਿਆ। ਬੁਲਾਰਿਆਂ ਨੇ ਕਿਹਾ ਕਿ ਪੰਜਾਬ ਜਿਹੜਾ ਸਾਰੇ ਸੰਸਾਰ ਵਿਚ ਮਹਿਮਾਨਨਿਵਾਜ਼ੀ



ਲਈ ਜਾਣਿਆ ਜਾਂਦਾ ਹੈ, ਉਸ ਦੀਆਂ ਰਹੁ ਰੀਤਾਂ ਨੂੰ ਕੈਪਟਨ ਅਮਰਿੰਦਰ ਸਿੰਘ ਨੇ ਸੱਟ ਮਾਰੀ ਹੈ। ਸ੍ਰੀ ਸੱਜਣ ਨੂੰ ਮਾਣ ਸਨਮਾਨ ਨਾ ਦੇ ਕੇ ਦੁਨੀਆਂ ਭਰ ਵਿਚ ਵਸਦੇ ਸਿੱਖ ਭਾਈਚਾਰੇ ਦੇ ਮਨਾਂ ਨੂੰ ਠੇਸ ਪਹੁੰਚਾਈ ਹੈ।

ਇਸ ਨਗਰ ਕੀਰਤਨ ਵਿਚ ਵੱਡੀ ਪੱਧਰ 'ਤੇ ਸਿੱਖ ਸੰਗਤ ਹਾਜ਼ਰ ਸੀ। ਨਗਰ ਕੀਰਤਨ ਦੀ ਵੀਡੀਓ ਵਾਇਰਲ ਹੋਈ ਹੈ, ਜਿਸ ਵਿਚ ਕੈਪਟਨ ਅਮਰਿੰਦਰ ਸਿੰਘ ਨੂੰ ਕੈਨੇਡਾ ਆਉਣ ਦੀ ਚੁਣੌਤੀ ਦਿੱਤੀ ਗਈ ਹੈ। ਬੁਲਾਰਿਆਂ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਇਸ ਗੱਲੋਂ ਵੀ ਨਿੰਦਾ ਕੀਤੀ ਕਿ ਉਨ੍ਹਾਂ ਪੰਜਾਬ ਦੇ ਸਾਬਕਾ ਡੀ.ਜੀ.ਪੀ. ਕੇ.ਪੀ.ਐਸ. ਗਿੱਲ ਦਾ ਚੋਣ ਜਿੱਤਣ ਤੋਂ ਬਾਅਦ ਸਵਾਗਤ ਕੀਤਾ ਸੀ, ਜਿਸ ਉਪਰ ਦੋਸ਼ ਲਗਦੇ ਸਨ ਕਿ ਡੀ.ਜੀ.ਪੀ. ਹੁੰਦਿਆਂ ਉਨ੍ਹਾਂ ਝੂਠੇ ਪੁਲਿਸ ਮੁਕਾਬਲਿਆਂ ਵਿਚ ਸਿੱਖ ਨੌਜਵਾਨਾਂ ਨੂੰ ਕੋਹ-ਕੋਹ ਕੇ ਮਾਰਿਆ।

ਸੰਸਦ ਮੈਂਬਰ ਰਵਨੀਤ ਬਿੱਟੂ ਵੱਲੋਂ ਹਰਜੀਤ ਸਿੰਘ ਸੱਜਣ ਬਾਰੇ ਕੀਤੀ ਬਿਆਨਬਾਜ਼ੀ ਦੀ ਵੀ ਸਟੇਜ ਤੋਂ ਤਿੱਖੀ ਆਲੋਚਨਾ ਕੀਤੀ ਗਈ। ਬੁਲਾਰਿਆਂ ਨੇ ਨਗਰ ਕੀਰਤਨ ਵਿਚ ਹਾਜ਼ਰ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਹ ਪ੍ਰਣ ਕਰਨ ਕਿ ਜਦੋਂ ਵੀ ਪੰਜਾਬ ਦੇ ਮੰਤਰੀ ਕੈਨੇਡਾ ਦੀ ਧਰਤੀ 'ਤੇ ਆਉਣ ਤਾਂ ਉਨ੍ਹਾਂ ਦਾ ਜ਼ੋਰਦਾਰ ਵਿਰੋਧ ਕੀਤਾ ਜਾਵੇ। ਗਰਮ ਖਿਆਲੀਆਂ ਦੀ ਇਸ ਸਟੇਜ ਉਪਰ ਭਾਈ ਸਤਵੰਤ ਸਿੰਘ, ਭਾਈ ਬੇਅੰਤ ਸਿੰਘ ਅਤੇ ਭਾਈ ਕੇਹਰ ਸਿੰਘ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ, ਜਦੋਂ ਕਿ ਮੰਚ ਹੇਠਾਂ ਕੈਪਟਨ ਅਮਰਿੰਦਰ ਸਿੰਘ ਤੇ ਸੁਖਬੀਰ ਬਾਦਲ ਦੀ ਤਸਵੀਰ ਲੱਗੀ ਹੋਈ ਸੀ ਅਤੇ ਨਾਲ ਹੀ 'ਕੈਪਟਨ ਤੇ ਬਾਦਲ ਵਰਗੇ ਅੰਦਰੋਂ ਸਭ ਇਕ ਹਨ' ਲਿਖਿਆ ਹੋਇਆ ਸੀ।

ਟੋਰਾਂਟੋ ਵਿਚ ਵੀ ਪਰਵਾਸੀ ਪੰਜਾਬੀਆਂ ਵਿਚ ਇਸ ਗੱਲੋਂ ਭਾਰੀ ਰੋਸ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੂੰ ਬਣਦਾ ਮਾਣ-ਸਤਿਕਾਰ ਨਹੀਂ ਦਿੱਤਾ।

### ਸੱਜਣ ਨੂੰ ਨਹੀਂ ਮਿਲਿਆ ਬਣਦਾ ਸਤਿਕਾਰ: ਮਾਨ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਦੀ ਭਾਰਤ ਫੇਰੀ ਦੌਰਾਨ ਕੇਂਦਰ ਸਰਕਾਰ 'ਤੇ ਉਨ੍ਹਾਂ ਨੂੰ ਅਣਗੌਲਿਆ ਕਰਨ ਦਾ ਦੋਸ਼ ਲਗਾਉਂਦੇ ਹੋਏ ਕਿਹਾ ਹੈ ਕਿ ਉਨ੍ਹਾਂ ਨੂੰ ਬਣਦਾ ਮਾਨ ਸਤਿਕਾਰ ਨਹੀਂ ਦਿੱਤਾ ਗਿਆ ਕਿਉਂਕਿ ਅਮਰੀਕਾ ਦੇ ਛੋਟੇ ਜਿਹੇ ਅਧਿਕਾਰੀ ਨਾਲ ਤਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਮਿਲ ਕੇ ਗੱਲਬਾਤ ਕੀਤੀ ਸੀ ਜਦਕਿ ਕੈਨੇਡਾ ਦੇ ਰੱਖਿਆ ਮੰਤਰੀ ਨਾਲ ਜਾਣਬੁੱਝ ਕੇ ਗੱਲਬਾਤ ਨਹੀਂ ਕੀਤੀ ਕਿਉਂਕਿ ਉਹ ਇੱਕ ਸਿੱਖ ਆਗੂ ਸਨ।



# ਦਾਰੂ ਦਾ ਸ਼ੌਕੀਨ ਹੈ ਇਹ 21 ਕਰੋੜੀ ਝੋਟਾ

**ਕੈਥਲ:** ਹਰਿਆਣਾ ਦੇ ਕੈਥਲ ਜ਼ਿਲ੍ਹੇ ਦਾ ਝੋਟਾ 'ਸੁਲਤਾਨ' ਆਪਣੇ ਖਾਣ ਪੀਣ ਤੇ ਕਮਾਈ ਨੂੰ ਲੈ ਕੇ ਚਰਚਾ ਵਿਚ ਹੈ। ਅਸਲ ਵਿਚ ਇਹ ਝੋਟਾ ਹਫਤੇ ਵਿਚ ਛੇ ਦਿਨ ਪੈੱਗ ਲਾਉਂਦਾ ਹੈ। ਪੈੱਗ ਵੀ ਇਕ ਹੀ ਬਰਾਂਡ ਦਾ ਨਹੀਂ, ਸਗੋਂ ਹਰ ਰੋਜ਼ ਵੱਖਰੇ-ਵੱਖਰੇ ਬਰਾਂਡ ਦਾ ਸ਼ੌਕੀਨ ਹੈ। ਇਹ ਝੋਟਾ ਧਾਰਮਿਕ ਖਿਆਲਾਂ ਦਾ ਵੀ ਹੈ, ਮੰਗਲਵਾਰ ਨੂੰ ਇਹ ਪੈੱਗ ਨਹੀਂ ਲਾਉਂਦਾ। ਇਹ ਸ਼ਾਹੀ ਝੋਟਾ ਕੈਥਲ ਦੇ ਬੁੱਢਾ ਖੇੜਾ ਪਿੰਡ ਦਾ ਹੈ। ਇਸ ਦੇ ਮਾਲਕ ਨਰੇਸ਼ ਨੇ ਦੱਸਿਆ ਕਿ ਸੁਲਤਾਨ ਦੇ ਸੀਮਨ ਨੂੰ ਵਧਾਉਣ ਲਈ ਇਸ ਨੂੰ ਸ਼ਰਾਬ ਪਿਲਾਈ ਜਾਂਦੀ ਹੈ, ਪਰ ਇਹ ਦਵਾਈ ਦੇ ਤੌਰ ਉਤੇ। ਇਸ ਝੋਟੇ ਦੀ ਸਾਲਾਨਾ ਕਮਾਈ 90 ਲੱਖ ਰੁਪਏ ਹੈ। ਮੂਰ੍ਹਾ ਨਸਲ ਦੇ ਸੱਤ ਸਾਲ 10 ਮਹੀਨੇ ਦੇ ਝੋਟੇ ਦੀ ਬਾਜ਼ਾਰ ਵਿਚ ਕੀਮਤ 21 ਕਰੋੜ ਰੁਪਏ ਹੈ।

ਨਰੇਸ਼ ਨੇ ਦੱਸਿਆ ਕਿ ਪੰਜ ਸਾਲ ਪਹਿਲਾਂ ਸੁਲਤਾਨ ਦੋ ਲੱਖ ਚਾਲੀ ਹਜ਼ਾਰ ਰੁਪਏ ਵਿਚ ਖਰੀਦਿਆ ਸੀ ਤੇ ਇਸ ਵਕਤ ਇਸ ਦਾ ਭਾਰ 1700 ਕਿੱਲੋਗਰਾਮ ਹੈ। ਇਕ ਵਿਦੇਸ਼ੀ ਮਾਹਿਰ ਨੇ ਇਸ ਪਿਛਲੇ ਸਾਲ ਕੀਮਤ 21 ਕਰੋੜ ਰੁਪਏ ਲਾਈ ਸੀ। ਜੇਕਰ ਹੁਣ ਸੁਲਤਾਨ ਦੀ ਖੁਰਾਕ ਦੀ



ਗੱਲ ਕੀਤੀ ਜਾਵੇ ਤਾਂ ਇਹ ਦੇਸੀ ਘੀ ਦਾ ਮਲੀਦਾ ਤੇ ਦੁੱਧ ਪੀਂਦਾ ਹੈ। ਇਸ ਸੁਲਤਾਨ ਨੇ ਦੱਸਿਆ ਕਿ 30 ਹਜ਼ਾਰ ਸੀਮਨ ਦੀ ਡੋਜ਼ ਇਹ ਦਿੰਦਾ ਹੈ ਜੋ 300 ਰੁਪਏ ਪ੍ਰਤੀ ਡੋਜ਼ ਵਿਕਦੀ ਹੈ। ਇਸ ਹਿਸਾਬ ਨਾਲ ਇਹ ਸਾਲਾਨਾ 90 ਲੱਖ ਰੁਪਏ ਕਮਾਉਂਦਾ ਹੈ। ਸੁਲਤਾਨ ਦੀ ਕਮਾਈ ਕਰ ਕੇ ਨਹੀਂ ਸਗੋਂ ਉਹ ਉਸ ਦਾ ਬੇਟੇ ਵਾਂਗ ਹੈ। ਇਸ ਕਰ ਕੇ ਉਹ ਕਦੇ ਵੀ ਇਸ ਨੂੰ ਨਹੀਂ ਵੇਚੇਗਾ। ਖੁਰਾਕ ਦੀ ਗੱਲ ਕਰੀਏ ਤਾਂ ਇਸ ਨੂੰ ਹਿਮਾਚਲੀ ਸੇਬ, ਦੇਸੀ ਘਿਉ, ਹਰਾ ਚਾਰਾ ਦਿੱਤਾ ਜਾਂਦਾ ਹੈ। ਇਸ ਤੋਂ ਇਲਾਵਾ ਸੁਲਤਾਨ ਦੀ ਰੋਜ਼ਾਨਾ ਮਾਲਿਸ਼ ਵੀ ਕੀਤੀ ਜਾਂਦੀ ਹੈ ਤੇ ਸਵੇਰੇ ਤੇ ਸ਼ਾਮ ਨੂੰ ਸੈਰ ਵੀ।

# ਜਗਤਾਰ ਸਿੰਘ ਹਵਾਰਾ ਖਿਲਾਫ ਕੇਸ ਦੀ ਦੱਬੀ ਫਾਈਲ ਖੋਲ੍ਹੀ

**ਮੋਗਾ:** ਸਰਬੱਤ ਖਾਲਸਾ ਵੱਲੋਂ ਡੇਢ ਵਰ੍ਹਾ ਪਹਿਲਾਂ ਥਾਪੇ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਤੇ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਗਰਮਖਿਆਲੀ ਜਗਤਾਰ ਸਿੰਘ ਹਵਾਰਾ ਵਿਰੁੱਧ ਪੁਲੀਸ ਨੇ ਤਕਰੀਬਨ 12 ਵਰ੍ਹੇ ਪੁਰਾਣੇ ਜਾਨ ਲੇਵਾ ਹਮਲੇ ਦੇ ਮਾਮਲੇ ਦੀ ਦੱਬੀ ਫਾਈਲ ਖੋਲ ਕੇ ਅਦਾਲਤ ਵਿਚ ਕੇਸ ਚਲਾਉਣ ਦੀ ਤਿਆਰੀ ਕਰ ਲਈ ਹੈ।



ਥਾਣਾ ਬੱਧਨੀ ਕਲਾਂ ਤਹਿਤ ਪੁਲਿਸ ਚੌਕੀ ਲੋਪੋ ਵਿਚ ਸਿਪਾਹੀ ਉਤੇ ਗੋਲੀ ਚਲਾ ਕੇ ਜਾਨ ਲੇਵਾ ਹਮਲਾ ਕਰਨ ਦੇ ਕੇਸ ਵਿਚ ਜਗਤਾਰ ਸਿੰਘ ਹਵਾਰਾ ਨੂੰ ਨਾਮਜ਼ਦ ਕੀਤਾ ਗਿਆ ਸੀ। ਬੱਧਨੀ ਕਲਾਂ ਪੁਲਿਸ ਨੇ 18 ਫਰਵਰੀ 2005 ਨੂੰ ਜਾਨ ਲੇਵਾ ਹਮਲੇ ਦੇ ਦੋਸ਼ ਹੇਠ ਹਵਾਰਾ ਨੂੰ ਨਾਮਜ਼ਦ ਕੀਤਾ ਸੀ। 16 ਫਰਵਰੀ 2005 ਨੂੰ ਪੁਲਿਸ ਚੌਕੀ ਲੋਪੋ ਦੇ ਮੁਨਸ਼ੀ ਜਸਵੀਰ ਸਿੰਘ ਨੂੰ ਉਸ ਵਕਤ ਗੋਲੀ ਮਾਰੀ ਗਈ ਸੀ, ਜਦੋਂ ਅੰਮ੍ਰਿਤਸਰ ਤੋਂ ਅਗਵਾ ਵਿਦਿਆਰਥੀ ਪਰਬੀਰ ਦੀ ਭਾਲ ਲਈ ਪੰਜਾਬ ਵਿਚ ਹਾਈ ਰੈੱਡ ਐਲਰਟ ਸੀ। ਸਿਪਾਹੀ ਜਸਵੀਰ ਸਿੰਘ ਨੇ ਆਲਟੋ ਕਾਰ ਵਿਚ ਘੁੰਮਦੇ ਸ਼ੱਕੀ ਵਿਅਕਤੀਆਂ ਨੂੰ ਬਹਾਦਰੀ ਨਾਲ ਰੋਕਣ ਦੀ ਕੋਸ਼ਿਸ਼ ਕੀਤੀ ਸੀ। ਪੁਲਿਸ ਮੁਤਾਬਕ ਸੀ.ਆਰ.ਪੀ.ਸੀ. ਦੀ ਧਾਰਾ 268 ਤਹਿਤ ਸੁਰੱਖਿਆ ਦੇ ਮੱਦੇਨਜ਼ਰ ਹਵਾਰਾ ਨੂੰ ਤਿਹਾੜ ਜੇਲ੍ਹ 'ਚੋਂ ਪ੍ਰੋਡਕਸ਼ਨ ਵਾਰੰਟ 'ਤੇ ਨਹੀਂ ਲਿਆਂਦਾ ਜਾ ਸਕਿਆ ਸੀ। ਸੀਨੀਅਰ ਪੁਲਿਸ ਅਧਿਕਾਰੀ ਮੁਤਾਬਕ ਹਵਾਰਾ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਉਸ ਨੂੰ ਤਿਹਾੜ ਜੇਲ੍ਹ ਤੋਂ ਪੰਜਾਬ ਦੀ ਕਿਸੇ ਜੇਲ੍ਹ ਵਿਚ ਤਬਦੀਲ ਕਰਨ ਲਈ ਅਰਜ਼ੀ ਦਾਇਰ ਕੀਤੀ ਹੋਈ ਹੈ। ਹਾਈ ਕੋਰਟ ਨੇ ਇਸ ਅਰਜ਼ੀ 'ਤੇ ਪੰਜਾਬ ਤੇ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਅਗਲੀ ਸੁਣਵਾਈ 8 ਮਈ ਨੂੰ ਹੋਣੀ ਹੈ। ਹਾਈ ਕੋਰਟ ਦੇ ਨੋਟਿਸ ਬਾਅਦ ਪੰਜਾਬ ਪੁਲਿਸ ਮੁਖੀ ਨੇ ਹਵਾਰਾ ਖਿਲਾਫ਼ ਦਰਜ ਕੇਸਾਂ ਦੀ ਪੜਚੋਲ ਦੀਆਂ ਹਦਾਇਤਾਂ ਦਿੱਤੀਆਂ ਹਨ। ਹਾਈ ਕੋਰਟ ਨੇ ਹਰਿਆਣਾ ਤੇ ਪੰਜਾਬ ਸਰਕਾਰ ਨੂੰ ਹਵਾਰਾ ਖਿਲਾਫ ਦਰਜ ਅਪਰਾਧਿਕ ਕੇਸਾਂ ਦੇ ਵੇਰਵੇ, ਕੇਸਾਂ ਦੀ ਸਥਿਤੀ ਤੇ ਉਸ ਨੂੰ ਅਦਾਲਤ ਵਿਚ ਇਨ੍ਹਾਂ ਕੇਸਾਂ ਦੀ ਸੁਣਵਾਈ ਲਈ ਪੇਸ਼ ਨਾ ਕਰਨ ਦੇ ਕਾਰਨਾਂ ਆਦਿ ਬਾਰੇ ਹਲਫਨਾਮਾ ਦਾਇਰ ਕਰਨ ਦਾ ਆਦੇਸ਼ ਦਿੱਤਾ ਹੈ।

# ਹੁਣ ਲੁਧਿਆਣੇ ਤੋਂ ਦਿੱਲੀ ਲਈ 2500 'ਚ ਉਡਾਣ

**ਲੁਧਿਆਣਾ:** ਸਨਅਤੀ ਨਗਰੀ ਲੁਧਿਆਣਾ 'ਚ ਹਵਾਈ ਆਵਾਜਾਈ ਦੀ ਮੰਗ ਪੂਰੀ ਹੋਣ ਜਾ ਰਹੀ ਹੈ। ਪ੍ਰਧਾਨ ਮੰਤਰੀ ਮੋਦੀ ਦੀ 'ਉਡਾਣ' ਸਕੀਮ ਤਹਿਤ ਲੁਧਿਆਣਾ ਤੋਂ ਵੀ ਅਗਸਤ ਮਹੀਨੇ ਰੋਜ਼ਾਨਾ ਫਲਾਈਟ ਚਲਾਉਣ ਦੀ ਤਿਆਰੀ ਲਗਭਗ ਪੂਰੀ ਹੋ ਗਈ ਹੈ।

ਇਸ ਲਈ ਬਕਾਇਦਾ ਤਿਆਰੀਆਂ ਪੂਰੀਆਂ ਹੋ ਚੁੱਕੀਆਂ ਹਨ ਤੇ ਦੋ ਏਅਰਲਾਈਨ ਕੰਪਨੀਆਂ ਨੇ ਇਸ ਲਈ ਸਹਿਮਤੀ ਦੇ ਦਿੱਤੀ ਹੈ। ਇਨ੍ਹਾਂ 'ਚੋਂ ਸਪਾਈਸ ਜੈੱਟ ਤੇ ਏਅਰ ਡਾਇਕਨ ਸ਼ਾਮਲ ਹਨ ਜਦੋਂਕਿ ਲੁਧਿਆਣਾ ਰਨਵੇ ਛੋਟਾ ਹੋਣ ਕਾਰਨ ਸਪਾਈਸ ਜੈੱਟ ਦਾ ਜਹਾਜ਼ ਇਥੇ ਲੈਂਡ ਨਹੀਂ ਕਰ ਸਕੇਗਾ। ਅਜਿਹੇ 'ਚ ਡਾਇਕਨ ਨੂੰ ਸਹਿਮਤੀ ਦਿੱਤੀ ਜਾਵੇਗੀ। ਇਸ ਲਈ ਏਅਰ ਡਾਇਕਨ ਦੀ ਟੀਮ ਛੇਤੀ ਹੀ ਲੁਧਿਆਣਾ ਏਅਰਪੋਰਟ ਦਾ ਦੌਰਾ ਕਰੇਗੀ। ਇਸ ਦੇ ਸਫਲ ਹੋਣ 'ਤੇ ਯਾਤਰੀ ਵਧਣ ਤੋਂ ਬਾਅਦ ਉਡਾਣਾਂ ਦੀ ਗਿਣਤੀ ਵਧਾਈ ਜਾਵੇਗੀ।

ਲੁਧਿਆਣਾ 'ਚ ਕਈ ਵਾਰ ਫਲਾਈਟ ਸ਼ੁਰੂ ਹੋਣ ਤੋਂ ਬਾਅਦ ਛੇਤੀ ਫਲਾਪ ਹੋਣ ਦਾ ਮੁੱਖ ਕਾਰਨ ਕਿਰਾਇਆ ਵੱਧ ਹੋਣਾ, ਫਲਾਈਟ ਦਾ ਸਮਾਂ ਸਹੀ ਨਾ ਹੋਣਾ, ਨੈਵੀਗੇਸ਼ਨ ਉਪਕਰਨ ਨਾ ਹੋਣੇ ਤੇ ਵਿਜ਼ੀਬਿਲਟੀ ਘੱਟ ਹੋਣਾ ਹੁੰਦਾ ਹੈ। ਇਨ੍ਹਾਂ ਸਾਰਿਆਂ ਨੂੰ ਧਿਆਨ 'ਚ ਰੱਖ ਕੇ ਹੁਣ ਨਵੇਂ ਸਿਰੇ ਤੋਂ ਪ੍ਰੋਜੈਕਟ ਨੂੰ ਤਿਆਰ ਕੀਤਾ ਗਿਆ ਹੈ। ਇਸ 'ਚ ਕੀਮਤਾਂ ਨੂੰ ਵਾਜਬ ਕਰਨ ਲਈ ਕੇਂਦਰੀ ਸਕੀਮ ਉਡਾਣ ਨੂੰ ਪੇਸ਼ ਕੀਤਾ ਜਾ ਰਿਹਾ ਹੈ। ਇਸ 'ਚ 50 ਫੀਸਦੀ ਤੱਕ ਦੀ ਸਬਸਿਡੀ ਦੀ ਵਿਵਸਥਾ ਹੈ। ਅੱਧੀਆਂ ਸੀਟਾਂ ਦੀ ਟਿਕਟ ਦੀ ਕੀਮਤ 2500 ਰੁਪਏ ਪ੍ਰਤੀ ਸੀਟ ਹੋਵੇਗੀ ਜਦੋਂਕਿ ਬਾਕੀ ਸੀਟਾਂ ਦਾ ਕਿਰਾਇਆ ਮਾਰਕਿਟ ਰੇਟ ਮੁਤਾਬਕ ਲਿਆ ਜਾਵੇਗਾ।

# ਜਰਮਨੀ ਵਿਚ ਬੁਰਕੇ ਉਤੇ ਪਾਬੰਦੀ

**ਬਰਲਿਨ:** ਜਰਮਨੀ 'ਚ ਕੱਟੜਵਾਦੀਆਂ ਦੇ ਹਮਲੇ ਰੋਕਣ ਦੇ ਮਕਸਦ ਨਾਲ ਮੁਸਲਿਮ ਮਹਿਲਾਵਾਂ ਵੱਲੋਂ ਪਾਏ ਜਾਂਦੇ ਬੁਰਕੇ 'ਤੇ ਅਸਥਾਈ ਤੌਰ 'ਤੇ ਪਾਬੰਦੀ ਨੂੰ ਮਨਜ਼ੂਰੀ ਦੇ ਦਿੱਤੀ ਗਈ ਹੈ। ਨਵੇਂ ਕਾਨੂੰਨ ਦੀ ਮਨਜ਼ੂਰੀ ਸਤੰਬਰ 'ਚ ਹੋਣ ਜਾ ਰਹੀਆਂ ਚੋਣਾਂ ਤੇ ਜਰਮਨੀ 'ਚ ਕਈ ਜਿਹਾਦੀ ਹਮਲਿਆਂ ਦੇ ਮੱਦੇਨਜ਼ਰ ਦਿੱਤੀ ਗਈ ਹੈ। ਇਹ ਪਾਬੰਦੀ ਡਿਊਟੀ ਦਿੰਦੇ ਸਮੇਂ ਚੋਣ ਅਧਿਕਾਰੀਆਂ, ਮਿਲਟਰੀ ਤੇ ਜੁਡੀਸ਼ੀਅਲ ਸਟਾਫ ਸਮੇਤ ਸਰਕਾਰੀ ਅਧਿਕਾਰੀਆਂ 'ਤੇ ਲਾਗੂ ਹੋਵੇਗੀ। ਪੂਰਾ ਚਿਹਰਾ



ਢੱਕਣ 'ਤੇ ਲੱਗੀ ਪਾਬੰਦੀ 'ਚ ਹੈਲਥ ਵਰਕਰਾਂ ਤੇ ਪੁਲਿਸ ਅਫਸਰਾਂ ਨੂੰ ਛੋਟ ਦਿੱਤੀ ਗਈ ਹੈ। ਰੱਖਿਆ ਦੇ ਜਿਨ੍ਹਾਂ ਪ੍ਰਬੰਧਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ, ਉਨ੍ਹਾਂ 'ਚ ਇਲੈਕਟ੍ਰੋਨਿਕ ਏਂਕਲ ਬ੍ਰੇਸਲੇਟਸ ਦੀ ਵਰਤੋਂ ਵੀ ਸ਼ਾਮਲ ਹੈ ਜੋ ਕਿਸੇ ਸ਼ੱਕੀ ਵਿਅਕਤੀ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਇਸਤੇਮਾਲ ਕੀਤੀ ਜਾਣ ਵਾਲੀ ਡਿਵਾਇਸ ਹੈ। ਦੇਸ਼ 'ਚ ਆਉਣ-ਜਾਣ ਵਾਲੇ ਬਾਹਰ ਦੇ ਨਾਗਰਿਕਾਂ ਖਾਸਕਰ ਅਤਿਵਾਦ ਪ੍ਰਭਾਵਿਤ ਦੇਸ਼ਾਂ ਦੇ ਲੋਕਾਂ ਦਾ ਪੁਲਿਸ ਫੋਰਸ ਇਕ ਡਾਟਾ ਤਿਆਰ ਕਰੇਗੀ।

# ਪੰਚਾਇਤੀ ਜ਼ਮੀਨ 'ਚੋਂ ਹਿੱਸੇ ਲਈ ਦਲਿਤਾਂ ਵੱਲੋਂ ਘੋਲ

**ਸੰਗਰੂਰ:** ਪੰਚਾਇਤੀ ਜ਼ਮੀਨ ਵਿਚੋਂ ਰਾਖਵੇਂ ਕੋਟੇ ਦੀ ਜ਼ਮੀਨ ਪੱਕੇ ਤੌਰ 'ਤੇ ਲੈਣ ਅਤੇ ਹੋਰ ਮੰਗਾਂ ਲਈ ਦਲਿਤ ਲੋਕ ਮੁੜ ਸੜਕਾਂ 'ਤੇ ਉਤਰ ਆਏ ਹਨ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਜ਼ਿਲ੍ਹਾ ਭਰ ਦੇ ਸੈਂਕੜੇ ਕਿਸਾਨਾਂ-ਮਜ਼ਦੂਰਾਂ ਤੇ ਔਰਤਾਂ ਨੇ ਕੜਕਦੀ ਧੁੱਪ ਵਿਚ ਡੀ.ਸੀ. ਕੰਪਲੈਕਸ ਅੱਗੇ ਧਰਨਾ ਦਿੱਤਾ। ਰੋਸ ਮਾਰਚ ਕਰਦਿਆਂ ਜਿਉਂ ਹੀ ਪ੍ਰਦਰਸ਼ਨਕਾਰੀ ਇਥੇ ਡੀ.ਸੀ. ਕੰਪਲੈਕਸ ਅੱਗੇ ਪੁੱਜੇ ਤਾਂ ਪੁਲਿਸ ਨੇ ਮੁੱਖ ਗੇਟ ਬੰਦ ਕਰ ਦਿੱਤਾ।

ਪ੍ਰਦਰਸ਼ਨਕਾਰੀਆਂ ਨੇ ਡੀ.ਸੀ. ਕੰਪਲੈਕਸ ਅੱਗੇ ਆਵਾਜਾਈ ਠੱਪ ਕਰ ਕੇ ਧਰਨਾ ਲਾ ਕੇ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਖਿਲਾਫ਼ ਨਾਅਰੇਬਾਜ਼ੀ ਕੀਤੀ। ਸਿਖਰ ਦੁਪਹਿਰੇ ਕੜਕਦੀ ਧੁੱਪ ਵਿਚ ਮਜ਼ਦੂਰ ਔਰਤਾਂ ਰੋਸ ਧਰਨੇ ਵਿਚ ਡਟੀਆਂ ਰਹੀਆਂ। ਇਸ ਮੌਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੇ ਕਿਹਾ ਕਿ ਜ਼ਮੀਨਾਂ ਤੋਂ ਵਾਂਝੇ ਹੋਣ ਕਾਰਨ ਮਜ਼ਦੂਰ ਗਰੀਬੀ ਨਾਲ ਜੂਝ ਰਹੇ ਹਨ। ਸਰਕਾਰ ਨੇ ਭਾਵੇਂ ਕਾਨੂੰਨ ਮੁਤਾਬਕ ਦਲਿਤਾਂ ਲਈ ਰਾਖਵਾਂ ਰੱਖਿਆ ਹੈ, ਪਰ ਦਲਿਤਾਂ ਨੂੰ ਇਹ ਹੱਕ ਨਹੀਂ ਮਿਲ ਰਿਹਾ।



ਬੁਲਾਰਿਆਂ ਨੇ ਮੰਗ ਕੀਤੀ ਕਿ ਪੰਚਾਇਤੀ ਜ਼ਮੀਨਾਂ 'ਚੋਂ ਤੀਜਾ ਹਿੱਸਾ ਦਲਿਤਾਂ ਨੂੰ ਪੱਕੇ ਤੌਰ 'ਤੇ ਦਿੱਤਾ ਜਾਵੇ, ਬਾਕੀ ਰਹਿੰਦੀ ਜ਼ਮੀਨ ਛੋਟੇ ਕਿਸਾਨਾਂ ਲਈ ਰਾਖਵੀਂ ਕੀਤੀ ਜਾਵੇ, ਨਜ਼ੂਲ ਜ਼ਮੀਨਾਂ ਦੇ ਮਾਲਕੀ ਹੱਕ ਦੇਣ ਲਈ ਰੱਖੀਆਂ ਸ਼ਰਤਾਂ ਤੁਰਤ ਰੱਦ ਕੀਤੀਆਂ ਜਾਣ, ਮਾਤਾ ਗੁਰਦੇਵ ਕੌਰ ਦੀ ਸ਼ਹੀਦੀ ਮਗਰੋਂ ਪ੍ਰਸ਼ਾਸਨ ਵੱਲੋਂ ਕੀਤੇ ਸਮਝੌਤੇ ਨੂੰ ਤੁਰਤ ਲਾਗੂ ਕੀਤਾ ਜਾਵੇ, ਲੋੜਵੰਤ ਪਰਿਵਾਰਾਂ ਨੂੰ ਦਸ-ਦਸ ਮਰਲੇ ਦੇ ਪਲਾਟ ਦਿੱਤੇ ਜਾਣ, ਅਲਾਟ ਹੋਏ ਪਲਾਟਾਂ ਦਾ ਕਬਜ਼ਾ ਦਿਵਾਇਆ ਜਾਵੇ, ਜ਼ਮੀਨੀ ਘੋਲ ਦੌਰਾਨ ਦਰਜ ਸਾਰੇ ਕੇਸ ਰੱਦ ਕੀਤੇ ਜਾਣ, ਪਿੰਡਾਂ ਵਿਚ ਮਗਨਰੇਗਾ ਦਾ ਕੰਮ ਸਾਰਾ ਸਾਲ ਚਲਾਇਆ ਜਾਵੇ ਤੇ ਕੀਤੇ ਕੰਮਾਂ ਦੇ ਪੈਸੇ ਤੁਰਤ ਦਿੱਤੇ ਜਾਣ।

# ਗੁਰੂ ਨਾਨਕ ਸਿੱਖ ਸੈਂਟਰ, ਲੈਨਸਿੰਗ (ਮਿਸ਼ੀਗਨ)

4701 Pleasant Grove, Lansing, MI 48910 Ph: 517-272-0231, www.LansingGurdwara.Com

## ਲੈਨਸਿੰਗ, ਮਿਸ਼ੀਗਨ ਵਿਚ ਖਾਲਸੇ ਦੇ ਜਨਮ ਦਿਹਾੜੇ 'ਤੇ

ਸ਼ਿਕਾਗੋ, ਕਰਾਊਨ ਪੁਆਇੰਟ, ਇੰਡੀਅਨਐਪੋਲਿਸ, ਸਾਊਥਬੈਂਡ, ਮਿਲਵਾਕੀ, ਡਿਟਰਾਇਟ, ਗਰੈਂਡ ਰੈਪਿਡਜ਼, ਮਸਕੀਗਨ, ਜੈਕਸਨ, ਫਲਿੰਟ, ਸਾਗੀਨਾਅ, ਕੈਲਮਜ਼ੂ, ਬੈਟਲ ਕਰੀਕ, ਬੈਂਟਨ ਹਾਰਬਰ ਅਤੇ ਹੋਰ ਦੂਰ-ਨੇੜੇ ਦੀ ਸੰਗਤ ਦੇ ਸਹਿਯੋਗ ਨਾਲ

# ਮਹਾਨ ਨਗਰ ਕੀਰਤਨ

## ਅਤੇ ਵਿਸਾਖੀ ਮੇਲਾ

## ਸਨਿਚਰਵਾਰ, 6 ਮਈ 2017

Adado Riverfront Park: 300 N. Grand Ave., Lansing MI 48933. (Downtown Lansing)

## ਪ੍ਰੋਗਰਾਮ

ਸਨਿਚਰਵਾਰ, 6 ਮਈ 2017 ਨੂੰ ਗੁਰਦੁਆਰਾ ਸਾਹਿਬ ਵਿਚ ਅਖੰਡ ਪਾਠ ਦਾ ਭੋਗ ਸਵੇਰੇ 7.00 ਵਜੇ ਪਾਇਆ ਜਾਵੇਗਾ। ਇਸ ਉਪਰੰਤ ਸੰਗਤਾਂ ਅਡੈਡੋ ਰਿਵਰਫਰੰਟ ਪਾਰਕ (300 ਨਾਰਥ ਗਰੈਂਡ ਐਵੇਨਿਊ, ਲੈਨਸਿੰਗ, ਮਿਸ਼ੀਗਨ 48933) ਵਿਚ ਇਕੱਤਰ ਹੋਣਗੀਆਂ। ਇਸੇ ਪਾਰਕ ਤੋਂ ਪਰੇਡ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅਗਵਾਈ ਵਿਚ ਅਰੰਭ ਹੋਵੇਗੀ। ਪਰੇਡ ਦੇ ਸਭ ਤੋਂ ਅੱਗੇ ਪੰਜ ਪਿਆਰੇ ਆਪਣੀਆਂ ਰਵਾਇਤੀ ਪੁਸ਼ਾਕਾਂ ਵਿਚ ਚੱਲਣਗੇ। ਪਰੇਡ ਆਪਣੇ ਰੂਟ 'ਤੇ ਹੁੰਦੀ ਹੋਈ ਵਾਪਸ ਇਸੇ ਪਾਰਕ ਵਿਚ ਹੀ ਆ ਕੇ ਸਮਾਪਤ ਹੋਵੇਗੀ। ਪੰਥ ਪ੍ਰਸਿਧ ਕੀਰਤਨੀਏ ਅਤੇ ਕਥਾਵਾਚਕ ਸ਼ਬਦ ਕੀਰਤਨ ਤੇ ਕਥਾ ਰਾਹੀਂ ਅਤੇ ਢਾਡੀ ਜਥਾ ਦੇਸਰਾਜ ਸਿੰਘ ਦੀਵਾਨਾ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪਰੇਡ ਦੀ ਸਮਾਪਤੀ 'ਤੇ ਅਡੈਡੋ ਰਿਵਰਫਰੰਟ ਪਾਰਕ 300 N. Grand Ave., Lansing MI 48933 (Downtown Lansing) 'ਚ ਸੰਗਤਾਂ ਲਈ ਲੰਗਰ ਦਾ ਖਾਸ ਪ੍ਰਬੰਧ ਹੋਵੇਗਾ।

*ਤਾਜ਼ਾ ਜਲੇਬੀਆਂ *ਗਰਮਾ ਗਰਮ ਪਕੌੜਿਆਂ ਦਾ ਵਿਸ਼ੇਸ਼ ਪ੍ਰਬੰਧ
*ਧਾਰਮਿਕ ਤਸਵੀਰਾਂ ਅਤੇ ਪੇਂਟਿੰਗ ਦਾ ਸਟਾਲ ਲੱਗੇਗਾ
ਲੰਗਰ ਦੀ ਸੇਵਾ ਗਰਿੱਲ ਆਫ ਇੰਡੀਆ ਅਤੇ ਫਲਿੰਟ ਦੀ ਸੰਗਤ ਵਲੋਂ
ਗੰਨੇ ਦੇ ਰਸ ਦੀ ਸੇਵਾ ਜੈਕਸਨ ਦੀ ਸੰਗਤ ਵਲੋਂ
ਛੋਲੇ-ਭਠੂਰਿਆਂ ਦੀ ਸੇਵਾ ਡਿਟਰਾਇਟ ਦੀ ਸੰਗਤ ਵਲੋਂ
ਪੀਜ਼ੇ ਦੀ ਸੇਵਾ ਅਮਰਜੀਤ ਸਿੰਘ ਵਲੋਂ
ਪਾਣੀ ਦੀ ਸੇਵਾ ਜਸਵੀਰ ਸਿੰਘ ਗਰੈਂਡ ਰੈਪਿਡਜ਼ ਵਲੋਂ
ਆਈਸ ਕਰੀਮ ਅਤੇ ਕਾਟਨ ਕੈਂਡੀ ਦੀ ਸੇਵਾ ਅਜੇ ਬਡਵਾਲ ਵਲੋਂ

ਸੰਗਤਾਂ ਨੂੰ ਬੇਨਤੀ ਹੈ ਕਿ ਕੱਪੜੇ-ਬਸਤਰ ਮੌਸਮ ਅਨੁਸਾਰ ਪਾ ਕੇ ਆਉਣਾ ਜੀ





## Contacts:

**Gurudwara Sahib (517) 272-0231**
**Ladi Multani (517) 204-4171**
**S. Balbir Singh (517) 402-1811**
**S. Kuldip Singh (President)**
**Ph: 517-402-4910**

### ਜ਼ਰੂਰੀ ਬੇਨਤੀ

ਕੋਈ ਵੀ ਸੱਜਣ ਸ਼ਰਾਬ ਪੀ ਕੇ ਜਾਂ ਹੋਰ ਕੋਈ ਨਸ਼ੀਲੀ ਵਸਤੂ ਦਾ ਸੇਵਨ ਕਰਕੇ ਪਰੇਡ ਵਿਚ ਸ਼ਾਮਲ ਨਾ ਹੋਵੇ।

ਨਗਰ ਕੀਰਤਨ ਤੋਂ ਬਾਅਦ ਇਕ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਕੀਤਾ ਜਾਏਗਾ, ਜਿਸ ਵਿਚ ਗਾਇਕ ਮਿਸ ਪੂਜਾ ਅਤੇ ਗਿੱਧੇ-ਭੰਗੜੇ ਦੀਆਂ ਟੀਮਾਂ ਦਰਸ਼ਕਾਂ ਦਾ ਮਨੋਰੰਜਨ ਕਰਨਗੇ



Ladi Multani, Gurwinder Singh Bintu, Jaswinder Singh, Kulwant Singh KP, Balbir Singh, Gurdev Singh, Kuldeep Singh, Bakhsish Singh, Jaswant Singh, Karnail Singh, Sukhjinder Singh, Kulvir Singh, Kashmir Singh, Balwinder Singh, Gurjinder Singh, Balvir Singh Habibwal, Kulwant Singh, Rinku, Resham Singh, Daler Singh, Manjit Singh, Nirmal Singh, Swarn Singh, Ruby, Bila, Gulab Singh, Sukhwinder Singh, Kulwinder Singh, Rajinder Singh, Jaswant Singh Grewal, Rajvir Singh Virk, Gurbaksh Singh, Gian Singh, Prabhdyal Singh and Sadh Sangat.

# ਗੁੰਮਨਾਮੀ 'ਚ ਹੀ ਰੁਖ਼ਸਤ ਹੋ ਗਈ ਸੰਤੋਸ਼ ਸਾਹਨੀ

ਕਲਾ ਪਰਿਕਰਮਾ

ਦਰਸ਼ਨ ਸਿੰਘ ਆਸ਼ਟ
ਫੋਨ:+91-98144-23703


ਆਪਣੀ ਜ਼ਿੰਦਗੀ ਦੇ ਆਖਰੀ ਵਰ੍ਹੇ ਗੁੰਮਨਾਮੀ ਵਿਚ ਜਿਉਣ ਵਾਲੀ ਪੰਜਾਬੀ ਲੇਖਕਾ ਅਤੇ ਰੰਗਕਰਮੀ ਸੰਤੋਸ਼ ਸਾਹਨੀ ਮੁੰਬਈ ਦੇ ਜੁਹੂ ਇਲਾਕੇ ਵਿਚ ਆਪਣੇ ਘਰ ਵਿਖੇ ਅਲਵਿਦਾ ਆਖ ਗਈ। ਡੇਢ ਪੌਣੇ ਦੋ ਸਾਲ ਬਾਅਦ ਉਸ ਨੇ ਜ਼ਿੰਦਗੀ ਦੀ ਸਦੀ ਪੂਰੀ ਕਰ ਲੈਣੀ ਸੀ।

ਵਿਆਹ ਤੋਂ ਪਹਿਲਾਂ ਉਹ ਸੰਤੋਸ਼ ਚੰਢੋਕ ਸੀ, ਪਰ ਆਪਣੇ ਮਾਮੇ ਦੇ ਪੁੱਤਰ ਅਦਾਕਾਰ ਤੇ ਰੰਗਕਰਮੀ ਬਲਰਾਜ ਸਾਹਨੀ ਦੀ ਪਹਿਲੀ ਪਤਨੀ ਦਮਯੰਤੀ (ਪ੍ਰੀਕਸ਼ਿਤ ਸਾਹਨੀ ਦੀ ਮਾਂ) ਦੀ 1947 ਵਿਚ ਹੋਈ ਮੌਤ ਮਗਰੋਂ ਸੰਤੋਸ਼ ਨੇ 1949 ਵਿਚ ਉਸ ਨਾਲ ਦੂਜਾ ਵਿਆਹ ਕਰਵਾ ਲਿਆ ਸੀ ਅਤੇ ਉਹ ਸੰਤੋਸ਼ ਚੰਢੋਕ ਤੋਂ ਸੰਤੋਸ਼ ਸਾਹਨੀ ਬਣ ਗਈ। ਉਸ ਨੇ ਗੁਰੂਦੇਵ ਰਾਬਿੰਦਰ ਨਾਥ ਟੈਗੋਰ ਦੇ ਸ਼ਾਂਤੀ ਨਿਕੇਤਨ ਵਿਚ ਭਾਰਤੀ ਸ਼ਾਸਤਰੀ ਸੰਗੀਤ ਸਿੱਖਣ ਦੀ ਮੁਹਾਰਤ ਹਾਸਲ ਕੀਤੀ। ਬਲਰਾਜ ਸਾਹਨੀ ਉਨ੍ਹੀਂ ਦਿਨੀਂ ਸ਼ਾਂਤੀ ਨਿਕੇਤਨ ਵਿਚ ਹੀ ਪੜ੍ਹਾਉਂਦੇ ਸਨ। ਸੰਤੋਸ਼ ਕੁਝ ਸਮੇਂ ਲਈ ਇੰਗਲੈਂਡ ਚਲੀ ਗਈ ਜਿਥੇ ਉਸ ਦੀ ਬੀ.ਬੀ.ਸੀ. ਵਿਚ ਹਿੰਦੀ ਪ੍ਰਸਾਰਕ ਵਜੋਂ ਨਿਯੁਕਤੀ ਹੋਈ। ਬਾਅਦ ਵਿਚ ਉਸ ਨੇ ਉੱਥੋਂ ਵਾਪਸ ਆ ਕੇ ਬਲਰਾਜ ਨਾਲ ਵਿਆਹ ਬੰਧਨ ਵਿਚ ਬੱਝਣ ਬਾਅਦ ਜੁਹੂ ਵਿਖੇ ਰਹਿਣਾ ਸ਼ੁਰੂ ਕਰ ਦਿੱਤਾ। ਘਰ ਦੇ ਪੰਜਾਬੀ ਵਾਤਾਵਰਣ ਵਿਚ ਇਹ ਜ਼ਹੀਨ ਕਲਮਕਾਰ ਕਿਵੇਂ ਅਭਿੱਜ ਰਹਿ ਸਕਦੀ ਸੀ? ਜੇ ਬਲਰਾਜ ਨੇ ਵੱਡਿਆਂ ਲਈ ਸਾਹਿਤ ਰਚਨਾ ਕੀਤੀ ਤਾਂ ਸੰਤੋਸ਼ ਨੇ ਬੱਚਿਆਂ ਲਈ ਸਾਹਿਤ ਲਿਖਣ ਨੂੰ ਪਹਿਲ ਦਿੱਤੀ।

ਲਗਭਗ ਅਠਾਈ ਸਾਲ ਪਹਿਲਾਂ ਚੰਡੀਗੜ੍ਹ ਵਿਖੇ ਤਿੰਨ ਦਿਨਾਂ ਲੇਖਕ ਕਾਨਫਰੰਸ ਦੌਰਾਨ ਸੰਤੋਸ਼ ਸਾਹਨੀ ਨਾਲ ਮੇਰੀ ਪਹਿਲੀ ਮੁਲਾਕਾਤ ਹੋਈ ਸੀ। ਮੁਲਾਕਾਤ ਦਾ ਸਬੱਬ ਸੀ, ਦੋਵਾਂ ਦਾ ਬਾਲ ਸਾਹਿਤ ਲਿਖਣਾ। ਮੁੰਬਈ ਦੇ ਜੁਹੂ ਇਲਾਕੇ ਦੀ ਬਲਰਾਜ ਸਾਹਨੀ ਲੇਨ ਦੇ ਇੱਕ ਨੰਬਰ ਬੰਗਲੇ 'ਇਕਰਾਮ' ਵਿਚ ਰਹਿੰਦਿਆਂ ਉਸ ਨੇ ਪੰਜਾਬੀ ਵਿਚ ਬੱਚਿਆਂ ਲਈ ਕਾਵਿ-ਨਾਟਕ, ਕਾਵਿ-ਕਹਾਣੀਆਂ, ਗੀਤ ਅਤੇ ਇਕਾਂਗੀਆਂ ਵੀ ਲਿਖੀਆਂ। ਦੂਜੀਆਂ ਜ਼ੁਬਾਨਾਂ ਵਿਚੋਂ ਬਿਹਤਰੀਨ ਸਾਹਿਤ ਅਨੁਵਾਦ ਕੀਤਾ। ਪੰਚਤੰਤਰ ਦੀਆਂ ਕਹਾਣੀਆਂ ਬੱਚਿਆਂ ਦੀ ਮਾਨਸਿਕਤਾ ਅਨੁਸਾਰ ਢਾਲ ਕੇ ਪੰਜਾਬੀ ਨਾਟਕਾਂ ਦੀ ਰਚਨਾ ਕੀਤੀ ਜਿਨ੍ਹਾਂ ਵਿਚ 'ਰੰਗੀਲਾ ਗਿੱਦੜ', 'ਹਿਰਨ ਤੇ ਕਊਆ', 'ਬੁੱਧੀਮਾਨ ਬਾਂਦਰ', 'ਸਿਆਣਾ ਬਾਂਦਰ', 'ਚੂਹੀ ਕੁਮਾਰੀ', 'ਕੁਰਮੁਰ ਤੇ ਚੁਰਮਰ', 'ਮੀਨਾ ਤੇ ਮੈਨਾ' ਆਦਿ ਸ਼ਾਮਿਲ ਹਨ। ਉਸ ਨੇ 'ਪਰਬਤ ਦੇ ਗੀਤ', 'ਰੰਗ ਰੰਗੀਲੇ ਗੀਤ', 'ਨਰਸਰੀ ਗੀਤ' ਅਤੇ 'ਡੱਬੂ ਕੁੱਤਾ' ਵਰਗੀਆਂ ਹੋਰ ਪੁਸਤਕਾਂ ਵੀ ਲਿਖੀਆਂ।

ਕਈ ਦਹਾਕੇ ਪਹਿਲਾਂ ਉਸ ਨੇ ਬੱਚਿਆਂ ਵਿਚ ਰੰਗਮੰਚੀ ਹੁਨਰ ਪੈਦਾ ਕਰਨ ਲਈ ਜੁਹੂ ਬਾਲ ਰੰਗਮੰਚ ਬਣਾ ਕੇ ਉਨ੍ਹਾਂ ਨਾਲ ਨਾਟਕਾਂ ਵਿਚ ਖੁਦ ਭੂਮਿਕਾ ਨਿਭਾਉਣੀ ਆਰੰਭ ਕੀਤੀ। ਉਨ੍ਹਾਂ ਕਾਵਿ ਸੰਗ੍ਰਹਿ 'ਬੋਰ੍ਹ ਕਮਲਿਨੀ' ਵੀ ਲਿਖਿਆ। ਉਨ੍ਹਾਂ ਨੇ ਬਲਰਾਜ ਸਾਹਨੀ ਨਾਲ ਮਿਲ ਕੇ ਇਪਟਾ (ਇੰਡੀਅਨ ਪੀਪਲਜ਼ ਥੀਏਟਰ ਐਸੋਸੀਏਸ਼ਨ) ਵਿਚ ਵੀ ਆਪਣੀਆਂ ਸਰਗਰਮੀਆਂ ਕੀਤੀਆਂ। ਬੰਗਲੇ ਦੇ ਪਿਛਲੇ ਪਾਸੇ ਅੱਜ ਇਹ ਖੁੱਲ੍ਹਾ ਰੰਗਮੰਚ ਆਪਣੇ ਬੀਤੇ ਸਮੇਂ ਦੀ ਸ਼ਾਨ-ਓ-ਸ਼ੌਕਤ ਅਤੇ ਜਲੌਅ ਨੂੰ ਯਾਦ ਕਰਦਾ ਹੋਇਆ ਆਪਣੀ ਹੋਣੀ ਉਪਰ ਹੰਝੂ ਕੇਰ ਰਿਹਾ ਪ੍ਰਤੀਤ ਹੋ ਰਿਹਾ ਹੈ। ਵਕਤ ਨੇ ਇਸ ਟੁੱਟੇ ਫੁੱਟੇ ਮੰਚ ਨੂੰ ਝਾੜੀਆਂ ਤੇ ਘਾਹ ਫੂਸ ਨਾਲ ਢੱਕ ਦਿੱਤਾ ਹੈ।

"ਜਦੋਂ ਕਦੇ ਮੁੰਬਈ ਆਇਆ ਤਾਂ ਮੇਰੇ ਕੋਲ ਜ਼ਰੂਰ ਆਉਣਾ...।" ਸੰਤੋਸ਼ ਦੇ ਬੋਲ ਮੇਰੇ ਕੰਨਾਂ ਵਿਚ ਅੱਜ ਵੀ ਉਵੇਂ ਹੀ ਗੂੰਜ ਰਹੇ ਹਨ।



ਸੰਤੋਸ਼ ਅਤੇ ਬਲਰਾਜ ਸਾਹਨੀ ਦੀ ਇਕ ਦੁਰਲੱਭ ਤਸਵੀਰ।

ਕੁਝ ਵਰ੍ਹੇ ਬਾਅਦ ਉਹ ਪੰਜਾਬ ਆਈ, ਮੁਲਾਕਾਤ ਹੋਈ। ਮੁੰਬਈ ਮੈਂ ਜਾ ਨਾ ਸਕਿਆ ਤੇ ਸੰਤੋਸ਼ ਹੋਰਾਂ ਕਿੰਨੇ ਹੀ ਪੋਸਟ ਕਾਰਡ ਗੁਰਮੁਖੀ ਵਿਚ ਬਾਰੀਕ ਲਿਖਾਈ ਵਿਚ ਮੈਨੂੰ ਘੱਲਦੇ ਰਹੇ ਜਿਨ੍ਹਾਂ ਵਿਚ ਕੋਈ ਨਾ ਕੋਈ ਪੈਗਾਮ ਹੁੰਦਾ। ਕਦੇ ਕਦੇ ਝਿੜਕਾਂ ਵਾਲੇ ਲਹਿਜੇ ਵਾਲਾ ਕਾਰਡ ਵੀ ਆ ਪੁੱਜਦਾ, "ਵੇਖੀਂ ਕਿਤੇ, ਤੂੰ ਆਪਣੀ ਕਿਤਾਬ ਨਾ ਕੋਈ ਘੱਲ ਦੇਵੀਂ, ਮੈਂ ਤਾਂ ਤੈਨੂੰ ਉਹ ਕਿਤਾਬਾਂ ਵੀ ਫੋਟੋਸਟੈਟ ਕਰਵਾ ਕੇ ਘੱਲ ਦਿੱਤੀਆਂ ਨੇ ਜਿਨ੍ਹਾਂ ਦੀ ਮੇਰੇ ਕੋਲ ਇਕੋ ਕਾਪੀ ਈ ਬਚੀ ਹੋਈ ਏ...। ਤੇ ਤੂੰ ਕੈਡਾ ਬਣਦਾ ਜਾ ਰਿਹਾ ਏਂ...।"

ਉਹ ਸਮਾਂ ਵੀ ਆ ਗਿਆ ਜਦੋਂ ਪ੍ਰੀਕਸ਼ਿਤ ਸਾਹਨੀ ਨਾਲ ਕੁਝ ਮਤਭੇਦ ਹੋਣ ਕਾਰਨ ਉਹ ਅਤੇ ਉਸ ਦੀ ਧੀ ਸਨੋਬਰ ਪ੍ਰੇਸ਼ਾਨ ਰਹਿਣ ਲੱਗ ਪਈਆਂ। ਫਿਰ ਲੰਮਾ ਅਰਸਾ ਸਾਡਾ ਸੰਪਰਕ ਟੁੱਟਿਆ ਰਿਹਾ। ਉਨ੍ਹਾਂ ਦੇ ਘਰ ਦਾ ਫੋਨ ਬਦਲਣ ਕਾਰਨ ਮੈਂ ਇਕ ਦਿਨ ਕਿਤੋਂ ਫੋਨ ਲੈ ਕੇ ਫੋਨ ਕੀਤਾ ਤੇ ਪੁੱਛਿਆ, "ਬੀ ਜੀ, ਕੀ ਹਾਲ ਹੈ ਤੁਹਾਡਾ?"

ਬਹੁਤ ਹੌਲੀ ਅਤੇ ਰੁਕ ਰੁਕ ਕੇ ਅਜੀਹੀ ਮੋੜਵੀਂ ਆਵਾਜ਼ ਆਈ ਜਿਸ ਦੀ ਉਮੀਦ ਵੀ ਨਹੀਂ ਸੀ- "ਮੇਰੀ ਚਿੰਤਾ ਵਧ ਰਹੀ ਏ। ਬਿਮਾਰ ਰਹਿਣ ਲੱਗ ਪਈ ਆਂ। ਸਨੋਬਰ ਮੇਰੀ ਬਹੁਤ ਚਿੰਤਾ ਕਰਦੀ ਏ। ਮੇਰਾ ਵਸਾਹ ਨਹੀਂ ਖਾਂਦੀ। ਆਪਣੇ ਦਫ਼ਤਰ ਵੀ ਹੁਣ ਘੱਟ ਵੱਧ ਈ ਜਾਂਦੀ ਏ। ਬਲਰਾਜ ਜੀ ਹੋਰਾਂ ਦੀਆਂ ਸਾਰੀਆਂ ਕਿਤਾਬਾਂ, ਮਾਨ ਸਨਮਾਨ, ਬੰਗਲਾ, ਰੰਗਮੰਚ ਸਾਡੇ ਨਾਲੋਂ ਰੁਸਦੇ ਜਾ ਰਹੇ ਨੇ...।" ਹੌਲੀ ਹੌਲੀ ਗੱਲਾਂ ਕਰਦਿਆਂ





ਸੰਤੋਸ਼ ਸਾਹਨੀ ਦੀ ਸਵੈ-ਜੀਵਨੀ 'ਮੇਰੀ ਸਾਹਿਤ ਸੰਗੀਤ ਯਾਤਰਾ'।

ਉਸ ਨੂੰ ਵਾਰ ਵਾਰ ਸਾਹ ਚੜ੍ਹ ਰਿਹਾ ਸੀ। ਰੁਕ ਰੁਕ ਕੇ ਬੋਲ ਰਹੀ ਸੀ।

ਮੇਰਾ ਬੇਟਾ ਸਿਖਲਾਈ ਵਾਸਤੇ ਮੁੰਬਈ ਗਿਆ ਤਾਂ ਮੇਰਾ ਵੀ ਮੁੰਬਈ ਜਾਣ ਦਾ ਸਬੱਬ ਬਣਿਆ। ਮੁੰਬਈ ਦੇ ਜੁਹੂ ਵਿਚਲੇ ਬਲਰਾਜ ਸਾਹਨੀ ਦੇ ਬੰਗਲੇ ਦੇ ਗੇਟ ਸਾਹਮਣੇ ਪੁੱਜਿਆ ਤਾਂ ਦੰਗ ਰਹਿ ਗਿਆ। ਗੇਟ ਜੰਗਾਲੇ ਹੋਏ ਸੰਗਲ ਨਾਲ ਜਕੜਿਆ ਪਿਆ ਸੀ। ਕਾਲ-ਬੈੱਲ ਦਾ ਨਾਂ ਨਿਸ਼ਾਨ ਨਹੀਂ ਸੀ। ਗੇਟ ਦੇ ਅੰਦਰ ਘਾਹ ਫੂਸ। ਅਜੀਬ ਜਿਹਾ ਮੰਜ਼ਰ। ਸਾਹਮਣੇ ਕੁਝ ਦੁਕਾਨਾਂ ਵਾਲਿਆਂ ਨੂੰ ਪੁੱਛਿਆ ਤਾਂ ਉਨ੍ਹਾਂ ਦੱਸਿਆ- "ਉਹ ਬਾਹਰ ਨਹੀਂ ਨਿਕਲਦੇ। ਬੱਸ ਅੰਦਰ ਈ ਰਹਿੰਦੇ ਨੇ, ਪੰਜ ਸੱਤ ਦਿਨਾਂ ਬਾਅਦ ਸਨੋਬਰ ਰਾਸ਼ਨ ਇਕੱਠਾ ਲੈ ਆਉਂਦੀ ਏ। ਅੰਮੀ ਦੀ ਹਾਲਤ ਅੱਜ ਕੱਲ੍ਹ ਠੀਕ ਨਹੀਂ ਰਹਿੰਦੀ।"

ਇੰਨੇ ਨੂੰ ਡਾਕੀਆ ਡਾਕ ਲੈ ਕੇ ਆਇਆ। ਉਸ ਤੋਂ ਪੁੱਛਿਆ, ਉਹ ਬੋਲਿਆ- "ਸੰਤੋਸ਼ ਜੀ ਘਰੋਂ ਬਾਹਰ ਨਹੀਂ ਨਿਕਲਦੇ। ਇਥੋਂ ਤਕ ਕਿ ਬਰਾਮਦੇ ਵਿਚ ਵੀ ਉਨ੍ਹਾਂ ਨੂੰ ਵੇਖਿਆਂ ਅਰਸਾ ਹੋ ਗਿਆ ਏ। ਬੱਸ ਆਹ ਲੈਟਰ ਬਾਕਸ ਵਿਚ ਉਨ੍ਹਾਂ ਦੀ ਡਾਕ ਪਾ ਜਾਂਦਾ ਹਾਂ।"

ਅਸੀਂ ਨਾਲ ਲਗਦੇ ਛੋਟੇ ਗੇਟ ਰਾਹੀਂ ਅੰਦਰ ਗਏ। ਕਾਲ ਬੈੱਲ ਤਾਂ ਨਹੀਂ ਸੀ, ਜ਼ੋਰ ਨਾਲ ਕਈ ਆਵਾਜ਼ਾਂ ਦਿੱਤੀਆਂ, ਪਰ ਕੋਈ ਬਾਹਰ ਨਾ ਆਇਆ। ਦਰਵਾਜ਼ਾ ਕਈ ਵਾਰੀ ਜ਼ੋਰ ਨਾਲ ਖੜਕਾਇਆ। ਆਖਿਰ ਕੋਸ਼ਿਸ਼ ਨੂੰ ਬੂਰ ਪੈ ਗਿਆ। ਬਾਹਰ ਬਜ਼ੁਰਗ ਇਸਤਰੀ ਆਈ। ਇਹ ਸਨੋਬਰ ਸੀ। ਬਲਰਾਜ ਸਾਹਨੀ ਦੀ ਬੇਟੀ। ਉਸ ਨੂੰ ਆਪਣਾ ਤਾਅਰੁਫ਼ ਕਰਵਾਇਆ। ਉਹ ਸੋਹਣੀ ਪੰਜਾਬੀ ਬੋਲ ਰਹੀ ਸੀ।

"ਹਾਂ, ਬੀਜੀ ਤੁਹਾਡੇ ਬਾਰੇ ਗੱਲ ਕਰਦੇ ਹੁੰਦੇ ਨੇ...।" ਸਨੋਬਰ ਨੇ ਪੋਰਚ ਵਿਚ ਬਾਂਸ ਵਾਲੇ ਪੁਰਾਣੇ ਜਿਹੇ ਮੂੜ੍ਹੇ 'ਤੇ ਬਹਿੰਦਿਆਂ ਕਿਹਾ।

"ਦੀਦੀ, ਅਸੀਂ ਬੀਜੀ ਨੂੰ ਮਿਲਣ ਆਏ ਸਾਂ। ਜ਼ਰਾ...।" ਮੈਂ ਅੰਦਰ ਵੱਲ ਝਾਕਦਿਆਂ ਕਿਹਾ।

"ਉਨ੍ਹਾਂ ਦੀ ਤਬੀਅਤ ਪਿਛਲੇ ਕਾਫ਼ੀ ਦਿਨਾਂ ਤੋਂ ਠੀਕ ਨਹੀਂ। ਉਨ੍ਹਾਂ ਨੂੰ ਬਹੁਤ ਉਚਾ ਸੁਣਨ ਲੱਗਾ ਏ। ਉਹ ਤੁਹਾਨੂੰ ਪਛਾਣਨਗੇ ਵੀ ਨਹੀਂ।"

"ਪਰ ਅਸੀਂ ਤਾਂ ਬੜੀ ਤਾਂਘ ਤੇ ਇੱਛਾ ਨਾਲ...।" ਮੈਂ ਆਪਣੀ ਉਤਸੁਕਤਾ ਦਰਸਾਈ।

ਸਨੋਬਰ ਨੇ ਇਕ ਟੁਕ ਜਵਾਬ ਦਿੱਤਾ, "ਨਹੀਂ ਜੀ, ਕੋਈ ਫ਼ਾਇਦਾ ਈ ਨਹੀਂ। ਉਹ ਬੈੱਡ ਤੋਂ ਉਠ ਤਕ ਨਹੀਂ ਸਕਦੇ...ਉਨ੍ਹਾਂ ਦੀ ਯਾਦਾਸ਼ਤ...। ਉਹ...।"

ਮੈਨੂੰ ਧੱਕਾ ਜਿਹਾ ਲੱਗਾ। ਉਥੋਂ ਵਾਪਸ ਆ ਗਏ।

ਕੁਝ ਅਰਸਾ ਪਹਿਲਾਂ ਭਾਸ਼ਾ ਵਿਭਾਗ ਪੰਜਾਬ ਵੱਲੋਂ ਜਿਹੜੇ ਇਕੱਠੇ ਤਿੰਨ ਲਿਖਾਰੀਆਂ ਨੂੰ ਸ਼੍ਰੋਮਣੀ ਪੰਜਾਬੀ ਬਾਲ ਸਾਹਿਤ ਲੇਖਕ ਪੁਰਸਕਾਰ ਦੇਣ ਦਾ ਫੈਸਲਾ ਕੀਤਾ ਗਿਆ, ਉਨ੍ਹਾਂ ਵਿਚ ਸਰਵਪ੍ਰਥਮ ਨਾਂ ਸੰਤੋਸ਼ ਸਾਹਨੀ ਦਾ ਸੀ। ਮੈਨੂੰ ਕੁਝ ਤੌਖਲਾ ਵੀ ਸੀ ਕਿ ਇਸ ਹਾਲਤ ਵਿਚ ਉਹ ਪੁਰਸਕਾਰ ਲੈਣ ਆ ਸਕਦੀ ਹੈ? ਭਾਸ਼ਾ ਵਿਭਾਗ ਵੱਲੋਂ ਲਗਾਤਾਰ ਉਸ ਨਾਲ ਸੰਪਰਕ ਕੀਤਾ ਜਾ ਰਿਹਾ ਸੀ। ਮੈਂ ਵੀ ਲਗਾਤਾਰ ਸੰਪਰਕ ਰੱਖਿਆ ਹੋਇਆ ਸੀ। ਉਹੀ ਗੱਲ ਹੋਈ, ਭਾਸ਼ਾ ਵਿਭਾਗ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ 12 ਮਾਰਚ, 2016 ਨੂੰ ਲੇਖਕਾਂ ਨੂੰ ਸ਼੍ਰੋਮਣੀ ਪੁਰਸਕਾਰ ਦਿੱਤੇ ਗਏ, ਪਰ ਸੰਤੋਸ਼ ਅਤੇ ਸਨੋਬਰ ਨਹੀਂ ਸਨ। ਪਰਿਵਾਰ ਵੱਲੋਂ ਭਾਸ਼ਾ ਵਿਭਾਗ ਨੂੰ ਲਿਖੇ ਅਥਾਰਟੀ ਪੱਤਰ ਅਨੁਸਾਰ ਮੈਂ ਇਹ ਪੁਰਸਕਾਰ ਪ੍ਰਾਪਤ ਕੀਤਾ।

ਆਖਰੀ ਦਿਨਾਂ ਵਿਚ ਸਨੋਬਰ ਨਾਲ ਮੋਬਾਈਲ 'ਤੇ ਵੀ ਸੰਪਰਕ ਟੁੱਟ ਗਿਆ। ਸੰਤੋਸ਼ ਹੋਰਾਂ ਨਾਲ ਵੀ ਗੱਲਬਾਤ ਦਾ ਸਿਲਸਿਲਾ ਟੁੱਟ ਗਿਆ।... ਤੇ ਹੁਣ ਸੂਚਨਾ ਮਿਲੀ ਹੈ ਕਿ ਗੁੰਮਨਾਮੀ ਦੀ ਹਾਲਤ ਵਿਚ ਉਹ 5 ਨਵੰਬਰ 2016 ਨੂੰ ਰੁਖ਼ਸਤ ਹੋ ਗਈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 13 ਮਈ 2017 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-272



*ਮਾਰਨੇ ਨਿਸ਼ਾਨੇ ਔਖਾ ਕੰਮ ਨਹੀਂ ਗੁਬਾਰਿਆਂ 'ਤੇ।*
*ਪਤਾ ਲੱਗੇ ਜਦੋਂ ਮੋਹਰੇ ਵੈਰੀ ਲਲਕਾਰਿਆਂ 'ਤੇ।*

### ਕੈਪਸ਼ਨ ਮੁਕਾਬਲਾ-270



ਚਮਕਾ ਦਿੰਦੇ ਸੀ ਛਿੱਤਰ ਤਾਈਂ
ਪਾਲਸ਼ ਪਿੱਛੋਂ ਲੀਰ ਘਸਾ ਕੇ।
ਤਲ਼ਾ ਘਸਣ ਤੋਂ ਇਲਾਜ ਸੀ ਪੱਕਾ
ਮੇਖਾਂ, ਖੁਰੀਆਂ, ਤੋਪੇ ਲਾ ਕੇ।
ਪੈਸੇ ਚਾਰ ਕੁ ਬਚ ਜਾਂਦੇ ਸੀ
ਧੁੱਪੇ ਛਾਂਵੇਂ ਪਟਰੀ ਡਾਹ ਕੇ।
ਨਾਲ ਸਮੇਂ ਦੇ ਬਦਲੀਆਂ ਗੱਲਾਂ
ਹੁਣ ਤਾਂ ਟਾਵਾਂ ਟਾਵਾਂ ਆਵੇ।
ਉਹ ਵੀ ਦੁੱਖ ਆਪਣੇ ਦੀ ਵਿਥਿਆ
ਸੰਗਦਾ ਸੰਗਦਾ ਆਖ ਸੁਣਾਵੇ।
ਕੀ ਖੱਟ ਲੂੰ ਮੈਂ ਇਹਦੇ ਕੋਲੋਂ
ਆਪਣਾ ਆਪਾ ਨਜ਼ਰੀਂ ਆਵੇ।
**-ਜਗਮੀਤ ਸਿੰਘ ਪੰਧੇਰ**

---

ਫੈਸ਼ਨ ਦਾ ਭੂਤ ਸਵਾਰ ਹੈ ਸਭ 'ਤੇ
ਲੋਕੀਂ ਜੁੱਤੀਆਂ ਗੰਢਾਉਣੀਆਂ ਭੁੱਲ ਗਏ।
ਟੁੱਟ ਜਾਏ ਵਗਾਹ ਪਰ੍ਹਾਂ ਮਾਰਦੇ
ਵਿਚਾਰੇ ਮੋਚੀ ਹੋਰੀਂ ਭੀ ਰੁਲ ਗਏ।
ਫੋਕੀ ਟੌਹਰ ਹੁਣ ਰਹਿ ਗਈ ਪੱਲੇ
ਵਿਚ ਸ਼ੌਕੀਨੀ ਗੁਆਚ ਗਿਆ ਬੰਦਾ।
ਇਕ ਨਹੀਂ, ਹੁਣ ਰੱਖਦਾ ਪੰਜ-ਸੱਤ ਜੋੜੇ
ਤਾਂਹੀਓਂ ਸਿਸਕਾਵੇ ਬੂਟ ਪਾਲਸ਼ ਦਾ ਧੰਦਾ।
ਨਵੀਆਂ ਸੋਚਾਂ ਨਿੱਤ ਨਵੀਆਂ ਕਾਢਾਂ
ਦਿਨ 'ਕੋਰਮ' ਲੈਦਰ ਦੇ ਆਏ।
ਮਲਮਲ ਨਾਲ ਬੱਸ ਦੋ ਵਾਰ ਰਗੜੋ
ਨੋਕ ਸ਼ੀਸ਼ੇ ਵਾਂਗ ਲਿਸ਼ਕਾਏ।
**-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ**

---

ਭੀਖ ਨਹੀਂ ਮੰਗਦੇ ਸੀ
ਮਿਹਨਤ ਕਰਕੇ ਖਾਂਦੇ ਸੀ।
'ਬੂਟ ਪਾਲਸ਼ ਕਰਾ ਲਓ'
ਹੋਕਾ ਦਈ ਜਾਂਦੇ ਸੀ।
ਨਾਲ ਵਕਤ ਦੇ ਬਦਲੇ ਲੋਕ
ਹਰ ਥਾਂ ਠਾਠ ਅਮੀਰੀ।

ਹਰ ਕੋਈ ਧਨਵਾਨ ਬਣਨਾ ਚਾਹੇ
ਵਿਰਲਾ ਹੀ ਮੰਗੇ ਫਕੀਰੀ।
'ਰੋਟੀ ਹੱਕ ਦੀ ਖਾਈਏ ਜੀ
ਭਾਵੇਂ ਬੂਟ ਪਾਲਸ਼ਾਂ ਕਰੀਏ।
ਇਸ ਤਨ ਨੇ ਮੁੱਕ ਜਾਣਾ
ਭਾਵੇਂ ਲੱਖ ਮਾਲਸ਼ਾ ਕਰੀਏ।'
**-ਗੋਰਾ ਪ੍ਰਜਾਪਤ, ਨਿਊ ਯਾਰਕ**

---

ਸੀਮਤ ਫਾਇਦੇ ਪੂੰਜੀਵਾਦ ਦੇ
ਪ੍ਰੰਤੂ ਇਸ ਦੀ ਹਨੇਰੀ ਨੇ
ਧੰਦੇ ਚੌਪਟ ਕੀਤੇ ਗਰੀਬਾਂ ਦੇ।
ਤੋੜੀਆਂ ਸਾਂਝੀਵਾਲਤਾ ਦੀਆਂ ਤੰਦਾਂ
ਬੰਦ ਵਕਤ ਲੰਘਾਉਂਦਾ ਫਿਰੇ
ਸਮਝ ਕੇ ਖੇਲ ਨਸੀਬਾਂ ਦੇ।
**-ਅਮਰਜੀਤ ਸਿੰਘ ਤੂਰ**

---

ਮੋਚੀ, ਲਲਾਰੀ, ਠਠਿਆਰ ਹੋਏ ਗਾਇਬ
ਖੁਲ੍ਹ ਗਏ ਵੱਡੇ ਵੱਡੇ ਮਾਲ।
ਬੰਦਿਆ ਤੂੰ ਵੀ ਬਦਲਦਾ ਚਲ
ਹਰ ਚੀਜ਼ ਬਦਲਦੀ ਸਮੇਂ ਦੇ ਨਾਲ।
**-ਜਗਜੀਤ ਕੌਰ ਤੂਰ, ਚੰਡੀਗੜ੍ਹ**

---

ਗਲੀਆਂ ਚੁਰੱਸਤਿਆਂ 'ਚ ਬੈਠ ਭੁੰਜੇ
ਲੈ ਬੁਰਸ਼, ਪਾਲਸ਼, ਸੂਈ-ਧਾਗਾ
ਕਰ ਰਫੂ ਘਸੀਆਂ ਪਿਟੀਆਂ ਜੁੱਤੀਆਂ
ਮਘੋਰੇ ਸੀ ਜਿਨ੍ਹਾਂ 'ਚ ਨਜ਼ਰ ਆਉਂਦੇ
ਪਾ ਦਿੰਦੇ ਸੀ ਨਵੀਂ ਜ਼ਿੰਦਗੀ।
ਨਾ ਲੋੜ ਸੀ ਕਿਰਾਏ 'ਤੇ ਦੁਕਾਨ ਦੀ
ਪਰ ਬੜੇ ਬੜੇ ਮਗਰਮੱਛ ਅਮੀਰ ਵਪਾਰੀ
ਨਾ ਦਿੰਦੇ ਟਿਕਣ ਕਾਰੀਗਰ ਗਰੀਬ ਨੂੰ
ਖਰੀਦੋ, ਹੰਢਾਓ, ਸਿੱਟ ਦਿਓ
ਲਓ ਨਵੀਂ ਜੁੱਤੀ, ਹੋਕਾ ਵਰਤਮਾਨ ਦਾ।
**-ਦਰਸ਼ਨਪਾਲ ਦੋਸਾਂਝ**

---

ਦਰਖ਼ਤ ਦੇ ਥੱਲੇ ਜਾਂ ਫੁੱਟਪਾਥ 'ਤੇ,
ਆਪਣਾ ਅੱਡਾ ਮੈਂ ਬਣਾਉਂਦਾ ਹਾਂ।
ਤੁਰੇ ਜਾਂਦੇ ਦੀ ਟੁੱਟ ਜਾਏ ਜੁੱਤੀ,
ਗੰਢ-ਤੁਪ ਪਾਲਸ਼ ਕਰਕੇ
ਝੱਟ ਫੜਾਉਂਦਾ ਹਾਂ।
ਪਿਤਾ-ਪੁਰਖੀ, ਇਹ ਧੰਦਾ ਮੇਰਾ,
ਸੁੱਚੀ ਕਿਰਤ, ਹੁਨਰ ਬਥੇਰਾ,
ਪਰ ਗੁਰਬਤ ਵਿਚ
ਸਾਰਾ ਜੀਵਨ ਲੰਘਾਉਂਦਾ ਹਾਂ।
**-ਦਵਿੰਦਰ ਕੌਰ**

# ਜੰਨਤ ਤੋਂ ਜਹੰਨਮ ਬਣੀ ਵਾਦੀ, ਡੇਢ ਦਹਾਕੇ 'ਚ 40 ਹਜ਼ਾਰ ਮੌਤਾਂ

**ਸ੍ਰੀਨਗਰ:** ਜੰਮੂ-ਕਸ਼ਮੀਰ ਵਿਚ ਹਿੰਸਾ ਦੀਆਂ ਘਟਨਾਵਾਂ ਵਿਚ ਬਹੁਤ ਜਾਨੀ ਨੁਕਸਾਨ ਹੋ ਰਿਹਾ ਹੈ। 1990 ਤੋਂ ਸ਼ੁਰੂ ਹੋਈ ਅਤਿਵਾਦੀ ਹਿੰਸਾ ਵਿਚ ਹੁਣ ਤੱਕ 40 ਹਜ਼ਾਰ ਦੇ ਕਰੀਬ ਮਨੁੱਖੀ ਜਾਨਾਂ ਜਾ ਚੁੱਕੀਆਂ ਹਨ, ਜਿਸ ਵਿਚ 22 ਹਜ਼ਾਰ ਅਤਿਵਾਦੀ, 5 ਹਜ਼ਾਰ ਸੁਰੱਖਿਆ ਜਵਾਨ ਅਤਿਵਾਦੀ ਵਿਰੋਧੀ ਕਾਰਵਾਈਆਂ ਵਿਚ ਮਾਰੇ ਗਏ ਹਨ। 90 ਦੇ ਦਹਾਕੇ ਤੋਂ 9 ਅਪਰੈਲ 2017 ਤੱਕ 13, 941 ਵਿਅਕਤੀ ਅਤਿਵਾਦੀ ਕਾਰਵਾਈਆਂ ਵਿਚ ਮਾਰੇ ਗਏ।

ਇਸ ਦੌਰਾਨ 21,965 ਅਤਿਵਾਦੀਆਂ ਨੂੰ ਵੀ ਮਾਰ ਮੁਕਾਇਆ ਗਿਆ। ਇਹ ਜਾਣਕਾਰੀ ਜੰਮੂ ਸਥਿਤ ਆਰ.ਟੀ.ਆਈ. ਕਾਰਕੁਨ ਵੱਲੋਂ 90 ਤੋਂ ਸ਼ੁਰੂ ਹੋਏ ਅਤਿਵਾਦ ਦੌਰਾਨ ਜੰਮੂ-ਕਸ਼ਮੀਰ ਵਿਖੇ ਮਨੁੱਖੀ ਜਾਨਾਂ ਤੇ ਸੰਪਤੀ ਨੂੰ ਹੋਏ ਨੁਕਸਾਨ ਬਾਰੇ ਆਨ ਲਾਇਨ ਅਰਜ਼ੀ ਦਾਇਰ ਕਰਨ ਦੇ ਜਵਾਬ ਵਿਚ ਗ੍ਰਹਿ ਮੰਤਰਾਲੇ ਨੇ ਦਿੱਤੀ। ਗ੍ਰਹਿ ਮੰਤਰਾਲੇ ਅਨੁਸਾਰ ਬੀਤੇ 28 ਸਾਲ ਤੋਂ ਜੰਮੂ-ਕਸ਼ਮੀਰ ਵਿਚ ਜਾਰੀ ਅਤਿਵਾਦੀ ਕਾਰਵਾਈਆਂ ਦੌਰਾਨ 40, 961 ਮਨੁੱਖੀ ਜਾਨਾਂ ਗਈਆਂ, ਜਿਨ੍ਹਾਂ 'ਚ ਸੁਰੱਖਿਆ ਬਲਾਂ ਦੇ ਜਵਾਨ, ਅਤਿਵਾਦੀ ਤੇ ਆਮ ਨਾਗਰਿਕ ਸ਼ਾਮਲ ਹਨ।

ਅਤਿਵਾਦੀਆਂ ਨਾਲ ਮੁਕਾਬਲਿਆਂ ਦੌਰਾਨ 13, 466 ਸੁਰੱਖਿਆ ਜਵਾਨਾਂ ਨੇ ਸ਼ਹੀਦੀ ਪ੍ਰਾਪਤ ਕੀਤੀ। ਜੰਮੂ-ਕਸ਼ਮੀਰ ਵਿਚ ਸਾਲ 2001 ਸਭ ਤੋਂ ਵਧ ਖੂਨ ਖਰਾਬੇ ਵਾਲਾ ਸਾਬਤ ਹੋਇਆ, ਇਸ ਦੌਰਾਨ 3552 ਵਿਅਕਤੀਆਂ ਦੀਆਂ ਜਾਨਾਂ ਗਈਆਂ। ਸਾਲ 2006 ਤੋਂ 2012 ਤੱਕ ਜੰਮੂ ਕਸ਼ਮੀਰ 'ਚ ਅਤਿਵਾਦੀ ਘਟਨਾਵਾਂ 'ਚ ਬਹੁਤ ਕਮੀ ਦਰਜ ਕੀਤੀ ਗਈ। ਇਹ ਪਿਛਲੇ 3 ਦਹਾਕਿਆਂ ਦੇ ਪੁਰਅਮਨ ਸਾਲ ਸਾਬਤ ਹੋਏ।

ਸਾਲ 2010 ਵਿਚ ਸਿਰਫ 102 ਵਿਅਕਤੀ ਅਤਿਵਾਦ ਦੀ ਭੇਟ ਚੜ੍ਹੇ, ਜਿਨ੍ਹਾਂ ਵਿਚ 15 ਨਾਗਰਿਕ, 15 ਸੁਰੱਖਿਆ ਜਵਾਨ ਤੇ 72 ਅਤਿਵਾਦੀ ਸ਼ਾਮਲ ਸਨ ਤੇ 25 ਸੁਰੱਖਿਆ ਜਵਾਨ ਜ਼ਖਮੀ ਹੋਏ। 27 ਵਰ੍ਹਿਆਂ ਦੌਰਾਨ 2012 ਦਾ ਸਾਲ ਸਭ ਤੋਂ ਵਧ ਅਮਨ ਵਾਲਾ ਰਿਹਾ। 2013 ਦੇ ਬਾਅਦ ਅਤਿਵਾਦ ਨੇ ਮੁੜ ਸਿਰ ਚੁੱਕ ਲਿਆ ਤੇ ਪਿਛਲੇ ਸਾਲ 2016 ਵਿਚ 247 ਮਨੁੱਖੀ ਜਾਨਾਂ ਗਈਆਂ ਜਿਨ੍ਹਾਂ 'ਚ 15 ਨਾਗਰਿਕ, 82 ਸੁਰੱਖਿਆ ਜਵਾਨ ਅਤੇ 150 ਅਤਿਵਾਦੀ ਸ਼ਾਮਲ ਹਨ। ਸਾਲ 2017 ਦੇ ਚੱਲਦੇ 31 ਮਾਰਚ ਤੱਕ 52 ਮਨੁੱਖੀ ਜਾਨਾਂ ਜਾਇਆ ਹੋ ਚੁੱਕੀਆਂ ਹਨ, ਜਿਨ੍ਹਾਂ 'ਚ 5 ਨਾਗਰਿਕ, 15 ਜਵਾਨ ਤੇ 35 ਅਤਿਵਾਦੀ ਹਨ।



## ਕਸ਼ਮੀਰੀ ਵੱਖਵਾਦੀਆਂ ਨਾਲ ਗੱਲ ਨਹੀਂ ਕਰੇਗਾ ਕੇਂਦਰ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਸਾਫ ਕਿਹਾ ਕਿ ਜੰਮੂ-ਕਸ਼ਮੀਰ ਵਿਚ ਹਾਲਾਤ ਠੀਕ ਕਰਨ ਲਈ ਵੱਖਵਾਦੀਆਂ ਜਾਂ 'ਆਜ਼ਾਦੀ' ਮੰਗਣ ਵਾਲੇ ਅਨਸਰਾਂ ਨਾਲ ਕੋਈ ਗੱਲਬਾਤ ਨਹੀਂ ਕੀਤੀ ਜਾਵੇਗੀ। ਅਟਾਰਨੀ ਜਨਰਲ (ਏ.ਜੀ.) ਮੁਕੁਲ ਰੋਹਤਗੀ ਨੇ ਸੁਪਰੀਮ ਕੋਰਟ ਅੱਗੇ ਆਖਿਆ ਕਿ ਗੱਲਬਾਤ ਸਿਰਫ ਸੂਬੇ ਦੀਆਂ ਕਾਨੂੰਨੀ ਮਾਨਤਾ ਪ੍ਰਾਪਤ ਧਿਰਾਂ ਨਾਲ ਹੀ ਕੀਤੀ ਜਾ ਸਕਦੀ ਹੈ। ਸੁਪਰੀਮ ਕੋਰਟ ਨੇ ਵੀ ਏ.ਜੀ. ਦੇ ਵਿਚਾਰਾਂ ਨਾਲ ਸਹਿਮਤੀ ਜਤਾਈ ਤੇ ਕਿਹਾ ਕਿ ਉਹ ਸਾਰੀਆਂ ਧਿਰਾਂ 'ਜਿਨ੍ਹਾਂ ਉਤੇ ਕਾਨੂੰਨੀ ਬੰਦਸ਼ ਨਹੀਂ ਹੈ, ਇਕੱਤਰ ਹੋ ਕੇ ਵਿਚਾਰ-ਵਟਾਂਦਰੇ ਰਾਹੀਂ (ਹਾਲਾਤ ਸੁਧਾਰਨ ਲਈ) ਸੁਝਾਅ ਦੇ ਸਕਦੀਆਂ ਹਨ, ਕਿਉਂਕਿ ਵਾਦੀ ਵਿਚ ਹਾਲਾਤ ਬਹੁਤੇ ਚੰਗੇ ਨਹੀਂ'।

## ਹਾਫਿਜ਼ ਸਈਦ 90 ਦਿਨ ਹੋਰ ਰਹੇਗਾ ਨਜ਼ਰਬੰਦ

**ਲਾਹੌਰ:** ਮੁੰਬਈ ਹਮਲੇ ਦਾ ਮੁੱਖ ਸਾਜਿਸ਼ਕਰਤਾ ਅਤੇ ਜਮਾਤ ਉਦ ਦਾਵਾ ਦਾ ਮੁਖੀ ਹਾਫਿਜ਼ ਸਈਦ 90 ਦਿਨ ਹੋਰ ਘਰ 'ਚ ਨਜ਼ਰਬੰਦ ਰਹੇਗਾ। ਸਰਕਾਰ ਨੇ 30 ਜਨਵਰੀ ਨੂੰ ਸਈਦ ਅਤੇ ਚਾਰ ਹੋਰਾਂ ਨੂੰ ਸ਼ਾਂਤੀ ਅਤੇ ਸੁਰੱਖਿਆ ਨੂੰ ਨੁਕਸਾਨ ਪਹੁੰਚਾਉਣ ਵਾਲੀਆਂ ਸਰਗਰਮੀਆਂ ਕਾਰਨ ਲਾਹੌਰ 'ਚ ਘਰ ਵਿਚ ਨਜ਼ਰਬੰਦ ਕਰ ਦਿੱਤਾ ਸੀ।

## ਪੱਥਰਬਾਜ਼ੀ ਰੁਕੇ ਤਾਂ ਪੈਲੇਟ ਗੰਨ 'ਤੇ ਰੋਕ ਸੰਭਵ

**ਨਵੀਂ ਦਿੱਲੀ:** ਜੰਮੂ-ਕਸ਼ਮੀਰ 'ਚ ਪੈਲੇਟ ਗੰਨ ਦੇ ਮਾਮਲੇ 'ਤੇ ਸੁਪਰੀਮ ਕੋਰਟ ਨੇ ਕਿਹਾ ਕਿ ਅਸੀਂ ਸਰਕਾਰ ਨੂੰ ਦੋ ਹਫਤੇ 'ਚ ਪੈਲੇਟ ਗੰਨ ਦੇ ਇਸਤੇਮਾਲ 'ਤੇ ਰੋਕ ਲਗਾਉਣ ਦਾ ਆਦੇਸ਼ ਦੇ ਸਕਦੇ ਹਾਂ, ਪਰ ਜੇਕਰ ਇਥੋਂ ਦੇ ਲੋਕ ਪੱਥਰਬਾਜ਼ੀ ਤੇ ਹਿੰਸਕ ਪ੍ਰਦਰਸ਼ਨ ਬੰਦ ਕਰ ਕੇ ਗੱਲਬਾਤ ਲਈ ਅੱਗੇ ਆਉਣ। ਜੰਮੂ ਕਸ਼ਮੀਰ 'ਚ ਪ੍ਰਦਰਸ਼ਨਕਾਰੀਆਂ ਨੂੰ ਕਾਬੂ ਕਰਨ ਲਈ ਪੈਲੇਟ ਗੰਨ ਦੇ ਇਸਤੇਮਾਲ ਨੂੰ ਬੰਦ ਕਰਨ ਦੀ ਮੰਗ ਨੂੰ ਲੈ ਕੇ ਪਾਈ ਗਈ ਇਕ ਪਟੀਸ਼ਨ ਦੀ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਹੈ ਕਿ ਉਹ ਕੇਂਦਰ ਸਰਕਾਰ ਨੂੰ ਪੈਲੇਟ ਗੰਨ ਦਾ ਇਸਤੇਮਾਲ ਕਰਨ 'ਤੇ ਰੋਕ ਲਾਉਣ ਲਈ ਕਹਿਣ ਨੂੰ ਤਿਆਰ ਹੈ, ਪਰ ਕੀ ਤੁਸੀਂ ਇਹ ਭਰੋਸਾ ਦਿਵਾਓਗੇ ਕਿ ਅੱਗੇ ਤੋਂ ਕਸ਼ਮੀਰ ਵਿਚ ਪੱਥਰਬਾਜ਼ੀ ਨਹੀਂ ਹੋਵੇਗੀ।'



# ਤਨਖਾਹੀਏ ਸਿਆਸੀ ਆਗੂਆਂ ਨੇ ਸੇਵਾ ਪੂਰੀ ਕਰ ਕੇ ਭੁੱਲ ਬਖਸ਼ਾਈ



**ਅੰਮ੍ਰਿਤਸਰ:** ਵਿਧਾਨ ਸਭਾ ਚੋਣਾਂ ਦੌਰਾਨ ਡੇਰਾ ਸਿਰਸਾ ਤੋਂ ਵੋਟਾਂ ਲਈ ਸਮਰਥਨ ਮੰਗੇ ਜਾਣ ਦੇ ਮਾਮਲੇ ਵਿਚ ਅਕਾਲ ਤਖ਼ਤ ਸਾਹਿਬ ਵੱਲੋਂ ਲਾਈ ਤਨਖਾਹ ਪੂਰੀ ਕਰਨ ਵਾਲੇ 21 ਸਿੱਖ ਸਿਆਸੀ ਆਗੂਆਂ ਨੇ ਸੇਵਾ ਮੁਕੰਮਲ ਕਰਨ ਮਗਰੋਂ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਖਿਮਾ ਯਾਚਨਾ ਦੀ ਅਰਦਾਸ ਕੀਤੀ। ਇਸ ਤੋਂ ਪਹਿਲਾਂ ਉਨ੍ਹਾਂ ਨੇ 501-501 ਰੁਪਏ ਦੀ ਕੜਾਹ ਪ੍ਰਸਾਦ ਦੀ ਦੇਗ ਕਰਵਾਈ ਅਤੇ 5100-5100 ਸੌ ਰੁਪਏ ਗੋਲਕ ਵਿਚ ਪਾਏ।

ਤਨਖਾਹੀਏ ਕਰਾਰ ਦਿੱਤੇ ਗਏ ਸਿੱਖ ਆਗੂਆਂ ਵਿਚੋਂ ਇਕ ਨੂੰ ਛੱਡ ਕੇ ਬਾਕੀ ਸਾਰੇ ਅਕਾਲੀ ਦਲ ਬਾਦਲ ਨਾਲ ਸਬੰਧਤ ਹਨ। ਜ਼ਿਕਰਯੋਗ ਹੈ ਕਿ ਪੰਜ ਸਿੰਘ ਸਾਹਿਬਾਨ ਨੇ ਹੁਕਮਨਾਮੇ ਦੀ ਉਲੰਘਣਾ ਕਰ ਕੇ ਵੋਟ ਤੇ ਅਸ਼ੀਰਵਾਦ ਲੈਣ ਲਈ ਡੇਰਾ ਸਿਰਸਾ ਜਾਣ ਵਾਲੇ 21 ਸਾਬਤ ਸੂਰਤ ਸਿੱਖ ਆਗੂਆਂ ਨੂੰ 17 ਅਪਰੈਲ ਨੂੰ ਤਨਖਾਹੀਆ ਕਰਾਰ ਦਿੱਤਾ ਸੀ। ਅਜੇ ਚਾਰ ਸਿੱਖ ਆਗੂਆਂ ਦਾ ਡੇਰਾ ਸਿਰਸਾ ਜਾਣ ਦਾ ਮਾਮਲਾ ਬਾਕੀ ਹੈ। ਅਕਾਲ ਤਖ਼ਤ ਸਾਹਿਬ ਵੱਲੋਂ ਸੱਦੇ ਜਾਣ 'ਤੇ 17 ਅਪਰੈਲ ਨੂੰ ਪੇਸ਼ ਨਾ ਹੋਣ ਵਾਲੇ ਚਾਰ ਸਿੱਖ ਆਗੂਆਂ ਵਿਚ ਕਾਂਗਰਸ ਪਾਰਟੀ ਦੇ ਬੀਬੀ ਰਜਿੰਦਰ ਕੌਰ ਭੱਠਲ ਲਹਿਰਾਗਾਗਾ, ਕਾਂਗਰਸ ਵਜ਼ਾਰਤ ਦੇ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੇ ਪੁੱਤਰ ਅਰਜਨ ਸਿੰਘ, ਅਜਾਇਬ ਸਿੰਘ ਭੱਟੀ ਮਲੋਟ ਅਤੇ ਅਕਾਲੀ ਦਲ ਦੇ ਜਨਮੇਜਾ ਸਿੰਘ ਸੇਖੋਂ ਮੌੜ ਸ਼ਾਮਲ ਸਨ।

ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਤਿੰਨ ਮੈਂਬਰੀ ਕਮੇਟੀ ਦੀ ਜਾਂਚ ਰਿਪੋਰਟ ਤੋਂ ਬਾਅਦ ਸਿੰਘ ਸਾਹਿਬਾਨ ਵੱਲੋਂ 44 ਸਿੱਖ ਆਗੂਆਂ ਨੂੰ ਅਕਾਲ ਤਖ਼ਤ ਸਾਹਿਬ ਵਿਚ ਸਪੱਸ਼ਟੀਕਰਨ ਲਈ ਸੱਦਿਆ ਗਿਆ ਸੀ, ਜਿਨ੍ਹਾਂ ਵਿਚੋਂ 4 ਆਗੂ ਨਹੀਂ ਪੁੱਜ ਸਕੇ ਸਨ। ਹਾਜ਼ਰ ਹੋਏ 40 ਆਗੂਆਂ ਵਿਚੋਂ 21 ਸਾਬਤ ਸੂਰਤ ਸਿੱਖ ਆਗੂਆਂ ਨੂੰ ਬਾਕਾਇਦਾ ਤਨਖਾਹੀਏ ਕਰਾਰ ਦਿੰਦਿਆਂ ਧਾਰਮਿਕ ਸੇਵਾ ਲਾਈ ਗਈ ਸੀ, 18 ਪਤਿਤ ਸਿੱਖ ਆਗੂਆਂ ਨੂੰ ਸਿਰਫ ਧਾਰਮਿਕ ਸੇਵਾ ਹੀ ਲਾਈ ਗਈ ਸੀ ਅਤੇ ਇਕ ਨੂੰ ਮੁਆਫ ਕਰ ਦਿੱਤਾ ਗਿਆ ਸੀ।

# ਟਰੰਪ ਪ੍ਰਸ਼ਾਸਨ ਦੇ ਸੌ ਦਿਨ ਪੂਰੇ ਹੋਣ 'ਤੇ ਰੋਸ ਮੁਜ਼ਾਹਰੇ

**ਸਿਆਟਲ:** ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਤੋਂ ਹਜ਼ਾਰਾਂ ਵਿਅਕਤੀਆਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਪ੍ਰਸ਼ਾਸਨ ਦੇ 100 ਦਿਨ ਪੂਰੇ ਹੋਣ 'ਤੇ ਵਾਤਾਵਰਣ ਤਬਦੀਲੀ ਦੇ ਮਾਮਲੇ ਵਿਚ ਕਾਰਵਾਈ ਦੀ ਮੰਗ ਕਰਦਿਆਂ ਰੋਸ ਮੁਜ਼ਾਹਰਾ ਕੀਤਾ। ਹਜ਼ਾਰਾਂ ਦੀ ਗਿਣਤੀ ਵਿਚ ਮੁਜ਼ਾਹਰਾਕਾਰੀਆਂ ਨੇ ਵ੍ਹਾਈਟ ਹਾਊਸ ਦੇ ਘਿਰਾਓ ਲਈ ਪੈਨਸਲਵੇਨੀਆ ਐਵੇਨਿਊ ਵੱਲ ਮਾਰਚ ਕੀਤਾ। ਮੁਜ਼ਾਹਰਾਕਾਰੀਆਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਸਿਆਟਲ, ਬੋਸਟਨ ਤੇ ਸਾਨ ਫਰਾਂਸਿਸਕੋ ਸਮੇਤ ਸਾਰੇ ਦੇਸ਼ ਅੰਦਰ 300 ਦੇ ਕਰੀਬ ਰੈਲੀਆਂ ਕੀਤੀਆਂ ਗਈਆਂ ਹਨ। ਸ਼ਿਕਾਗੋ 'ਚ ਪ੍ਰਦਰਸ਼ਨਕਾਰੀ ਸ਼ਹਿਰ ਦੇ ਪਲਾਜ਼ਾ ਤੋਂ ਟਰੰਪ ਟਾਵਰ ਵੱਲ ਆਏ।

ਪ੍ਰਦਰਸ਼ਨਕਾਰੀ ਟਰੰਪ ਪ੍ਰਸ਼ਾਸਨ ਵੱਲੋਂ ਖਣਨ, ਤੇਲ ਕੱਢਣ ਤੇ ਗਰੀਨ ਹਾਊਸ ਗੈਸਾਂ ਦੀ ਨਿਕਾਸੀ 'ਤੇ ਲਾਈ ਗਈ ਪਾਬੰਦੀ ਹਟਾਉਣ ਦੀ ਨਿਖੇਧੀ ਕਰ ਰਹੇ ਸਨ। ਅਗਸਤਾ ਦੇ ਸਟੇਟ ਹਾਊਸ ਦੇ ਬਾਹਰ ਦੋ ਹਜ਼ਾਰ ਤੋਂ ਵੱਧ ਲੋਕ ਇਕੱਠੇ ਹੋਏ। ਬੁਲਾਰਿਆਂ ਵਿਚ ਇਕ ਸੋਲਰ ਕੰਪਨੀ ਦਾ ਮਾਲਕ ਲੌਬਸਟਰਮੈਨ ਰਿਚਰਡ ਨੈਲਸਨ ਤੇ ਪੇਨੋਬਸਕੋਟ ਕੌਮੀ ਕਬੀਲੇ ਦੇ ਮੈਂਬਰ ਸ਼ਾਮਲ ਸਨ। ਨੈਲਸਨ ਨੇ ਕਿਹਾ ਕਿ ਵਾਤਾਵਰਣ ਤਬਦੀਲੀ ਦਾ ਨਾ ਸਿਰਫ ਮੇਨ ਦੀ ਖਾੜੀ ਬਲਕਿ ਮੱਛੀ ਫੜਨ ਦੇ ਕਾਰੋਬਾਰ 'ਤੇ ਵੀ ਅਸਰ ਪੈ ਰਿਹਾ ਹੈ ਤੇ ਇਹ ਤੱਟੀ ਲੋਕਾਂ ਦੇ ਜਿਊਣ ਦਾ ਸਾਧਨ ਹੈ।




## ਮੈਕਸਿਕੋ ਸਰਹੱਦ 'ਤੇ ਕੰਧ ਦੀ ਉਸਾਰੀ ਬਾਰੇ ਟਰੰਪ ਦ੍ਰਿੜ੍ਹ

**ਵਾਸ਼ਿੰਗਟਨ:** ਅਮਰੀਕੀ ਸਦਰ ਡੋਨਲਡ ਟਰੰਪ ਨੇ ਗੁਆਂਢੀ ਮੁਲਕ ਮੈਕਸਿਕੋ ਨਾਲ ਲੱਗਦੀ ਸਰਹੱਦ ਉਤੇ ਵਿਵਾਦਗ੍ਰਸਤ ਕੰਧ ਉਸਾਰਨ ਦਾ ਆਪਣਾ ਅਹਿਦ ਮੁੜ ਦੁਹਰਾਇਆ। ਸ੍ਰੀ ਟਰੰਪ ਨੇ ਕਿਹਾ, "ਕੰਧ ਛੇਤੀ ਬਣਨ ਜਾ ਰਹੀ ਹੈ।" ਗੌਰਤਲਬ ਹੈ ਕਿ ਹਾਲ ਹੀ ਵਿਚ ਅਜਿਹੀਆਂ ਰਿਪੋਰਟਾਂ ਆਈਆਂ ਹਨ ਕਿ ਇਸ ਪ੍ਰੋਜੈਕਟ ਉਤੇ ਲੱਗਣ ਵਾਲੇ ਅਰਬਾਂ ਡਾਲਰ ਦੇ ਮੱਦੇਨਜ਼ਰ ਸਰਕਾਰ ਦੀ ਮਾਲੀ ਹਾਲਤ ਖਰਾਬ ਹੋਣ ਦੇ ਡਰੋਂ ਹਾਕਮ ਰਿਪਬਲੀਕਨ ਪਾਰਟੀ ਕੰਧ ਉਸਾਰਨ ਦੀ ਯੋਜਨਾ ਉਤੇ ਮੁੜ ਗੌਰ ਕਰ ਰਹੀ ਹੈ।

# ਵਿਧਾਨ ਸਭਾ ਚੋਣਾਂ ਨੇ ਮਾਲੋ-ਮਾਲ ਕੀਤੀਆਂ ਸਿਆਸੀ ਧਿਰਾਂ


**ਚੰਡੀਗੜ੍ਹ:** ਏ.ਡੀ.ਆਰ. ਜਥੇਬੰਦੀ ਨੇ ਪੰਜਾਬ ਵਿਧਾਨ ਸਭਾ ਚੋਣਾਂ ਬਾਰੇ ਬੜੇ ਦਿਲਚਸਪ ਅੰਕੜੇ ਜਾਰੀ ਕੀਤੇ ਹਨ। ਰਿਪੋਰਟ ਮੁਤਾਬਕ ਚੋਣਾਂ ਵਿਚ ਕਾਂਗਰਸ ਨੂੰ ਸਭ ਤੋਂ ਵੱਧ 3982 ਕਰੋੜ ਆਮਦਨ ਹੋਈ, ਜਦਕਿ ਭਾਜਪਾ ਨੂੰ 3272 ਕਰੋੜ, ਆਮ ਆਦਮੀ ਪਾਰਟੀ ਦੀ ਪਿਛਲੇ ਤਿੰਨ ਸਾਲਾਂ ਵਿਚ 110 ਕਰੋੜ ਜਦਕਿ ਅਕਾਲੀ ਦਲ ਨੇ 101.81 ਕਰੋੜ ਦੀ ਰਕਮ ਇਕੱਠੀ ਕੀਤੀ। ਇਸ ਦੇ ਨਾਲ ਹੀ ਬਹੁਜਨ ਸਮਾਜ ਪਾਰਟੀ ਨੇ 703.95 ਕਰੋੜ, ਐਨ.ਸੀ.ਪੀ. ਨੇ 351.28 ਕਰੋੜ, ਸੀ.ਪੀ.ਆਈ. ਨੇ 15.36 ਕਰੋੜ ਜਦਕਿ ਸੀ.ਪੀ.ਐਮ. ਨੇ 893 ਕਰੋੜ ਇਕੱਠੇ ਕੀਤੇ।

ਰਿਪੋਰਟ ਵਿਚ ਦੱਸਿਆ ਗਿਆ ਹੈ ਕਿ 6 ਰਾਸ਼ਟਰੀ ਪਾਰਟੀਆਂ ਕਾਂਗਰਸ, ਭਾਜਪਾ ਸਮੇਤ 'ਆਪ' ਅਤੇ ਖੇਤਰੀ ਪਾਰਟੀ ਅਕਾਲੀ ਦਲ ਨੇ ਕਿਵੇਂ ਪਿਛਲੇ 10-11 ਸਾਲਾਂ ਵਿਚ ਕਰੋੜਾਂ ਰੁਪਏ ਇਕੱਠੇ ਕੀਤੇ। ਜਥੇਬੰਦੀ ਨੇ ਕਿਹਾ ਕਿ ਪੰਜਾਬ ਸਮੇਤ ਬਾਕੀ ਥਾਵਾਂ 'ਤੇ ਵੀ ਚੋਣਾਂ ਸਿਰਫ ਪੈਸੇ ਦੀ ਖੇਡ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਸਿਆਸੀ ਪਾਰਟੀਆਂ ਨਾ ਤਾਂ ਆਮਦਨੀ ਦਾ ਸਹੀ ਵੇਰਵਾ ਜਾਂ ਸਰੋਤ ਦੱਸਦੀਆਂ ਹਨ ਅਤੇ ਨਾ ਹੀ ਟੈਕਸ ਭਰਦੀਆਂ ਹਨ। ਰਿਪੋਰਟ ਵਿਚ ਕਿਹਾ ਗਿਆ ਕਿ ਨੋਟਬੰਦੀ ਨਾਲ ਕੋਈ ਫਰਕ ਨਹੀਂ ਪਿਆ। ਕਾਲਾ ਜਾਂ ਚਿੱਟਾ ਧਨ ਉਸੇ ਤਰ੍ਹਾਂ ਖਰਚਿਆ ਗਿਆ, ਪਰ ਹਿਸਾਬ-ਕਿਤਾਬ ਦੇਣ ਵਿਚ ਕੋਈ ਪਾਰਦਰਸ਼ਤਾ ਨਹੀਂ ਵਰਤੀ ਗਈ। ਰਿਪੋਰਟ ਮੁਤਾਬਕ ਕੁੱਲ ਜਿੱਤੇ ਹੋਏ 117 ਵਿਧਾਇਕਾਂ ਵਿਚੋਂ 46 ਨੇ 28 ਲੱਖ ਦੇ ਖਰਚੇ ਵਿਚੋਂ 14 ਲੱਖ ਦੇ ਕਰੀਬ ਖਰਚ ਕੀਤਾ। ਪਾਰਟੀ ਵਾਈਜ਼ ਖਰਚਾ ਜੇ ਵੇਖੀਏ ਤਾਂ ਕਾਂਗਰਸ ਦੇ ਜਿੱਤੇ ਹੋਏ 77 ਵਿਧਾਇਕਾਂ ਦਾ ਔਸਤ ਖਰਚਾ 15.25 ਲੱਖ ਆਇਆ।

ਆਮ ਆਦਮੀ ਪਾਰਟੀ ਦੇ 20 ਵਿਧਾਇਕਾਂ ਦਾ ਔਸਤ ਖਰਚਾ 14.86 ਲੱਖ ਦਰਜ ਕੀਤਾ ਗਿਆ, ਅਕਾਲੀ ਦਲ ਦੇ 15 ਵਿਧਾਇਕਾਂ ਦਾ ਔਸਤ ਚੋਣ ਖਰਚਾ 15.76 ਲੱਖ ਜਦਕਿ ਭਾਜਪਾ ਦੇ ਤਿੰਨ ਵਿਧਾਇਕਾਂ ਨੇ 15.49 ਲੱਖ ਖਰਚਾ ਵਿਖਾਇਆ ਹੈ।

ਕਾਂਗਰਸ ਦੇ ਹਰ ਪ੍ਰਤਾਪ ਅਜਨਾਲ ਵਿਧਾਇਕ ਨੇ ਸਭ ਤੋਂ ਘੱਟ 4.13 ਲੱਖ ਵਿਖਾਇਆ ਹੈ। ਹੋਰ ਦਿਲਚਸਪ ਗੱਲ ਇਹ ਹੈ ਕਿ 45 ਜਿੱਤੇ ਹੋਏ ਵਿਧਾਇਕਾਂ ਨੇ ਚੋਣ ਕਮਿਸ਼ਨ ਨੂੰ ਲਿਖਿਆ ਕਿ ਉਨ੍ਹਾਂ ਨੇ ਸਟਾਰ ਚੋਣ ਮੁਹਿੰਮ ਵਿਅਕਤੀਆਂ, ਪਬਲਿਕ ਮੀਟਿੰਗ ਜਾਂ ਜਲਸੇ ਜਲੂਸ 'ਤੇ ਕੋਈ ਧੇਲਾ ਨਹੀਂ ਖਰਚਿਆ। 50 ਵਿਧਾਇਕਾਂ ਨੇ ਲਿਖ ਕੇ ਦਿੱਤਾ ਕਿ ਇਲੈਕਟ੍ਰਨਿਕ ਜਾਂ ਪ੍ਰਿੰਟ ਮੀਡੀਆ 'ਤੇ ਕੋਈ ਖਰਚਾ ਨਹੀਂ ਕੀਤਾ। 35 ਵਿਧਾਇਕਾਂ ਨੇ ਚੋਣ ਕਮਿਸ਼ਨ ਨੂੰ ਲਿਖਿਆ ਕਿ ਚੋਣ ਵਰਕਰਾਂ 'ਤੇ ਕੋਈ ਪੈਸਾ ਨਹੀਂ ਲਾਇਆ। ਬਸੀ ਪਠਾਣਾਂ ਤੋਂ ਕਾਂਗਰਸੀ ਦੇ ਗੁਰਪ੍ਰੀਤ ਸਿੰਘ ਨੇ ਸਭ ਤੋਂ ਵੱਧ 26.89 ਲੱਖ, ਚਮਕੌਰ ਸਾਹਿਬ ਤੋਂ ਚਰਨਜੀਤ ਚੰਨੀ ਨੇ 26.83 ਲੱਖ ਅਤੇ ਆਤਮ ਨਗਰ ਤੋਂ ਲੋਕ ਇਨਸਾਫ ਪਾਰਟੀ ਦੇ ਸਿਮਰਜੀਤ ਬੈਂਸ ਨੇ 25.18 ਲੱਖ ਦਾ ਖਰਚਾ ਕੀਤਾ।

## ਫੰਡ ਇਕੱਠਾ ਕਰਨ ਵਿਚ ਕਾਂਗਰਸ ਸਭ ਤੋਂ ਅੱਗੇ



# ਰਿਆਸਤੀ ਰਾਜਾਂ ਦਾ ਪਹਿਲਵਾਨ:ਰੁਸਤਮ-ਏ-ਹਿੰਦ ਪੂਰਨ ਸਿੰਘ ਸਿੱਧੂ

ਪਹਿਲਵਾਨ ਪੂਰਨ ਸਿੰਘ ਸਿੱਧੂ ਪੰਜਾਬ ਦੇ ਪਹਿਲਵਾਨਾਂ ਨੂੰ ਪਛਾੜਦਾ ਦਿੱਲੀ ਜਾ ਪੁੱਜਾ ਤੇ ਉਥੋਂ ਦੇ ਸਾਰੇ ਤਕੜੇ ਪਹਿਲਵਾਨ ਢਾਹੇ। ਫਿਰ ਮਥਰਾ ਤੇ ਆਗਰੇ ਦੇ ਨਾਮੀ ਪਹਿਲਵਾਨ ਚਿੱਤ ਕੀਤੇ। ਸਾਰੇ ਹਲਚਲ ਮਚ ਗਈ, ਕੌਣ ਹੈ ਇਹ, ਜੋ ਮਿੰਟਾਂ-ਸਕਿੰਟਾਂ ਵਿਚ ਤਕੜੇ ਪਹਿਲਵਾਨਾਂ ਨੂੰ ਪਛਾੜਦਾ ਜਾ ਰਿਹੈ? ਦਰਮਿਆਨੇ ਕੱਦ ਤੇ ਪੱਕੇ ਰੰਗ ਕਰਕੇ ਸਾਰੇ ਉਸ ਨੂੰ ਕੰਸ ਆਖਦੇ।



ਇਕਬਾਲ ਸਿੰਘ ਜੱਬੋਵਾਲੀਆ
ਫੋਨ: 917-375-6395

ਪਹਿਲਵਾਨੀ 'ਚ ਤਿੰਨ ਪੂਰਨ ਹੋਏ ਨੇ- ਪਹਿਲਾ ਕਾਲੇ ਚੜ੍ਹਾਨੇ ਦਾ, ਦੂਜਾ ਸੇਰੋਂ ਵਾਲਾ (ਫੱਤਾ, ਕੇਹਰ ਤੇ ਸੁਮੇਰ ਪਹਿਲਵਾਨ ਭਰਾਵਾਂ ਦਾ ਪਿਤਾ) ਅਤੇ ਤੀਜਾ ਜਖੇਪਲ (ਨਜ਼ਦੀਕ ਸੰਗਰੂਰ) ਵਾਲਾ ਪੂਰਨ।

ਇਕ ਵਾਰ ਖੱਦੀ ਪੁਰ ਰਿਆਸਤ ਦੇ ਰਾਜੇ ਨੇ ਕੁਸ਼ਤੀਆਂ ਕਰਵਾਈਆਂ, ਜਿਥੇ ਜਖੇਪਲ ਵਾਲੇ ਪੂਰਨ ਦੀ ਸੇਰੋਂ ਵਾਲੇ ਪੂਰਨ ਨਾਲ ਗਹਿਗੱਚ ਕੁਸ਼ਤੀ ਹੋਈ ਤੇ ਬੜੀ ਮੁਸ਼ਕਿਲ ਨਾਲ ਉਸ ਨੂੰ ਪਛਾੜਿਆ। ਇੰਦੌਰ, ਮਹਾਂਰਾਸ਼ਟਰ ਤੇ ਹੋਰ ਰਾਜਾਂ ਵਿਚੀਂ ਹੁੰਦਾ ਹੋਇਆ ਬਿਹਾਰ ਦੀ ਦਰਭੰਗਾ ਰਿਆਸਤ ਦੇ ਰਾਜੇ ਕੋਲ ਪਹੁੰਚ ਗਿਆ। ਇਕ ਇਕ ਕਰਕੇ ਉਥੋਂ ਦੇ ਸਾਰੇ ਪਹਿਲਵਾਨ ਚਿੱਤ ਕੀਤੇ। ਤਕੜੇ ਮੱਲ ਚਾਂਦ ਖਾਂ ਨਾਲ ਦੋ-ਢਾਈ ਘੰਟੇ ਕੁਸ਼ਤੀ ਚੱਲੀ ਤੇ ਉਸ ਨੂੰ ਢਾਹਿਆ। ਰਾਜੇ ਦੇ ਬਾਗ ਵਿਚ ਅਖਾੜਾ ਪੁੱਟਿਆ ਹੋਇਆ ਸੀ। ਰਾਜਾ ਖੁਦ ਕੋਲ ਬਹਿ ਕੇ ਕੁਸ਼ਤੀਆਂ ਵੇਖਦਾ। ਪੂਰਨ ਤੇ ਚਾਂਦ ਝੋਟਿਆਂ ਵਾਂਗ ਘੁੱਲਦੇ ਕਾਫੀ ਦੂਰ ਨਿਕਲ ਗਏ। ਪਿਛੇ ਪਿਛੇ ਲੋਕ ਤਾੜੀਆਂ ਮਾਰਦੇ ਜਾ ਰਹੇ ਸਨ। ਅਖੀਰ ਪੂਰਨ ਨੇ ਚਾਂਦ ਢਾਹ ਲਿਆ। ਦੋਵਾਂ ਦਾ ਪੂਰਾ ਜੋਰ ਲੱਗਾ ਹੋਇਆ ਸੀ। ਚਾਂਦ ਖਾਂ ਤਾਂ ਉਥੇ ਹੀ ਡਿੱਗ ਪਿਆ। ਡਿੱਗਦਾ ਢਹਿੰਦਾ ਪੂਰਨ ਰਾਜੇ ਕੋਲ ਪੁੱਜਾ ਤੇ ਗੋਡੀਂ ਹੱਥ ਲਾਉਂਦਿਆਂ ਹੀ ਬੇਹੋਸ਼ ਹੋ ਕੇ ਉਹਦੇ ਪੈਰਾਂ ਵਿਚ ਡਿੱਗ ਪਿਆ। ਸਰੀਰ ਫੁੱਲ ਗਿਆ ਤੇ ਮਾਸ ਚੜ੍ਹ ਗਿਆ। ਕੈਂਚੀ ਨਾਲ ਕੱਟ ਕੇ ਲੰਗੋਟਾ ਲਾਹਿਆ।

ਉਸੇ ਅਖਾੜੇ ਵਿਚ ਹੀ ਪੂਰਨ ਨੇ ਜਰਮਨੀ ਦੇ ਵੱਡੇ ਪਹਿਲਵਾਨ ਕਰੈਮਰ ਨੂੰ ਹਰਾਇਆ। ਕਰੈਮਰ ਦੀ ਕੁਸ਼ਤੀ ਪਹਿਲਾਂ ਗੂੰਗੇ ਪਹਿਲਵਾਨ ਨਾਲ ਹੋ ਚੁਕੀ ਸੀ। ਕੁਝ ਹੀ ਮਿੰਟਾਂ ਵਿਚ ਕਰੈਮਰ ਨੇ ਗੂੰਗੇ ਨੂੰ ਹਰਾ ਦਿਤਾ। ਕਰੈਮਰ ਦਾ ਆਪਣਾ ਦਾਅ ਸੀ, ਉਹ ਬਾਹਾਂ ਉਤਾਂਹ ਚੁੱਕ ਲੈਂਦਾ ਤਾਂ ਕਿ ਵਿਰੋਧੀ ਪਹਿਲਵਾਨ ਉਹਨੂੰ ਜੱਫਾ ਮਾਰੇ। ਜੱਫਾ ਵੱਜਦੇ ਸਾਰ ਉਹ ਬੜੀ ਫੁਰਤੀ ਨਾਲ ਘੁੰਮ ਕੇ ਢਾਕ-ਦਾਅ ਮਾਰ ਕੇ ਸੁੱਟ ਲੈਂਦਾ।

ਜਦੋਂ ਪੂਰਨ ਨਾਲ ਕੁਸ਼ਤੀ ਹੋਣ ਲੱਗੀ ਤਾਂ ਕਰੈਮਰ ਨੇ ਉਹੀ ਦਾਅ ਮਾਰਨ ਲਈ ਬਾਹਾਂ ਉਤਾਂਹ ਚੁੱਕ ਲਈਆਂ। ਪੂਰਨ ਨੇ ਸਮਝ ਤੋਂ ਕੰਮ ਲਿਆ ਤੇ ਜੱਫਾ ਨਾ ਮਾਰਿਆ ਸਗੋਂ ਹੌਲੀ ਹੌਲੀ ਬਾਹਾਂ ਖਿੱਚ ਕੇ ਇਕ ਹੱਥ ਉਹਦੇ ਲੰਗੋਟ ਤੇ ਦੂਜਾ ਉਹਦੀ ਗਰਦਨ ਨੂੰ ਪਾ ਕੇ ਜ਼ਮੀਨ 'ਤੇ ਲਿਟਾ ਲਿਆ। 29 ਮਿੰਟ ਕੁਸ਼ਤੀ ਚੱਲੀ ਤੇ ਕਰੈਮਰ ਪਾਣੀ ਮੰਗਣ ਲੱਗ ਪਿਆ। ਉਥੇ ਪਾਣੀ ਪੀਣ ਦੀ ਇਜ਼ਾਜਤ ਨਹੀਂ ਸੀ। ਅਖੀਰ ਕਰੈਮਰ ਨੇ ਹਾਰ ਮੰਨ ਲਈ।

ਇਤਿਹਾਸਕ ਤੇ ਤਕੜੀਆਂ ਕੁਸ਼ਤੀਆਂ ਵੇਖ ਕੇ ਰਾਜੇ ਨੇ ਪੂਰਨ ਨੂੰ ਇਨਾਮਾਂ ਨਾਲ ਮਾਲੋ-ਮਾਲ ਕਰ ਦਿਤਾ। ਕੈਂਠਾ, ਕੜਿਆਂ ਦੀ ਜੋੜੀ ਤੇ 5 ਹਜ਼ਾਰ ਰੁਪਿਆ ਇਨਾਮ ਵਜੋਂ ਦਿਤਾ। ਜਿੱਤ ਦੀ ਖੁਸ਼ੀ ਵਿਚ ਰਾਜੇ ਨੇ ਸ਼ਾਮ ਨੂੰ ਪਾਰਟੀ ਕੀਤੀ। ਰਾਜੇ ਨੇ ਕਿਹਾ ਕਿ ਉਹਨੇ ਉਹਦੀ ਰਿਆਸਤ ਦਾ ਨਾਂ ਰੌਸ਼ਨ ਕੀਤਾ ਹੈ, ਜੋ ਵੀ ਮੰਗਣਾ, ਮੰਗੇ। ਪੂਰਨ ਨੇ ਕਿਹਾ, "ਜੋ ਵੀ ਭੇਟ ਕਰੋਗੇ, ਮਨਜ਼ੂਰ ਹੈ।" ਰਾਜੇ ਨੇ ਵਜ਼ੀਰ ਨੂੰ ਸੱਦ ਕੇ ਦੋ ਪੱਗਾਂ ਮੰਗਵਾਈਆਂ, ਇਕ ਆਪਣੇ ਸਿਰ ਅਤੇ ਦੂਜੀ ਪੂਰਨ ਦੇ ਸਿਰ 'ਤੇ ਰੱਖਦਿਆਂ ਕਿਹਾ, ਅੱਜ ਤੋਂ ਆਪਾਂ ਪੱਗ-ਵੱਟ ਭਰਾ ਹੋਏ।

ਪੂਰਨ ਨੇ ਗਾਮੇ ਦੇ ਅਖਾੜੇ ਦੇ ਤਕੜੇ ਮੱਲ ਗੋਸਾ ਪਹਿਲਵਾਨ ਨੂੰ ਢਾਹਿਆ। ਬਦਲਾ ਲੈਣ ਲਈ ਗਾਮੇ ਹੁਰੀਂ ਪੂਰਨ ਨੂੰ ਢਾਹੁਣ ਲਈ ਕੋਈ ਤਕੜਾ ਮੱਲ ਲੱਭਣ ਲੱਗ ਪਏ। ਪਹਿਲਵਾਨ ਰਣਜੀਤ ਢਿਲਵਾਂ ਨੂੰ ਤਿਆਰ ਕੀਤਾ ਗਿਆ ਜੋ ਵਿਦੇਸ਼ਾਂ ਵਿਚ ਘੁੱਲ ਕੇ ਆਇਆ ਸੀ। ਗਾਮੇ ਹੋਰਾਂ ਨੇ ਸਾਜਿਸ਼ ਰਚ ਕੇ ਰਣਜੀਤ ਦੀ ਇਕ ਕੁਸ਼ਤੀ ਪੂਰਨ ਨਾਲ ਰਖਾ ਦਿਤੀ। ਮੇਜਰ ਮਹਿੰਦਰ ਸਿੰਘ ਵੀ ਉਥੇ ਮੌਜੂਦ ਸੀ। ਪੂਰਨ ਨੇ ਦਾਅ ਮਾਰ ਕੇ ਰਣਜੀਤ ਥੱਲੇ ਸੁੱਟ ਲਿਆ ਤੇ ਉਹਦੀ ਧੌਣ 'ਤੇ ਗੋਡਾ ਰੱਖ ਲਿਆ। ਰੈਫਰੀ ਉਨ੍ਹਾਂ ਦੀ ਮਦਦ ਕਰਨ ਲੱਗ ਪਿਆ ਤੇ ਧੌਣ 'ਤੇ ਗੋਡਾ ਰੱਖਣ ਨੂੰ ਫਾਊਲ ਦੱਸਣ ਲੱਗ ਪਿਆ। ਪਹਿਲਵਾਨ ਗਾਮਾ ਵੀ ਇਹ ਕੁਸ਼ਤੀ ਵੇਖ ਰਿਹਾ ਸੀ। ਮੇਜਰ ਮਹਿੰਦਰ ਸਿੰਘ ਪੂਰਨ ਦੀ ਹਮਾਇਤ 'ਚ ਉਠ ਖੜਾ ਹੋਇਆ ਤੇ ਗਾਮੇ ਨੂੰ ਪੁੱਛਿਆ ਕਿ ਕੀ ਕੁਸ਼ਤੀ ਵਿਚ ਧੌਣ 'ਤੇ ਗੋਡਾ ਰੱਖਣਾ ਫਾਊਲ ਹੈ? ਗਾਮੇ ਨੂੰ ਮਜਬੂਰਨ 'ਨਹੀਂ' ਕਹਿਣਾ ਪਿਆ ਤੇ ਕੁਸ਼ਤੀ ਦੁਬਾਰਾ ਸ਼ੁਰੂ ਹੋਈ। ਪੂਰਨ ਨੇ ਫਿਰ ਉਹੀ ਦਾਅ ਮਾਰ ਕੇ ਧੌਣ 'ਤੇ ਗੋਡਾ ਰੱਖ ਲਿਆ ਤੇ ਰਣਜੀਤ ਨੂੰ ਬੁਰੀ ਤਰ੍ਹਾਂ ਹਰਾਇਆ। ਪੂਰਨ ਗਾਮੇ ਦੇ ਭਾਣਜੇ ਹਮੀਦੇ ਪਹਿਲਵਾਨ ਨੂੰ ਲਲਕਾਰਦਾ ਰਿਹਾ ਪਰ ਉਹ ਟਾਲਾ ਵੱਟਦੇ ਰਹੇ ਤਾਂ ਕਿ ਮਹਾਰਾਜਾ ਪਟਿਆਲੇ ਦੀ ਰਿਆਸਤ ਵਿਚ ਉਨ੍ਹਾਂ ਦੀ ਝੰਡੀ ਬਣੀ ਰਹੇ।

ਫਰੀਦਕੋਟ ਦੇ ਰਾਜੇ ਨੇ ਕੁਸ਼ਤੀਆਂ ਕਰਵਾਈਆਂ। ਉਥੇ ਪੂਰਨ ਨੇ ਤਰਗਾ ਦੇ ਸੱਤ ਫੁੱਟ ਉਚੇ ਤਕੜੇ ਪਹਿਲਵਾਨ ਮੰਗਲ ਨੂੰ ਢਾਹਿਆ। ਪੂਰਨ ਦੀਆਂ ਦੋ ਧੌਲਾਂ ਨਾਲ ਉਹ ਨਿਢਾਲ ਹੋ ਗਿਆ ਸੀ। ਪੂਰਨ ਜਿੱਤ ਦਾ ਦਾਵੇਦਾਰ ਬਣਿਆ। ਰਾਜਾ ਆਪਣੇ ਰਿਆਸਤੀ ਪਹਿਲਵਾਨ ਦਾ ਜ਼ੋਰ ਵੇਖਣਾ ਚਾਹੁੰਦਾ ਸੀ। ਰਾਜਾ ਰੋਜ਼ ਅਖਾੜੇ ਕੋਲ ਜਾ ਕੇ ਬਹਿ ਜਾਂਦਾ। ਬਿਹਾਰ ਦਾ ਨਾਮੀ ਪਹਿਲਵਾਨ ਜਗਦੀਸ਼ ਰੋਜ਼ਾਨਾ ਅਖਾੜੇ 'ਚ ਜ਼ੋਰ ਕਰਨ ਆਉਂਦਾ। ਜਗਦੀਸ਼ ਪੂਰਨ ਦੇ ਧੌਲਾਂ ਮਾਰਦਾ ਰਹਿੰਦਾ। ਇਕ ਦਿਨ ਰਾਜੇ ਨੇ ਕਿਹਾ ਕਿ ਉਹ ਤੇਰੇ ਹਰ ਵੇਲੇ ਧੌਲਾਂ ਮਾਰਦਾ ਰਹਿੰਦਾ ਹੈ, ਤੂੰ ਕਿਉਂ ਨਹੀਂ ਮਾਰਦਾ? ਰਾਜੇ ਦੇ ਕਹਿਣ 'ਤੇ ਪੂਰਨ ਨੇ ਐਸੀ ਧੌਲ ਮਾਰੀ ਕਿ ਉਹ ਥਾਂਏਂ ਡਿੱਗ ਪਿਆ ਤੇ ਉਹਨੂੰ ਚੁੱਕ ਕੇ ਅਖਾੜੇ 'ਚੋਂ ਬਾਹਰ ਕੱਢਿਆ ਗਿਆ। ਉਹਦੇ ਨਾਲ ਦੇ ਪਹਿਲਵਾਨ ਕਹਿੰਦੇ ਰਹੇ, "ਸਾਲੇ ਪੰਜਾਬੀ ਨੇ ਹਮਾਰਾ ਪਹਿਲਵਾਨ ਮਾਰ ਦੀਆ।"

ਪੂਰਨ ਤੜਕੇ 2 ਵਜੇ ਉਠ ਖੜਦਾ ਤੇ ਕਸਰਤ ਸ਼ੁਰੂ ਕਰ ਦਿੰਦਾ। ਉਹਦਾ ਕਹਿਣਾ ਸੀ ਕਿ ਤਕੜੇ ਮੱਲ ਢਾਹੁਣ ਲਈ ਸਵੇਰੇ 4 ਵਜੇ ਦੀ ਥਾਂ 2 ਵਜੇ ਉਠਣਾ ਚਾਹੀਦੈ ਤਾਂ ਜੋ ਹੋਰ ਮਿਹਨਤ ਕੀਤੀ ਜਾ ਸਕੇ। 4-5 ਕਿਲੋਮੀਟਰ ਰੋਜ਼ਾਨਾ ਦੌੜਨਾ, ਕੋਈ 2000 ਬੈਠਕਾਂ ਮਾਰਨੀਆਂ, ਅਖਾੜੇ 'ਚ ਕਈ ਕਈ ਪਹਿਲਵਾਨਾਂ ਨਾਲ ਜੋਰ ਕਰਨਾ, ਫਿਰ ਮਾਲਸ਼ ਕਰਾਉਣੀ ਤੇ ਰੋਟੀ ਖਾ ਕੇ ਸੌਂ ਜਾਣਾ। ਸ਼ਾਮ ਨੂੰ ਤਿੰਨ ਵਜੇ ਫਿਰ ਉਠਣਾ ਤੇ ਹੱਥਾਂ ਹੇਠ ਇੱਟਾਂ ਰੱਖ ਕੇ 2500 ਡੰਡ ਮਾਰਨੇ। ਤਿੰਨ ਤੋਂ ਸੱਤ ਵਜੇ ਤੱਕ ਡੰਡ ਮਾਰੀ ਜਾਣੇ।

ਇਕ ਵਾਰ ਕਿਸੇ ਨੇ ਰਾਜੇ ਨੂੰ ਦੱਸ ਦਿਤਾ ਕਿ ਉਨ੍ਹਾਂ ਦੇ ਰਾਜ ਦਾ ਪਹਿਲਵਾਨ ਮਿਹਨਤ ਬਹੁਤ ਕਰਦਾ ਹੈ। ਰਾਜੇ ਨੂੰ ਯਕੀਨ ਨਾ ਆਵੇ। ਬਾਗ ਵਿਚ ਬਣੇ ਅਖਾੜੇ ਵਿਚ ਪਹਿਲਵਾਨ ਮਿਹਨਤ ਲਾਉਣ ਲੱਗ ਪਿਆ। ਜਦੋਂ ਨੂੰ ਰਾਜਾ ਕਾਰ ਲੈ ਕੇ ਆ ਗਿਆ। ਕੁਝ ਦੇਰ ਠਹਿਰਨ ਪਿਛੋਂ ਰਾਜਾ ਉਥੋਂ ਚਲਾ ਗਿਆ। ਰਾਜਾ ਫਿਰ ਆ ਗਿਆ। ਪਹਿਲਵਾਨ ਉਦੋਂ ਵੀ ਮਿਹਨਤ ਲਾ ਰਿਹਾ ਸੀ। ਇਸ ਤਰ੍ਹਾਂ ਰਾਜੇ ਨੇ 3 ਚੱਕਰ ਲਾਏ ਤੇ ਪਹਿਲਵਾਨ ਡੰਡ ਮਾਰਦਾ ਰਿਹਾ। ਖੁਸ਼ ਹੋ ਕੇ ਰਾਜੇ ਨੇ ਉਹਦੀ ਖੁਰਾਕ ਵਧਾ ਦਿਤੀ ਤੇ ਹੋਰ ਮਾਣ ਸਨਮਾਨ ਦਿਤਾ।



ਪੂਰਨ 4 ਕਿਲੋ ਮੀਟ ਦੀ ਰੋਜ਼ਾਨਾ ਯੱਖਣੀ ਪੀਂਦਾ। ਮੀਟ ਸਵੇਰੇ ਅੱਗ 'ਤੇ ਰਿਝਣਾ ਰੱਖ ਦੇਣਾ ਤੇ ਸਾਰਾ ਦਿਨ ਰਿਝਦਾ ਰਹਿੰਦਾ। ਉਨ੍ਹੀਂ ਦਿਨੀਂ ਇਕ ਰੁਪਏ ਦੇ 8 ਮੁਰਗੇ ਆ ਜਾਂਦੇ ਸਨ। 10 ਛਟਾਂਕ ਦੇਸੀ ਘਿਓ ਦਾ ਗਲਾਸ ਤੇ ਅੱਧਾ ਕਿਲੋ ਬਦਾਮਾਂ ਦੀ ਰੋਜਾਨਾ ਸ਼ਰਦਈ ਪੀਂਦਾ। 2 ਵਕਤ 4-4 ਭਾਰੀਆਂ ਰੋਟੀਆਂ ਖਾਂਦਾ ਤੇ ਫਲ-ਫਰੂਟ ਵੱਖਰਾ। ਯੱਖਣੀ ਪੀ ਕੇ ਮਿਹਨਤ ਸ਼ੁਰੂ ਕਰ ਦੇਣੀ ਤੇ ਕਈ ਕਈ ਘੰਟੇ ਲੱਗਾ ਰਹਿੰਦਾ। ਪਸੀਨਾ ਪਾਣੀ ਵਾਂਗ ਵਹਿ ਤੁਰਦਾ। ਇਹ ਸਭ ਗੱਲਾਂ ਸਠਿਆਲੇ ਵਾਲੇ ਕਰਮੇ ਨੇ ਉਹਦੇ ਬੇਟੇ ਜੈ ਸਿੰਘ ਨੂੰ ਦੱਸੀਆਂ। ਕਈ ਕਈ ਦਿਨ ਉਹ ਉਹਦੇ ਕੋਲ ਆ ਕੇ ਰਹਿ ਜਾਂਦਾ।

ਪੂਰਨ ਨੇ ਤੋਲਾਵਾਲ ਦੇ ਚੰਨਣ ਪਹਿਲਵਾਨ ਤੋਂ ਪਹਿਲਵਾਨੀ ਸਿੱਖੀ। ਪਹਿਲਾਂ ਕਈ ਉਸਤਾਦ ਧਾਰੇ ਪਰ ਉਹ ਸਾਰੇ ਖਾ-ਪੀ ਕੇ ਪਾਸੇ ਹੋ ਜਾਂਦੇ ਰਹੇ। ਚੰਨਣ ਨੇ ਉਹਦੀ ਕੁਸ਼ਤੀ-ਕਲਾ ਵੇਖੀ। ਕੁਸ਼ਤੀ ਦੇ ਹੋਰ ਦਾਅ-ਪੇਚ ਦੱਸੇ ਤੇ ਪਹਿਲਵਾਨੀ 'ਚ ਹੋਰ ਨਿਖਾਰ ਲਿਆਂਦਾ।

ਪੂਰਨ ਪਹਿਲਵਾਨ ਨੇ ਆਪਣੇ ਸਹੁਰੇ ਪਿੰਡ ਛਾਂਜਲੀ ਨੂੰ ਬੜਾ ਮਾਣ ਬਖਸ਼ਿਆ। ਛਾਂਜਲੀ ਦੇ ਰੋਹੀ ਰਾਮ ਤੇ ਜਮਾਂਦਾਰ ਖਾਂ ਤਕੜੇ ਸ਼ਾਗਿਰਦ ਬਣਾਏ। ਕਰਮ ਸਿੰਘ ਸਠਿਆਲਾ ਵੀ ਪੂਰਨ ਪਹਿਲਵਾਨ ਦਾ ਆਸ਼ੀਰਵਾਦ ਲੈ ਕੇ ਤਕੜਾ ਮੱਲ ਬਣਿਆ। ਸੰਗਰੂਰ ਕੋਲ ਛਾਂਜਲੀ ਪੂਰਨ ਦੇ ਸਹੁਰੇ ਯਾਨਿ ਜੈ ਸਿੰਘ ਦੇ ਨਾਨਕੇ ਸਨ। 1982 ਵਿਚ ਜਮਾਂਦਾਰ ਖਾਂ ਪਾਕਿਸਤਾਨੋਂ ਆਪਣੇ ਉਸਤਾਦ ਦੇ ਬੇਟੇ ਜੈ ਸਿੰਘ ਨੂੰ ਸਪੈਸ਼ਲ ਮਿਲਣ ਆਇਆ। ਉਹ ਕਈ ਦਿਨ ਉਹਦੇ ਕੋਲ ਰਿਹਾ ਤੇ ਉਸਤਾਦ ਨਾਲ ਬਿਤਾਏ ਪਲ ਯਾਦ ਕਰ ਕਰ ਕੇ ਮਨ ਭਰਦਾ ਰਿਹਾ। ਉਹ ਗਾਮੇ ਦੇ ਅਖਾੜੇ ਦੇ ਤਕੜੇ ਪਹਿਲਵਾਨ ਭੋਲੂ ਨਾਲ ਬਰਾਬਰ ਰਿਹਾ ਸੀ। ਉਸ ਤੋਂ ਪਹਿਲਾਂ ਪਹਿਲਵਾਨ ਖੜਕੇ ਨੂੰ ਢਾਹ ਚੁਕਾ ਸੀ।

ਪੂਰਨ ਪਹਿਲਵਾਨ ਦੇ ਗੋਰਖਪੁਰ ਅਤੇ ਯੂ.ਪੀ. ਦੇ ਸ਼ਹਿਰ ਉਟਾਵੇ ਵਿਚ ਅਖਾੜੇ ਸਨ। ਉਟਾਵੇ ਵਾਲੇ ਲਾਲੇ ਤੇ ਹੋਰ ਲੋਕ ਬੜੀ ਸੇਵਾ ਤੇ ਕਦਰ ਕਰਦੇ। ਸ਼ਹਿਰ ਦੇ ਲਾਲਿਆਂ ਨੇ ਇਕ ਵਾਰ ਪੂਰਨ ਨੂੰ ਦੱਸਿਆ ਕਿ ਉਹ ਕੁਝ ਬਦਮਾਸ਼ਾਂ ਦੇ ਗਿਰੋਹ ਤੋਂ ਬਹੁਤ ਦੁਖੀ ਹਨ ਜੋ ਉਨ੍ਹਾਂ ਕੋਲੋਂ ਜਬਰਨ ਪੈਸੇ ਉਗਰਾਹੁੰਦਾ ਹੈ। ਪੂਰਨ ਨੇ ਨਾਲ ਦੇ ਪਹਿਲਵਾਨਾਂ ਨਾਲ ਗੱਲ ਕੀਤੀ। ਦੂਜੇ ਪਹਿਲਵਾਨ ਡਰਦੇ ਸਨ ਕਿ ਬੇਗਾਨੇ ਸ਼ਹਿਰ ਵਿਚ ਕਾਹਨੂੰ ਪੰਗਾ ਲੈਣਾ! ਪੂਰਨ ਨੇ ਮਿਹਣਾ ਮਾਰਿਆ ਕਿ ਸ਼ਹਿਰ ਦੇ ਲਾਲੇ ਤੇ ਹੋਰ ਲੋਕ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਦੇ ਹਨ, ਖਾਣ-ਪੀਣ ਨੂੰ ਖੁਲ੍ਹਾ ਦਿੰਦੇ ਹਨ, ਉਨ੍ਹਾਂ ਦਾ ਖਾ-ਪੀ ਕੇ ਹਰਾਮ ਕਰਨਾ ਕਿਹੜੀ ਭਲਵਾਨੀ ਹੈ? ਸਾਰੇ ਪਹਿਲਵਾਨ ਮਗਰ ਹੋ ਗਏ ਤੇ ਪੂਰਨ ਭਲਵਾਨ ਮੂਹਰੇ ਮੂਹਰੇ। ਮਾਰ ਮਾਰ ਡਾਂਗਾਂ ਸਾਰੇ ਬਦਮਾਸ਼ ਭਜਾ ਦਿੱਤੇ।

ਪੂਰਨ ਪਿੰਡ 'ਚ ਵੀ ਕਿਸੇ ਨਾਲ ਵਧੀਕੀ ਨਹੀਂ ਸੀ ਹੋਣ ਦਿੰਦਾ। ਹਮੇਸ਼ਾ ਮਾੜੇ, ਮਜਲੂਮ ਦਾ ਪੱਖ ਪੂਰਦਾ। ਪਿੰਡ 'ਚੋਂ ਕਈ ਵਾਰ ਡਾਕੂ ਭਜਾਏ। ਸੰਨ 1947 ਦੀ ਵੰਡ ਵੇਲੇ ਉਹਦੇ ਸ਼ਾਗਿਰਦ ਜਮਾਂਦਾਰ ਖਾਂ ਨੂੰ ਪਿੰਡ ਵਾਲਿਆਂ ਨੇ ਜਵਾਨ ਬੇਟੀਆਂ ਤੇ ਸਾਰੇ ਪਰਿਵਾਰ ਨੂੰ ਚੁਬਾਰੇ 'ਚ ਬੰਦ ਕਰ ਦਿਤਾ। ਜਾਂ ਤਾਂ ਉਹ ਧਰਮ ਬਦਲ ਲਵੇ ਜਾਂ ਮਰਨ ਲਈ ਤਿਆਰ ਹੋ ਜਾਵੇ। ਪੂਰਨ ਨੂੰ ਪਤਾ ਲੱਗਾ ਤਾਂ ਆਪਣੇ ਸਾਥੀਆਂ ਸਣੇ ਰਫਲਾਂ ਲੈ ਕੇ ਜਮਾਂਦਾਰ ਖਾਂ ਦੇ ਬਰਾਬਰ ਜਾ ਖੜਾ ਹੋਇਆ। ਬੜੇ ਅਦਬ ਨਾਲ ਚੁਬਾਰੇ ਵਿਚੋਂ ਕੱਢ ਕੇ ਪਰਿਵਾਰ ਤੇ ਸਮਾਨ ਸਣੇ ਗੱਡੇ 'ਤੇ ਬਿਠਾਇਆ। ਆਸੇ ਪਾਸੇ ਦੋ ਦੋ ਘੋੜਿਆਂ ਵਾਲੇ ਲਾ ਕੇ ਬੜੀ ਜ਼ਿੰਮੇਵਾਰੀ ਨਾਲ ਸੰਗਰੂਰ ਕੈਂਪ ਵਿਚ ਛੱਡ ਕੇ ਆਏ।

ਪੂਰਨ ਦੀ ਸਭ ਤੋਂ ਲੰਬੀ ਢਾਈ ਘੰਟੇ ਦੀ ਕੁਸ਼ਤੀ ਚਾਂਦ ਖਾਂ ਨਾਲ ਹੋਈ। ਚਾਂਦ ਤੋਂ ਇਲਾਵਾ ਯਾਦਗਾਰੀ ਕੁਸ਼ਤੀਆਂ ਲਾਲਾ ਰਾਜ, ਮੂਸਾ, ਸੋਹਣ ਸਿੰਘ, ਅਰਜਣ ਢੋਟੀਆਂ, ਗੋਸਾ ਵਰਗੇ ਤਕੜੇ ਪਹਿਲਵਾਨਾਂ ਨਾਲ ਹੋਈਆਂ। 1932 ਤੋਂ 1957 ਤੱਕ ਪੂਰਨ ਰਾਜੇ ਦੀ ਰਿਆਸਤ ਵਿਚ ਘੁਲਦਾ ਰਿਹਾ। ਤਕੜੇ ਤਕੜੇ ਮੱਲਾਂ ਨੂੰ ਢਾਹਿਆ। ਰਾਜਾ ਉਹਦੀ ਪਹਿਲਵਾਨੀ ਦਾ ਕਾਇਲ ਸੀ। ਰਾਜੇ ਨੇ ਪੂਰਨ ਨੂੰ ਕਹਿ ਦਿਤਾ ਸੀ ਕਿ ਉਹਦੇ ਪਰਿਵਾਰ, ਪਿੰਡ, ਰਿਸ਼ਤੇਦਾਰ ਅਤੇ ਦੋਸਤ-ਮਿੱਤਰ ਜਿੰਨੇ ਵੀ ਮੈਂਬਰ ਹਨ, ਉਹਦੇ ਰਾਜ ਵਿਚ ਆ ਕੇ ਬੇਝਿਜਕ ਰਹਿ ਸਕਦੇ ਹਨ, ਉਹ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕਰੇਗਾ। ਪਰ ਪੂਰਨ ਮੰਨਿਆ ਨਾ। ਉਹਦਾ ਕਹਿਣਾ ਸੀ ਕਿ 30 ਸਾਲ ਦੀ ਉਮਰ ਤੱਕ ਜਿੰਨਾ ਮਰਜੀ ਜੋਰ ਵਧਾ ਲਓ। 40 ਸਾਲ ਤੱਕ ਸਰੀਰ ਨੂੰ ਕਾਇਮ ਰੱਖਿਆ ਜਾ ਸਕਦਾ ਹੈ। 40 ਸਾਲ ਤੋਂ ਬਾਅਦ ਸਰੀਰ ਕੁਦਰਤੀ ਪਿਛੇ ਮੁੜਨ ਲੱਗ ਪੈਂਦਾ ਹੈ। ਉਹ 50-55 ਸਾਲ ਘੁਲਿਆ ਤੇ 6 ਮਾਰਚ 1977 ਨੂੰ ਪੂਰਾ ਹੋ ਗਿਆ। ਸਰੀਰ ਬਿਲਕੁਲ ਠੀਕ ਸੀ। ਦਰਦ ਵਗੈਰਾ ਕੁਛ ਨਹੀਂ ਹੋਇਆ।

ਮਾਤਾ ਇੰਦ ਕੌਰ ਤੇ ਪਿਤਾ ਕਾਕਾ ਸਿੰਘ ਦੇ ਬੇਟੇ ਪਹਿਲਵਾਨ ਪੂਰਨ ਸਿੰਘ ਨੇ ਜਿੰਨਾ ਚਿਰ ਕੁਸ਼ਤੀ ਕੀਤੀ, ਬੜੇ ਦਮ ਤੇ ਜੋਸ਼-ਖਰੋਸ਼ ਨਾਲ ਕੀਤੀ। ਪੈਰਾਂ ਵਿਚ ਬੜੀ ਫੁਰਤੀ। ਹਮੇਸ਼ਾ ਪੱਬਾਂ ਭਾਰ ਹੀ ਰਹਿੰਦਾ ਤੇ ਘੁੱਲਦਾ। ਪੂਰਨ ਨੇ ਸੰਗਰੂਰ ਨੂੰ ਪਹਿਲਵਾਨੀ ਵਿਚ ਵੱਖਰਾ ਮੁਕਾਮ ਬਖਸ਼ਿਆ। ਸ਼ਹਿਰਾਂ-ਬਾਜ਼ਾਰਾਂ, ਦਰਬਾਰਾਂ ਵਿਚ ਗੱਲਾਂ ਹੋਈਆਂ। ਲੁਧਿਆਣੇ ਕਿਸੇ ਵਿਆਹ ਸਮਾਗਮ ਵਿਚ ਸੰਗਰੂਰ ਦਾ ਨਿਊਜੀਲੈਂਡ ਰਹਿੰਦਾ ਜਗਦੇਵ ਸਿੰਘ ਮਿਲਿਆ ਤੇ ਲਾਹੌਰ ਦੇ ਸ਼ਾਹ ਤੋਂ ਪੂਰਨ ਦੀ ਪਹਿਲਵਾਨੀ ਦੀਆਂ ਬਾਤਾਂ ਸੁਣੀਆਂ।

1940 ਦੇ ਕਰੀਬ ਉਹਦਾ ਦੂਜਾ ਵਿਆਹ ਜਗੀਰ ਕੌਰ ਨਾਲ ਹੋਇਆ। ਪਹਿਲੀ ਘਰ ਵਾਲੀ ਦੀ ਮੌਤ ਹੋ ਗਈ ਸੀ। ਦੂਜੇ ਵਿਆਹ ਤੋਂ ਇਕ ਬੇਟਾ ਤੇ ਤਿੰਨ ਬੇਟੀਆਂ ਨੇ ਜਨਮ ਲਿਆ। ਬੇਟੇ ਜੈ ਸਿੰਘ ਨੂੰ ਉਹ ਪਹਿਲਵਾਨ ਬਣਾਉਣਾ ਚਾਹੁੰਦਾ ਸੀ। ਕੁਸ਼ਤੀਆਂ ਵੇਲੇ ਉਹ ਉਹਨੂੰ ਵੀ ਨਾਲ ਲੈ ਜਾਂਦਾ ਪਰ ਜੈ ਸਿੰਘ ਪੜ੍ਹਾਈ ਵੱਲ ਨੂੰ ਹੋ ਗਿਆ। ਉਹ ਮਾਨਸਾ 'ਚ ਉਦੋਂ ਬਿਜਲੀ ਬੋਰਡ ਦਾ ਐਸ.ਡੀ.ਓ. ਸੀ ਜਦੋਂ ਪਿਤਾ ਦੀ ਮੌਤ ਹੋਈ। ਉਹ ਐਡੀਸ਼ਨਲ ਸੁਪਰਡੈਂਟ ਇੰਜੀਨੀਅਰ ਵਜੋਂ ਰਿਟਾਇਰ ਹੋਇਆ। ਅੱਜ ਕੱਲ੍ਹ ਉਹ ਆਪਣੇ ਬੇਟੇ ਹਰਜਿੰਦ ਸਿੰਘ ਸਿੱਧੂ ਕੋਲ ਕੈਲੀਫੋਰਨੀਆ ਰਹਿੰਦਾ ਹੈ। ਰਾਏਪੁਰ ਡੱਬੀਏ ਗੁਰਮੀਤ ਸਿੰਘ ਸ਼ੇਰਗਿੱਲ ਨਾਲ ਪਿਤਾ ਦੀਆਂ ਪਹਿਲਵਾਨੀ ਬਾਤਾਂ ਪਾ ਕੇ ਮਨ ਰਾਜੀ ਕਰ ਛੱਡਦਾ ਹੈ। ਪੁੱਤ-ਬਹੂ ਦੋਵੇਂ ਦੰਦਾਂ ਦੇ ਡਾਕਟਰ ਹਨ। ਇਕ ਬੇਟੀ ਕੈਲੀਫੋਰਨੀਆ ਹੈ, ਦੂਜੀ ਆਸਟ੍ਰੇਲੀਆ। ਜ਼ਿੰਦਗੀ ਤੋਂ ਖੁਸ਼ ਤਾਂ ਹੈ ਪਰ ਇਕ ਗੱਲ ਜਰੂਰ ਮਹਿਸੂਸ ਕਰ ਰਿਹੈ ਕਿ ਉਸ ਨੂੰ ਪਹਿਲਵਾਨ ਬਣਨਾ ਚਾਹੀਦਾ ਸੀ। ਉਹ ਦੱਸਦਾ ਹੈ ਕਿ ਜਿਥੇ ਜਿਥੇ ਵੀ ਉਹ ਗਿਆ, ਉਹਨੂੰ ਅਫਸਰ ਕਰਕੇ ਨਹੀਂ, ਪਿਤਾ ਦੀ ਪਹਿਲਵਾਨੀ ਕਰਕੇ ਲੋਕ ਜਾਣਦੇ ਸਨ।

ਪਹਿਲਵਾਨ ਪੂਰਨ ਨੂੰ ਇਕ ਵਾਰ ਕਿਸੇ ਨੇ ਪੁੱਛਿਆ ਕਿ ਪਹਿਲਾਂ ਵਰਗੇ ਤਕੜੇ ਪਹਿਲਵਾਨ ਪੈਦਾ ਕਿਉਂ ਨਹੀਂ ਹੋ ਰਹੇ ਤਾਂ ਜਵਾਬ ਸੀ, "ਪਹਿਲਵਾਨੀ ਦਾ ਮਾਂ-ਪਿਓ ਮਰ ਗਿਆ ਯਾਨਿ ਪਹਿਲਵਾਨਾਂ ਨੂੰ ਪਾਲਣ ਵਾਲੇ ਰਾਜਿਆਂ ਦਾ ਰਾਜ ਖਤਮ ਹੋ ਗਿਐ।"

"ਪੁਰਾਣੇ ਜ਼ਮਾਨੇ 'ਚ
ਰਾਜੇ ਪਾਲਦੇ ਸੀ ਪਹਿਲਵਾਨਾਂ ਨੂੰ,
ਹੁਣ ਉਹ ਗੱਲ ਹੈ ਨਾ।
ਹਰ ਪਾਸੇ ਸਿਆਸਤ ਤੇ
ਨਸ਼ਿਆਂ ਦਾ ਰਾਮ ਰੌਲਾ,
ਹੁਣ ਗੱਭਰੂ ਬੱਲ ਹੈ ਨਾ।
ਸਾਂਝੇ ਪੰਜਾਬ ਦੇ ਸ਼ੇਰਾਂ
ਭਾਰਤ ਦਾ ਨਾਂ ਚਮਕਾਇਆ,
ਮੇਹਰਦੀਨ, ਸੁਖਵੰਤ, ਬੁੱਧੂ,
ਬਿੱਲੇ ਜਿਹੇ ਮੱਲ ਹੈ ਨਾ।"

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School
1816 Main Ave., Secramento CA, 95838
ਸੈਕਰਾਮੈਂਟੋ, ਕੈਲੀਫੋਰਨੀਆ
*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ
ਨੈਸ਼ਨਲ ਟਰਾਂਸਪੋਰਟ ਕੰਪਨੀ ਲਈ
ਓਨਰ ਅਪਰੇਟਰ ਅਤੇ
ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ
ਮੀਲ ਦਿੱਤੇ ਜਾਣਗੇ

ਕੰਪਨੀ ਦੇ ਟਰੱਕ ਤੇ ਟਰੇਲਰ
ਲੀਜ਼ 'ਤੇ ਲੈ ਸਕਦੇ ਹੋ
Call For Special Price
Kashmir S. Thandi
Office: (866) 933-3038
Balhar S. Ranu Cell:916-502-7733

# ਸੰਘ ਦੀ ਸਿਆਸਤ ਨੂੰ ਨਵੇਂ ਸਿਰਿਉਂ ਸਮਝਣ ਦੀ ਲੋੜ

*ਆਰ.ਐਸ.ਐਸ. ਦੀ ਚੜ੍ਹਤ ਅੱਗੇ ਹੁਣ ਹਰ ਅੜਿੱਕਾ ਦੂਰ ਹੁੰਦਾ ਜਾਪ ਰਿਹਾ ਹੈ। ਇਸ ਦਾ ਵਿਰੋਧ ਕਰਨ ਵਾਲੇ ਜਿੰਨੇ ਨਿਸੱਤੇ ਅਤੇ ਬੇਵੱਸ ਅੱਜ ਕੱਲ੍ਹ ਦਿਖਾਈ ਦੇ ਰਹੇ ਹਨ, ਪਹਿਲਾਂ ਕਦੀ ਨਹੀਂ ਰਹੇ। ਉਘੇ ਪੱਤਰਕਾਰ ਅਭੈ ਕੁਮਾਰ ਦੂਬੇ ਨੇ ਇਸ ਪ੍ਰਸੰਗ ਵਿਚ ਆਰ.ਐਸ.ਐਸ. ਵੱਲੋਂ ਲਗਾਤਾਰ ਕੀਤੀ ਅੰਦਰੂਨੀ ਤਬਦੀਲੀ ਦਾ ਮੁਆਇਨਾ ਕਰਦਿਆਂ ਇਹ ਸਿੱਟਾ ਕੱਢਿਆ ਹੈ ਕਿ ਜਿਸ ਤਰ੍ਹਾਂ ਆਰ.ਐਸ.ਐਸ. ਸਮੇਂ ਸਮੇਂ ਬਦਲਦਾ ਰਿਹਾ ਹੈ, ਇਸ ਦੇ ਵਿਰੋਧੀ ਅਜਿਹਾ ਕਰਨ ਵਿਚ ਅਸਫਲ ਰਹੇ ਹਨ ਅਤੇ ਹੁਣ ਤੱਕ ਉਹੀ ਲਕੀਰ ਕੁੱਟ ਰਹੇ ਹਨ। -ਸੰਪਾਦਕ*

ਭਾਰਤੀ ਜਨਤਾ ਪਾਰਟੀ 'ਤੇ ਨਜ਼ਰ ਰੱਖਣ ਵਾਲੇ ਇਕ ਟਿੱਪਣੀਕਾਰ ਨੇ ਠੀਕ ਹੀ ਕਿਹਾ ਹੈ ਕਿ ਅਕਸਰ ਅਸੀਂ ਭਾਜਪਾ ਅੰਦਰ ਚੱਲ ਰਹੀ ਉਥਲ-ਪੁਥਲ ਅਤੇ ਰੂਪਾਂਤਰਨ ਦੀ ਅਹਿਮੀਅਤ ਘੱਟ ਕਰ ਕੇ ਦੇਖਦੇ ਹਾਂ ਅਤੇ ਸਭ ਦਾ ਸਾਰਾ ਜ਼ੋਰ ਇਸ ਸੰਗਠਨ ਨੂੰ ਆਮ ਤੌਰ 'ਤੇ ਉਸ ਦੀ ਐਲਾਨੀ ਵਿਚਾਰਧਾਰਾ ਦੇ ਸ਼ੀਸ਼ੇ ਵਿਚ ਦੇਖਣ 'ਤੇ ਹੀ ਰਹਿੰਦਾ ਹੈ। ਮੇਰੀ ਧਾਰਨਾ ਹੈ ਕਿ ਸਿਆਸੀ ਸੰਗਠਨਾਂ ਵਿਚ

**ਅਭੈ ਕੁਮਾਰ ਦੂਬੇ**

ਹੋਣ ਵਾਲੀਆਂ ਵਿਚਾਰਕ ਤਬਦੀਲੀਆਂ ਅਤੇ ਉਨ੍ਹਾਂ ਦੇ ਪ੍ਰੋਗਰਾਮਾਂ ਦੇ ਵਿਕਾਸ ਦਾ ਅਧਿਐਨ ਵੱਖ-ਵੱਖ ਵੀ ਕੀਤਾ ਜਾਣਾ ਚਾਹੀਦਾ ਹੈ ਅਤੇ ਨਾਲ-ਨਾਲ ਵੀ। ਆਪਣੀ ਵਿਚਾਰਧਾਰਾ ਅਤੇ ਪ੍ਰੋਗਰਾਮ ਵਿਚ ਸੋਧ ਕਰਨ ਦਾ ਇਰਾਦਾ ਰੱਖਣ ਵਾਲੀ ਪਾਰਟੀ ਇਸ ਵਜ੍ਹਾ ਨਾਲ ਆਪਣੀਆਂ ਸਫ਼ਾਂ ਵਿਚ ਫੁੱਟ ਦਾ ਸਾਹਮਣਾ ਕਰ ਸਕਦੀ ਹੈ, ਇਸ ਲਈ ਆਪਣੀ ਏਕਤਾ ਬਚਾਈ ਰੱਖਣ ਲਈ ਉਹ ਇਨ੍ਹਾਂ ਤਬਦੀਲੀਆਂ ਨੂੰ ਮੁਸ਼ਕਿਲ ਅਮਲ ਦੇ ਮਾਧਿਅਮ ਰਾਹੀਂ ਕਈ ਵਾਰ ਬਹੁਤ ਘੁਮਾ-ਫਿਰਾ ਕੇ ਅੰਜਾਮ ਦਿੰਦੀ ਹੈ। ਸੰਘ ਅਤੇ ਭਾਜਪਾ ਨੇ ਵੀ ਇਹੀ ਕੀਤਾ ਹੈ। ਧਰਮ ਨਿਰਪੱਖਤਾਵਾਦੀਆਂ ਦੀ ਮੁਸ਼ਕਿਲ ਇਹ ਹੈ ਕਿ ਉਨ੍ਹਾਂ ਨੇ ਇਸ ਅਮਲ ਨੂੰ ਦੇਖਣ ਅਤੇ ਸਮਝਣ ਤੋਂ ਅਜੇ ਤੱਕ ਲਗਾਤਾਰ ਇਨਕਾਰ ਕੀਤਾ ਹੈ।

ਭਾਰਤੀ ਜਨਤਕ ਜੀਵਨ 'ਤੇ ਹੁਣ ਤੱਕ ਪ੍ਰਭਾਵੀ ਰਹੇ ਖੱਬੇ ਪੱਖੀ, ਉਦਾਰਵਾਦੀ ਅਤੇ ਧਰਮ ਨਿਰਪੱਖਵਾਦੀਆਂ ਦੀ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਬਾਰੇ ਪ੍ਰਚਲਤ ਸਮਝ ਇਹ ਹੈ ਕਿ ਇਸ ਸੰਗਠਨ ਦੀ ਵਿਚਾਰਧਾਰਾ ਵਰਨਵਾਦੀ ਜਾਂ ਬ੍ਰਾਹਮਣਵਾਦੀ ਹੈ। ਇਸ ਦਾ ਸਿਆਸੀ ਸੰਗਠਨ- ਭਾਰਤੀ ਜਨਤਾ ਪਾਰਟੀ, ਮੁੱਖ ਤੌਰ 'ਤੇ ਸ਼ਹਿਰੀ ਅਤੇ ਅਮੀਰਪ੍ਰਸਤ ਰੁਝਾਨਾਂ ਵਾਲੀ ਬ੍ਰਾਹਮਣ-ਵਪਾਰੀ ਵਰਗ ਦੀ ਪਾਰਟੀ ਹੈ। ਇਹ ਸਮਝ ਦਾਅਵਾ ਕਰਦੀ ਹੈ ਕਿ ਗਰੀਬਾਂ, ਦਲਿਤਾਂ ਅਤੇ ਪਛੜੇ ਵਰਗਾਂ ਨਾਲ ਭਾਜਪਾ ਦਾ ਸਬੰਧ ਦਰਅਸਲ ਧੋਖੇ ਵਾਲਾ ਰਿਸ਼ਤਾ ਹੈ ਜੋ ਇਸ ਵਰਗ ਨੂੰ ਜ਼ਿਆਦਾ ਤੋਂ ਜ਼ਿਆਦਾ ਹਿੰਦੂਤਵ ਦਾ ਘੱਟ-ਗਿਣਤੀ ਵਿਰੋਧੀ ਲਠੈਤ (ਫੁਟ ਸੋਲਜਰ) ਬਣਾਉਣਾ ਚਾਹੁੰਦਾ ਹੈ ਅਤੇ ਹਿੰਦੂ ਰਾਸ਼ਟਰਵਾਦ ਬਣਾਉਣ ਲਈ ਕੀਤੀ ਗਈ ਇਨ੍ਹਾਂ ਵਰਗਾਂ ਦੀ ਗੋਲਬੰਦੀ ਬ੍ਰਾਹਮਣਵਾਦੀ ਸਮਾਜ ਵਿਵਸਥਾ ਦੀ ਲਗਾਤਾਰਤਾ ਬਣਾਈ ਰੱਖਣ ਦੇ ਕੰਮ ਆਵੇਗੀ। ਇਹ ਵਿਚਾਰ ਦੱਸਦਾ ਹੈ ਕਿ ਰਾਮ ਜਨਮ ਭੂਮੀ ਅੰਦੋਲਨ ਵੀ ਹੋਰ ਪਛੜੇ ਵਰਗਾਂ ਨੂੰ ਦਿੱਤੇ ਗਏ ਰਾਖਵੇਂਕਰਨ ਦੇ ਪ੍ਰਤੀਕਰਮ ਵਜੋਂ ਸ਼ੁਰੂ ਕੀਤਾ ਗਿਆ ਸੀ। ਦਰਅਸਲ, ਭਾਜਪਾ ਰਾਖਵੇਂਕਰਨ ਦਾ ਉਪਰੇ ਤੌਰ 'ਤੇ ਹੀ ਸਮਰਥਨ ਕਰਦੀ ਹੈ, ਅਸਲ ਵਿਚ ਇਹ ਇਸ ਦੀ ਵਿਰੋਧੀ ਹੈ। ਸੰਘ ਪਰਿਵਾਰ ਅਤੇ ਭਾਜਪਾ ਨੂੰ ਦੇਖਣ ਦੀ ਇਹ ਨਜ਼ਰ ਲੰਮੇ ਅਰਸੇ ਤੋਂ ਉਹੀ ਹੈ, ਇਸ ਦੇ ਉਲਟ ਇਹ ਸੰਗਠਨ ਅਤੇ ਪਾਰਟੀ ਲਗਾਤਾਰ ਬਦਲ ਰਹੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਡਾ. ਹੇਡਗੇਵਾਰ ਅਤੇ ਗੁਰੂ ਗੋਲਵਲਕਰ ਦੇ ਦੌਰ ਵਿਚ ਸੰਘ ਦੇ ਹਿੰਦੂਤਵ ਦਾ ਸੰਕਲਪ ਵਰਨ ਆਸ਼ਰਮ ਧਰਮ ਦੇ ਘੇਰੇ ਵਿਚ ਹੀ ਪੇਸ਼ ਕੀਤਾ ਜਾਂਦਾ ਸੀ। ਖ਼ੁਦ ਗੋਲਵਲਕਰ ਦੀਆਂ ਲਿਖਤਾਂ ਅਤੇ ਉਸ ਦੇ ਬਾਅਦ ਦੀਨਦਿਆਲ ਉਪਾਧਿਆਏ ਵੱਲੋਂ ਪੇਸ਼ ਕੀਤੇ ਗਏ ਏਕਾਤਮ ਮਾਨਵਵਾਦ ਦੇ ਸਿਧਾਂਤ ਇਸ ਦੇ ਗਵਾਹ ਹਨ। ਇਸ ਦੌਰ ਵਿਚ ਗੋਲਵਲਕਰ ਅਤੇ ਉਪਾਧਿਆਏ, ਦੋਵੇਂ ਹੀ ਵਰਨ ਵਿਵਸਥਾ ਨੂੰ ਸਮਾਜਿਕ ਸਮਤਾ ਦੇ ਮੁੱਖ ਸਰੋਤ ਵਜੋਂ ਪੇਸ਼ ਕਰਦੇ ਨਜ਼ਰ ਆਉਂਦੇ ਹਨ। ਆਪਣੇ ਇਸ ਦਾਅਵੇ ਨੂੰ ਧਰਤੀ 'ਤੇ ਉਤਾਰਨ ਲਈ ਉਨ੍ਹਾਂ ਕੋਲ ਉਚੀਆਂ ਜਾਤੀਆਂ ਅਤੇ ਵਰਨ ਆਸ਼ਰਮ ਵਿਚ ਸਭ ਤੋਂ ਹੇਠਾਂ ਰੱਖੀਆਂ ਗਈਆਂ ਸ਼ੂਦਰ ਜਾਤੀਆਂ (ਜਿਨ੍ਹਾਂ ਨੂੰ ਓ.ਬੀ.ਸੀ. ਜਾਂ ਹੋਰ ਪਛੜੇ ਵਰਗ ਕਿਹਾ ਜਾਂਦਾ ਹੈ) ਦੀ ਏਕਤਾ ਦਾ ਸਿਆਸੀ ਪ੍ਰੋਗਰਾਮ ਸੀ। ਉਨ੍ਹਾਂ ਲਈ ਹਿੰਦੂ ਵੋਟ ਦਾ ਇਹੀ ਮਤਲਬ ਸੀ। ਵਰਨ ਆਸ਼ਰਮ ਦੇ ਘੇਰੇ ਦੇ ਬਾਹਰ ਪਏ ਦਲਿਤਾਂ ਦੇ ਮਾਮਲੇ ਵਿਚ ਉਹ ਛੂਆਛੂਤ ਦੇ ਵਿਰੋਧੀ ਤਾਂ ਸਨ, ਪਰ ਉਸ ਤੋਂ ਪਰੇ ਜਾ ਕੇ ਹਿੰਦੂਤਵ ਦੇ ਘੇਰੇ ਵਿਚ ਉਨ੍ਹਾਂ ਦੀ ਸਿਆਸੀ ਗੋਲਬੰਦੀ ਦਾ ਉਨ੍ਹਾਂ ਕੋਲ ਕੋਈ ਸਪਸ਼ਟ ਪ੍ਰੋਗਰਾਮ ਨਹੀਂ ਸੀ। ਇਸੇ ਤਰ੍ਹਾਂ ਆਦਿਵਾਸੀ ਵੀ ਵਰਨ ਆਸ਼ਰਮ ਦੇ ਘੇਰੇ ਤੋਂ ਬਾਹਰ ਰਹਿਣ ਕਾਰਨ ਉਨ੍ਹਾਂ ਲਈ ਤਕਰੀਬਨ ਅਦ੍ਰਿਸ਼ ਸਨ।

ਗੋਲਵਲਕਰ ਦੇ ਦੇਹਾਂਤ ਤੋਂ ਬਾਅਦ ਜਦੋਂ ਸੰਘ ਦੀ ਕਮਾਨ ਬਾਲਾ ਸਾਹਿਬ ਦੇਵਰਸ ਦੇ ਹੱਥਾਂ ਵਿਚ ਆਈ ਤਾਂ ਇਹ ਸਥਿਤੀ ਬਦਲ ਗਈ। 1974 ਵਿਚ ਦੇਵਰਸ ਨੇ ਪੂਨਾ ਵਿਚ ਬਸੰਤ ਵਿਆਖਿਆ



**ਆਰ.ਐਸ.ਐਸ. ਨੇ ਸਿਰਫ ਵਰਦੀ ਹੀ ਨਹੀਂ ਬਦਲੀ...**

ਤਹਿਤ ਭਾਸ਼ਣ ਦਿੱਤਾ ਜਿਸ ਨੇ ਸੰਘ ਦੀ ਸਮਾਜ ਦ੍ਰਿਸ਼ਟੀ ਅਤੇ ਪ੍ਰੋਗਰਾਮ ਦੀ ਯੋਜਨਾ ਵਿਚ ਬੁਨਿਆਦੀ ਤਬਦੀਲੀ ਲੈ ਆਂਦੀ। ਇਸ ਵਿਆਖਿਆ ਵਿਚ ਦੇਵਰਸ ਨੇ ਕਿਹਾ: ਦੇਖਿਆ ਜਾਵੇ ਤਾਂ ਅੱਜ ਦੀ ਸਮੁੱਚੀ ਸਥਿਤੀ ਇੰਨੀ ਬਦਲ ਚੁੱਕੀ ਹੈ ਕਿ ਸਮਾਜ ਵਿਚ ਹੁਣ ਪਹਿਲਾਂ ਵਰਗੀ ਸਥਿਰ ਵਰਨ ਵਿਵਸਥਾ ਦੀ ਹੋਂਦ ਨਹੀਂ ਹੈ। ਸਭ ਥਾਵਾਂ 'ਤੇ ਅਵਿਵਸਥਾ ਹੈ, ਵਿਗਾੜ ਹੈ। ਹੁਣ ਇਹ ਵਿਵਸਥਾ ਕੇਵਲ ਵਿਆਹ ਸਬੰਧਾਂ ਤੱਕ ਹੀ ਸੀਮਤ ਰਹਿ ਗਈ ਹੈ। ਇਸ ਵਿਵਸਥਾ ਦੀ ਭਾਵਨਾ ਖ਼ਤਮ ਹੋ ਗਈ ਹੈ, ਕੇਵਲ 'ਅੱਖਰ' ਹੀ ਬਾਕੀ ਰਹਿ ਗਿਆ ਹੈ, ਭਾਵ ਖ਼ਤਮ ਹੋ ਗਿਆ, ਢਾਂਚਾ ਰਹਿ ਗਿਆ। ਪ੍ਰਾਣ ਨਿਕਲ ਗਿਆ, ਪਿੰਜਰ ਰਹਿ ਗਿਆ ਹੈ। ਸਮਾਜਿਕ ਵਿਵਸਥਾ ਦਾ ਹੁਣ ਵਰਨ ਵਿਵਸਥਾ ਨਾਲ ਕੋਈ ਕੋਈ ਪੱਕਾ ਸਬੰਧ ਨਹੀਂ ਹੈ। ਇਸ ਲਈ ਸਾਰਿਆਂ ਨੂੰ ਮਿਲ ਕੇ ਸੋਚਣਾ ਚਾਹੀਦਾ ਹੈ ਕਿ ਜਿਸ ਵਿਵਸਥਾ ਦਾ ਖ਼ਾਤਮਾ ਹੋਣਾ ਸਹੀ ਹੈ, ਜੋ ਖ਼ੁਦ ਖ਼ਤਮ ਹੋ ਰਹੀ ਹੈ, ਉਹ ਠੀਕ ਢੰਗ ਨਾਲ ਕਿਵੇਂ ਖ਼ਤਮ ਹੋਵੇ। ਇਸ ਵਿਆਖਿਆ ਵਿਚ ਦੇਵਰਸ ਇਹ ਵੀ ਕਹਿੰਦੇ ਹਨ, ਮੇਰੀ ਇਹ ਧਾਰਨਾ ਹੈ ਕਿ ਦਲਿਤ ਭਰਾ ਕਿਸੇ ਦੀ ਕ੍ਰਿਪਾ ਨਹੀਂ ਚਾਹੁੰਦੇ, ਉਹ ਬਰਾਬਰੀ ਦਾ ਸਥਾਨ ਚਾਹੁੰਦੇ ਹਨ ਅਤੇ ਉਹ ਵੀ ਆਪਣੇ ਦਮ 'ਤੇ ਹੀ। ਸਾਡੇ ਇਹ ਭਰਾ ਹੁਣ ਤੱਕ ਪਛੜੇ ਰਹਿਣ ਕਾਰਨ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਅਤੇ ਮੌਕੇ ਮਿਲਣੇ ਚਾਹੀਦੇ ਹਨ। ਉਨ੍ਹਾਂ ਦੀ ਇਹ ਆਸ਼ਾ ਅਤੇ ਮੰਗ ਸਹੀ ਹੀ ਹੈ। ਆਖਰ, ਉਨ੍ਹਾਂ ਨੇ ਸਮਾਜ ਦੇ ਵੱਖ-ਵੱਖ ਵਰਗਾਂ ਨਾਲ ਯੋਗਤਾ ਦੀ ਕਸੌਟੀ 'ਤੇ ਮੁਕਾਬਲਾ ਕਰ ਕੇ ਹੀ ਬਰਾਬਰੀ ਦਾ ਸਥਾਨ ਹਾਸਲ ਕਰਨਾ ਹੈ। ਇਹੀ ਉਨ੍ਹਾਂ ਲਈ ਸਹੀ ਹੋਵੇਗਾ।

ਫੂਲੇ ਅਤੇ ਅੰਬੇਡਕਰ ਵੱਲੋਂ ਬ੍ਰਾਹਮਣਾਂ ਅਤੇ ਧਰਮ ਗ੍ਰੰਥਾਂ 'ਤੇ ਵੱਡੀ ਚੋਟ ਕਾਰਨ ਉਚੀਆਂ ਜਾਤੀਆਂ ਵਿਚ ਪੈਦਾ ਹੋਈ ਕੁੜੱਤਣ ਨੂੰ ਨਜ਼ਰਅੰਦਾਜ਼ ਕਰਨ ਦੀ ਅਪੀਲ ਕਰਦਿਆਂ ਦੇਵਰਸ ਨੇ ਕਿਹਾ, ਸਾਰਿਆਂ ਨੂੰ ਇਸ ਗੱਲ ਦੀ ਸਾਵਧਾਨੀ ਵਰਤਣੀ ਚਾਹੀਦੀ ਹੈ ਕਿ ਭੂਤਕਾਲ ਦੇ ਝਗੜਿਆਂ ਨੂੰ ਵਰਤਮਾਨ ਵਿਚ ਘਸੀਟ ਕੇ ਆਪਣੇ ਭਵਿਖ ਨੂੰ ਖ਼ਤਰੇ ਵਿਚ ਨਾ ਪਾ ਦਿਓ।... ਮਹਾਤਮਾ ਫੂਲੇ, ਗੋਪਾਲਰਾਵ ਆਗਰਕਰ ਅਤੇ ਡਾ. ਅੰਬੇਡਕਰ ਆਦਿ ਮਹਾਂਪੁਰਖਾਂ ਨੇ ਸਮਾਜ ਦੀਆਂ ਬੁਰਾਈਆਂ ਉਤੇ ਸਖ਼ਤ ਹਮਲੇ ਕੀਤੇ ਹਨ। ਕੁਝ ਜਾਤੀਆਂ ਅਤੇ ਗ੍ਰੰਥਾਂ ਦੀ ਵੀ ਸਖ਼ਤ ਆਲੋਚਨਾ ਕੀਤੀ ਹੈ। ਵਿਅਕਤੀ ਸ਼ੁਰੂ ਵਿਚ ਕਿਸੇ ਗੱਲ ਵੱਲ ਧਿਆਨ ਖਿੱਚਣ ਲਈ ਅਤੇ ਲੋਕਾਂ ਨੂੰ ਜਾਗ੍ਰਿਤ ਕਰਨ ਲਈ ਸਖ਼ਤ ਭਾਸ਼ਾ ਦੀ ਵਰਤੋਂ ਕਰਦਾ ਹੈ, ਪਰ ਹਮੇਸ਼ਾ ਅਜਿਹਾ ਕਰਦੇ ਰਹਿਣਾ ਸਭ ਲਈ ਜ਼ਰੂਰੀ ਨਹੀਂ ਹੈ।

ਮੈਨੂੰ ਲਗਦਾ ਹੈ ਕਿ ਧਰਮ ਨਿਰਪੱਖ ਦ੍ਰਿਸ਼ਟੀ ਨੇ ਇਸ ਬਿਆਨ ਨੂੰ ਬ੍ਰਾਹਮਣਵਾਦੀ ਮੰਨ ਕੇ ਇਸ 'ਤੇ ਕਦੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ, ਪਰ ਸੰਘ ਦੇ ਖਾਤੇ ਵਿਚ ਇਹ ਬਿਆਨ ਨੀਤੀਗਤ ਦਸਤਾਵੇਜ਼ ਬਣ ਗਿਆ। ਇਸ ਤੋਂ ਬਾਅਦ ਸੰਘ ਵੱਲੋਂ ਵਣਵਾਸੀ ਕਲਿਆਣ ਆਸ਼ਰਮਾਂ, ਸੇਵਾ ਭਾਰਤੀ ਅਤੇ ਸਮਰਸਤਾ ਰੰਗਮੰਚ ਦੇ ਮਾਧਿਅਮ ਨਾਲ ਆਦਿਵਾਸੀਆਂ ਅਤੇ ਦਲਿਤਾਂ ਵਿਚ ਕੰਮ ਸ਼ੁਰੂ ਕੀਤਾ ਗਿਆ ਜਿਸ ਦਾ ਨਤੀਜਾ ਭਾਜਪਾ ਦੇ ਖਾਤੇ ਵਿਚ ਜਾਣ ਵਾਲੇ ਦਲਿਤ ਆਦਿਵਾਸੀ ਵੋਟਾਂ ਦੇ ਰੂਪ ਵਿਚ ਨਿਕਲਣ ਲੱਗਾ ਹੈ। ਸੰਘ ਪਰਿਵਾਰ ਨੇ ਆਦਿਵਾਸੀ ਅਤੇ ਦਲਿਤਾਂ ਨੂੰ ਵਿਆਪਕ ਹਿੰਦੂ ਘੇਰੇ ਦਾ ਅੰਗ ਬਣਾਉਣ ਲਈ ਯੋਜਨਾ ਤਿਆਰ ਕੀਤੀ ਹੈ ਜਿਸ ਵਿਚ ਇਤਿਹਾਸ ਤਾਂ ਹੈ ਹੀ, ਸੇਵਾ ਵਿਚ ਹਿੱਸੇਦਾਰੀ ਦਾ ਠੋਸ ਭਰੋਸਾ ਵੀ ਹੈ। ਦਰਅਸਲ, ਸੰਘ ਪਿਛਲੇ 40 ਸਾਲਾਂ ਤੋਂ ਬਦਲਦਾ ਰਿਹਾ ਹੈ, ਪਰ ਉਸ ਦੀ ਆਲੋਚਨਾ ਕਰਨ ਵਾਲੀ ਦ੍ਰਿਸ਼ਟੀ ਵਿਚ ਕੋਈ ਤਬਦੀਲੀ ਨਹੀਂ ਹੋਈ।

ਇਸ ਵਿਚਾਰਕ ਤਬਦੀਲੀ ਅਤੇ ਰਣਨੀਤੀ ਨੂੰ ਜਦੋਂ ਤੱਕ ਅੰਬੇਡਕਰਵਾਦ ਤੋਂ ਪ੍ਰਾਪਤ ਬ੍ਰਾਹਮਣਵਾਦ ਵਿਰੋਧ ਅਤੇ ਸਮਾਜਵਾਦ ਤੋਂ ਪ੍ਰਾਪਤ ਜਾਤੀ-ਤੋੜੋ ਦੀ ਰੌਸ਼ਨੀ ਵਿਚ ਵੇਖਿਆ ਜਾਂਦਾ ਰਹੇਗਾ, ਉਦੋਂ ਤੱਕ ਇਸ ਨੂੰ ਸਮਝਣ ਦੀ ਬਜਾਏ ਅਸੀਂ ਇਸ ਦਾ ਨਿਰਾਦਰ ਹੀ ਕਰਦੇ ਰਹਾਂਗੇ। ਧਿਆਨ ਰਹੇ ਕਿ ਸੰਘ ਪਰਿਵਾਰ ਦਾ ਮੁੱਖ ਮਕਸਦ ਹਿੰਦੂ ਏਕਤਾ ਹੈ। ਬਾਕੀ ਸਾਰੇ ਵਿਚਾਰ ਇਸ ਉਦੇਸ਼ ਦੇ ਅਧੀਨ ਹਨ। ਜੇ ਇਸ ਤਬਦੀਲੀ ਨੂੰ ਸਮਝ ਕੇ ਉਸ ਦੀ ਗਹਿਰਾਈ ਦੀ ਥਾਹ ਪਾਉਣੀ ਹੈ, ਤਾਂ ਸਾਨੂੰ ਇਹ ਵੇਖਣਾ ਹੋਵੇਗਾ ਕਿ ਇਹ ਹਿੰਦੂ ਏਕਤਾ ਦਰਅਸਲ ਹੈ ਕਿਸ ਤਰ੍ਹਾਂ ਦੀ ਅਤੇ ਇਸ ਦੇ ਅੰਦਰ ਸੱਤਾ ਦੀ ਵੰਡ ਲਈ ਕੀ ਹੋ ਰਿਹਾ ਹੈ? ਉਦੋਂ ਹੀ ਇਸ ਦੀ ਠੀਕ ਆਲੋਚਨਾ ਦੇ ਮਾਪਦੰਡ ਸਾਡੇ ਹੱਥ ਲੱਗ ਸਕਣਗੇ।

# ਨਵਾਜ਼ ਸ਼ਰੀਫ ਦੀ ਸਿਆਸਤ

ਸੁਪਰੀਮ ਕੋਰਟ ਦੇ ਜੱਜਾਂ ਦੇ 5 ਮੈਂਬਰੀ ਬੈਂਚ ਵੱਲੋਂ ਬਹੁਸੰਮਤੀ ਨਾਲ ਦਿੱਤੇ ਫੈਸਲੇ ਵਿਚ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਅਯੋਗ ਠਹਿਰਾਏ ਜਾਣ ਤੋਂ ਵਾਲ-ਵਾਲ ਬਚ ਗਏ; ਪਰ ਸੀਨੀਅਰ ਜੱਜ ਜਸਟਿਸ ਆਸਿਫ਼ ਸਈਦ ਖੋਸਾ ਜੋ ਬੈਂਚ ਦੀ ਅਗਵਾਈ ਕਰ ਰਹੇ ਸਨ ਤੇ ਉਨ੍ਹਾਂ ਦੇ ਸਾਥੀ ਜਸਟਿਸ ਗੁਲਜ਼ਾਰ ਅਹਿਮਦ ਵੱਲੋਂ ਬਾਕੀ ਤਿੰਨ ਜੱਜਾਂ ਤੋਂ ਉਲਟ ਰਾਏ ਪ੍ਰਗਟਾਉਂਦਿਆਂ ਸ਼ਰੀਫ਼ ਖ਼ਿਲਾਫ਼ ਸਖ਼ਤ ਟਿੱਪਣੀਆਂ ਕੀਤੀਆਂ ਗਈਆਂ ਹਨ। 2-3 ਦੇ ਅਨੁਪਾਤ ਨਾਲ ਘੱਟ ਗਿਣਤੀ ਵਿਚ ਰਹਿ ਗਏ ਆਪਣੇ ਫ਼ੈਸਲੇ ਵਿਚ ਜਸਟਿਸ ਖੋਸਾ ਨੇ

**ਆਰਿਫ ਨਿਜ਼ਾਮੀ**

ਮਾਰੀਓ ਪੂਜ਼ੋ ਦੇ ਨਾਵਲ 'ਦਿ ਗਾਡ ਫਾਦਰ' ਵਿਚੋਂ ਹਵਾਲਾ ਦਿੰਦਿਆਂ ਸ਼ਰੀਫ ਦੀ ਤੁਲਨਾ ਮਾਫ਼ੀਆ ਡਾਨ ਨਾਲ ਕੀਤੀ ਅਤੇ ਫਰਾਂਸੀਸੀ ਲਿਖਾਰੀ ਡੀ. ਬਾਲਜ਼ਾਕ ਦੇ ਸ਼ਬਦਾਂ ਵਿਚ ਕਿਹਾ ਕਿ ਵੱਡੀ ਧਨ-ਦੌਲਤ ਦੇ ਪਿੱਛੇ ਹਮੇਸ਼ਾ ਅਪਰਾਧ ਹੁੰਦਾ ਹੈ। ਖੋਸਾ ਨੇ ਸ਼ਰੀਫ ਦੀ ਤੁਲਨਾ ਮਾਫ਼ੀਆ ਡਾਨ ਨਾਲ ਕਰਦਿਆਂ ਸਪਸ਼ਟ ਸੰਕੇਤ ਕੀਤਾ ਕਿ ਉਹ ਧੋਖੇਬਾਜ਼ ਹਨ ਜਿਨ੍ਹਾਂ ਨੇ ਗ਼ਲਤ ਢੰਗ-ਤਰੀਕਿਆਂ ਨਾਲ ਅਥਾਹ ਦੌਲਤ ਇਕੱਠੀ ਕੀਤੀ ਹੈ। ਇਨ੍ਹਾਂ ਦੋਵਾਂ ਜੱਜਾਂ ਨੇ ਸਿਫਾਰਸ਼ ਕੀਤੀ ਕਿ ਸ਼ਰੀਫ ਨੂੰ ਕੌਮੀ ਅਸੈਂਬਲੀ ਤੋਂ ਆਯੋਗ ਕਰਾਰ ਦਿੱਤਾ ਜਾਣਾ ਚਾਹੀਦਾ ਹੈ, ਕਿਉਂਕਿ ਸੰਵਿਧਾਨ ਮੁਤਾਬਕ ਉਹ ਹੁਣ 'ਗਾਕਿਕ ਸਾਂ ਅਮੀਨ' (ਇਮਾਨਦਾਰ ਵਿਅਕਤੀ) ਨਹੀਂ ਰਹਿ ਗਏ ਹਨ। ਬਾਕੀ ਦੇ ਤਿੰਨ ਜੱਜਾਂ ਨੇ ਸੰਘੀ ਜਾਂਚ ਏਜੰਸੀ (ਐਫ.ਆਈ.ਏ.) ਦੇ ਉਪ ਨਿਰਦੇਸ਼ਕ ਦੀ ਅਗਵਾਈ ਹੇਠ ਸਾਂਝੀ ਜਾਂਚ ਟੀਮ ਬਣਾਉਣ ਦੇ ਆਦੇਸ਼ ਦਿੱਤੇ ਹਨ। ਇਸ ਜਾਂਚ ਟੀਮ ਵਿਚ ਸਕਿਊਰਿਟੀਜ਼ ਐਂਡ ਐਕਸਚੇਂਜ ਕਮਿਸ਼ਨ (ਐਸ.ਈ.ਸੀ.ਪੀ.), ਕੌਮੀ ਜਵਾਬਦੇਹੀ ਬਿਊਰੋ (ਐਨ.ਏ.ਬੀ.) ਅਤੇ ਸਟੇਟ ਬੈਂਕ ਆਫ ਪਾਕਿਸਤਾਨ (ਐਸ.ਬੀ.ਪੀ.) ਦੇ ਮੈਂਬਰ ਵੀ ਸ਼ਾਮਿਲ ਹੋਣਗੇ।

ਹੈਰਾਨੀ ਵਾਲੀ ਗੱਲ ਹੈ ਕਿ ਆਈ.ਐਸ.ਆਈ. ਅਤੇ ਮਿਲਟਰੀ ਇੰਟੈਲੀਜੈਂਸ (ਐਮ.ਆਈ.) ਦੇ ਨੁਮਾਇੰਦਿਆਂ ਨੂੰ ਵੀ ਇਸ ਸਾਂਝੀ ਜਾਂਚ ਟੀਮ ਵਿਚ ਸ਼ਾਮਿਲ ਕਰਨ ਦੇ ਹੁਕਮ ਦਿੱਤੇ ਗਏ ਹਨ। ਸਿਵਲ ਮਾਮਲੇ ਵਿਚ ਫ਼ੌਜ ਨੂੰ ਸ਼ਾਮਿਲ ਕਰਨਾ ਅਜੀਬ ਗੱਲ ਹੀ ਹੈ। ਇਸ ਤੋਂ ਇਹ ਵੀ ਜ਼ਾਹਰ ਹੁੰਦਾ ਹੈ ਕਿ ਸੁਪਰੀਮ ਕੋਰਟ ਜੋ ਖ਼ੁਦ ਸਿਵਲ ਸੰਸਥਾ ਹੈ, ਨੂੰ ਸਰਕਾਰੀ ਜਾਂਚ ਏਜੰਸੀਆਂ 'ਤੇ ਭਰੋਸਾ ਹੀ ਨਹੀਂ। ਫ਼ੌਜ ਦਾ ਆਪਣਾ ਜਵਾਬਦੇਹੀ ਪ੍ਰਬੰਧ ਹੈ ਅਤੇ ਉਹ ਇਸ ਅਮਲ ਵਿਚ ਸਿਵਲ ਸੰਸਥਾਵਾਂ ਦੀ ਕੋਈ ਦਖ਼ਲਅੰਦਾਜ਼ੀ ਨਹੀਂ ਹੋਣ ਦਿੰਦੀ। ਸੋ, ਅਜਿਹਾ ਹੋਣਾ ਯਕੀਨੀ ਤੌਰ 'ਤੇ ਜਮਹੂਰੀ ਸੰਸਥਾਵਾਂ ਅਤੇ ਸਿਵਲ ਸਰਬਉਚਤਾ ਦੇ ਭਵਿੱਖ ਲਈ ਚੰਗਾ ਸਾਬਤ ਨਹੀਂ ਹੋਵੇਗਾ। ਦਿਲਚਸਪੀ ਵਾਲੀ ਗੱਲ ਹੈ ਕਿ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਨੇ ਇਹ ਕਹਿੰਦਿਆਂ ਸਾਂਝੀ ਜਾਂਚ ਟੀਮ ਦੀ ਕਾਇਮੀ ਦੀ ਗੱਲ ਨੂੰ ਖਾਰਜ ਕਰ ਦਿੱਤਾ ਹੈ ਕਿ ਅਜਿਹੀ ਕਮੇਟੀ ਸ਼ਰੀਫ਼ ਭਰਾਵਾਂ ਦੇ ਪ੍ਰਭਾਵ ਤੋਂ ਸੁਤੰਤਰ ਹੋ ਕੇ ਕੰਮ ਨਹੀਂ ਕਰ ਸਕੇਗੀ; ਹਾਲਾਂਕਿ ਜਾਂਚ ਟੀਮ ਦੇ ਫ਼ੌਜੀ ਮੈਂਬਰਾਂ ਸਬੰਧੀ ਪੀ.ਪੀ.ਪੀ. ਖਾਮੋਸ਼ ਹੈ।

ਕੋਈ ਇਹ ਕਹਿ ਸਕਦਾ ਹੈ ਕਿ ਸਿਵਲ ਜਾਂਚ ਸੰਸਥਾਵਾਂ ਭ੍ਰਿਸ਼ਟ ਅਤੇ ਅਸਮਰਥ ਹੋਣ ਕਾਰਨ ਧੁਰ ਅੰਦਰ ਤੱਕ ਵਿਵਾਦਾਂ ਦੀਆਂ ਸ਼ਿਕਾਰ ਹਨ। ਸਮੇਂ ਦੀ ਸਰਕਾਰ ਦੇ ਅੰਗੂਠੇ ਹੇਠ ਹੋਣ ਕਰ ਕੇ ਉਹ ਕਿਸੇ ਮੌਜੂਦਾ ਪ੍ਰਧਾਨ ਮੰਤਰੀ ਖ਼ਿਲਾਫ਼ ਸੁਤੰਤਰ ਜਾਂਚ ਨਹੀਂ ਕਰ ਸਕਦੀਆਂ। ਸੁਪਰੀਮ ਕੋਰਟ ਨੇ ਵੀ ਆਪਣੇ ਫ਼ੈਸਲੇ ਵਿਚ ਐਨ.ਏ.ਬੀ. ਦੇ ਚੇਅਰਮੈਨ ਨੂੰ ਇਸ ਗੱਲ ਤੋਂ ਸਖ਼ਤ ਝਾੜ ਪਾਈ ਹੈ ਕਿ ਉਸ ਨੇ ਪ੍ਰਧਾਨ ਮੰਤਰੀ ਦੇ ਪਰਿਵਾਰ ਅਤੇ ਵਿੱਤ ਮੰਤਰੀ ਇਸਹਾਕ ਡਾਰ ਦੀ ਸ਼ਮੂਲੀਅਤ

*ਸਿਆਸੀ ਨਜ਼ਰੀਏ ਤੋਂ ਇਹ ਸ਼ਰੀਫ ਪਰਿਵਾਰ ਅੰਦਰ ਅਧਿਕਾਰ-ਤਬਦੀਲੀ ਦਾ ਵੀ ਸਮਾਂ ਹੈ। ਸੁਭਾਵਿਕ ਤੌਰ 'ਤੇ ਪ੍ਰਧਾਨ ਮੰਤਰੀ ਆਪਣੀ ਧੀ ਮਰੀਅਮ ਨੂੰ ਆਪਣੀ ਵਾਰਿਸ ਵਜੋਂ ਉਭਾਰ ਰਹੇ ਹਨ, ਜਦੋਂ ਕਿ ਉਨ੍ਹਾਂ ਦੇ ਭਰਾ ਸ਼ਹਿਬਾਜ਼ ਸ਼ਰੀਫ਼ ਪੰਜਾਬ ਨੂੰ ਸੰਭਾਲਦੇ ਰਹਿਣਗੇ।*

ਵਾਲੇ ਹੁਦਾਇਬੀਆ ਪੇਪਰ ਮਿੱਲ ਮਾਮਲੇ ਨੂੰ ਮੁੜ ਖੋਲ੍ਹਣ ਵਿਚ ਦਿਲਚਸਪੀ ਨਹੀਂ ਦਿਖਾਈ। ਸਾਂਝੀ ਜਾਂਚ ਟੀਮ ਸੁਪਰੀਮ ਕੋਰਟ ਦੇ ਜੱਜਾਂ ਦੇ ਵਿਸ਼ੇਸ਼ ਤਿੰਨ ਮੈਂਬਰੀ ਬੈਂਚ ਨੂੰ ਰਿਪੋਰਟ ਕਰੇਗੀ। ਇਹ ਬੈਂਚ ਪਾਕਿਸਤਾਨ ਦੇ ਚੀਫ਼ ਜਸਟਿਸ ਵੱਲੋਂ ਬਣਾਇਆ ਜਾਵੇਗਾ। ਇਸ ਤਰ੍ਹਾਂ ਦੀ ਕਿਸੇ ਇਕਾਈ ਵੱਲੋਂ ਪ੍ਰਧਾਨ ਮੰਤਰੀ ਖ਼ਿਲਾਫ਼ ਜਾਂਚ ਕੀਤੀ ਜਾਣੀ ਪਾਕਿਸਤਾਨ ਲਈ ਨਵੀਂ ਗੱਲ ਹੈ ਅਤੇ ਇਹ ਆਪਣੀ ਕਿਸਮ ਦਾ ਪਹਿਲਾ ਮਾਮਲਾ ਹੈ।

ਉਂਜ ਦੁਨੀਆ ਦੇ ਬਾਕੀ ਜਮਹੂਰੀ ਮੁਲਕਾਂ ਲਈ ਇਹ ਕੋਈ ਨਵੀਂ ਗੈਰ-ਸਾਧਾਰਨ ਗੱਲ ਨਹੀਂ ਹੈ। ਅਮਰੀਕੀ ਪ੍ਰਨਾਲੀ ਵਿਚ ਅਜਿਹੇ ਕਿਸੇ ਮਕਸਦ ਲਈ ਵਿਸ਼ੇਸ਼ ਸੁਤੰਤਰ ਪੜਤਾਲ ਕਰਤਾ ਨਿਯੁਕਤ ਕੀਤਾ ਜਾਂਦਾ ਹੈ। ਹਾਲ ਹੀ ਦੌਰਾਨ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਖ਼ਿਲਾਫ਼ ਵੀ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਇਸੇ ਤਰ੍ਹਾਂ ਦੀ ਜਾਂਚ ਹੋਈ ਹੈ। ਸੰਭਵ ਤੌਰ 'ਤੇ ਸ਼ਰੀਫ਼, ਆਮ ਨਾਗਰਿਕਾਂ ਦੇ ਉਲਟ ਐਫ.ਆਈ.ਏ. ਜਾਂ ਐਨ.ਏ.ਬੀ. ਦੇ ਪੁੱਛਗਿੱਛ ਕੇਂਦਰਾਂ ਵਿਚ ਜਾਣ ਦੀ ਸ਼ਰਮਿੰਦਗੀ ਤੋਂ ਬਚ ਜਾਣਗੇ। ਸ਼ਾਇਦ ਜਾਂਚ ਟੀਮ ਇਸ ਕੰਮ ਲਈ ਉਨ੍ਹਾਂ ਦੇ ਘਰ ਜਾਂ ਦਫ਼ਤਰ ਜਾਵੇਗੀ। ਉਨ੍ਹਾਂ ਨੂੰ ਦੱਸਣਾ ਪਵੇਗਾ ਕਿ ਉਨ੍ਹਾਂ ਦੀ ਉਸ ਦੌਲਤ ਦਾ ਸਰੋਤ ਕੀ ਹੈ ਜਿਸ ਨਾਲ ਉਨ੍ਹਾਂ ਅਤੇ ਉਨ੍ਹਾਂ ਦੇ ਪਰਿਵਾਰ ਨੇ ਮੇਅਫੇਅਰ ਲੰਡਨ ਵਿਚ ਲੱਖਾਂ ਪੌਂਡ ਦੀ ਜਾਇਦਾਦ ਖਰੀਦੀ ਹੈ। ਜੋ ਵੀ ਹੋਵੇ, ਸੁਪਰੀਮ ਕੋਰਟ ਦੇ ਫ਼ੈਸਲੇ ਦੇ ਵੱਡੇ ਪ੍ਰਭਾਵਾਂ ਵਾਲੇ ਸਿਆਸੀ ਸਿੱਟੇ ਵੀ ਨਿਕਲਣਗੇ। ਪਾਕਿਸਤਾਨ ਪੀਪਲਜ਼ ਪਾਰਟੀ, ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਅਤੇ ਜਮਾਤ-ਏ-ਇਸਲਾਮੀ ਨੇ ਪ੍ਰਧਾਨ ਮੰਤਰੀ ਦਾ ਅਸਤੀਫ਼ਾ ਮੰਗਿਆ ਹੈ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਨੇ ਰੋਸ ਰੈਲੀਆਂ ਅਤੇ ਧਰਨੇ-ਪ੍ਰਦਰਸ਼ਨ ਕਰਨ ਦਾ ਐਲਾਨ ਕਰ ਕੇ ਸਿਆਸੀ ਤਾਪਮਾਨ ਵਧਾ ਦਿੱਤਾ ਹੈ।

ਪਾਕਿਸਤਾਨ ਮੁਸਲਿਮ ਲੀਗ (ਨਵਾਜ਼) ਦੀ ਮੁੱਖ ਮੰਤਰੀਆਂ ਦੀ ਟੀਮ ਨੇ ਖਵਾਜਾ ਸਾਅਦ ਰਫ਼ੀਕ ਦੀ ਅਗਵਾਈ ਹੇਠ ਮੋਰਚਾ ਸੰਭਾਲਦਿਆਂ ਐਲਾਨ ਕੀਤਾ ਸੀ ਕਿ ਜੇ ਸੁਪਰੀਮ ਕੋਰਟ ਵੱਲੋਂ ਨਵਾਜ਼ ਸ਼ਰੀਫ਼ ਨੂੰ ਅਯੋਗ ਠਹਿਰਾਇਆ ਗਿਆ ਤਾਂ ਉਹ ਮੁਲਕ ਭਰ ਵਿਚ ਅੰਦੋਲਨ ਚਲਾਉਣਗੇ। ਉਂਜ ਸੱਤਾਧਾਰੀ ਪਾਰਟੀ ਜਦੋਂ ਵਿਰੋਧੀ ਧਿਰ 'ਚ ਸੀ ਤਾਂ ਇਹ ਬਹੁਤੀ ਜਨਤਕ ਤਾਕਤ ਨਹੀਂ ਦਿਖਾ ਸਕੀ ਸੀ। ਮੁਸ਼ੱਰਫ ਦੇ ਦੌਰ ਵਿਚ ਜਦੋਂ ਸ਼ਰੀਫ ਪਰਿਵਾਰ ਜਲਾਵਤਨੀ ਹੰਢਾਅ ਰਿਹਾ ਸੀ ਤਾਂ ਉਨ੍ਹਾਂ ਲੋਕਾਂ ਦਾ ਕਿਤੇ ਨਾਂ-ਨਿਸ਼ਾਨ ਵੀ ਨਜ਼ਰ ਨਹੀਂ ਸੀ ਆਉਂਦਾ ਜੋ ਅੱਜ ਜਨਤਕ ਅੰਦੋਲਨ ਛੇੜਨ ਦੀਆਂ ਧਮਕੀਆਂ ਦੇ ਰਹੇ ਹਨ। ਉਂਜ ਇਹ ਮੰਨਣਾ ਪਵੇਗਾ ਕਿ ਸ਼ਰੀਫ ਦੀ ਪਾਰਟੀ ਨੇ ਚੋਣਾਂ ਵਿਚ ਲਗਾਤਾਰ ਚੰਗੀ ਕਾਰਗੁਜ਼ਾਰੀ ਵਿਖਾਈ ਹੈ। ਇਸੇ ਕਰ ਕੇ ਹੀ ਨਵਾਜ਼ ਸ਼ਰੀਫ਼ ਤੀਜੀ ਵਾਰ ਪ੍ਰਧਾਨ ਮੰਤਰੀ ਬਣੇ ਹਨ, ਜਦੋਂ ਕਿ ਉਨ੍ਹਾਂ ਦੀ ਪਾਰਟੀ ਨੇ ਪੰਜਾਬ ਵਿਚ ਲਗਾਤਾਰ ਆਪਣੀ ਸਰਦਾਰੀ ਬਣਾਈ ਹੋਈ ਹੈ। ਸੂਬੇ ਵਿਚ ਹੋਈਆਂ ਉਪ ਚੋਣਾਂ ਨੇ ਵੀ ਸਾਬਤ ਕੀਤਾ ਹੈ ਕਿ ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਭੀੜਾਂ ਖਿੱਚਣ ਦੀ ਆਪਣੀ ਵੱਡੀ ਸਮਰੱਥਾ ਦੇ ਬਾਵਜੂਦ ਲਗਾਤਾਰ ਉਪ ਚੋਣਾਂ ਹਾਰਦੀ ਰਹੀ ਹੈ। ਸ਼ਰੀਫ਼ ਕੋਲ ਇਹ ਵੀ ਬਦਲ ਹੈ ਕਿ ਉਹ ਸਮੇਂ ਤੋਂ ਪਹਿਲਾਂ ਚੋਣਾਂ ਕਰਵਾ ਕੇ ਲੋਕਾਂ ਦਾ ਨਵੇਂ ਸਿਰਿਉਂ ਫ਼ਤਵਾ ਲੈ ਲੈਣ। ਉਹ ਸੱਤਾ ਵਿਚ ਚਾਰ ਸਾਲ ਪੂਰੇ ਕਰ ਚੁੱਕੇ ਹਨ, ਪਰ ਸਖ਼ਤ ਗਰਮੀ ਵਿਚ ਬਿਜਲੀ ਦੇ ਅਣਐਲਾਨੇ ਕੱਟ ਤਾਪਮਾਨ ਹੋਰ ਵਧਾ ਦਿੰਦੇ ਹਨ, ਤੇ ਇਨ੍ਹਾਂ ਦਿਨਾਂ ਵਿਚ ਚੋਣਾਂ ਕਰਵਾਉਣਾ ਕੋਈ ਚੰਗਾ ਬਦਲ ਨਹੀਂ ਹੈ। ਸ਼ਰੀਫ ਭਰਾ ਚੋਣਾਂ ਲਈ ਸ਼ਾਇਦ ਇਸ ਸਾਲ ਦੇ ਅੰਤ ਤੱਕ ਉਡੀਕ ਕਰਨਗੇ। ਉਸ ਸਮੇਂ ਤੱਕ ਉਨ੍ਹਾਂ ਦੀਆਂ ਵਿਕਾਸ ਯੋਜਨਾਵਾਂ ਅਤੇ ਪਾਵਰ ਪ੍ਰੋਜੈਕਟਾਂ ਆਦਿ ਦੇ ਫਲ ਜ਼ਰੂਰ ਨਜ਼ਰ ਆਉਣੇ ਸ਼ੁਰੂ ਹੋ ਜਾਣਗੇ।

ਸਿਆਸੀ ਨਜ਼ਰੀਏ ਤੋਂ ਇਹ ਸ਼ਰੀਫ ਪਰਿਵਾਰ ਅੰਦਰ ਅਧਿਕਾਰ-ਤਬਦੀਲੀ ਦਾ ਵੀ ਸਮਾਂ ਹੈ। ਸੁਭਾਵਿਕ ਤੌਰ 'ਤੇ ਪ੍ਰਧਾਨ ਮੰਤਰੀ ਆਪਣੀ ਧੀ ਮਰੀਅਮ ਨੂੰ ਆਪਣੀ ਵਾਰਿਸ ਵਜੋਂ ਉਭਾਰ ਰਹੇ ਹਨ, ਜਦੋਂ ਕਿ ਉਨ੍ਹਾਂ ਦੇ ਭਰਾ ਸ਼ਹਿਬਾਜ਼ ਸ਼ਰੀਫ਼ ਪੰਜਾਬ ਨੂੰ ਸੰਭਾਲਦੇ ਰਹਿਣਗੇ। ਸਾਂਝੀ ਜਾਂਚ ਟੀਮ ਦੀ ਜਾਂਚ ਦੇ ਸਮੇਂ ਦੌਰਾਨ ਮੁਸਲਿਮ ਲੀਗ ਆਪਣੀ ਸਿਆਸੀ ਜ਼ਮੀਨ ਨੂੰ ਬਚਾਉਣ ਲਈ ਯਤਨਸ਼ੀਲ ਰਹੇਗੀ ਜਦੋਂ ਕਿ ਵਿਰੋਧੀ ਧਿਰ ਪ੍ਰਧਾਨ ਮੰਤਰੀ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਨੂੰ ਉਭਾਰ ਕੇ ਸਿਆਸੀ ਤਾਪਮਾਨ ਵਧਾਉਂਦੀ ਰਹੇਗੀ। ਪਾਕਿਸਤਾਨ ਪੀਪਲਜ਼ ਪਾਰਟੀ ਅਤੇ ਪਾਕਿਸਤਾਨ ਤਹਿਰੀਕ-ਏ-ਇਨਸਾਫ਼, ਦੋਵੇਂ ਹੀ ਪੰਜਾਬ ਨੂੰ ਹਥਿਆਉਣ ਲਈ ਪੂਰੀ ਵਾਹ ਲਾਉਣਗੀਆਂ। ਸੰਘੀ ਪੱਧਰ 'ਤੇ ਸੱਤਾ ਹਾਸਲ ਕਰਨ ਲਈ ਪੰਜਾਬ ਨੂੰ ਜਿੱਤਣਾ ਬੇਹੱਦ ਜ਼ਰੂਰੀ ਹੈ। ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਇਸ ਮਾਮਲੇ ਵਿਚ ਪੀਪਲਜ਼ ਪਾਰਟੀ ਤੋਂ ਅੱਗੇ ਹੈ। ਪੀਪਲਜ਼ ਪਾਰਟੀ ਦੀ ਸੂਬੇ ਵਿਚ ਕੋਈ ਜਮਹੂਰੀ ਹੋਂਦ ਨਹੀਂ ਹੈ। ਆਪਣੀ ਲੀਡਰਸ਼ਿਪ ਦੇ ਘਪਲੇ ਦੇ ਦੋਸ਼ਾਂ ਵਿਚ ਘਿਰੀ ਹੋਣ ਦੇ ਬਾਵਜੂਦ ਅਜੇ ਵੀ ਪਾਕਿਸਤਾਨ ਮੁਸਲਿਮ ਲੀਗ ਹੀ ਸਭ ਤੋਂ ਅੱਗੇ ਹੈ।

# 'ਗੁਰੂ ਸਮੁੰਦੂ ਨਦੀ ਸਭਿ ਸਿਖੀ ਨਾਤੈ ਜਿਤ ਵਡਿਆਈ'

**ਗੁਰਮਤਿ ਵਿਚਾਰ**



**ਡਾ. ਗੁਰਨਾਮ ਕੌਰ, ਕੈਨੇਡਾ**

'ਪੰਜਾਬ ਟਾਈਮਜ਼' ਦੇ 22 ਅਪਰੈਲ ਦੇ ਅੰਕਾ ਵਿਚ ਸ. ਹਾਕਮ ਸਿੰਘ ਦਾ ਲੇਖ ਛਪਿਆ ਸੀ, 'ਗੁਰਮਤਿ ਅਤੇ ਸਿੱਖ ਧਰਮ ਵਿਚ ਭੇਦ ਹੈ।' ਸ. ਹਾਕਮ ਸਿੰਘ ਮੇਰੇ ਬਹੁਤ ਹੀ ਸੀਨੀਅਰ ਬਜ਼ੁਰਗ ਕੁਲੀਗ ਹਨ। ਜਦੋਂ ਮੈਂ 1969 ਵਿਚ ਬਤੌਰ ਜੂਨੀਅਰ ਲੈਕਚਰਰ ਪੰਜਾਬੀ ਯੂਨੀਵਰਸਿਟੀ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਭਾਗ ਵਿਚ ਆਈ ਸਾਂ, ਉਦੋਂ ਉਹ ਪੰਜਾਬੀ ਯੂਨੀਵਰਸਿਟੀ ਵਿਚ ਬਤੌਰ ਲਾਇਬ੍ਰੇਰੀਅਨ ਸੇਵਾ ਨਿਭਾ ਰਹੇ ਸਨ। ਉਹ ਆਪਣੇ ਖੇਤਰ ਦੇ ਬਹੁਤ ਮਾਹਿਰ, ਬੇਹੱਦ ਸੁਲਝੇ ਅਤੇ ਅਨੁਸ਼ਾਸਨ ਦੇ ਪਾਬੰਦ ਅਫਸਰ ਵਜੋਂ ਜਾਣੇ ਜਾਂਦੇ ਸਨ। ਮੈਨੂੰ ਯੂਨੀਵਰਸਿਟੀ ਕੈਂਪਸ ਵਿਚ ਕਈ ਵਰ੍ਹੇ ਉਨ੍ਹਾਂ ਦੇ ਗੁਆਂਢ ਵਿਚ ਰਹਿਣ ਦਾ ਸੁਭਾਗ ਵੀ ਪ੍ਰਾਪਤ ਹੋਇਆ ਹੈ ਜਿਸ ਕਰਕੇ ਉਨ੍ਹਾਂ ਦੇ ਪਰਿਵਾਰ ਨਾਲ ਵੀ ਚੰਗਾ ਸਹਿਚਾਰ ਰਿਹਾ ਹੈ।

ਮੇਰੇ ਇਸ ਲੇਖ ਦਾ ਮੰਤਵ ਕੋਈ ਪ੍ਰਤੀਕਰਮ ਜਾਂ ਕਿਸੇ ਕਿਸਮ ਦੀ ਬਹਿਸ ਨਹੀਂ ਹੈ, ਸਗੋਂ ਉਨ੍ਹਾਂ ਤੱਥਾਂ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਜਾਣਨ ਅਤੇ ਸਮਝਣ ਦੀ ਕੋਸ਼ਿਸ਼ ਹੈ ਜੋ ਤੱਥ ਸ. ਹਾਕਮ ਸਿੰਘ ਨੇ ਆਪਣੇ ਲੇਖ ਵਿਚ ਦ੍ਰਿਸ਼ਟੀਗੋਚਰ ਕੀਤੇ ਹਨ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਅਸੀਂ ਵਿਅਕਤੀਗਤ ਤੌਰ 'ਤੇ ਅਤੇ ਸੰਸਥਾਗਤ ਰੂਪ ਵਿਚ ਵੀ ਗੁਰੂ ਦੇ ਦੱਸੇ ਰਸਤੇ ਤੋਂ ਵਿਚਲਿਤ ਹੋ ਰਹੇ ਹਾਂ ਤੇ ਆਪਣੇ ਆਦਰਸ਼ ਤੋਂ ਕਾਫੀ ਲਾਂਭੇ ਵੀ ਜਾ ਰਹੇ ਹਾਂ, ਬਹੁਤ ਸਾਰੀ ਮਨਮੁਖਤਾ ਦਿਨੋ-ਦਿਨ ਗੁਰੂ ਦੇ ਦੱਸੇ ਮਾਰਗ ਵਿਚ ਸ਼ਾਮਲ ਹੋ ਰਹੀ ਹੈ। ਗੁਰੂ ਨੇ ਸਾਡਾ ਮਾਰਗ ਦਰਸ਼ਨ ਕਰਦਿਆਂ ਇਸ ਰੋਗ ਦਾ ਇਲਾਜ ਸਾਨੂੰ ਆਤਮ-ਚੀਨਣ ਵਿਚ ਦੱਸਿਆ ਹੈ। ਇਸ ਲੇਖ ਦਾ ਮਕਸਦ ਸਿੱਖੀ, ਸਿੱਖ, ਸਿੱਖ ਧਰਮ, ਗੁਰੂ, ਸਤਿਗੁਰੂ ਤੇ ਗੁਰਮਤਿ ਦੀ ਸੰਖੇਪ ਚਰਚਾ ਕਰਨਾ ਅਤੇ ਸਿੱਖ ਧਰਮ ਦੀਆਂ ਸੰਸਥਾਵਾਂ ਦੀ ਸਥਾਪਤੀ ਤੇ ਜ਼ਰੂਰਤ ਬਾਰੇ ਜਾਣਨਾ ਹੈ।

ਭਾਈ ਕਾਹਨ ਸਿੰਘ ਨਾਭਾ ਨੇ 'ਸਿਖ' ਸ਼ਬਦ ਦੇ ਅਰਥ ਕਰਦਿਆਂ ਮਹਾਨ ਕੋਸ਼ ਵਿਚ ਲਿਖਿਆ ਹੈ ਕਿ ਸੰਸਕ੍ਰਿਤ ਭਾਸ਼ਾ ਵਿਚ ਇਸ ਦਾ ਰੂਪ 'ਸ਼ਿਸ਼ਯ' ਹੈ ਅਤੇ ਇਹ ਸੰਗਿਆ ਹੈ, ਇਸ ਦਾ ਅਰਥ ਹੈ ਜੋ ਸ਼ਾਸਨ (ਉਪਦੇਸ਼) ਯੋਗ ਹੋਵੇ, ਚੇਲਾ, ਸ਼ਾਗਿਰਦ। ਇਸ ਦਾ ਦੂਜਾ ਅਰਥ ਗੁਰੂ ਨਾਨਕ ਦੇਵ ਜੀ ਦਾ ਅਨੁਗਾਮੀ ਜਿਸ ਨੇ ਸਤਿਗੁਰੂ ਨਾਨਕ ਦੇਵ ਦਾ ਸਿੱਖ ਧਰਮ ਧਾਰਨ ਕੀਤਾ ਹੈ ਤੇ ਜੋ ਸ੍ਰੀ ਗੁਰੂ ਗ੍ਰੰਥ ਸਹਿਬ ਨੂੰ ਆਪਣਾ ਧਰਮ ਗ੍ਰੰਥ ਮੰਨਦਾ ਅਤੇ ਦਸ ਸਤਿਗੁਰਾਂ ਨੂੰ ਇੱਕ ਰੂਪ ਜਾਣਦਾ ਹੈ। 'ਸਿੱਖ' ਦਾ ਅਰਥ ਕਰਦਿਆਂ ਲਿਖਿਆ ਗਿਆ ਹੈ ਕਿ ਗੁਰ ਸਿੱਖ, ਸਿੱਖ ਧਰਮ ਧਾਰੀ। ਸਿੱਖ ਧਰਮ ਬਾਰੇ ਦੱਸਿਆ ਗਿਆ ਹੈ ਕਿ ਮਨੁੱਖਾ ਜੀਵਨ ਦੇ ਮਨੋਰਥ ਦੀ ਸਿੱਧੀ ਲਈ ਜੋ ਮਹਾਂ ਪੁਰਖਾ ਨੇ ਰਸਤਾ ਦੱਸਿਆ ਹੈ, ਉਸ ਨੂੰ ਧਰਮ ਕਹਿੰਦੇ ਹਨ। ਧਰਮ ਦੇ ਅਨੇਕ ਰਸਤਿਆਂ ਵਿਚੋਂ ਇੱਕ ਸ਼ਿਰੋਮਣਿ ਰਸਤਾ ਉਹ ਹੈ, ਜੋ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ-ਦਸਾਂ ਗੁਰੂਆਂ ਨੇ ਦੱਸਿਆ ਹੈ, ਇਸ ਦਾ ਨਾਉਂ "ਸਿੱਖ ਧਰਮ" ਹੈ।

ਅਸੀਂ ਸਾਰੇ ਜਾਣਦੇ ਹਾਂ ਕਿ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਹਨ। ਧਰਮ ਜਦੋਂ ਸੰਸਥਾਗਤ ਰੂਪ ਵਿਚ ਸਥਾਪਤ ਹੋ ਜਾਂਦਾ ਹੈ ਤਾਂ ਉਸ ਵਿਚ ਸਮੇਂ ਦੇ ਨਾਲ ਨਾਲ ਬਹੁਤ ਵਾਰੀ ਕਈ ਕਿਸਮ ਦੇ ਵਹਿਮ ਅਤੇ ਰਸਮਾਂ ਜੁੜ ਜਾਂਦੀਆਂ ਹਨ ਜਿਨ੍ਹਾਂ ਦਾ ਅਧਿਆਤਮਕ ਤੌਰ 'ਤੇ ਕਿਸੇ ਕਿਸਮ ਦਾ ਕੋਈ ਮਹੱਤਵ ਨਹੀਂ ਹੁੰਦਾ ਅਤੇ ਨਾ ਹੀ ਮਨੁੱਖ ਦੀ ਜ਼ਿੰਦਗੀ ਵਿਚ ਉਹ ਕੋਈ ਹਾਂ-ਵਾਚਕ ਭੂਮਿਕਾ ਨਿਭਾਉਣ ਦੇ ਸਮਰੱਥ ਹੁੰਦੀਆਂ ਹਨ ਬਲਕਿ ਮਨੁੱਖ ਨੂੰ ਉਸ ਦੇ ਜੀਵਨ ਦੇ ਅਸਲੀ ਮਕਸਦ ਤੋਂ ਵਿਚਲਿਤ ਕਰੀ ਰੱਖਦੀਆਂ ਹਨ। ਇਸ ਕਿਸਮ ਦੀਆਂ ਰਸਮਾਂ ਅਤੇ ਕਰਮਕਾਂਡ, ਭਾਵੇਂ ਉਹ ਕਿਸੇ ਵੀ ਧਰਮ 'ਚ ਪ੍ਰਵੇਸ਼ ਕਰ ਜਾਵੇ, ਮਨੁੱਖ ਨੂੰ ਉਸ ਦੇ ਅਸਲੀ ਮਕਸਦ ਤੋਂ ਵਿਚਲਿਤ ਕਰ ਦਿੰਦਾ ਹੈ।

ਗੁਰੂ ਨਾਨਕ ਨੇ ਸਮਕਾਲੀ ਧਰਮਾਂ ਨਾਲ ਜੁੜੇ ਕਰਮਕਾਂਡ ਦੀ ਨਿਰਾਰਥਕਤਾ ਨੂੰ ਉਜਾਗਰ ਕੀਤਾ ਹੈ ਜੋ ਹਰ ਧਰਮ 'ਤੇ ਲਾਗੂ ਹੁੰਦੀ ਹੈ ਅਤੇ ਇਸ ਨੂੰ ਇਸੇ ਸੰਦਰਭ ਵਿਚ ਦੇਖਿਆ ਜਾਣਾ ਚਾਹੀਦਾ ਹੈ। ਅਜਿਹੇ ਅਰਥਾਂ ਵਿਚ ਹੀ ਗੁਰੂ ਨਾਨਕ ਜੈਨੀ ਸਾਧੂਆਂ ਜਾਂ ਸਰੇਵੜਿਆਂ ਵੱਲੋਂ ਸਰੀਰ ਨੂੰ ਗੰਦਾ ਰੱਖਣ ਭਾਵ ਇਸ਼ਨਾਨ ਨਾ ਕਰਨ ਬਾਰੇ ਨੁਕਤਾ ਉਠਾਉਂਦੇ ਹਨ ਜਿਸ ਵਿਚ ਸਿੱਖੀ ਦਾ ਹਵਾਲਾ ਵੀ ਮਿਲਦਾ ਹੈ। ਅਹਿੰਸਾ ਜੈਨ ਧਰਮ ਦਾ ਪ੍ਰਮੁੱਖ ਸਿਧਾਂਤ ਹੈ ਅਤੇ ਇਸ ਕਾਰਨ ਹੀ ਉਹ ਨੰਗੇ ਪੈਰੀਂ ਤੁਰਦੇ ਹਨ ਤਾਂ ਕਿ ਕੋਈ ਜੀਵ ਉਨ੍ਹਾਂ ਦੇ ਪੈਰਾਂ ਹੇਠ ਆ ਕੇ ਮਰ ਨਾ ਜਾਵੇ, ਮੂੰਹ ਤੇ ਪੱਟੀ ਬੰਨ੍ਹ ਕੇ ਰੱਖਦੇ ਹਨ ਕਿ ਕੋਈ ਜੀਵ ਸਾਹ ਨਾਲ ਅੰਦਰ ਜਾ ਕੇ ਮਰ ਨਾ ਜਾਵੇ, ਨਹਾਉਣ ਤੋਂ ਪ੍ਰਹੇਜ਼ ਕਰਦੇ ਹਨ ਕਿ ਕਿਤੇ ਪਾਣੀ ਵਿਚਲੇ ਕਿਸੇ ਜੀਵ ਦੀ ਹੱਤਿਆ ਨਾ ਹੋ ਜਾਵੇ। ਅਹਿੰਸਾ ਦੇ ਇਸੇ ਸਿਧਾਂਤ ਦੀ ਵਹਿਮ ਦੀ ਹੱਦ ਤੱਕ ਪਾਲਣਾ ਕਰਨ 'ਤੇ ਗੁਰੂ ਨਾਨਕ ਪ੍ਰਸ਼ਨ ਕਰਦੇ ਹਨ।

ਸਰੇਵੜਿਆਂ ਨੂੰ ਇਹ ਅਹਿਸਾਸ ਕਰਾਉਣ ਦੇ ਨਾਲ ਨਾਲ ਕਿ ਸਭ ਜੀਵਾਂ ਨੂੰ ਪੈਦਾ ਕਰਨ ਵਾਲਾ ਅਤੇ ਮਾਰਨ ਵਾਲਾ ਅਕਾਲ ਪੁਰਖ ਆਪ ਹੈ। ਉਨ੍ਹਾਂ ਨੂੰ ਇਸ਼ਨਾਨ ਕਰਨ ਦੀ ਮਹੱਤਤਾ ਵੀ ਦੱਸਦੇ ਹਨ ਕਿ ਨਹਾਉਣਾ ਮਨੁੱਖ ਲਈ ਕਿਉਂ ਜ਼ਰੂਰੀ ਹੈ। ਪਾਣੀ ਦੀਆਂ ਬਰਕਤਾਂ ਦਾ ਜ਼ਿਕਰ ਕਰਦੇ ਹਨ ਕਿ ਮੀਂਹ ਪੈਣ ਨਾਲ ਸਾਰੇ ਜੀਵਾਂ ਅੰਦਰ ਖੁਸ਼ੀ ਦੀ ਲਹਿਰ ਦੌੜਦੀ ਹੈ। ਜੀਵਾਂ ਦਾ ਸਾਰਾ ਜੀਵਨ ਹੀ ਪਾਣੀ ਨਾਲ ਜੁੜਿਆ ਹੋਇਆ ਹੈ, ਪਾਣੀ ਤੋਂ ਹੀ ਅੰਨ ਪੈਦਾ ਹੁੰਦਾ ਹੈ, ਫਸਲਾਂ ਪੈਦਾ ਹੁੰਦੀਆਂ ਹਨ, ਪਸ਼ੂਆਂ ਨੂੰ ਖੁਰਾਕ ਮਿਲਦੀ ਹੈ ਜੋ ਅੱਗੋਂ ਕਈ ਮਨੁੱਖੀ ਲੋੜਾਂ ਪੂਰੀਆਂ ਕਰਦੇ ਹਨ।

ਗੁਰੂ ਨਾਨਕ ਇਸੇ ਸੰਦਰਭ ਵਿਚ ਸਿੱਖੀ ਦੀ ਗੱਲ ਕਰਦੇ ਹਨ ਜੋ ਇੱਕ ਨਿਵੇਕਲੀ ਕਿਸਮ ਦੀ ਜੀਵਨ ਜਾਚ ਹੈ। ਇਸ ਵਿਚ ਗੁਰੂ ਨਾਨਕ ਨੇ ਸਤਿਗੁਰੂ ਨੂੰ ਇੱਕ ਸਮੁੰਦਰ ਕਿਹਾ ਹੈ ਅਤੇ ਸਤਿਗੁਰੂ ਦੀਆਂ ਸਿੱਖਿਆਵਾਂ ਨਦੀਆਂ ਦੀ ਤਰ੍ਹਾਂ ਹਨ ਜਿਨ੍ਹਾਂ ਵਿਚ ਇਸ਼ਨਾਨ ਕਰਨ ਨਾਲ ਭਾਵ ਗੁਰੂ ਦੀ ਸਿੱਖਿਆ ਵਿਚ ਸੁਰਤਿ ਜੋੜਨ ਨਾਲ ਵਡਿਆਈ ਮਿਲਦੀ ਹੈ। ਇਹ ਸਰੇਵੜੇ ਜੋ ਇਸ ਵਿਚ ਇਸ਼ਨਾਨ ਨਹੀਂ ਕਰਦੇ, ਉਹ ਵਡਿਆਈ ਦੀ ਥਾਂ ਖੁਨਾਮੀ ਹੀ ਖੱਟਦੇ ਹਨ। ਭਾਵ ਇਹ ਵਹਿਮਾਂ-ਭਰਮਾਂ 'ਚ ਪਏ ਹਨ ਅਤੇ ਸਰੀਰ ਦੇ ਨਾਲ ਆਪਣੀ ਬੁੱਧੀ ਨੂੰ ਵੀ ਵਹਿਮਾਂ ਨਾਲ ਮਲੀਨ ਕਰ ਰਹੇ ਹਨ। ਪਰ ਜੇ ਉਹ ਗੁਰੂ ਦੀ, ਗੁਰੂ ਦੇ ਸਿੱਖਾਂ ਦੀ ਸੰਗਤਿ ਕਰਦੇ ਤਾਂ ਉਹ ਵਹਿਮਾਂ ਭਰਮਾਂ ਤੋਂ ਛੁਟਕਾਰਾ ਪਾ ਸਕਦੇ:

ਗੁਰੂ ਸਮੁੰਦੁ ਨਦੀ ਸਭਿ ਸਿਖੀ
ਨਾਤੈ ਜਿਤੁ ਵਡਿਆਈ॥
ਨਾਨਕ ਜੇ ਸਿਰਖੁਥੇ ਨਾਵਨਿ ਨਾਹੀ
ਤਾ ਸਤ ਚਟੇ ਸਿਰਿ ਛਾਈ॥ (ਪੰਨਾ ੧੫੦)

ਉਪਰ ਗੁਰੂ ਨਾਨਕ ਸਾਹਿਬ ਨੇ ਸਿੱਖੀ ਜਾਂ ਗੁਰੂ ਦੀ ਸਿੱਖਿਆ ਅਤੇ ਸੰਗਤਿ ਵਿਚ ਚੱਲਣ ਵਾਲੇ ਮਨੁੱਖ ਦਾ ਹਵਾਲਾ ਜੈਨੀ ਸਾਧੂਆਂ ਦੇ ਕਰਮ-ਕਾਂਡ ਦੇ ਸੰਦਰਭ ਵਿਚ ਦਿੱਤਾ ਹੈ। ਇਸੇ ਤਰ੍ਹਾਂ ਆਸਾ ਦੀ ਵਾਰ ਵਿਚ ਗੁਰੂ ਨਾਨਕ ਵੱਲੋਂ ਸਿੱਖ ਜਾਂ ਸਿੱਖੀ ਦਾ ਹਵਾਲਾ ਰਾਸਧਾਰੀਆਂ, ਜੋ ਕ੍ਰਿਸ਼ਨ ਜਾਂ ਰਾਮ ਦੇ ਸਵਾਂਗ ਰਚ ਕੇ ਨੱਚਦੇ ਹਨ, ਦੇ ਕਰਮਕਾਂਡ ਨੂੰ ਨਕਾਰਨ ਦੇ ਸੰਦਰਭ ਵਿਚ ਦਿੱਤਾ ਹੈ। ਗੁਰੂ ਨਾਨਕ ਇਸ ਤੱਥ ਦਾ ਜ਼ਿਕਰ ਕਰਦੇ ਹਨ ਕਿ ਕਿਸ ਤਰ੍ਹਾਂ ਰਾਸ ਪਾਉਂਦੇ ਸਮੇਂ ਚੇਲੇ ਸਾਜ ਵਜਾਉਂਦੇ ਹਨ ਅਤੇ ਉਨ੍ਹਾਂ ਦੇ ਗੁਰੂ ਉਨ੍ਹਾਂ ਸਾਜਾਂ ਦੀ ਤਾਲ 'ਤੇ ਨੱਚਦੇ ਹਨ ਤੇ ਨੱਚ ਨੱਚ ਆਪਣਾ ਬੁਰਾ ਹਾਲ ਕਰ ਲੈਂਦੇ ਹਨ, ਧੂੜ ਉਡ ਉਡ ਕੇ ਸਿਰਾਂ ਵਿਚ ਪੈਂਦੀ ਹੈ ਅਤੇ ਲੋਕ ਉਨ੍ਹਾਂ ਦਾ ਮਜ਼ਾਕ ਉਡਾਉਂਦੇ ਹਨ।

ਗੁਰੂ ਸਾਹਿਬ ਇਹ ਸਾਰਾ ਵਰਣਨ ਮਨੁੱਖ ਨੂੰ ਚੇਤੰਨ ਕਰਨ ਲਈ ਕਰਦੇ ਹਨ ਕਿ ਇਹ ਕਿਸ ਕਿਸਮ ਦੀ ਧਾਰਮਕਤਾ ਹੈ ਜਿਸ ਰਾਹੀਂ ਕੋਈ ਅਧਿਆਤਮਕ ਪ੍ਰਾਪਤੀ ਨਹੀਂ ਹੁੰਦੀ। ਅਜਿਹੇ ਸਵਾਂਗ, ਅਜਿਹਾ ਕਰਮਕਾਂਡ ਸਿਰਫ ਰੋਟੀ ਕਮਾਉਣ ਲਈ ਕੀਤਾ ਜਾਂਦਾ ਹੈ, ਕਿਸੇ ਅਧਿਆਤਮਕ ਪ੍ਰਾਪਤੀ ਲਈ ਨਹੀਂ। ਅਜਿਹੇ ਕਰਮਕਾਂਡ ਦੀ ਥਾਂ ਉਸ ਅਕਾਲ ਪੁਰਖ ਦੇ ਨਾਮ ਦਾ ਸਿਮਰਨ ਕਰਨ ਦੀ ਪ੍ਰੇਰਨਾ ਕੀਤੀ ਹੈ ਜੋ ਇਸ ਸੰਸਾਰ ਦਾ ਕਰਤਾ, ਧਰਤਾ ਅਤੇ ਹਰਤਾ ਹੈ, ਜਿਸ ਦਾ ਚਲਾਇਆ ਇਹ ਸੰਸਾਰ ਚੱਲ ਰਿਹਾ ਹੈ। ਇਸ ਦੇ ਨਾਲ ਹੀ ਇਹ ਵੀ ਦੱਸਿਆ ਹੈ ਕਿ ਇਸ ਸੰਸਾਰ ਦਾ ਰਚਨਹਾਰਾ ਵਾਹਿਗੁਰੂ ਨਿਡਰ, ਅਕਾਰ-ਰਹਿਤ ਹੈ ਤੇ ਉਸ ਦਾ ਨਾਮ ਸਦੀਵੀ ਰਹਿਣ ਵਾਲਾ ਹੈ ਅਤੇ ਉਸ ਦੇ ਨਾਮ ਦਾ ਸਿਮਰਨ ਕੇਵਲ ਉਹ ਸੇਵਕ ਹੀ ਕਰਦੇ ਹਨ ਜਿਨ੍ਹਾਂ ਉਤੇ ਅਕਾਲ ਪੁਰਖ ਦੀ ਮਿਹਰ ਹੈ। ਜਿਨ੍ਹਾਂ ਦੇ ਮਨ ਅੰਦਰ ਨਾਮ ਸਿਮਰਨ ਦਾ ਉਤਸ਼ਾਹ ਅਤੇ ਉਦਮ ਹੈ, ਉਨ੍ਹਾਂ ਦਾ ਜੀਵਨ ਨਾਮ-ਸਿਮਰਨ ਵਿਚ ਗੁਜ਼ਰਦਾ ਹੈ। ਇਹ ਸਿੱਖਿਆ ਗੁਰੂ ਤੋਂ ਮਿਲਦੀ ਹੈ ਅਤੇ ਜਿਨ੍ਹਾਂ ਨੇ ਗੁਰੂ ਦੀ ਮੱਤ ਰਾਹੀਂ ਇਹ ਸਿੱਖਿਆ ਆਪਣੇ ਅੰਦਰ ਵਸਾ ਲਈ ਹੈ, ਉਨ੍ਹਾਂ ਨੂੰ ਮਿਹਰਬਾਨ ਪ੍ਰਭੂ ਇਸ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ:

ਨਿਰਭਉ ਨਿਰੰਕਾਰੁ ਸਚੁ ਨਾਮੁ॥
ਜਾ ਕਾ ਕੀਆ ਸਗਲ ਜਹਾਨੁ॥
ਸੇਵਕ ਸੇਵਹਿ ਕਰਮਿ ਚੜਾਉ॥
ਭਿੰਨੀ ਰੈਣਿ ਜਿਨ੍ਹਾ ਮਨਿ ਚਾਉ॥
ਸਿਖੀ ਸਿਖਿਆ ਗੁਰ ਵੀਚਾਰਿ
ਨਦਰੀ ਕਰਮਿ ਲਘਾਏ ਪਾਰਿ॥
(ਪੰਨਾ ੪੬੫)

ਗੁਰੂ ਨਾਨਕ ਦੀ ਬਾਣੀ ਦੇ ਉਕਤ ਦੋਵਾਂ ਹਵਾਲਿਆਂ-ਜੈਨ ਧਰਮ ਅਤੇ ਰਾਮ ਤੇ ਕ੍ਰਿਸ਼ਨ ਨੂੰ ਰੱਬ ਦੇ ਅਵਤਾਰ ਮੰਨ ਕੇ ਉਨ੍ਹਾਂ ਦੀ ਪੂਜਾ ਕਰਨ ਵਾਲੀਆਂ ਪਰੰਪਰਾਵਾਂ, 'ਚ ਉਨ੍ਹਾਂ ਨੇ ਆਪਣੇ ਦੱਸੇ ਨਾਮ ਮਾਰਗ ਦਾ ਦੂਜੇ ਧਰਮਾਂ ਦੇ ਕਰਮਕਾਂਡ ਨਾਲੋਂ ਸਪੱਸ਼ਟ ਨਿਖੇੜਾ ਕੀਤਾ ਹੋਇਆ ਹੈ।

***ਪਰਮਾਤਮਾ ਦੀ ਸਰਵਵਿਆਪਕਤਾ ਦੀ ਗੱਲ ਕਰਦਿਆਂ ਗੁਰੂ ਨਾਨਕ ਦੱਸਦੇ ਹਨ ਕਿ ਹਰ ਇੱਕ ਸਰੀਰ ਵਿਚ, ਜੀਵਾਂ ਵਿਚ ਉਹ ਸਦੀਵੀ ਹੋਂਦ ਵਾਲਾ ਅਕਾਲ ਪੁਰਖ ਹੀ ਨਿਵਾਸ ਕਰਦਾ ਹੈ। ਉਸ ਅਦ੍ਰਿਸ਼ਟ ਪਰਮ ਹਸਤੀ ਵਿਚ ਸਤਿਗੁਰੂ ਦੇ ਸ਼ਬਦ ਰਾਹੀਂ ਲੀਨ ਹੋਈਦਾ ਹੈ ਅਤੇ ਸ਼ਬਦ ਨਾਲ ਇਕਸੁਰਤਾ ਦੀ ਅਡੋਲ ਅਵਸਥਾ ਵਿਚ ਇਸ ਸ੍ਰਿਸ਼ਟੀ ਦਾ ਮੂਲ ਉਹ ਨਿਰੰਜਨ ਲੱਭ ਪੈਂਦਾ ਹੈ ਜਿਸ ਲਈ ਗੁਰੂ ਦੀ ਸਿੱਖਿਆ 'ਤੇ ਤੁਰਨ ਤੋਂ ਬਿਨਾ ਹੋਰ ਕਿਸੇ ਕਿਸਮ ਦੀ ਕਾਰ ਕਰਨ ਦੀ ਲੋੜ ਨਹੀਂ ਹੈ।***

ਸਪੱਸ਼ਟ ਹੈ ਕਿ ਗੁਰਮਤਿ ਭਾਵ ਸਿੱਖੀ ਦੇ ਮਾਰਗ ਵਿਚ ਕਿਸੇ ਕਿਸਮ ਦੇ ਕਰਮਕਾਂਡ ਨੂੰ ਕੋਈ ਵੀ ਸਥਾਨ ਪ੍ਰਾਪਤ ਨਹੀਂ ਹੈ। ਇਨ੍ਹਾਂ ਤੋਂ ਬਿਨਾ ਯੋਗ ਦੀ ਪਰੰਪਰਾ ਹੈ ਜਿਸ ਵਿਚ ਵੀ ਕਈ ਕਿਸਮ ਦੇ ਹਠ-ਕਰਮ ਆਦਿ ਨੂੰ ਹੀ ਪਰਮਾਤਮਾ ਪ੍ਰਾਪਤੀ ਦਾ ਸਾਧਨ ਮੰਨਿਆ ਜਾਂਦਾ ਹੈ। ਸਿਧ ਗੋਸਟਿ ਵਿਚ ਵੀ ਗੁਰੂ ਨਾਨਕ ਇਸੇ ਕਿਸਮ ਦਾ ਨਿਖੇੜਾ ਕਹਿੰਦੇ ਹਨ ਕਿ ਸ੍ਰਿਸ਼ਟੀ ਦੇ ਮੁੱਢ ਜਾਂ ਆਦਿ ਦਾ ਵੀਚਾਰ ਤਾਂ 'ਅਸਚਰਜ' ਹੀ ਕਿਹਾ ਜਾ ਸਕਦਾ ਹੈ ਕਿਉਂਕਿ ਉਦੋਂ ਇੱਕ-ਰਸ ਪਰਮਾਤਮਾ ਹੀ ਅਫੁਰ ਅਵਸਥਾ ਵਿਚ ਕਾਇਮ ਸੀ ਭਾਵ ਹੋਰ ਕੋਈ ਹੋਂਦ ਹੈ ਹੀ ਨਹੀਂ ਸੀ। ਯੋਗ ਸ਼ਾਸਤਰ ਵਿਚ ਗਿਆਨ ਦਾ ਬਹੁਤ ਦਾਅਵਾ ਕੀਤਾ ਜਾਂਦਾ ਹੈ। ਗੁਰੂ ਨਾਨਕ ਦੱਸਦੇ ਹਨ ਕਿ ਅਧਿਆਤਮਕ ਗਿਆਨ ਦਾ ਅਸਲੀ ਗਿਆਨ ਗੁਰੂ ਦੀ ਸ਼ਰਣ ਗਿਆਂ ਹੀ ਪ੍ਰਾਪਤ ਹੁੰਦਾ ਹੈ।

ਪਰਮਾਤਮਾ ਦੀ ਸਰਵਵਿਆਪਕਤਾ ਦੀ ਗੱਲ ਕਰਦਿਆਂ ਗੁਰੂ ਨਾਨਕ ਦੱਸਦੇ ਹਨ ਕਿ ਹਰ ਇੱਕ ਸਰੀਰ ਵਿਚ, ਜੀਵਾਂ ਵਿਚ ਉਹ ਸਦੀਵੀ ਹੋਂਦ ਵਾਲਾ ਅਕਾਲ ਪੁਰਖ ਹੀ ਨਿਵਾਸ ਕਰਦਾ ਹੈ। ਉਸ ਅਦ੍ਰਿਸ਼ਟ ਪਰਮ ਹਸਤੀ ਵਿਚ ਸਤਿਗੁਰੂ ਦੇ ਸ਼ਬਦ ਰਾਹੀਂ ਲੀਨ ਹੋਈਦਾ ਹੈ ਅਤੇ ਸ਼ਬਦ ਨਾਲ ਇਕਸੁਰਤਾ ਦੀ ਅਡੋਲ ਅਵਸਥਾ ਵਿਚ ਇਸ ਸ੍ਰਿਸ਼ਟੀ ਦਾ ਮੂਲ ਉਹ ਨਿਰੰਜਨ ਲੱਭ ਪੈਂਦਾ ਹੈ ਜਿਸ ਲਈ ਗੁਰੂ ਦੀ ਸਿੱਖਿਆ 'ਤੇ ਤੁਰਨ ਤੋਂ ਬਿਨਾ ਹੋਰ ਕਿਸੇ ਕਿਸਮ ਦੀ ਕਾਰ ਕਰਨ ਦੀ ਲੋੜ ਨਹੀਂ ਹੈ। ਜੋ ਸਿੱਖ ਗੁਰੂ ਆਸ਼ੇ ਅਨੁਸਾਰ ਸੇਵਾ ਕਰਦਾ ਹੈ, ਉਹ ਉਸ ਅਕਾਲ ਪੁਰਖ ਨੂੰ ਲੱਭ ਲੈਂਦਾ ਹੈ। ਇਹ ਖਿਆਲ ਕਿ ਗੁਰੂ ਦੇ ਹੁਕਮ ਵਿਚ ਚੱਲਿਆਂ ਉਸ 'ਅਵਿਗਤ' ਪਰਮ ਹਸਤੀ ਵਿਚ ਸਮਾ ਜਾਈਦਾ ਹੈ, ਇੱਕ ਅਸਚਰਜ ਪੈਦਾ ਕਰਨ ਵਾਲਾ ਖਿਆਲ ਹੈ ਪਰ ਜੋ ਮਨੁੱਖ ਹੁਕਮ ਵਿਚ ਤੁਰ ਕੇ ਹੁਕਮ ਨੂੰ ਪਛਾਣਦਾ ਹੈ, ਉਹ ਜੀਵਨ ਦੀ ਸਹੀ ਜੁਗਤ ਦੇ ਸੱਚ ਨੂੰ ਜਾਣ ਲੈਂਦਾ ਹੈ ਅਤੇ ਆਪਣੇ ਅੰਦਰੋਂ 'ਮੈਂ' ਨੂੰ ਦੂਰ ਕਰਕੇ ਦੁਨੀਆਂ ਵਿਚ ਰਹਿੰਦਿਆਂ ਵੀ ਨਿਰਲੇਪ ਹੁੰਦਾ ਹੈ ਕਿਉਂਕਿ ਉਹ ਅਕਾਲ ਪੁਰਖ ਨੂੰ ਆਪਣੇ ਅੰਦਰ ਅਨੁਭਵ ਕਰ ਲੈਂਦਾ ਹੈ। ਅਜਿਹਾ ਮਨੁੱਖ ਹੀ ਅਸਲੀ ਯੋਗੀ ਕਹਿਲਾਉਣ ਦਾ ਹੱਕਦਾਰ ਹੁੰਦਾ ਹੈ:

ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ
ਸੁੰਨ ਨਿਰੰਤਰਿ ਵਾਸੁ ਲੀਆ॥
ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰਅਲੇ
ਘਟਿ ਘਟਿ ਸਾਚਾ ਸਰਬ ਜੀਆ॥
ਗੁਰ ਬਚਨੀ ਅਵਿਗਤਿ ਸਮਾਈਐ
ਤਤੁ ਨਿਰੰਜਨੁ ਸਹਜਿ ਲਹੈ॥
ਨਾਨਕ ਦੂਜੀ ਕਾਰ ਨ ਕਰਣੀ
ਸੇਵੈ ਸਿਖੁ ਸੁ ਖੋਜਿ ਲਹੈ॥
ਹੁਕਮੁ ਬਿਸਮਾਦੁ ਹੁਕਮਿ ਪਛਾਣੈ
ਜੀਅ ਜੁਗਤਿ ਸਚੁ ਜਾਣੈ ਸੋਈ॥
ਆਪੁ ਮੇਟਿ ਨਿਰਾਲਮੁ ਹੋਵੈ
ਅੰਤਰਿ ਸਾਚੁ ਜੋਗੀ ਕਹੀਐ ਸੋਈ॥
(ਪੰਨਾ ੯੪੦)

ਗੁਰੂ ਅਮਰਦਾਸ ਵਰਣਨ ਕਰਦੇ ਹਨ ਕਿ ਗੁਰਸਿੱਖ ਨੂੰ ਕੀ ਕਰਨਾ ਚਾਹੀਦਾ ਹੈ ਅਰਥਾਤ ਸਿਮਰਨ ਕਰਨਾ ਜਾਂ ਉਸ ਅਕਾਲ ਪੁਰਖ ਨੂੰ ਹਰ ਵੇਲੇ ਚੇਤੇ ਵਿਚ ਵਸਾ ਕੇ ਰੱਖਣਾ ਗੁਰਸਿੱਖ ਦਾ ਪ੍ਰਮੁੱਖ ਕਾਰਜ ਹੈ। ਸਿਮਰਨ ਕਰਨ ਨਾਲ ਉਸ ਅਕਾਲ ਪੁਰਖ ਨਾਲ ਇਕਸੁਰਤਾ ਪ੍ਰਾਪਤ ਹੁੰਦੀ ਹੈ, ਮਨੁੱਖ ਦੇ ਅੰਦਰੋਂ ਹਉਮੈ ਦੂਰ ਹੁੰਦੀ ਹੈ ਤੇ ਮਨ ਨਿਰਮਲ ਹੋ ਜਾਂਦਾ ਹੈ ਅਤੇ ਜੋ ਗੁਰਸਿੱਖ ਗੁਰੂ ਦੇ ਸਨਮੁਖ ਹੋ ਕੇ ਉਸ ਅਕਾਲ ਪੁਰਖ ਦਾ ਸਿਮਰਨ ਕਰਦਾ ਹੈ, ਉਸ ਨੂੰ ਮਨ ਚਾਹਿਆ ਫਲ ਪ੍ਰਾਪਤ ਹੁੰਦਾ ਹੈ। ਉਸ ਦੀ ਸਿਫਤਿ ਸਾਲਾਹ ਕਰਨ ਨਾਲ ਮਨ ਦੇ ਨਾਲ ਨਾਲ ਮਨੁੱਖ ਦਾ ਚਿਹਰਾ ਵੀ ਸੋਹਣਾ ਹੋ ਜਾਂਦਾ ਹੈ। ਗੁਰੂ ਅਮਰਦਾਸ ਅਕਾਲ ਪੁਰਖ ਅੱਗੇ ਅਰਦਾਸ ਕਰਕੇ ਅਜਿਹੇ ਗੁਰਮੁਖਾਂ ਦੀ ਸੰਗਤਿ ਮੰਗਦੇ ਹਨ ਜੋ ਅਕਾਲ ਪੁਰਖ ਦੀ ਸਿਫਤਿ ਸਾਲਾਹ ਕਰਦੇ ਹਨ ਅਤੇ ਉਹ ਅਜਿਹੇ ਮਨੁੱਖਾਂ ਤੋਂ ਆਪਣਾ ਤਨ, ਮਨ, ਧਨ ਸਭ ਕੁਝ ਵਾਰਨ ਲਈ ਤਿਆਰ ਹਨ:

ਵਾਹੁ ਵਾਹੁ ਸੇ ਜਨ ਸਦਾ ਕਰਹਿ
ਜਿਨ੍ਹ ਕਉ ਆਪੇ ਦੇਇ ਬੁਝਾਇ॥
ਵਾਹੁ ਵਾਹੁ ਕਰਤਿਆ ਮਨੁ ਨਿਰਮਲੁ ਹੋਵੈ
ਹਉਮੈ ਵਿਚਹੁ ਜਾਇ॥
ਵਾਹੁ ਵਾਹੁ ਗੁਰਸਿਖੁ ਜੋ ਨਿਤ ਕਰੇ
ਸੋ ਮਨ ਚਿੰਦਿਆ ਫਲੁ ਪਾਇ॥
ਵਾਹੁ ਵਾਹੁ ਕਰਹਿ ਸੇ ਜਨ ਸੋਹਣੇ
ਹਰਿ ਤਿਨ੍ ਕੈ ਸੰਗਿ ਮਿਲਾਇ॥
ਵਾਹੁ ਵਾਹੁ ਹਿਰਦੈ ਉਚਰਾ
ਮੁਖਹੁ ਭੀ ਵਾਹੁ ਵਾਹੁ ਕਰੇਉ॥
ਨਾਨਕ ਵਾਹੁ ਵਾਹੁ ਜੋ ਕਰਹਿ
ਹਉ ਤਨੁ ਮਨੁ ਤਿਨ੍ ਕਉ ਦੇਉ॥
(ਪੰਨਾ ੫੧੫)

ਗੁਰੂ ਅਮਰਦਾਸ ਸਿੱਖ ਨੂੰ ਸਦਾ ਗੁਰੂ ਦੇ ਸਨਮੁਖ ਹੋ ਕੇ ਵਿਚਰਨ ਦਾ ਆਦੇਸ਼ ਕਰਦੇ ਹਨ ਕਿ ਜੇ ਸਿੱਖ ਗੁਰੂ ਦੇ ਸਾਹਮਣੇ ਸੁਰਖਰੂ ਹੋਣਾ ਚਾਹੁੰਦਾ ਹੈ, ਉਹ ਗੁਰੂ ਦੇ ਚਰਨਾਂ ਦਾ ਓਟ ਆਸਰਾ ਤੱਕ ਕੇ ਚੱਲੇ, ਕੋਈ ਅਜਿਹਾ ਕੰਮ ਨਾ ਕਰੇ ਜਿਸ ਕਾਰਨ ਉਸ ਨੂੰ ਗੁਰੂ ਦੇ ਸਾਹਮਣੇ ਸ਼ਰਮਿੰਦਾ ਹੋਣਾ ਪਵੇ। ਇਸ ਲਈ ਉਹ ਸੱਚੇ ਦਿਲੋਂ ਗੁਰੂ ਦੀ ਸਿੱਖਿਆ ਦਾ ਪਾਲਣ ਕਰੇ। ਗੁਰੂ ਦੀ ਕਹਿਣੀ ਤੇ ਕਰਨੀ ਨੂੰ ਆਪਣੇ ਮਨ ਵਿਚ ਵਸਾ ਕੇ ਚੱਲੇ, ਆਪਣੇ ਮਨ ਨੂੰ ਪੂਰੀ ਤਰ੍ਹਾਂ ਗੁਰੂ ਦੇ ਸਮਰਪਣ ਕਰਕੇ ਚੱਲੇ ਅਤੇ ਅੰਦਰੋਂ ਆਪਾ-ਭਾਵ ਖਤਮ ਕਰਕੇ ਮਨ ਨੂੰ ਨਿਰਮਲ ਕਰੇ। ਗੁਰੂ ਦੀ ਸਿੱਖਿਆ ਤੋਂ ਬਿਨਾ ਕਿਸੇ ਹੋਰ ਦੀ ਸਿੱਖਿਆ ਅਨੁਸਾਰ ਨਾ ਚੱਲੇ। ਅਜਿਹਾ ਸਿੱਖ ਅਨੰਦ ਅਤੇ ਖੇੜੇ ਵਾਲਾ ਆਤਮਕ ਜੀਵਨ ਪ੍ਰਾਪਤ ਕਰਦਾ ਹੈ ਜੋ ਗੁਰੂ ਦੇ ਸਨਮੁਖ ਹੋ ਕੇ ਵਿਚਰਦਾ ਹੈ:

ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥
ਹੋਵੈ ਤ ਸਨਮੁਖੁ ਸਿਖੁ ਕੋਈ
ਜੀਅਹੁ ਰਹੈ ਗੁਰ ਨਾਲੇ॥
ਗੁਰ ਕੇ ਚਰਨ ਹਿਰਦੈ ਧਿਆਏ
ਅੰਤਰ ਆਤਮੈ ਸਮਾਲੇ॥
ਆਪੁ ਛਡਿ ਸਦਾ ਰਹੈ ਪਰਣੈ
ਗੁਰ ਬਿਨੁ ਅਵਰੁ ਨ ਜਾਣੈ ਕੋਇ॥
ਕਹੈ ਨਾਨਕੁ ਸੁਣਹੁ ਸੰਤਹੁ
ਸੋ ਸਿਖੁ ਸਨਮੁਖੁ ਹੋਏ॥ (ਪੰਨਾ ੯੧੯)

***(ਚਲਦਾ)***

# ਕਰਿ ਕਿਰਪਾ ਦੀਓ ਮੋਹਿ ਨਾਮਾ

**ਗੁਰਬਾਣੀ ਗਿਆਨ**

**ਧਨਾਸਰੀ ੫**

ਕਰਿ ਕਿਰਪਾ ਦੀਓ ਮੋਹਿ ਨਾਮਾ
ਬੰਧਨ ਤੇ ਛੁਟਕਾਏ॥
ਮਨ ਤੇ ਬਿਸਰਿਓ ਸਗਲੋ ਧੰਧਾ
ਗੁਰ ਕੀ ਚਰਣੀ ਲਾਏ॥੧॥
ਸਾਧਸੰਗਿ ਚਿੰਤ ਬਿਰਾਨੀ ਛਾਡੀ॥
ਅਹੰਬੁਧਿ ਮੋਹ ਮਨ ਬਾਸਨ
ਦੇ ਕਰਿ ਗਡਹਾ ਗਾਡੀ॥੧॥ਰਹਾਉ॥
ਨਾ ਕੋ ਮੇਰਾ ਦੁਸਮਨੁ ਰਹਿਆ
ਨਾ ਹਮ ਕਿਸ ਕੇ ਬੈਰਾਈ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ
ਸਤਿਗੁਰ ਤੇ ਸੋਝੀ ਪਾਈ॥੨॥
ਸਭੁ ਕੋ ਮੀਤੁ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ॥
ਦੂਰਿ ਪਰਾਇਓ ਮਨ ਕਾ ਬਿਰਹਾ
ਤਾ ਮੇਲੁ ਕੀਓ ਮੇਰੈ ਰਾਜਨ॥੩॥
ਬਿਨਸਿਓ ਢੀਠਾ ਅੰਮ੍ਰਿਤੁ ਵੂਠਾ
ਸਬਦੁ ਲਗੋ ਗੁਰ ਮੀਠਾ॥
ਜਲਿ ਥਲਿ ਮਹੀਅਲਿ ਸਰਬ ਨਿਵਾਸੀ
ਨਾਨਕ ਰਮਈਆ ਡੀਠਾ॥੪॥

ਪੰਜਵੇਂ ਸਤਿਗੁਰੂ ਗੁਰੂ ਅਰਜਨ ਦੇਵ ਜੀ ਇਸ ਪਾਵਨ ਸ਼ਬਦ ਵਿਚ ਜੀਵਾਂ ਨੂੰ ਉਪਦੇਸ਼ ਕਰਦੇ ਆਖਦੇ ਹਨ- ਕਰਿ ਕਿਰਪਾ ਦੀਓ ਮੋਹਿ ਨਾਮਾ ਬੰਧਨ ਤੇ ਛੁਟਕਾਏ, ਹੇ ਭਾਈ! ਉਸ ਮਿਹਰਬਾਨ ਪ੍ਰਭੂ ਨੇ ਆਪਣੀ ਕਿਰਪਾ ਕਰ ਕੇ ਮੈਨੂੰ ਆਪਣਾ ਨਾਮ ਦਿੱਤਾ ਅਤੇ ਬੰਧਨਾਂ ਤੋਂ ਛੁਟਕਾਰਾ ਦਿਵਾ ਦਿੱਤਾ, ਹੁਣ ਮੇਰੇ ਮਨ ਵਿਚੋਂ ਸਾਰਾ ਝਗੜਾ-ਝਮੇਲਾ ਹੀ ਮੁੱਕ ਗਿਆ ਹੈ, ਇਹ ਸਭ ਮੇਰੇ ਗੁਰੂ ਦੀ ਮਿਹਰ ਨਾਲ ਹੋਇਆ।

ਸਾਧਸੰਗਿ ਚਿੰਤ ਬਿਰਾਨੀ ਛਾਡੀ॥
ਅਹੰਬੁਧਿ ਮੋਹ ਮਨ ਬਾਸਨ
ਦੇ ਕਰਿ ਗਡਹਾ ਗਾਡੀ॥੧॥ਰਹਾਉ॥

ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਸਤਿਗੁਰੂ ਆਖਦੇ ਹਨ, ਹੇ ਭਾਈ! ਸਾਧ ਸੰਗਤ ਵਿਚ ਬੈਠ ਕੇ ਮੈਂ ਪਰਾਈ ਆਸ ਹੀ ਛੱਡ ਦਿੱਤੀ ਹੈ, ਚਿੰਤਾ ਛੱਡ ਦਿੱਤੀ ਹੈ; ਮਾਇਆ ਦਾ ਮੋਹ, ਮਨ ਦੀ ਵਾਸ਼ਨਾ, ਇਨ੍ਹਾਂ ਸਭ ਵਿਕਾਰਾਂ ਅਤੇ ਬੁਰਾਈਆਂ ਨੂੰ ਡੂੰਘਾ ਟੋਆ ਪੁੱਟ ਕੇ ਸਦਾ ਸਦਾ ਲਈ ਵਿਚ ਨੱਪ ਦਿੱਤਾ ਹੈ, ਪਰ ਹੇ ਭਾਈ! ਇਹ ਸਭ ਆਪਣੇ ਗੁਰੂ ਦੀ ਮੱਤ ਸੁਣ ਕੇ ਹੋ ਸਕਿਆ।

ਨਾ ਕੋ ਮੇਰਾ ਦੁਸਮਨੁ ਰਹਿਆ
ਨਾ ਹਮ ਕਿਸ ਕੇ ਬੈਰਾਈ॥
ਬ੍ਰਹਮੁ ਪਸਾਰੁ ਪਸਾਰਿਓ ਭੀਤਰਿ
ਸਤਿਗੁਰ ਤੇ ਸੋਝੀ ਪਾਈ॥੨॥

ਗੁਰਦੇਵ ਜੀ ਸਾਧ ਸੰਗਤ ਦੀ ਮਹਾਨਤਾ ਦਸਦੇ ਹਨ, ਹੇ ਭਾਈ! ਗੁਰੂ ਦੀ ਕਿਰਪਾ ਅਤੇ ਸਾਧ ਸੰਗਤ ਦੀ ਬਰਕਤ ਨਾਲ ਹੁਣ ਮੇਰਾ ਕੋਈ ਵੀ ਦੁਸ਼ਮਣ ਨਹੀਂ ਰਹਿ ਗਿਆ ਅਤੇ ਨਾ ਹੀ ਮੇਰਾ ਕਿਸੇ ਨਾਲ ਕੋਈ ਵੈਰ-ਭਾਵ ਬਚਿਆ ਹੈ; ਹੇ ਭਾਈ! ਇਹ ਸਾਰਾ ਬ੍ਰਹਮ ਪਸਾਰਾ ਜੋ ਜਗਤ ਦਾ ਦਿਖਾਈ ਦੇ ਰਿਹਾ ਹੈ, ਇਸ 'ਚ ਮਾਲਕ ਆਪ ਹੀ ਹੈ, ਇਹ ਸੋਝੀ ਮੈਨੂੰ ਗੁਰੂ ਕੋਲੋਂ ਪ੍ਰਾਪਤ ਹੋਈ ਹੈ।

ਸਭੁ ਕੋ ਮੀਤੁ ਹਮ ਆਪਨ ਕੀਨਾ
ਹਮ ਸਭਨਾ ਕੇ ਸਾਜਨ॥
ਦੂਰਿ ਪਰਾਇਓ ਮਨ ਕਾ ਬਿਰਹਾ
ਤਾ ਮੇਲੁ ਕੀਓ ਮੇਰੈ ਰਾਜਨ॥੩॥

ਹੇ ਭਾਈ! ਆਪਣੇ ਗੁਰੂ ਦੀ ਮਿਹਰ ਅਤੇ ਮੱਤ ਸਦਕਾ ਹੁਣ ਮੈਂ ਹਰ ਪ੍ਰਾਣੀ ਨੂੰ ਆਪਣਾ ਮਿੱਤਰ ਸਮਝਦਾ ਹਾਂ ਤੇ ਗੁਰੂ ਦੀ ਮਿਹਰ ਨਾਲ ਮੈਂ ਵੀ ਸਾਰਿਆਂ ਦਾ ਮਿੱਤਰ ਹੀ ਬਣ ਗਿਆ ਹਾਂ; ਹੇ ਭਾਈ! ਉਸ ਪਰਮਾਤਮਾ ਨਾਲ ਜੋ ਬਿਰਹਾ, ਭਾਵ ਵਿਛੋੜਾ ਬਣਿਆ ਹੋਇਆ ਸੀ, ਗੁਰੂ ਦੀ ਮਿਹਰ ਨਾਲ ਕਿਤੇ ਦੂਰ ਤੁਰ ਗਿਆ ਹੈ, ਕਿਉਂਕਿ ਗੁਰੂ ਦੀ ਮਿਹਰ ਨਾਲ ਪ੍ਰਭੂ ਨੇ ਮੈਨੂੰ ਆਪਣੇ ਚਰਨਾਂ ਨਾਲ ਜੋੜ ਲਿਆ ਹੈ।

ਬਿਨਸਿਓ ਢੀਠਾ ਅੰਮ੍ਰਿਤੁ ਵੂਠਾ
ਸਬਦੁ ਲਗੋ ਗੁਰ ਮੀਠਾ॥
ਜਲਿ ਥਲਿ ਮਹੀਅਲਿ ਸਰਬ ਨਿਵਾਸੀ
ਨਾਨਕ ਰਮਈਆ ਡੀਠਾ॥੪॥

ਸ਼ਬਦ ਦੇ ਅਖੀਰ ਵਿਚ ਗੁਰਦੇਵ ਕਹਿੰਦੇ ਹਨ, ਗੁਰੂ ਕਿਰਪਾ ਨਾਲ ਮੇਰੇ ਅੰਦਰੋਂ ਢੀਠਪੁਣਾ ਮੁੱਕ ਗਿਆ ਹੈ ਤੇ ਆਤਮਕ ਜੀਵਨ ਦੇਣ ਵਾਲਾ ਨਾਮ ਰੂਪੀ ਅੰਮ੍ਰਿਤ ਆ ਵੱਸਿਆ ਹੈ; ਹੁਣ ਮੈਨੂੰ ਗੁਰੂ ਦਾ ਸ਼ਬਦ ਮਿੱਠਾ ਲੱਗ ਰਿਹਾ ਹੈ; ਨਾਨਕ ਆਖਦਾ ਹੈ, ਹੇ ਭਾਈ! ਹੁਣ ਮੈਂ ਪਾਣੀ, ਧਰਤੀ ਅਤੇ ਆਕਾਸ਼ ਵਿਚ, ਹਰ ਥਾਂ ਆਪਣੇ ਪ੍ਰਭੂ ਹੀ ਵਿਚਰਦਾ ਵੇਖ ਰਿਹਾ ਹਾਂ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਬੰਦਾ ਬਹਾਦਰ ਦੇ ਬਹਾਨੇ ਇਤਿਹਾਸ ਦੀਆਂ ਗੱਲਾਂ

**ਬੰਦਾ ਬਹਾਦਰ ਬਾਰੇ ਅੱਜ ਕੱਲ੍ਹ ਨਵੇਂ ਸਿਰਿਉਂ ਵਿਚਾਰ-ਚਰਚਾਵਾਂ ਚੱਲ ਰਹੀਆਂ ਹਨ। ਇਸ ਮਹਾਨਾਇਕ ਨੇ ਆਪਣੇ ਵਕਤਾਂ ਦੌਰਾਨ ਜਿਸ ਢੰਗ ਨਾਲ ਇਤਿਹਾਸ ਨੂੰ ਗੇੜਿਆ ਸੀ, ਵਿਚਾਰਾਂ ਦੇ ਇਹ ਭੇੜ ਚੱਲਣੇ ਹੀ ਸਨ। ਵਿਚਾਰਾਂ ਦੇ ਇਨ੍ਹਾਂ ਭੇੜਾਂ ਬਾਰੇ ਭਗਵਾਨ ਜੋਸ਼ ਨੇ ਆਪਣੇ ਵਿਚਾਰ ਸਾਂਝੇ ਕੀਤੇ ਹਨ। ਇਹ ਵਿਚਾਰ ਉਨ੍ਹਾਂ ਦਿੱਲੀ ਵਿਚ ਬੰਦਾ ਬਹਾਦਰ ਬਾਰੇ ਹੋਏ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਪ੍ਰਗਟ ਕੀਤੇ ਸਨ। ਇਨ੍ਹਾਂ ਵਿਚਾਰਾਂ ਅੰਦਰ ਬੰਦਾ ਬਹਾਦਰ ਦੇ ਮਹਾਨਾਇਕ ਹੋਣ ਦੇ ਸਰੋਕਾਰ ਅਤੇ ਇਨ੍ਹਾਂ ਨਾਲ ਜੁੜੇ ਸਾਰੇ ਪ੍ਰਸੰਗ ਜੁੜੇ ਹੋਏ ਹਨ। -ਸੰਪਾਦਕ**

ਮੇਰੇ ਅਧਿਆਪਕ ਪ੍ਰੋ. ਬਿਪਨ ਚੰਦਰਾ ਅਕਸਰ ਕਿਹਾ ਕਰਦੇ ਸਨ- "ਹਰ ਭਾਰਤੀ ਆਪਣੇ ਆਪ ਨੂੰ ਇਤਿਹਾਸਕਾਰ ਸਮਝਦਾ ਹੈ।" ਉਹ ਕਹਿੰਦੇ ਹੁੰਦੇ ਸਨ ਕਿ ਜੇ 'ਇਕਾਨੋਮਿਸਟ ਵਿਚਕਾਰ ਕੋਈ ਬਹਿਸ ਹੁੰਦੀ ਹੋਵੇ, ਇਸ ਕੰਮ ਲਈ ਉਨ੍ਹਾਂ ਨੂੰ ਕੁਝ ਸੰਕਲਪ ਸਮਝਣੇ ਪੈਂਦੇ ਹਨ, ਇਸ ਤੋਂ ਪਹਿਲਾਂ ਕਿ ਉਨ੍ਹਾਂ ਨੂੰ ਆਪਣੇ ਵਿਸ਼ਲੇਸ਼ਣ ਲਈ ਇਸਤੇਮਾਲ ਕਰ ਸਕਣ। ਉਨ੍ਹਾਂ ਨੂੰ ਡਿਮਾਂਡ, ਸਪਲਾਈ, ਇਨਫਲੇਸ਼ਨ, ਡਿਫਲੇਸ਼ਨ ਅਤੇ ਉਭਰ ਰਹੀਆਂ ਮੰਡੀਆਂ ਅਤੇ ਇਹ ਮੰਡੀਆਂ ਕਿਵੇਂ ਵਿਸ਼ਵ ਆਰਥਿਕਤਾ ਨਾਲ ਜੁੜੀਆਂ ਹੁੰਦੀਆਂ ਹਨ, ਆਦਿ ਅਜਿਹੇ ਸੰਕਲਪ ਸਮਝਣੇ ਜ਼ਰੂਰੀ ਹੁੰਦੇ ਹਨ। ਇਨ੍ਹਾਂ ਤੋਂ ਬਗੈਰ ਉਹ ਆਪਣੇ ਵਿਸ਼ੇ ਬਾਰੇ ਆਰਥਿਕ ਮਾਹਰ ਦੇ ਤੌਰ 'ਤੇ ਵਿਚਾਰ-ਵਟਾਂਦਰਾ ਨਹੀਂ ਕਰ ਸਕਦੇ। ਸਿਵਾਏ ਇਤਿਹਾਸ ਦੇ ਬਾਕੀ ਸਾਰੇ

**ਭਗਵਾਨ ਜੋਸ਼**

ਵਿਸ਼ਿਆਂ 'ਤੇ ਵਿਚਾਰ-ਵਟਾਂਦਰਾ ਤੇ ਸਮਝਣ ਪ੍ਰਕਿਰਿਆ ਲਈ ਸੰਕਲਪਾਂ ਦੀ ਲੋੜ ਪੈਂਦੀ ਹੈ। ਇਤਿਹਾਸ ਹੀ ਕੇਵਲ ਅਜਿਹਾ ਵਿਸ਼ਾ ਹੈ ਜਿਸ ਬਾਰੇ ਬਿਨਾਂ ਸੰਕਲਪ ਦੇ ਸਮਝਿਆਂ ਕੋਈ ਵੀ ਆਦਮੀ ਆਪਣੇ ਵਿਚਾਰ ਪੇਸ਼ ਕਰ ਸਕਦਾ ਹੈ। ਕੋਈ ਵੀ, ਜਿਸ ਨੂੰ ਕਿਸੇ ਵੀ ਭਾਸ਼ਾ ਵਿਚ ਲਿਖਣਾ-ਪੜ੍ਹਨਾ ਆਉਂਦਾ ਹੈ, ਆਪਣੇ ਆਪ ਨੂੰ ਇਤਿਹਾਸਕਾਰ ਕਹਿ ਕੇ ਆਪਣੇ ਵਿਚਾਰ ਪੇਸ਼ ਕਰਨ ਦਾ ਹੱਕ ਹਾਸਲ ਹੋ ਜਾਂਦਾ ਹੈ। ਐਸਾ ਕੋਈ ਵੀ ਬੰਦਾ ਖੜ੍ਹਾ ਹੋ ਕੇ ਕਹਿ ਸਕਦਾ ਹੈ- "ਇਸ ਵਿਸ਼ੇ 'ਤੇ ਮੇਰਾ ਵਿਚਾਰ ਇਹ ਹੈ... ਜਾਂ ਮੇਰਾ ਸੱਚ ਇਹ ਹੈ...!" ਤੁਸੀਂ ਉਸ ਨੂੰ ਰਿਫਿਊਟ ਨਹੀਂ ਕਰ ਸਕਦੇ। ਤੁਸੀਂ ਇਹ ਕਹਿ ਸਕਦੇ ਹੋ ਕਿ ਮੈਂ ਤੁਹਾਡੇ ਵਿਚਾਰਾਂ ਨਾਲ ਸਹਿਮਤ ਨਹੀਂ ਹਾਂ ਅਤੇ ਮੇਰਾ ਵੱਖਰਾ ਵਿਚਾਰ ਇਸ ਤਰ੍ਹਾਂ ਹੈ।

ਜਵਾਨੀ ਵੇਲੇ ਇਕ ਮੌਕੇ 'ਤੇ ਮੈਂ ਸੋਚਦਾ ਸਾਂ ਕਿ ਮੈਂ ਮਾਰਕਸਵਾਦੀ ਚਿੰਤਕ ਬਣ ਗਿਆ ਹਾਂ। ਹੁਣ ਪਿਛਲਝਾਤ ਪਾਉਣ 'ਤੇ ਇਹ ਗੱਲ ਸਮਝ ਆਉਂਦੀ ਹੈ ਕਿ ਉਹ ਭਾਵੁਕਤਾ ਹੀ ਸੀ ਜਾਂ ਮੇਰੇ ਮਨ ਅੰਦਰ ਉਠਿਆ ਜਵਾਰਭਾਟਾ ਸੀ, ਤੇ ਫਿਰ ਮੇਰੇ ਸਿਰ 'ਤੇ ਇਤਿਹਾਸਕਾਰ ਬਣਨ ਦਾ ਜਨੂੰਨ ਸਵਾਰ ਹੋਇਆ ਜੋ ਮੈਨੂੰ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਲੈ ਆਇਆ, ਜਿਥੇ ਮੈਂ ਇਸ ਮੁਲਕ ਦੇ ਮੁੱਖ ਇਤਿਹਾਸਕਾਰਾਂ- ਬਿਪਨ ਚੰਦਰਾ, ਸਰਬਪੱਲੀ ਗੋਪਾਲ, ਰੋਮਿਲਾ ਥਾਪਰ ਤੇ ਹਰਬੰਸ ਮੁਖੀਆ, ਜਿਹੇ ਇਤਿਹਾਸਕਾਰਾਂ ਕੋਲੋਂ ਇਤਿਹਾਸ ਦੀ ਸਮਝ ਅਤੇ ਵਿਦਿਆ ਹਾਸਲ ਕੀਤੀ। ਦੁਨੀਆਂ ਦੇ ਪ੍ਰਸਿਧ ਇਤਿਹਾਸਕਾਰਾਂ ਦੀਆਂ ਲਿਖਤਾਂ ਅਤੇ ਇਹ ਸਵਾਲ 'ਇਤਿਹਾਸ ਕੀ ਹੈ?' ਬਾਰੇ ਬਹੁਤ ਸਾਰੇ ਵਿਚਾਰ ਪੜ੍ਹਨ ਦਾ ਮੌਕਾ ਮਿਲਿਆ।

ਹੁਣ 40 ਸਾਲ ਇਤਿਹਾਸ ਪੜ੍ਹ ਅਤੇ ਲਿਖ ਕੇ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ ਇਤਿਹਾਸ ਨਾਂ ਦਾ ਕੋਈ ਅਜਿਹਾ ਵਿਸ਼ਾ ਨਹੀਂ, ਜਿਹੜਾ 'ਸੱਚ' ਦੀ ਭਾਲ ਕਰ ਸਕਣ ਦੇ ਕਾਬਿਲ ਹੋਵੇ। ਜੇ ਕੋਈ ਮੈਨੂੰ ਇਹ ਸੁਆਲ ਪੁੱਛੇ ਕਿ "ਮੈਂ ਇਤਿਹਾਸਕਾਰ ਹਾਂ...?" ਮੇਰਾ ਜਵਾਬ ਹੋਵੇਗਾ "ਨਹੀਂ"। ਮੈਂ ਇਤਿਹਾਸਕਾਰ ਨਹੀਂ ਹਾਂ... ਤਾਂ ਫਿਰ ਮੈਂ ਆਪਣੇ ਆਪ ਨੂੰ ਕਿੰਜ ਪਰਿਭਾਸ਼ਤ ਕਰਾਂਗਾ। ਜੇ ਇਤਿਹਾਸਕਾਰ ਇਹ ਕਹਿੰਦੇ ਹਨ ਕਿ ਅਸੀਂ 'ਸੱਚ' ਅਤੇ ਕੇਵਲ 'ਸੱਚ' ਦੀ ਖੋਜ ਵਿਚ ਰੁਝੇ ਹੋਏ ਹਾਂ, ਤੇ ਅਸੀਂ ਤੁਹਾਨੂੰ ਭੂਤ ਦੇ 'ਸੱਚ' ਦੇ ਪ੍ਰਤੱਖ ਦਰਸ਼ਨ ਕਰਵਾ ਸਕਦੇ ਹਾਂ, ਤਾਂ ਮੈਂ ਕਹਾਂਗਾ- ਇਹ ਸਿਰਫ਼ ਉਨ੍ਹਾਂ ਦੇ ਦਾਅਵੇ/ਦਾਈਦੇ ਹਨ ਜੋ ਉਹ ਇਕ ਦੂਜੇ ਦੇ ਖਿਲਾਫ਼ ਇਸਤੇਮਾਲ ਕਰਦੇ ਹਨ ਅਤੇ ਆਪਣੇ ਆਪ ਨੂੰ ਸੱਚ ਦੇ ਵਧੇਰੇ ਨਜ਼ਦੀਕ ਹੋਣ ਦਾ ਦਾਅਵੇਦਾਰ ਕਹਿੰਦੇ ਹਨ।

ਜਿਵੇਂ ਹੁਣੇ-ਹੁਣੇ ਕਿਸੇ ਨੇ ਇਹ ਸੁਆਲ ਪੁੱਛਿਆ ਸੀ ਕਿ ਬੰਦਾ ਬਹਾਦਰ ਨੂੰ ਸਿੱਖ ਰਾਜ ਦਾ ਸੰਸਥਾਪਕ ਆਖਿਆ ਜਾ ਸਕਦਾ ਹੈ? ਸਾਨੂੰ ਕੀ ਪਤਾ ਹੈ ਕਿ ਉਸ (ਬੰਦਾ ਬਹਾਦਰ) ਦੇ ਮਨ ਵਿਚ ਗਹਿਰੀ ਤਰ੍ਹਾਂ ਇਹ ਗੱਲ ਸੀ ਕਿ ਮੈਂ (ਬੰਦਾ ਬਹਾਦਰ) ਸਿੱਖ ਰਾਜ ਦੀ ਸਥਾਪਨਾ ਕਰਨ ਜਾ ਰਿਹਾ ਹਾਂ? ਸਾਨੂੰ ਇਸ ਗੱਲ ਦਾ ਕਿਵੇਂ ਪਤਾ ਲੱਗ ਸਕਦਾ ਹੈ ਕਿ ਉਸ ਵੇਲੇ ਉਸ ਦੇ ਮਨ ਵਿਚ ਕੀ ਸੀ? (ਹਾਂ! ਕੋਈ ਕਵੀ ਇਸ ਗੱਲ ਬਾਰੇ ਜ਼ਰੂਰ ਕਲਪਨਾ ਕਰ ਸਕਦਾ ਹੈ, ਇਹ ਕਵੀ ਜ਼ਰੂਰ ਕੋਈ ਖ਼ੂਬਸੂਰਤ ਨਜ਼ਮ ਵੀ ਲਿਖ ਸਕਦਾ ਹੈ)। ਜੇ ਬਾਅਦ ਦੇ ਸਮੇਂ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸਿੱਖ ਸਟੇਟ ਦੀ ਸਥਾਪਨਾ ਨਾ ਕੀਤੀ ਹੁੰਦੀ ਤਾਂ ਅਜਿਹੇ ਸੁਆਲ ਨੇ ਕਦੀ ਪੈਦਾ ਨਹੀਂ ਸੀ ਹੋਣਾ। ਸੋ, ਇਸ ਲਈ ਇਤਿਹਾਸ ਲਿਖਣਾ ਪਿਛਲਝਾਤੀ ਵਾਲਾ ਵਿਧੀ ਵਿਧਾਨ ਹੈ ਜਿਸ ਰਾਹੀਂ ਅਸੀਂ ਬੀਤੇ ਸਮੇਂ ਬਾਰੇ ਗੁਫਤਗੂ ਰਚਾ ਸਕਦੇ ਹਾਂ, ਜਿਸ ਬਾਰੇ ਅਸੀਂ ਪ੍ਰਵਚਨ ਉਸਾਰ ਸਕਦੇ ਹਾਂ। ਐਸੇ ਪ੍ਰਵਚਨ ਨੂੰ ਭੋਲੇ ਲੋਕ ਇਤਿਹਾਸ ਮੰਨ ਬੈਠਦੇ ਹਨ, ਕਿਉਂਕਿ ਇਤਿਹਾਸਕਾਰ, ਇਤਿਹਾਸਕਾਰ ਹਨ; ਪਰ ਕੋਈ ਇਤਿਹਾਸਕਾਰ ਤੁਹਾਨੂੰ ਬੀਤੇ ਸਮੇਂ ਦੇ ਸੱਚ ਲਿਆ ਕੇ ਤੁਹਾਡੇ ਸਾਹਮਣੇ ਪ੍ਰਦਰਸ਼ਤ ਨਹੀਂ ਕਰਵਾ ਸਕਦਾ। ਇਤਿਹਾਸਕਾਰ ਵੀ ਆਦਰਸ਼ ਵਿਚਾਰਾਂ ਅਤੇ ਵਿਚਾਰਧਾਰਾਵਾਂ ਨਾਲ ਲਿਪਤ ਹੋਏ ਹੁੰਦੇ ਹਨ, ਭਾਵੇਂ ਉਹ ਇਹ ਗੱਲ ਜਾਣਦੇ ਹੋਣ ਜਾਂ ਨਾ। ਇੰਜ ਉਹ ਪ੍ਰਵਚਨ ਖੜ੍ਹਾ ਕਰਦੇ ਹਨ ਜਿਸ ਨੂੰ ਨਾ ਤਾਂ ਸੱਚ ਕਿਹਾ ਜਾ ਸਕਦਾ ਹੈ, ਨਾ ਝੂਠ।

ਇਤਿਹਾਸਕਾਰ ਹੋਣਾ ਹੀ ਆਪਣੇ ਆਪ ਵਿਚ ਸੰਕਲਪਿਤ, ਆਦਰਸ਼ਕ ਹੋਣਾ ਹੈ। ਪੱਛਮੀ ਸਮਾਜ ਦੇ ਪ੍ਰਸੰਗ ਵਿਚ ਇਸ ਸੰਕਲਪ ਨੂੰ ਬਹੁਤ ਸਾਰੀ 'ਅਥਾਰਟੀ', ਗ਼ਲਬਾ, ਸਿਰਦਾਰੀ, ਤਾਕਤ, ਧੌਂਸ, ਦਾਅਵੇ ਨੇ ਅੰਦਰੂਨੀ ਤੌਰ 'ਤੇ ਮੱਲਿਆ ਹੋਇਆ ਹੈ। ਇੰਝ ਇਹ ਪਰੰਪਰਾ ਕਾਇਮ ਹੋ ਗਈ ਕਿ 'ਜੋ ਇਤਿਹਾਸਕਾਰ ਹੁੰਦਾ ਹੈ, ਉਹ ਸਮਾਜ ਨੂੰ ਸੱਚ ਦਾ ਸ਼ੀਸ਼ਾ ਦਿਖਾਉਂਦਾ ਹੈ। ਬੀਤੇ ਸਮੇਂ ਦੇ ਸੱਚ ਨੂੰ, ਸਮੇਂ ਦੇ ਡੂੰਘੇ ਖੂਹ ਵਿਚੋਂ ਕੱਢ ਕੇ ਅੱਜ ਦੇ ਸਮਾਜ ਦੇ ਸਾਹਮਣੇ ਰੱਖਦਾ ਹੈ। ਇਹ 'ਸੱਚ' ਜਾਣਨ ਦਾ ਦਾਅਵਾ, ਇਤਿਹਾਸਕਾਰ ਦੇ ਦੋ ਹੋਰ ਦਾਅਵਿਆਂ ਉਤੇ ਉਸਰਦਾ ਹੈ- "ਮੈਂ ਤੱਥ ਜਾਣਦਾ ਹਾਂ। ਮੈਂ 'ਸੱਚ' ਇੰਨ-ਬਿੰਨ ਤੁਹਾਡੇ ਸਾਹਮਣੇ ਪੇਸ਼ ਕਰ ਸਕਦਾ ਹਾਂ ਤੇ ਇੰਝ ਮੈਂ ਤੁਹਾਨੂੰ ਬੀਤੇ ਦਾ ਸੱਚ ਦੱਸ ਸਕਦਾ ਹਾਂ।" ਤੱਥਾਂ ਦੀਆਂ ਕਿੰਨੀਆਂ ਹੀ ਵਿਧੀਆਂ ਤੇ ਪ੍ਰਸੰਗਾਂ ਵਿਚ ਵਿਆਖਿਆ ਕੀਤੀ ਜਾਂਦੀ ਹੈ ਜਿਨ੍ਹਾਂ ਨੂੰ ਅਸੀਂ ਤੱਥਾਂ ਦਾ ਦਰਜਾ ਦਿੰਦੇ ਹਾਂ... ਉਹ ਪਿੱਗੀ ਬੈਂਕ ਸਮਾਜਕ ਕੀਮਤਾਂ ਨਾਲ ਅਟੁੱਟ ਤੌਰ 'ਤੇ ਚਿੰਬੜੇ ਹੋਏ ਹੁੰਦੇ ਹਨ।

ਅਜਿਹੇ ਕੋਈ ਤੱਥ ਨਹੀਂ ਹੁੰਦੇ ਜਿਨ੍ਹਾਂ 'ਤੇ ਸਮਾਜਿਕ ਕੀਮਤਾਂ-ਕਦਰਾਂ ਦੀ ਪਾਹ ਨਾ ਚੜ੍ਹੀ ਹੋਵੇ। ਮੈਂ ਤੁਹਾਡੇ ਨਾਲ ਉਪਰੋਕਤ ਦਰਸਾਏ, ਇਤਿਹਾਸਕਾਰ ਵਾਂਗ ਗੱਲ ਨਹੀਂ ਕਰ ਰਿਹਾ ਜੋ ਇਤਿਹਾਸ ਤੇ ਸਾਹਿਤ ਦੇ ਸੰਸਾਰਾਂ ਦੇ ਆਪਸੀ ਤਾਣੇ-ਬਾਣੇ ਵਿਚਕਾਰ ਸਥਿਤ ਹੋਇਆ ਦਿਖਾਈ ਦਿੰਦਾ ਹੈ ਅਤੇ ਇਸੇ ਸਥਿਤੀ ਤੋਂ ਖੜ੍ਹੇ ਹੋ ਕੇ ਮੈਂ ਸਿੱਖ ਇਤਿਹਾਸ ਨੂੰ ਕਮਾਲ ਦੇ ਵਰਤੇ-ਵਰਤਾਰੇ ਵਜੋਂ ਸਮਝ ਰਿਹਾ ਹਾਂ। ਇਤਿਹਾਸਕਾਰ ਇਕ ਦੂਜੇ ਦੇ ਵਿਚਾਰ ਨੂੰ ਵੰਗਾਰਾਂ ਪਾਉਂਦੇ ਹਨ। ਇਕ ਕਹਿੰਦਾ ਹੈ- 'ਸੱਚ ਇਹ ਹੈ ਕਿ ਇੰਜ ਹੈ।' ਦੂਜਾ ਆਖਦਾ ਏ- 'ਨਹੀਂ ਨਹੀਂ... ਅਸਲ ਵਿਚ 'ਸੱਚ' ਇਹ ਹੈ ਜੋ ਮੈਂ ਕਹਿ ਰਿਹਾ ਹਾਂ'।

ਕੀ ਇਸ ਤਰ੍ਹਾਂ ਦੇ ਇਤਿਹਾਸਕ 'ਸੱਚ' ਬਾਰੇ ਵਿਚਾਰਾਂ ਦੇ ਭੇੜ ਬਾਰੇ ਯਕੀਨ/ਦਾਅਵੇ ਨਾਲ ਇਹ ਕਹਿ ਸਕਦੇ ਹੋ ਕਿ ਇਹ ਸੱਚ ਹੈ? 'ਸੱਚ ਇਤਿਹਾਸਕਾਰਾਂ ਦੁਆਰਾ ਨਿਸ਼ਚਿਤ ਤੇ ਆਧਾਰਤ ਕੀਤੀ ਉਹ ਸਪੇਸ ਹੁੰਦੀ ਹੈ... ਜਿਸ ਬਾਰੇ ਉਹ ਸਾਰੇ ਤਕਰੀਬਨ ਸਹਿਮਤ ਹੁੰਦੇ ਹਨ...। ਬਾਕੀ ਸਭ ਦੂਜੀਆਂ ਗੱਲਾਂ 'ਤੇ ਇਤਿਹਾਸਕਾਰ ਇਕ ਦੂਜੇ ਨਾਲ ਗੁੱਥਮ-ਗੁੱਥਾ ਹੁੰਦੇ ਹਨ ਤੇ ਆਪਣੇ ਆਪ ਨੂੰ 'ਸੱਚ' ਦੇ ਵਧੇਰੇ ਨਜ਼ਦੀਕ ਹੋਣ ਦਾ ਦਾਅਵਾ ਕਰਦੇ ਹਨ। ਇਕ ਹੋਰ ਮਹੱਤਵਪੂਰਨ 'ਗੱਲ' ਜਿਸ ਬਾਰੇ ਇਤਿਹਾਸਕਾਰ ਅਕਸਰ 'ਚੁੱਪ' ਰਹਿੰਦੇ ਹਨ, ਉਹ ਇਹ ਹੈ ਕਿ 'ਜਿਸ ਨੂੰ' ਉਹ ਇਤਿਹਾਸ ਕਹਿੰਦੇ ਹਨ, ਉਹ ਸਿਆਸਤ ਦੇ ਸੰਸਾਰ ਦੇ ਨਾਲ ਅਟੁੱਟ ਤੌਰ 'ਤੇ ਜੁੜਿਆ ਹੋਇਆ ਹੁੰਦਾ ਹੈ ਜਾਂ ਇੰਜ ਕਹੋ, 'ਉਹ ਸਿਆਸੀ ਪ੍ਰਸੰਗ ਦੇ ਤਾਣੇ-ਬਾਣੇ ਵਿਚ ਕਿਤੇ ਨਾ ਕਿਤੇ ਸਥਿਤ ਹੋਇਆ ਦਿਖਾਈ ਦਿੰਦਾ ਹੈ।

ਜਿਥੇ ਸਿਆਸਤ ਦੀ ਦਖ਼ਲਅੰਦਾਜ਼ੀ ਹੋਵੇ, ਉਥੇ ਤੁਸੀਂ ਇਹ ਨਹੀਂ ਕਹਿ ਸਕਦੇ ਕਿ ਸੱਚ ਇਹ ਹੈ। ਤੁਹਾਨੂੰ ਪਤੈ ਕਿ ਸਟਾਲਿਨ ਨੇ ਰੂਸੀ ਇਨਕਲਾਬ ਦਾ ਇਤਿਹਾਸ ਕਿਵੇਂ ਲਿਖਿਆ ਸੀ... ਕਿਵੇਂ ਲਿਖਵਾਇਆ ਸੀ? ਅੱਜ ਸਭ ਨੂੰ ਇਸ ਗੱਲ ਦਾ ਪਤਾ ਹੈ ਕਿ ਇਤਿਹਾਸਕ ਫੋਟੋਆਂ, ਤਸਵੀਰਾਂ ਵਿਚੋਂ ਚੁਣ ਚੁਣ ਕੇ ਬੰਦਿਆਂ ਨੂੰ ਲੋਪ ਕਰ ਦਿੱਤਾ ਗਿਆ ਸੀ, ਘਟਨਾਵਾਂ ਨੂੰ ਵੀ ਜਾਂ ਤਾਂ ਤੋੜ-ਮਰੋੜ ਦਿੱਤਾ ਸੀ, ਜਾਂ ਉਨ੍ਹਾਂ ਦਾ ਜ਼ਿਕਰ ਹੀ ਨਾ ਕੀਤਾ ਗਿਆ। ਇੰਜ ਇਤਿਹਾਸ ਸਿਰਫ਼ ਉਹ ਹੀ ਨਹੀਂ ਹੁੰਦਾ ਜੋ ਤੁਹਾਨੂੰ ਦੱਸਿਆ ਜਾਂ ਦਰਸਾਇਆ ਜਾ ਰਿਹਾ ਹੈ; ਇਤਿਹਾਸ ਉਹ ਵੀ ਹੁੰਦਾ ਹੈ ਜੋ ਮਿਟਾ ਦਿੱਤਾ ਗਿਆ ਹੋਵੇ, ਜਾਂ ਜਿਸ ਨੂੰ ਗੈਰਜ਼ਰੂਰੀ ਸਮਝ ਕੇ ਅੱਖੋਂ ਪਰੋਖੇ ਕਰ ਦਿੱਤਾ ਗਿਆ ਹੋਵੇ, ਜਾਂ ਇਹ ਕਹਿ ਕੇ ਗੱਲ ਨੂੰ ਬਰਖ਼ਾਸਤ ਕਰ ਦਿੱਤਾ ਗਿਆ ਹੋਵੇ ਕਿ ਇਹ ਇਤਿਹਾਸਕ ਸੋਮਾ ਕੇਵਲ ਝੂਠ ਦਾ ਪੁਲੰਦਾ ਹੈ। ਇਤਿਹਾਸਕਾਰ ਆਪਣੇ ਕੋਲ ਬੰਦੇ ਦੇ 'ਸੱਚ' ਹੋਣ ਦਾ ਦਾਅਵਾ ਕਰਦਾ ਹੈ ਤੇ ਦੂਸਰੇ ਵਿਚਾਰ ਨੂੰ ਪਛਾੜਨ ਦੀ ਕੋਸ਼ਿਸ਼ ਕਰਦਾ ਹੈ।

ਅੱਜ ਸਭ ਤੋਂ ਮੱਹਤਵਪੂਰਨ ਸੁਆਲ ਜੋ ਮੇਰੇ ਮਨ ਵਿਚ ਵਾਰ-ਵਾਰ ਉਠਦਾ ਹੈ ਕਿ ਅੱਜ ਬੰਦਾ ਬਹਾਦਰ ਅਤੇ ਉਸ ਨਾਲ ਜੁੜਿਆ ਇਤਿਹਾਸ ਕਿਉਂ ਐਨੀ ਤੇਜ਼-ਤਰਾਰ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ? ਬੰਦੇ ਬਾਰੇ ਇੰਨੀ ਵਿਚਾਰ ਚਰਚਾ ਅਤੇ ਵਿਚਾਰਾਂ ਦਾ ਭੇੜ ਕਿਉਂ ਹੋ ਰਿਹਾ ਹੈ? ਇਸ ਤਰ੍ਹਾਂ ਦੀ ਬਹਿਸ 20-30 ਸਾਲ ਪਹਿਲਾਂ ਨਹੀਂ ਸੀ ਚਰਚਾ ਵਿਚ ਆਈ। ਉਸ ਵਕਤ ਕੋਈ ਹੋਰ ਇਤਿਹਾਸਕ ਸਿੱਖ ਹਸਤੀਆਂ ਸਨ ਜਿਨ੍ਹਾਂ ਬਾਰੇ ਚਰਚਾ ਹੋ ਰਹੀ ਸੀ।

ਅੱਜ ਕੱਲ੍ਹ ਬੰਦੇ ਬਹਾਦਰ ਨੂੰ ਲੈ ਕੇ ਵਿਚਾਰਾਂ ਦਾ ਭੇੜ ਕਿਉਂ ਹੋ ਰਿਹਾ ਹੈ? ਅੱਜ ਸਮੁੱਚੇ ਭਾਰਤ ਵਿਚ ਹਾਸ਼ੀਏ ਉਤੇ ਰੱਖੀਆਂ ਧਿਰਾਂ ਆਪਣੀ ਸਥਿਤੀ ਨੂੰ ਲੈ ਕੇ ਰੋਸ ਲਹਿਰਾਂ ਵਿਚ ਖੜ੍ਹੀਆਂ ਹੋ ਰਹੀਆਂ ਹਨ ਤੇ ਸਿਆਸੀ ਤਾਕਤ 'ਤੇ ਕਬਜ਼ਾ ਕਰਨ ਲਈ ਤਿਆਰੀਆਂ ਕੱਸ ਰਹੀਆਂ ਹਨ। ਜੋ ਵੀ ਸਿਆਸਤਦਾਨ ਜਾਂ ਸਿਆਸੀ ਦਲ ਇਸ ਇਤਿਹਾਸਕ ਮੋੜ 'ਤੇ ਹੋ ਸਕਣ ਵਾਲੇ ਭਵਿਖੀ ਨਤੀਜਿਆਂ ਨੂੰ ਅੱਖੋਂ ਪਰੋਖੇ ਕਰੇਗਾ, ਐਸੇ ਦਲ ਜਾਂ ਸਿਆਸਤਦਾਨ ਦਾ ਭਵਿਖ ਬਹੁਤ ਰੌਸ਼ਨ ਦਿਖਾਈ ਨਹੀਂ ਦੇਵੇਗਾ। ਇਹੀ ਕਾਰਨ ਹੈ ਕਿ ਅੱਜ ਅੰਬੇਦਕਰ ਨੂੰ ਸਾਡੇ ਸਮਾਜ ਵਿਚ ਗਾਂਧੀ ਤੋਂ ਵੱਡੇ ਨਾਇਕ ਦੇ ਤੌਰ 'ਤੇ ਪੇਸ਼ ਕੀਤਾ ਜਾ ਰਿਹਾ ਹੈ। ਬੰਦਾ ਬਹਾਦਰ ਸਿੱਖ ਇਤਿਹਾਸ ਦੇ ਹਾਸ਼ੀਏ 'ਤੇ ਰੱਖੀ ਗਈ ਉਹ ਹਸਤੀ ਹੈ ਜਿਸ ਨੇ ਮੁੱਖ ਧਾਰਾ ਦੇ ਇਤਿਹਾਸ ਨੂੰ ਨਵਾਂ ਮੋੜ ਦਿੱਤਾ। ਅਜਿਹੀ ਸ਼ਕਤੀ ਉਰਜਿਤ ਕੀਤੀ ਜਿਸ ਨਾਲ ਬਾਅਦ ਵਿਚ ਰਣਜੀਤ ਸਿੰਘ ਨੂੰ ਸਿੱਖ ਰਾਜ ਸਥਾਪਤ ਕਰਨ ਦਾ ਮਾਣ/ਪ੍ਰਸ਼ੰਸਾ ਵੀ ਬਖ਼ਸ਼ਿਸ਼ ਹੋਈ। ਅਜਿਹਾ ਕਰਨ ਵਿਚ ਬੰਦੇ ਦੀ ਕਮਾਲ ਦੀ ਮਹਾਨਤਾ ਹੈ ਜਿਸ ਨੂੰ ਹਥਿਆਉਣ ਕਰਨ ਲਈ ਸਭ ਤਰਲੋਮੱਛੀ ਹੋ ਰਹੇ ਹਨ।

ਅੱਜ ਭੰਡੇ-ਛੰਡੇ ਸਿਆਸਤਦਾਨਾਂ ਤੇ ਸਿਆਸੀ ਦਲਾਂ ਨੂੰ ਅਜਿਹੀ ਅਨੂਠੀ ਤੇ ਬੇਗਰਜ਼ ਮਹਾਨਤਾ ਦੀ ਬੜੀ ਡਾਢੀ ਲੋੜ ਹੈ। ਅਜਿਹੇ ਲੋਕਾਂ ਦੁਆਰਾ ਅੱਜ ਬੰਦੇ ਬਹਾਦਰ ਨੂੰ ਸਿੱਖ ਇਤਿਹਾਸ ਦਾ ਮਹਾਨਾਇਕ ਬਣਾਉਣ ਦੀ ਕੋਸ਼ਿਸ਼ ਜਾਰੀ ਹੈ, ਔਰ ਇਸ 'ਕੰਮ' ਵਿਚ ਉਹ ਇਤਿਹਾਸਕਾਰ ਕਾਫ਼ੀ 'ਸੇਵਾ' ਕਰ ਸਕਦੇ ਹਨ ਜੋ ਬੰਦੇ ਬਾਰੇ ਸਿਲਸਿਲੇਵਾਰ ਚਰਚਾ ਸਮਾਜ ਵਿਚ ਚਲਾਉਂਦੇ ਰਹਿਣ। ਬੰਦੇ ਨੂੰ ਅਜਿਹਾ 'ਮਹਾਨਾਇਕ' ਸਥਾਪਤ ਕਰਨਾ ਕੋਈ ਮਾੜੀ ਗੱਲ ਨਹੀਂ ਹੈ, ਪਰ ਉਸ ਵੇਲੇ ਸਾਨੂੰ ਇਕ ਗੱਲ ਵੀ ਜ਼ਰੂਰ ਸਮਝ ਲੈਣੀ ਚਾਹੀਦੀ ਹੈ ਕਿ ਇਹ ਕਿਸ ਕਿਸਮ ਦੀ ਸਿਆਸਤ ਨੂੰ ਅੱਗੇ ਵਧਾਉਣ ਦਾ ਯਤਨ ਹੈ? ਇਸ ਲਈ ਸਾਨੂੰ ਕਦੀ ਵੀ ਉਸ ਸਿਆਸੀ ਪ੍ਰਸੰਗ ਨੂੰ ਅੱਖੋਂ ਓਹਲੇ ਨਹੀਂ ਕਰਨਾ ਚਾਹੀਦਾ ਜਿਸ ਵਿਚ ਕਿਸੇ ਇਤਿਹਾਸਕ ਹਸਤੀ ਬਾਰੇ ਚਰਚਾ ਚੱਲ ਰਹੀ ਹੋਵੇ।

ਤੁਹਾਡੇ ਵਿਚੋਂ ਬਹੁਤ ਸਾਰਿਆਂ ਨੂੰ ਇਸ ਗੱਲ ਦਾ ਨਹੀਂ ਪਤਾ ਕਿ ਗਾਂਧੀ ਨੇ ਆਪਣੀ ਨਾ-ਮਿਲਵਰਤਨ ਲਹਿਰ ਸ਼ੁਰੂ ਕੀਤੀ ਤਾਂ ਉਸ ਵੇਲੇ ਆਧੁਨਿਕ ਭਾਰਤ ਦੇ ਤਿੰਨ ਮਹੱਤਵਪੂਰਨ ਵਿਦਵਾਨਾਂ ਨੇ ਆਪਣਾ ਮੁੱਖ ਸਿੱਖ ਇਤਿਹਾਸ ਵੱਲ ਮੋੜਿਆ। ਗਾਂਧੀ, ਸਾਵਰਕਰ ਅਤੇ ਟੈਗੋਰ ਨੇ ਸਿੱਖ ਇਤਿਹਾਸ ਬਾਰੇ ਗੱਲਾਂ ਕੀਤੀਆਂ। ਇਨ੍ਹਾਂ ਚਿੰਤਕਾਂ ਨੇ ਕੋਈ ਉਸ ਸਿੱਖ ਇਤਿਹਾਸ ਬਾਰੇ ਗੱਲ ਨਹੀਂ ਕੀਤੀ ਜਿਸ ਬਾਰੇ 'ਕਨਸੈਨਿਸਸ' ਹੈ; ਜਿਸ 'ਤੇ ਸਾਰੇ ਇਕਮੱਤ ਹੋਣ, ਸਗੋਂ ਉਨ੍ਹਾਂ ਨੇ ਸਿੱਖ ਇਤਿਹਾਸ ਦੇ ਵੱਖ ਵੱਖ ਪ੍ਰਸੰਗ ਤੇ ਉਨ੍ਹਾਂ ਪ੍ਰਸੰਗਾਂ ਨਾਲ ਜੁੜੀਆਂ ਸਿੱਖ ਸ਼ਖ਼ਸੀਅਤਾਂ ਬਾਰੇ ਚਰਚਾ ਕੀਤੀ। ਮਿਸਾਲ ਦੇ ਤੌਰ 'ਤੇ ਗਾਂਧੀ ਨੇ ਨਨਕਾਣਾ ਸਾਹਿਬ ਦੇ ਦੁਖਾਂਤ ਅਤੇ ਉਸ ਨਾਲ ਸਬੰਧਤ ਸ਼ਹੀਦਾਂ ਦਾ ਜ਼ਿਕਰ ਕੀਤਾ ਜਿਥੇ 150 ਦੇ ਲਗਭਗ ਸਿੱਖਾਂ ਨੂੰ ਜਿਊਂਦਾ ਸਾੜ ਦਿੱਤਾ ਗਿਆ ਸੀ। ਉਹ ਸਿੱਖ ਭਾਵੇਂ ਸ਼ਸਤਰਬੱਧ ਸਨ, ਪਰ ਤਾਂ ਵੀ ਉਨ੍ਹਾਂ ਆਪਣੇ ਵਿਰੋਧੀਆਂ 'ਤੇ ਹੱਥ ਉਠਾਉਣ ਦੀ ਕੋਈ ਕੋਸ਼ਿਸ਼ ਨਾ ਕੀਤੀ, ਜਦੋਂ ਮਹੰਤ ਅਤੇ ਲੋਕ ਉਨ੍ਹਾਂ ਨੂੰ ਮਾਰਨ ਤੇ ਸਾੜਨ ਵਿਚ ਰੁਝੇ ਹੋਏ ਸਨ। ਗਾਂਧੀ ਦਾ ਕਹਿਣਾ ਸੀ, ਕਿਧਰੇ ਵੀ ਸਮੁੱਚੇ ਮਨੁੱਖੀ ਇਤਿਹਾਸ ਵਿਚ 'ਅਹਿੰਸਾ' ਦੀ ਮਿਸਾਲ ਨਹੀਂ ਮਿਲਦੀ ਅਤੇ ਭਾਰਤ ਦੇ ਬਾਕੀ ਲੋਕਾਂ, ਧਰਮਾਂ ਨਾ ਜੁੜੇ ਲੋਕਾਂ ਨੂੰ ਇਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ। ਅਗਰ ਸਿੱਖ ਅਜਿਹਾ ਕਰ ਸਕਦੇ ਹਨ ਤਾਂ ਹੋਰ ਮਨੁੱਖਾਂ ਲਈ ਵੀ ਅਜਿਹਾ ਕਰ ਸਕਣਾ ਸੰਭਵ ਸੀ (ਕਪੈਸਿਟੀ ਆਫ਼ ਪੇਸ਼ੈਂਸ ਐਂਡ ਨਾਨ-ਵਾਇਲੈਂਸ ਅਮੰਗ ਦਾ ਸਿੱਖਸ)।

ਆਉ ਹੁਣ ਅਸੀਂ ਸਾਵਰਕਰ ਬਾਰੇ ਗੱਲ ਕਰੀਏ ਜਿਸ ਨੇ 1909 ਵਿਚ 'ਦਿ ਇੰਡੀਅਨ ਵਾਰ ਆਫ਼ ਇੰਡੀਪੈਨਡੈਂਸ' ਕਿਤਾਬ ਲਿਖੀ ਸੀ। ਇਸ ਵਿਚ ਉਹ ਗੁਰੂ ਗੋਬਿੰਦ ਸਿੰਘ ਬਾਰੇ ਗੱਲ ਕਹਿੰਦੇ ਹਨ ਕਿ ਹਿੰਦੋਸਤਾਨ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਪਹਿਲੇ ਇਨਸਾਨ ਸਨ ਜਿਨ੍ਹਾਂ ਨੇ ਸਵੈ-ਧਰਮ ਤੇ ਸਵੈ-ਰਾਜ ਦੇ ਆਪਸੀ ਅਟੁੱਟ ਤੌਰ 'ਤੇ ਜੁੜੇ ਹੋਣ ਬਾਰੇ ਕਿਹਾ ਸੀ। ਇਸ ਕਰ ਕੇ ਸਾਵਰਕਰ ਦਾ ਇਹ ਕਹਿਣਾ ਸੀ ਕਿ ਜੇ ਕਦੇ 'ਪ੍ਰਬਝ' ਵਿਚ ਇਨਕਲਾਬ ਹੋਵੇਗਾ ਤਾਂ ਉਹ ਜ਼ਰੂਰ ਹੀ ਧਰਮ ਨਾਲ ਜੁੜਿਆ ਹੋਇਆ ਹੋਵੇਗਾ। ਇਉਂ ਉਸ ਨੇ ਇਹ ਗੱਲ ਦ੍ਰਿੜ੍ਹ ਕਰਨ ਦਾ ਯਤਨ ਕੀਤਾ ਕਿ ਸਿਆਸਤ ਅਤੇ ਧਰਮ ਸਾਡੇ ਦੇਸ਼ ਵਿਚ ਇਕ ਦੂਜੇ ਨਾਲ ਅਟੁੱਟ ਤੌਰ 'ਤੇ ਜੁੜੇ ਹੋਏ ਹਨ। ਉਸ ਨੇ ਗੁਰੂ ਗੋਬਿੰਦ ਸਿੰਘ ਨੂੰ ਆਪਣੇ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ।

ਤੀਜੀ ਹਸਤੀ ਟੈਗੋਰ ਨੇ ਬੰਦਾ ਬਹਾਦਰ ਅਤੇ ਭਾਈ ਤਾਰੂ ਸਿੰਘ ਬਾਰੇ ਬੜੀਆਂ ਹੀ ਦਿਲ ਹਿਲਾ ਦੇਣ ਵਾਲੀਆਂ ਕਵਿਤਾਵਾਂ ਲਿਖੀਆਂ ਹਨ। ਉਸ ਦੀ ਬੰਦਾ ਬਹਾਦਰ ਬਾਰੇ ਲਿਖੀ ਕਵਿਤਾ 'ਬੰਦੀ ਬੀਰ' ਦਾ ਅੰਗਰੇਜ਼ੀ ਤਰਜਮਾ ਵੀ ਤੁਸੀਂ ਪੜ੍ਹਦੇ ਹੋ ਤਾਂ ਹੰਝੂਆਂ ਨੂੰ ਰੋਕ ਸਕਣਾ ਮੁਸ਼ਕਿਲ ਹੁੰਦਾ ਹੈ। ਮੇਰੇ ਬੰਗਾਲੀ ਮਿੱਤਰ ਦੱਸਦੇ ਹਨ ਕਿ ਕੋਈ ਵੀ ਬੰਗਾਲੀ ਪਾਠਕ ਰੋ ਰੋ ਕੇ ਹੰਝੂ ਵਹਾਏ ਬਿਨਾਂ ਉਸ ਕਵਿਤਾ ਦਾ ਪਾਠ ਨਹੀਂ ਕਰ ਸਕਦਾ ਜੋ ਬੰਦੇ ਉਪਰ ਬੀਤੀ। ਉਪਰੋਕਤ ਤਿੰਨੇ ਵਿਦਵਾਨ ਸਿੱਖ ਇਤਿਹਾਸ ਦੇ ਜਿਸ ਤੱਤ ਬਾਰੇ ਜ਼ਿਕਰ ਕਰ ਰਹੇ ਸਨ, ਉਹ ਸੀ ਨਿਡਰਤਾ। ਉਨ੍ਹਾਂ ਇਹ ਗੱਲ ਚੰਗੀ ਤਰ੍ਹਾਂ ਸਮਝ ਲਈ ਸੀ ਕਿ ਜਦ ਤਕ ਲੋਕਾਂ ਦੇ ਮਨਾਂ ਵਿਚੋਂ ਡਰ ਨਹੀਂ ਨਿਕਲਦਾ, ਤਦ ਤਕ ਭਾਰਤੀ ਲੋਕ ਸਾਮਰਾਜਵਾਦ ਖਿਲਾਫ ਕੌਮੀ ਲਹਿਰ ਨੂੰ ਸੰਗਠਤ ਨਹੀਂ ਕਰ ਸਕਦੇ। ਨਿਡਰਤਾ ਐਸਾ ਗੁਣ ਹੈ ਜਿਸ ਨੂੰ ਗ੍ਰਹਿਣ ਕੀਤੇ ਬਿਨਾਂ, ਮਨ ਵਿਚ ਵਸਾਏ ਬਿਨਾਂ, ਦੱਬੀਆਂ ਕੁਚਲੀਆਂ ਜਾਤਾਂ, ਹਾਸ਼ੀਆਗਤ ਧਿਰਾਂ, ਸਮਾਜਿਕ ਨਿਆਂ ਤੇ ਆਜ਼ਾਦੀ ਲਈ ਜੱਦੋਜਹਿਦ ਨਹੀਂ ਕਰ ਸਕਦੀਆਂ। ਮੈਂ ਜੋ ਗੱਲ ਕਹਿਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਬੰਦਾ ਬਹਾਦਰ ਪੰਜਾਬ ਦੀ ਨਹੀਂ, ਸਗੋਂ ਸਮੁੱਚੇ ਭਾਰਤੀ ਇਤਿਹਾਸ ਵਿਚ ਪੈਦਾ ਹੋਈ ਉਹ ਹਸਤੀ ਹੈ ਜਿਸ ਨੂੰ ਇਤਿਹਾਸ ਦੀ ਦਿਸ਼ਾ ਤੇ ਦਸ਼ਾ ਮੋੜਨ ਦਾ ਕ੍ਰੈਡਿਟ ਜਾਂਦਾ ਹੈ।

**ਮਨ ਵਿਚ ਸਵਾਲ ਉਠਦਾ ਹੈ ਕਿ ਅੱਜ ਬੰਦਾ ਬਹਾਦਰ ਅਤੇ ਉਸ ਨਾਲ ਜੁੜਿਆ ਇਤਿਹਾਸ ਕਿਉਂ ਐਨੀ ਤੇਜ਼-ਤਰਾਰ ਬਹਿਸ ਦਾ ਵਿਸ਼ਾ ਬਣਿਆ ਹੋਇਆ ਹੈ? ਬੰਦੇ ਬਾਰੇ ਇੰਨੀ ਵਿਚਾਰ ਚਰਚਾ ਕਿਉਂ? ਇਸ ਤਰ੍ਹਾਂ ਦੀ ਬਹਿਸ 20-30 ਸਾਲ ਪਹਿਲਾਂ ਨਹੀਂ ਸੀ ਚਰਚਾ ਵਿਚ ਆਈ। ਉਸ ਵਕਤ ਕੋਈ ਹੋਰ ਇਤਿਹਾਸਕ ਸਿੱਖ ਹਸਤੀਆਂ ਸਨ ਜਿਨ੍ਹਾਂ ਬਾਰੇ ਚਰਚਾ ਹੋ ਰਹੀ ਸੀ। ਅੱਜ ਕੱਲ੍ਹ ਬੰਦੇ ਬਹਾਦਰ ਨੂੰ ਲੈ ਕੇ ਵਿਚਾਰਾਂ ਦਾ ਭੇੜ ਕਿਉਂ ਹੋ ਰਿਹਾ ਹੈ? ਅੱਜ ਸਮੁੱਚੇ ਭਾਰਤ ਵਿਚ ਹਾਸ਼ੀਏ ਉਤੇ ਰੱਖੀਆਂ ਧਿਰਾਂ ਆਪਣੀ ਸਥਿਤੀ ਨੂੰ ਲੈ ਕੇ ਰੋਸ ਲਹਿਰਾਂ ਵਿਚ ਖੜ੍ਹੀਆਂ ਹੋ ਰਹੀਆਂ ਹਨ ਤੇ ਸਿਆਸੀ ਤਾਕਤ 'ਤੇ ਕਬਜ਼ਾ ਕਰਨ ਲਈ ਤਿਆਰੀਆਂ ਕੱਸ ਰਹੀਆਂ ਹਨ।**



**ਟੈਗੋਰ ਨੇ ਬੰਦਾ ਬਹਾਦਰ ਅਤੇ ਭਾਈ ਤਾਰੂ ਸਿੰਘ ਬਾਰੇ ਬੜੀਆਂ ਹੀ ਦਿਲ ਹਿਲਾ ਦੇਣ ਵਾਲੀਆਂ ਕਵਿਤਾਵਾਂ ਲਿਖੀਆਂ ਹਨ। ਉਸ ਦੀ ਬੰਦਾ ਬਹਾਦਰ ਬਾਰੇ ਲਿਖੀ ਕਵਿਤਾ 'ਬੰਦੀ ਬੀਰ' ਦਾ ਅੰਗਰੇਜ਼ੀ ਤਰਜਮਾ ਵੀ ਤੁਸੀਂ ਪੜ੍ਹਦੇ ਹੋ ਤਾਂ ਹੰਝੂਆਂ ਨੂੰ ਰੋਕ ਸਕਣਾ ਮੁਸ਼ਕਿਲ ਹੁੰਦਾ ਹੈ। ਮੇਰੇ ਬੰਗਾਲੀ ਮਿੱਤਰ ਦੱਸਦੇ ਹਨ ਕਿ ਕੋਈ ਵੀ ਬੰਗਾਲੀ ਪਾਠਕ ਰੋ ਰੋ ਕੇ ਹੰਝੂ ਵਹਾਏ ਬਿਨਾਂ ਉਸ ਕਵਿਤਾ ਦਾ ਪਾਠ ਨਹੀਂ ਕਰ ਸਕਦਾ ਜੋ ਬੰਦੇ ਉਪਰ ਬੀਤੀ। ਉਪਰੋਕਤ ਤਿੰਨੇ ਵਿਦਵਾਨ ਸਿੱਖ ਇਤਿਹਾਸ ਦੇ ਜਿਸ ਤੱਤ ਬਾਰੇ ਜ਼ਿਕਰ ਕਰ ਰਹੇ ਸਨ, ਉਹ ਸੀ ਨਿਡਰਤਾ। ਉਨ੍ਹਾਂ ਇਹ ਗੱਲ ਚੰਗੀ ਤਰ੍ਹਾਂ ਸਮਝ ਲਈ ਸੀ ਕਿ ਜਦ ਤਕ ਲੋਕਾਂ ਦੇ ਮਨਾਂ ਵਿਚੋਂ ਡਰ ਨਹੀਂ ਨਿਕਲਦਾ, ਤਦ ਤਕ ਭਾਰਤੀ ਲੋਕ ਸਾਮਰਾਜਵਾਦ ਖਿਲਾਫ ਕੌਮੀ ਲਹਿਰ ਨੂੰ ਸੰਗਠਤ ਨਹੀਂ ਕਰ ਸਕਦੇ।**

ਐਸ.ਐਸ. ਮੀਸ਼ਾ-1



# 'ਚੁਰਸਤੇ' ਵਿਚ ਫਸੇ ਸ਼ਾਇਰ ਦੇ ਫੇਫੜਿਆਂ 'ਚ 'ਪੁੜੀ ਲੀਕ'

***ਸ਼ਾਇਰ ਸੋਹਨ ਸਿੰਘ ਮੀਸ਼ਾ ਦਾ ਪੰਜਾਬੀ ਕਾਵਿ-ਜਗਤ ਵਿਚ ਆਪਣਾ ਰੰਗ ਹੈ। ਉਸ ਦੀਆਂ 'ਚੁਰਸਤਾ', 'ਚੀਕ ਬੁਲਬੁਲੀ' ਅਤੇ 'ਲੀਕ' ਵਰਗੀਆਂ ਕਵਿਤਾਵਾਂ ਭੁਲਾਇਆਂ ਵੀ ਨਹੀਂ ਭੁਲਾਈਆਂ ਜਾ ਸਕਦੀਆਂ। ਇਨ੍ਹਾਂ ਕਵਿਤਾਵਾਂ ਵਿਚ ਉਸ ਬੰਦੇ ਦੀ ਬਾਤ ਹੈ ਜਿਹੜਾ ਖੁਦ ਨਾਲ ਬੜੀ ਭਿਅੰਕਰ ਲੜਾਈ ਵਿਚ ਪਿਆ ਹੋਇਆ ਹੈ। ਇਸ ਲੜਾਈ ਦੇ ਨਾਲ ਹੀ ਉਤਰਦੀ ਬੇਵਸੀ ਨੂੰ ਸ਼ਾਇਰ ਨੇ ਬਹੁਤ ਬਾਰੀਕੀ ਨਾਲ ਫੜਿਆ ਹੈ। ਇੰਨੀ ਹੀ ਸ਼ਿੱਦਤ ਨਾਲ ਇਸ ਸ਼ਾਇਰ ਬਾਰੇ ਸਾਡੇ ਸਹਿਯੋਗੀ ਗੁਰਦਿਆਲ ਸਿੰਘ ਬੱਲ ਨੇ ਇਸ ਲੰਮੇ ਲੇਖ ਵਿਚ ਇਨ੍ਹਾਂ ਕਵਿਤਾਵਾਂ ਅਤੇ ਪਿਛੋਕੜ ਵਿਚ ਕੰਮ ਕਰਦੀ ਸਿਆਸਤ ਬਾਰੇ ਗੁਫਤਗੂ ਰਚਾਈ ਹੈ। ਬੱਲ ਵੱਲੋਂ ਛੇੜੀਆਂ ਰਮਜ਼ਾਂ ਦੇ ਭੇਤ ਜਿਉਂ ਜਿਉਂ ਖੁੱਲ੍ਹਦੇ ਹਨ, ਸੱਚ ਸਿਰ ਭਾਰ ਹੁੰਦਾ ਜਾਪਣ ਲੱਗਦਾ ਹੈ। ਉਹ ਤੱਥਾਂ ਅਤੇ ਤਰਤੀਬਾਂ ਦੀ ਜੁਗਲਬੰਦੀ ਸਿਰਜਦਾ ਹੈ ਜਿਸ ਵਿਚ ਹਾਲਾਤ ਵਿਚ ਫਾਥੇ ਬੰਦੇ ਦੇ ਨਕਸ਼ ਉਘੜਨ ਲਗਦੇ ਹਨ। -ਸੰਪਾਦਕ***

ਸਾਗਰ 'ਚ ਡੁੱਬੀ ਲਾਸ਼ ਨੂੰ
ਕਿਉਂ ਸੀਸ ਨਾ ਨਿਵੇਂ
ਚਾਹੀ ਸੀ ਉਸ ਨੇ ਅਰਸ਼ 'ਤੇ
ਪਾਉਣੀ ਕੁਮੰਦ ਹੋਰ।

ਕੰਵਲ ਦੀ ਬੜੇ ਹੀ ਨਿਮਰ ਤੇ ਨਿਰਮਲ ਅੰਦਾਜ਼ ਵਿਚ ਵਾਰ ਵਾਰ ਮੰਗ ਹੈ ਕਿ ਪੰਜਾਬ ਦੇ ਧੀਮੇ ਬੋਲਾਂ ਵਾਲੇ ਮਹਿਬੂਬ ਸ਼ਾਇਰ ਸੋਹਨ ਸਿੰਘ ਮੀਸ਼ਾ ਬਾਰੇ ਯਾਦ ਨਿਬੰਧਾਂ ਦੀ ਪੁਸਤਕ ਦੀ ਉਹ ਸੰਪਾਦਨਾ ਕਰ ਰਿਹਾ ਹੈ, ਅਸੀਂ ਉਸ ਨੂੰ ਇਸ ਪ੍ਰਥਾਏ ਵਿਸਥਾਰ ਵਾਲਾ ਲੇਖ ਲਿਖ ਕੇ ਦੇਈਏ। ਸਾਲ 1965 ਵਿਚ ਮੇਰੇ ਨੈਸ਼ਨਲ ਕਾਲਜ ਸਠਿਆਲਾ ਵਿਚ ਦਾਖਲ ਹੋਣ ਸਮੇਂ ਉਹ ਉਥੇ ਪੜ੍ਹਾਉਂਦੇ ਸਨ ਅਤੇ ਸਾਡੇ ਆਪਣੇ ਤੋਂ ਵਡੇਰੀ ਉਮਰ ਦੇ ਮਿੱਤਰਾਂ-ਬਘੇਲ ਸਿੰਘ




**ਗੁਰਦਿਆਲ ਸਿੰਘ ਬੱਲ**
**ਫੋਨ: 647-982-6091**

ਬੱਲ, ਗਿਆਨ ਸਿੰਘ ਗੁਰਾਇਆ, ਕੁਲਬੀਰ ਸਿੰਘ ਹੁੰਦਲ, ਮੰਗਲ ਸਿੰਘ ਦਨਿਆਲ, ਸਰਬਜੀਤ ਸਿੰਘ ਮਾਨ, ਕਪਿਲ ਦੇਵ ਸ਼ਰਮਾ, ਤਰਸੇਮ ਸਿੰਘ ਚਹਿਲ, ਗੁਰਦੇਵ ਸਿੰਘ ਵਗੈਰਾ ਵਿਚ ਉਹ ਕਾਫੀ ਹਰਮਨ ਪਿਆਰੇ ਸਨ, ਪਰ ਉਨ੍ਹੀਂ ਦਿਨੀਂ ਉਨ੍ਹਾਂ ਦੇ ਨੇੜੇ ਬੈਠਣ ਦਾ ਮੌਕਾ ਜ਼ਿਆਦਾ ਨਹੀਂ, ਬਸ ਇਕ ਦੋ ਵਾਰ ਹੀ ਬਣਿਆ। ਜ਼ਿੰਦਗੀ ਦੇ ਅਗਲੇ ਵਰ੍ਹਿਆਂ ਦੌਰਾਨ ਕਈ ਵਾਰੀ ਉਨ੍ਹਾਂ ਦੀ ਸੰਗਤ ਮਾਣਨ ਦਾ ਸਬੱਬ ਤਾਂ ਜੁੜਿਆ, ਪਰ ਉਨ੍ਹਾਂ ਨਾਲ ਨੇੜਤਾ ਪ੍ਰਤੀ ਸਾਡਾ ਕੋਈ ਦਾਅਵਾ ਨਹੀਂ ਹੈ। ਕਵਿਤਾ ਦੀ ਪਰਖ ਪੜਚੋਲ ਦੀ ਸਮਰੱਥਾ ਪੱਖੋਂ ਵੀ ਮਾਮਲਾ ਢਿੱਲਾ ਹੀ ਹੈ। ਉਨ੍ਹਾਂ ਬਾਰੇ ਹੋਰ ਸਮੱਗਰੀ ਵੀ ਸਾਡੇ ਕੋਲ ਕੋਈ ਹੈ ਨ੍ਹੀਂ। ਖੈਰ! ਮੁਢਲੀ ਸਮਗਰੀ ਦਾ ਬਹਾਨਾ ਤਾਂ ਕੰਵਲ ਪਾਤਸ਼ਾਹ ਨੇ ਮੀਸ਼ਾ ਜੀ ਦੇ ਨੇੜਲੇ ਮਿੱਤਰਾਂ ਅਤੇ ਸਮਕਾਲੀਆਂ-ਸੁਰਜੀਤ ਹਾਂਸ, ਪ੍ਰੇਮ ਪ੍ਰਕਾਸ਼ ਅਤੇ ਹਰਭਜਨ ਸਿੰਘ ਹੁੰਦਲ ਦੇ ਉਨ੍ਹਾਂ ਬਾਰੇ ਯਾਦ ਨਿਬੰਧ ਸਕੈਨ ਕਰ ਕੇ, ਨੈੱਟ ਰਾਹੀਂ ਭਿਜਵਾ ਕੇ ਖਤਮ ਕਰ ਦਿੱਤਾ; ਕਸਰ ਜੇ ਕੋਈ ਰਹਿ ਗਈ ਤਾਂ ਉਹ ਸਾਡੇ ਅਜ਼ੀਜ਼ ਹਰਵੀਰ ਢਿੱਲੋਂ ਨੇ ਮੀਸ਼ਾ ਜੀ ਦੀ ਨਵੀਂ ਛਪੀ ਪੁਸਤਕ 'ਸਾਗਰ 'ਚ ਡੁੱਬੀ ਲਾਸ਼' ਵਾਲੇ ਸ਼ੇਅਰ ਹੇਠ ਬਾਕਾਇਦਾ ਲਕੀਰ ਲਗਾ ਕੇ ਉਸੇ ਤਰੀਕੇ ਨਾਲ ਭੇਜ ਕੇ ਪੂਰੀ ਕਰ ਦਿੱਤੀ। ਜ਼ਾਹਰ ਹੈ ਕਿ ਇਸੇ ਸ਼ਿਅਰ ਦੀ ਲੋਅ 'ਚ ਬਾਬਿਆਂ ਦੀ ਕ੍ਰਿਸ਼ਮਈ ਸ਼ਖਸੀਅਤ ਯਾਨਿ ਸ਼ਾਇਰਾਨਾ ਤਰਜ਼ੇ-ਜ਼ਿੰਦਗੀ, ਚਾਵਾਂ ਉਮੰਗਾਂ, ਸ਼ਾਇਰੀ ਦੇ ਸੰਕੇਤਾਂ ਤੇ ਅੰਤਿਮ ਤ੍ਰਾਸਦੀ ਨੂੰ ਸਮਝਣ ਦੀ ਕੋਸ਼ਿਸ਼ ਕਰਨ ਤੋਂ ਬਚ ਨਿਕਲਣ ਦਾ ਸਾਡੇ ਕੋਲ ਕੋਈ ਬਹਾਨਾ ਨਾ ਰਿਹਾ।

'ਚੁਰਸਤਾ', 'ਲੀਕ' ਅਤੇ 'ਚੀਕ ਬੁਲਬੁਲੀ' ਮੀਸ਼ੇ ਦੀਆਂ ਪ੍ਰਤੀਨਿਧ ਨਜ਼ਮਾਂ ਹਨ। 1960 ਦੇ ਆਸ-ਪਾਸ ਛਪੇ ਪਹਿਲੇ ਕਾਵਿ-ਸੰਗ੍ਰਿਹ ਦਾ ਸਿਰਲੇਖ ਵੀ 'ਚੁਰਸਤਾ' ਹੈ। ਸ਼ਾਇਰ ਦੀ ਆਤਮਿਕ ਦੁਬਿਧਾ ਦਾ ਕੈਸਾ 'ਚੁਰਸਤਾ' ਸੀ, ਭਾਂਤ ਭਾਂਤ ਦੇ ਪ੍ਰਸ਼ੰਸਕਾਂ ਦੇ ਨਿਰੰਤਰ ਮੇਲੇ ਵਿਚ ਘਿਰੇ ਰਹਿਣ ਦੇ ਬਾਵਜੂਦ, ਕਿਸ ਕਿਸਮ ਦੀ 'ਚੀਕ ਬੁਲਬਲੀ' ਉਹ ਸਾਰੀ ਉਮਰ ਆਪਣੇ ਅੰਦਰ ਦਬਾਈ, ਸੰਤਾਪ ਹੰਢਾਉਂਦਾ ਤਰਲੋਮੱਛੀ ਹੁੰਦਾ ਰਿਹਾ-ਉਸੇ ਨੂੰ ਉਸ ਦੀ ਹਯਾਤੀ ਦੇ ਸਮਾਜਕ ਤਣਾਵਾਂ, ਜੋਗਿੰਦਰ ਸ਼ਮਸ਼ੇਰ ਅਤੇ ਨੰਦੀ ਬੱਲ ਵਰਗੇ ਅਲੌਕਿਕ ਮਿੱਤਰਾਂ ਅਤੇ ਇਨ੍ਹਾਂ ਮਿੱਤਰਾਂ ਦੇ ਮਨਭਾਉਂਦੇ ਲੇਖਕਾਂ-ਫਿਉਦੋਰ ਦਾਸਤੋਵਸਕੀ, ਨਿਕੋਸ ਕਜਾਂਤ ਜੈਕਿਸ (ਖਾਸ ਕਰ 'ਜ਼ੋਰਬਾ ਦਿ ਗਰੀਕ') ਦੀ ਪੜ੍ਹਤ ਦੀ ਲੋਅ ਵਿਚ ਸਮਝਣ ਦਾ ਯਤਨ ਕਰਾਂਗੇ। ਬੋਰਿਸ ਪਾਸਤਰਨਾਕ, ਮਹਾਨ ਹੰਗੇਰੀਅਨ ਸ਼ਾਇਰ ਜਾਰਜ ਪਾਲਜ਼ ਵਰਗੀਆਂ ਕੁਝ ਹੋਰ ਸੰਤਾਪੀਆਂ ਰੂਹਾਂ ਬਾਰੇ ਵੀ ਵਿਚਾਰ ਕਰ ਲਵਾਂਗੇ।

ਮੀਸ਼ਾ ਦੇ ਘਰੋਗੀ ਪਿਛੋਕੜ, ਕਾਲਜ ਦੇ ਦੌਰ ਅਤੇ ਜਵਾਨੀ ਦੇ ਦਿਨਾਂ ਦੇ ਖੁਆਬਾਂ ਬਾਰੇ ਲੋੜੀਂਦੀ ਜਾਣਕਾਰੀ ਦੀ ਕਮੀ, ਉਨ੍ਹਾਂ ਦੇ ਪੁਰਾਣੇ ਉਸਤਾਦ ਮਿੱਤਰ ਜੋਗਿੰਦਰ ਸ਼ਮਸ਼ੇਰ ਜੋ ਅੱਜ ਕੱਲ ਉਮਰ ਦੇ 90ਵੇਂ ਸਾਲ ਨੂੰ ਢੁਕੇ ਵੈਨਕੂਵਰ ਰਹਿੰਦੇ ਨੇ, ਹੁਰਾਂ ਟੋਰਾਂਟੋ ਤੋਂ ਨਿਕਲਦੇ ਰਹੇ 'ਆਰ-ਪਾਰ' ਮੈਗਜ਼ੀਨ ਦੇ ਸਤੰਬਰ-ਅਕਤੂਬਰ 1996 ਵਾਲੇ ਅੰਕ ਵਿਚ ਛਪਿਆ ਆਪਣਾ ਲੰਮਾ ਯਾਦ ਨਿਬੰਧ ਭੇਜ ਕੇ ਪੂਰੀ ਕਰ ਦਿੱਤੀ। ਇਸੇ ਨਿਬੰਧ ਦੇ ਸਹਾਰੇ ਅਸੀਂ ਵੇਖਾਂਗੇ ਕਿ ਕਥਾ ਦਾ ਨਾਇਕ ਆਪਣੇ ਖੁਆਬਾਂ ਦੇ ਅਰਸ਼ ਉਪਰ ਕੁਮੰਦ ਕਿਸ ਤਰ੍ਹਾਂ ਦੀ ਪਾਉਣੀ ਚਾਹੁੰਦਾ ਸੀ, ਆਪਣੀ ਮੁਹਿੰਮ ਦੇ ਸ਼ੁਰੂਆਤੀ ਦੌਰ 'ਚ ਹੀ ਉਹ 'ਚੁਰਸਤੇ' ਵਿਚ ਕਿਉਂ ਫਸਿਆ, ਵਿਲਕਦਾ ਰਿਹਾ ਅਤੇ ਆਖਰ ਉਮਰ ਭਰ ਦੀ ਬੇਚੈਨੀ ਤੇ ਜ਼ਿਹਨੀ ਸੰਤਾਪ ਤੋਂ 'ਨਿਰਵਾਣ' ਹਾਸਲ ਕਰਨ ਖਾਤਰ, ਆਪਣੇ ਬਚਪਨ ਦੇ ਦਿਨਾਂ ਤੋਂ ਪਿਆਰੀ ਕਾਂਜਲੀ ਝੀਲ ਵਿਚ ਜਾ ਕੇ ਉਸ ਆਖਰ 'ਚੀਕ ਬੁਲਬਲੀ' ਕਿੰਜ ਮਾਰੀ!



ਜੋਗਿੰਦਰ ਸ਼ਮਸ਼ੇਰ

***ਜੋਗਿੰਦਰ ਸ਼ਮਸ਼ੇਰ ਆਜ਼ਾਦੀ ਤੋਂ ਪਹਿਲਾਂ ਤੋਂ ਹੀ ਕਮਿਊਨਿਸਟ ਪਾਰਟੀ ਵਿਚ ਸਰਗਰਮ ਸਨ। 47 ਵਿਚ ਉਨ੍ਹਾਂ ਨੂੰ ਲਗਦਾ ਸੀ ਕਿ ਅਸਲੀ ਅਜ਼ਾਦੀ ਤਾਂ ਆਈ ਹੀ ਨਹੀਂ ਸੀ! ਕਾਲਜ ਜਾਂਦਿਆਂ ਹੀ ਨੌਜਵਾਨ ਮੀਸ਼ੇ ਦਾ ਜੋਗਿੰਦਰ ਨਾਲ ਸੰਪਰਕ ਜੁੜ ਗਿਆ। ਅਸਲੀ ਆਜ਼ਾਦੀ ਲਿਆਉਣ ਦੇ ਸੁਪਨਿਆਂ ਨਾਲ ਉਡੂੰ ਉਡੂੰ ਕਰ ਰਹੇ ਉਸ ਦੇ ਮਨ ਨੂੰ ਤੁਣਕ ਵੱਜਦੀ ਹੈ। ਉਹ ਕਮਿਊਨਿਸਟ ਪਾਰਟੀ ਦੀ ਸ਼ਹਿਰੀ ਜ਼ਿਲ੍ਹਾ ਇਕਾਈ ਦੇ ਇਸ ਸੈਕਟਰੀ ਦਾ ਸਭ ਤੋਂ ਵਿਸ਼ਵਾਸਪਾਤਰ ਬਣ ਜਾਂਦਾ ਹੈ।***



ਐਸ.ਐਸ. ਮੀਸ਼ਾ

ਮੀਸ਼ਾ ਕਪੂਰਥਲਾ ਸ਼ਹਿਰ ਤੋਂ ਥੋੜ੍ਹੀ ਦੂਰ ਪਿੰਡ ਭੇਟਾਂ ਵਿਚ ਸਾਧਾਰਨ ਪਰਿਵਾਰ ਵਿਚ 1934 'ਚ ਪੈਦਾ ਹੋਇਆ। ਤਿੰਨ ਉਸ ਦੀਆਂ ਭੈਣਾਂ ਸਨ। ਵੱਡਾ ਪਰਿਵਾਰ ਸੀ। ਜ਼ਿੰਮੇਵਾਰੀਆਂ ਬਹੁਤ ਸਨ। ਪਿਉ ਰੰਗੀਨ ਸੁਭਾਅ ਦਾ ਸੀ। ਦਿਨ ਭਰ ਮੁਸ਼ੱਕਤ ਕਰਦਿਆਂ ਕੱਪੜੇ ਸਿਉਂ ਕੇ ਪਰਿਵਾਰ ਦਾ ਤੋਰੀ ਫੁਲਕਾ ਚਲਾਉਂਦਾ।

ਜੋਗਿੰਦਰ ਸ਼ਮਸ਼ੇਰ ਨੇ ਲਿਖਿਆ ਹੈ:

ਸੋਹਨ ਸਿੰਘ ਮੀਸ਼ੇ ਨਾਲ ਮੇਰੀ ਵਾਕਫੀਅਤ ਤਾਂ 1951 'ਚ ਹੋਈ ਜਦੋਂ ਉਹ ਰਣਧੀਰ ਕਾਲਜ ਵਿਖੇ ਫਸਟ ਯੀਅਰ ਵਿਚ ਦਾਖਲ ਹੋਇਆ, ਉਂਜ ਮੈਂ ਉਸ ਨੂੰ ਪਹਿਲਾਂ ਵੀ ਜਾਣਦਾ ਸਾਂ ਜਦੋਂ ਉਹ ਇਕ ਵਾਰ ਕਾਲਾ ਸੰਘਿਆਂ ਕਿਸੇ ਫੰਕਸ਼ਨ 'ਤੇ ਆਇਆ ਸੀ। ਉਸ ਨੇ ਉਚੀ ਛਾਲ ਅਤੇ ਸਲੋ-ਸਾਈਕਲਿੰਗ ਵਿਚ ਪਹਿਲੇ ਇਨਾਮ ਹਾਸਲ ਕੀਤੇ: ਯਾਨਿ ਐਕਸੈੱਲ ਕਰਨ ਦੀ ਲਲ੍ਹਕ; ਖੁਆਬਾਂ ਦੇ ਅਰਸ਼ 'ਤੇ ਹੋਰ ਉਚਾ ਕੁਮੰਦ ਪਾਉਣ ਦੀ ਚਾਹਤ ਉਸ ਅੰਦਰ ਸ਼ੁਰੂ ਤੋਂ ਸੀ ਅਤੇ ਇਸੇ ਚਾਹਤ ਦੇ ਅਗਾਂਹ ਵੱਖ ਵੱਖ ਰੰਗਾਂ ਤੇ ਨਤੀਜਿਆਂ ਨੇ ਹੀ ਸਾਹਮਣੇ ਆਈ ਜਾਣਾ ਹੈ। ਮਸਲਨ ਖੁੜ੍ਹਾਂ ਮਾਰੇ ਗਰੀਬ ਘਰੋਂ ਉਠ ਕੇ ਖੂਬ ਸਜ-ਧਜ ਕੇ ਟਾਈ ਲਾ ਕੇ ਨਵੇਂ ਨਕੋਰ ਸਾਈਕਲ 'ਤੇ ਉਨ੍ਹਾਂ ਰਣਧੀਰ ਕਾਲਜ ਵਿਚ ਜਾਣਾ ਸ਼ੁਰੂ ਕੀਤਾ।

ਜੋਗਿੰਦਰ ਸ਼ਮਸ਼ੇਰ ਸੰਨ 1947 ਵਿਚ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਤੋਂ ਹੀ ਕਮਿਊਨਿਸਟ ਪਾਰਟੀ ਵਿਚ ਸਰਗਰਮ ਸਨ। ਉਦੋਂ ਉਨ੍ਹਾਂ ਨੂੰ ਲਗਦਾ ਸੀ ਕਿ ਗਰੀਬਾਂ ਨਾਲ ਠੱਗੀ ਵੱਜ ਗਈ ਸੀ, ਅਸਲੀ ਆਜ਼ਾਦੀ ਤਾਂ ਆਈ ਹੀ ਨਹੀਂ ਸੀ! ਕਾਲਜ ਜਾਂਦਿਆਂ ਹੀ ਨੌਜਵਾਨ ਮੀਸ਼ੇ ਦਾ ਜੋਗਿੰਦਰ ਹੋਰਾਂ ਨਾਲ ਸੰਪਰਕ ਜੁੜ ਗਿਆ। ਅਸਲੀ ਆਜ਼ਾਦੀ ਲਿਆਉਣ ਦੇ ਸੁਪਨਿਆਂ ਨਾਲ ਉਡੂੰ ਉਡੂੰ ਕਰ ਰਹੇ ਉਸ ਦੇ ਮਨ ਨੂੰ ਤੁਣਕ ਵੱਜਦੀ ਹੈ। ਉਹ ਕਮਿਊਨਿਸਟ ਪਾਰਟੀ ਦੀ ਸ਼ਹਿਰੀ ਜ਼ਿਲ੍ਹਾ ਇਕਾਈ ਦੇ ਇਸ ਸੈਕਟਰੀ ਦਾ ਸਭ ਤੋਂ ਵਿਸ਼ਵਾਸਪਾਤਰ ਬਣ ਜਾਂਦਾ ਹੈ। ਸਾਧਾਰਨ ਕੈਰੀਅਰਿਸਟ ਵਿਦਿਆਰਥੀ ਬਣਨ ਲਈ ਉਸ ਦਾ ਮਨ ਰਾਜ਼ੀ ਨਹੀਂ ਹੈ, ਮੈਡੀਕਲ ਦੀ ਪੜ੍ਹਾਈ ਛੱਡ ਕੇ ਨਾਨ-ਮੈਡੀਕਲ ਲਿਆ, ਪਰ ਉਸ ਦਾ ਮਨ ਖੁਭਿਆ ਨਾ। ਸਮਾਂ ਤਾਂ ਸਾਰਾ ਕਮਿਊਨਿਸਟ ਪਾਰਟੀ ਦੇ 'ਸਕੂਲ' ਲਗਾਉਣ ਅਤੇ ਦੇਸ਼ ਅੰਦਰੋਂ ਹਰ ਤਰ੍ਹਾਂ ਦੀ ਬੇਇਨਸਾਫੀ ਮੁਕਾਉਣ ਦੀਆਂ ਖੁਆਬ ਉਡਾਰੀਆਂ ਵਿਚ ਗੁਜ਼ਰ ਜਾਂਦਾ ਰਿਹਾ। ਉਪਰੋਂ ਰੁਮਾਂਟਿਕ ਸੁਭਾਅ ਉਸ ਨੂੰ ਵਿਰਸੇ ਵਿਚ ਬਾਪ ਕੋਲੋਂ ਹੀ ਮਿਲਿਆ। ਨਿਰੰਤਰ ਮੁਹੱਬਤਾਂ ਦੀ ਲੀਲ੍ਹਾ ਰਚਾਉਣ ਲਈ ਸਮਾਂ ਵੀ ਵਿਉਂਤਣਾ ਸੀ! ਹੋਇਆ ਇਹ ਕਿ ਅਗਲੇ ਸਾਲ ਹੀ ਉਹ ਆਰਟਸ ਦੀ ਐਫ.ਏ. ਵਿਚ ਸ਼ਿਫਟ ਹੋ ਗਿਆ।

ਉਨ੍ਹੀਂ ਦਿਨੀਂ ਇਸ ਸਰਕਲ ਵਿਚ ਗੁਰਦਿਆਲ ਮੰਡੇਰ, ਮੇਜਰ ਪਿਆਰਾ ਸਿੰਘ, ਦਲਜੀਤ ਔਜਲਾ, ਜਸਵਿੰਦਰ ਬਾਹੀਆ, ਅੰਮ੍ਰਿਤ ਜ਼ੀਰਵੀ, ਸਰਬਜੀਤ ਸਿੱਧੂ, ਹਰਭਜਨ ਸਿੰਘ ਹੁੰਦਲ, ਨਿਰੰਜਣ ਸਿੰਘ ਨੂਰ, ਗੁਰਦੀਪ (ਦੇਹਰਾਦੂਨ), ਨਰਿੰਦਰ ਕੇ. ਜੋਸ਼ੀ ਅਤੇ ਤਰਸੇਮ ਨੀਲਗਿਰੀ ਆਦਿ ਅਨੇਕਾਂ ਅਫਲਾਤੂਨ ਸਨ ਜਿਨ੍ਹਾਂ ਅਗਾਂਹ ਦੀ ਜ਼ਿੰਦਗੀ 'ਚ ਜਾ ਕੇ ਵਿਤ ਅਨੁਸਾਰ 'ਅਰਸ਼ 'ਤੇ ਉਚੇ ਹੋਰ ਕੁਮੰਦ ਪਾਉਣ' ਦੀ ਕੋਸ਼ਿਸ਼ ਕਰੀ ਜਾਣੀ ਸੀ ਅਤੇ ਜੋਗਿੰਦਰ ਸ਼ਮਸ਼ੇਰ ਨਾਲ ਜਿਨ੍ਹਾਂ ਦੀ ਤਾਰ ਕਿਸੇ ਨਾ ਕਿਸੇ ਰੂਪ ਵਿਚ ਉਮਰ ਭਰ ਜੁੜੀ ਰਹਿਣੀ ਸੀ।

ਘਰ ਦੀ ਗੁਰਬਤ ਦੇ ਬਾਵਜੂਦ ਮੀਸ਼ੇ ਦਾ ਪਿਤਾ ਦਾਰੂ ਪੀਣ ਦਾ ਸ਼ੌਕੀਨ ਸੀ ਅਤੇ ਆਪਣੇ ਇਕਲੌਤੇ ਪੁੱਤਰ ਨੂੰ ਨਾਲ ਬਿਠਾ ਕੇ ਦਾਰੂ ਪੀਣ ਤਾਂ ਉਸ ਲਾਇਆ ਹੀ, ਗਵਾਂਢ ਦੀ ਜਿਸ ਨਖਰੇਲੋ ਨਾਲ ਉਸ ਦੀ ਯਾਰੀ ਸੀ, ਉਸ ਦੇ ਭੇਤਾਂ ਦਾ ਹਮਰਾਜ਼ ਵੀ ਉਸ ਨੂੰ ਬਣਾਇਆ। ਪਿਉ ਨਾਲ ਉਹਦੀ ਦੋਸਤੀ ਬਹੁਤ ਮਜ਼ਬੂਤ ਰਹੀ। ਉਹ ਉਹਨੂੰ ਰਾਜਸੀ ਪ੍ਰਭਾਵ ਹੇਠ ਵੀ ਲਿਆਇਆ, ਪਰ ਉਹ ਉਸ ਤੋਂ ਉਹਦਾ ਇਸ਼ਕ ਨਾ ਛੁਡਾ ਸਕਿਆ। ਮਾਂ ਸਾਰੀ ਉਮਰ ਕਲਪਦੀ ਰਹੀ। ਉਧਰ, ਕਾਲਜ ਐਸੋਸੀਏਸ਼ਨ ਦੀ ਚੋਣ ਜਿੱਤ ਕੇ ਉਹ ਜਨਰਲ ਸਕੱਤਰ ਬਣਿਆ, ਪੰਜਾਬੀ ਸਾਹਿਤ ਲਗਨ ਨਾਲ ਪੜ੍ਹਨਾ ਸ਼ੁਰੂ ਕੀਤਾ ਅਤੇ ਕਾਲਜ ਦੇ ਮੈਗਜ਼ੀਨ ਦੀ ਸੰਪਾਦਕੀ ਸੰਭਾਲ ਲਈ। ਰੂਸੀ ਸਾਹਿਤ ਵਿਚ ਉਸ ਦੀ ਦਿਲਚਸਪੀ ਵਧੀ। ਪਿੰਡ ਦੀ ਇਕ ਵਿਆਹੀ ਹੋਈ ਨਖਰੇਲੋ ਕੁੜੀ ਨੇ ਉਸ ਦੀਆਂ ਆਦਤਾਂ 'ਸੁਧਾਰਨੀਆਂ' ਸ਼ੁਰੂ ਕੀਤੀਆਂ।

ਸੋ ਇਹ ਸੀ ਉਹ ਰੁਮਾਂਟਿਕ-ਪ੍ਰਗਤੀਵਾਦੀ ਮੀਸ਼ਾ ਜੋ ਰਣਧੀਰ ਕਾਲਜ ਵਿਚੋਂ ਪੂਰੀ ਤਰ੍ਹਾਂ ਪੱਕ ਕੇ ਬੀ.ਏ. ਅਤੇ ਐਮ.ਏ. ਕਰਨ ਲਈ ਯੂਨੀਵਰਸਿਟੀ ਕਾਲਜ ਹੁਸ਼ਿਆਰਪੁਰ ਗਿਆ ਅਤੇ ਉਸ ਦਾ ਵਾਹ ਸੁਰਜੀਤ ਹਾਂਸ, ਜੇ.ਐਸ. ਗਰੇਵਾਲ ਅਤੇ ਕੌਮਾਂਤਰੀ ਪੱਧਰ ਦੇ ਕਈ ਹੋਰ ਹਾਤਮ ਸੱਜਣਾਂ ਨਾਲ ਪਿਆ। ਕੌਮਾਂਤਰੀ ਪੱਧਰ 'ਤੇ ਇਹੋ ਉਹ ਦੌਰ ਸੀ ਜਦੋਂ ਕਾਮਰੇਡ ਸਟਾਲਿਨ ਅਤੇ ਅਡੌਲਫ ਹਿਟਲਰ ਦੇ ਆਪੋ-ਆਪਣੇ ਤਸੱਵਰਾਂ ਦੇ, ਧਰਤੀ ਉਤੇ ਧੱਕੇ ਨਾਲ 'ਸਵਰਗ' ਉਤਾਰਨ ਦੇ ਪ੍ਰਾਜੈਕਟਾਂ ਦਾ ਕੱਚਾ ਚਿੱਠਾ ਨੰਗਾ ਹੋ ਚੁਕਾ ਸੀ। ਯੂਰਪ ਦੇ ਬਹੁਤੇ ਖੱਬੇ ਪੱਖੀ ਬੁੱਧੀਜੀਵੀ ਉਸ ਮਸੀਹਾਈ ਸੁਪਨਸਾਜ਼ੀ ਦੀ ਹਕੀਕਤ ਤੋਂ ਤੌਬਾ ਕਰੀ ਬੈਠੇ ਸਨ। ਆਰਥਰ ਕੋਇਸਲਰ ਨੇ 'ਡਾਰਕਨੈੱਸ ਐਟ ਨੂਨ', ਜਾਰਜ ਆਰਵੈੱਲ ਨੇ '1984' ਅਤੇ ਵਿਕਟਰ ਸਰਜ਼ ਨੇ 'ਕੇਸ ਆਫ ਕਾਮਰੇਡ ਟੂਲਾਯੇਵ' ਵਰਗੇ ਸ਼ਾਹਕਾਰ ਪਹਿਲਾਂ ਹੀ ਲਿਖ ਛੱਡੇ ਸਨ, ਪਰ 'ਦੇਸ਼ ਭਗਤਕ ਜੰਗ' ਵਿਚ ਨਾਜ਼ੀਆਂ ਉਪਰ ਮਹਾਨ ਫਤਿਹ ਦਾ ਰੂਸੀਆਂ ਨੇ ਧੂੰਆਂ-ਧਾਰ ਪ੍ਰਚਾਰ ਜਿਵੇਂ ਕੀਤਾ, ਤੇ ਚੀਨ ਵਰਗੇ ਵਿਸ਼ਾਲ ਦੇਸ਼ ਅੰਦਰ ਕਾਮਰੇਡ ਮਾਓ ਨੇ ਲਾਲ ਪਰਚਮ ਜਿਸ ਅੰਦਾਜ਼ ਵਿਚ ਲਹਿਰਾਇਆ, ਤੀਸਰੇ ਜਗਤ ਦੇ ਬਹੁਤ ਦੇਸ਼ਾਂ ਦੇ ਬੁੱਧੀਜੀਵੀ ਅਗਲੇ ਕਈ ਵਰ੍ਹਿਆਂ ਲਈ ਬੁਰੀ ਤਰ੍ਹਾਂ ਚੁੰਧਿਆਏ ਰਹੇ। ਉਂਜ, ਸੱਚ ਝੂਠ ਦੀ ਇਹ ਲੁਕਣ ਮੀਟੀ ਅਤੇ ਜਾਣੇ-ਅਣਜਾਣੇ ਇਤਿਹਾਸ ਨਾਲ ਮਜ਼ਾਕ ਦਾ ਇਹ 'ਮਹਾਂ ਨਾਟਕ' ਇਕ ਸਾਰ ਨਾ ਚੱਲ ਸਕਿਆ। ਸੰਨ 1953 ਦੇ ਸ਼ੁਰੂ ਵਿਚ ਕਾਦਰ ਨੇ ਸਟਾਲਿਨ ਨੂੰ ਸੀਨ ਤੋਂ ਲਾਂਭੇ ਕਰ ਦਿੱਤਾ। ਉਸ ਦੇ ਜਾਨਸ਼ੀਨ ਨਿਕੀਤਾ ਖਰੁਸ਼ਚੋਵ ਨੇ 2-3 ਵਰ੍ਹਿਆਂ ਦੀ 'ਰਿਹਰਸਲ' ਤੋਂ ਬਾਅਦ ਵਿਸ਼ਵ ਇਤਿਹਾਸ ਦੇ 'ਚੁਰਸਤੇ' ਵਿਚ ਆਪਣੇ ਆਗੂ ਦੇ ਭਿਆਨਕ ਗੁਨਾਹਾਂ ਦਾ ਪਰਦਾ ਫਾਸ਼ ਕਰ ਦਿੱਤਾ। ਕਮਿਊਨਿਸਟਾਂ ਦੀ ਪ੍ਰੇਰਨਾ ਹੇਠਲੀ ਅਮਨ ਲਹਿਰ ਢੈਲੀ ਪੈ ਗਈ ਅਤੇ ਰੂਸ ਤੇ ਅਮਰੀਕਾ ਵਿਚਾਲੇ ਸਿਰੇ ਦੀ 'ਐਬਸਰਡ' ਠੰਢੀ ਜੰਗ ਪ੍ਰਚੰਡ ਹੋ ਗਈ।

ਖਰੁਸ਼ਚੋਵ ਦਾ ਕੌਤਕ ਵੇਖ-ਸੁਣ ਕੇ ਕਮਿਊਨਿਸਟ ਵਿਚਾਰਧਾਰਾ ਦੇ ਪੈਰੋਕਾਰਾਂ ਵਿਚੋਂ ਅੱਧੇ ਕੁ ਤਾਂ ਸੁੰਨ ਹੋ ਗਏ ਅਤੇ ਰਹਿੰਦੇ ਅੱਧਿਆਂ ਨੇ ਹਕੀਕਤ ਵੱਲ ਪਿੱਠ ਕਰ ਲਈ। ਅਗਲੇ 30-40 ਵਰ੍ਹੇ ਉਹ ਅਮਰੀਕੀ ਖੁਫੀਆ ਏਜੰਸੀ ਸੀ.ਆਈ.ਏ. ਦੀਆਂ ਸਾਜ਼ਿਸ਼ਾਂ ਦੀ ਮੁਹਾਰਨੀ ਪੜ੍ਹੀ ਗਏ ਜਦੋਂ ਤਕ ਮਿਖਾਈਲ ਗੋਰਬਾਚੋਵ ਨੇ ਆ ਕੇ ਸਟਾਲਿਨ ਵਲੋਂ ਜ਼ੋਰੋ-ਜ਼ਬਰੀ ਖੜ੍ਹੇ ਕੀਤੇ ਸਮਾਜਵਾਦੀ ਨਿਜ਼ਾਮ ਨੂੰ ਕੰਧਾਂ ਦੇਈ ਰੱਖਣ ਤੋਂ ਆਪਣੀ ਬੇਵਾਹ ਨਾ ਪ੍ਰਗਟਾ ਦਿੱਤੀ।

ਅਸਲ ਵਿਚ ਆਧੁਨਿਕ ਯੂਰਪੀ ਸਭਿਅਤਾ ਅਤੇ ਉਸ ਨਾਲ ਜੁੜੇ ਸਭ ਮੁੱਲਾਂ ਦੀ ਸਾਰਥਿਕਤਾ ਉਪਰ ਪਹਿਲੀ ਵਿਸ਼ਵ ਜੰਗ ਦੀ ਤਬਾਹੀ ਨੇ ਹੀ ਸਵਾਲੀਆ ਨਿਸ਼ਾਨ ਲਾ ਦਿੱਤਾ ਸੀ। ਆਧੁਨਿਕਤਾ ਦੇ ਸੰਕਟ ਦੇ ਪਿਛੋਕੜ ਵਿਚ ਪਿਟ ਚੁਕੇ ਆਸ਼ਾਵਾਦ ਨੂੰ ਛੱਡ ਕੇ ਇਨਸਾਨ ਨੂੰ ਪ੍ਰਮਾਣਿਕ ਅੰਦਾਜ਼ ਵਿਚ ਜਿਉਣ ਖਾਤਰ ਨਵਾਂ ਰਾਹ ਦਿਖਾਉਣ ਲਈ, ਨਵੇਂ ਮੁੱਲ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਹੈਰਾਕਲਾਈਟਸ ਤੋਂ ਬਾਅਦ ਪੱਛਮ ਦੇ ਸਭ ਤੋਂ ਚਰਚਿਤ ਵਿਦਵਾਨ ਮਾਰਟਿਨ ਹਾਈਡੇਗਰ ਨੇ ਇਸ ਚੁਣੌਤੀ ਨੂੰ ਕਬੂਲ ਕਰਦਿਆਂ ਪਹਿਲਾਂ 'ਬੀਇੰਗ ਐਂਡ ਟਾਈਮ' ਅਤੇ ਫਿਰ ਲਗਾਤਾਰ ਅਨੇਕਾਂ ਹੋਰ ਦਾਰਸ਼ਨਿਕ ਪੁਸਤਕਾਂ ਲਿਖ ਕੇ ਅਸਤਿਤਵਵਾਦੀ ਚਿੰਤਨ ਸਿਰਜਣ ਦੀ ਕੋਸ਼ਿਸ਼ ਕੀਤੀ। ਉਸ ਦੇ ਸਭ ਤੋਂ ਸਮਰੱਥ ਟੀਕਾਕਾਰ ਟਾਮਸ ਸ਼ੀਹਾਨ ਨੇ ਹਾਈਡੇਗਰ ਦੇ ਗਹਿਨ ਚਿੰਤਨ ਦੀਆਂ ਅਨੇਕਾਂ ਜਿਲਦਾਂ ਵਿਚ ਇਨਸਾਨ ਲਈ ਕੋਈ ਅਰਥਪੂਰਨ ਸਾਰਥਕ ਦਿਸ਼ਾ ਸੰਕੇਤ ਢੂੰਡਣ ਲਈ ਪੂਰੀ ਆਸ ਅਤੇ ਇਕਾਗਰਤਾ ਨਾਲ ਆਪਣੀ ਜ਼ਿੰਦਗੀ ਦੇ 40 ਵਰ੍ਹੇ ਖਰਚੇ। ਉਸ ਦੀ 'ਹਾਈਡੇਗਰ-ਏ ਪੈਰਾਡਾਈਮ ਸ਼ਿਫਟ' ਸਿਰਲੇਖ ਹੇਠਲੀ ਪੁਸਤਕ ਸਾਹਵੇਂ ਪਈ ਹੈ। ਉਸ ਦੇ ਕਹਿਣ ਅਨੁਸਾਰ, ਹਾਈਡੇਗਰ ਮਨੁੱਖੀ ਜੀਵਨ ਵਿਚ ਗੈਰ-ਪ੍ਰਮਾਣਿਕ ਪਹਿਲੂਆਂ ਦੀ ਨਿਸ਼ਾਨਦੇਹੀ ਕਮਾਲ ਦੇ ਅੰਦਾਜ਼ 'ਚ ਕਰਦਾ ਹੈ; ਬੰਦੇ ਨੂੰ ਆਪਣੀ ਆਤਮਾ ਨਾਲ ਇਕ ਸੁਰ ਹੋ ਕੇ ਜਿਉਣ ਦੀ ਲੋੜ ਬਹੁਤ ਹੀ ਨਿੱਗਰ ਰੂਪ ਵਿਚ ਜਚਾ ਦਿੰਦਾ ਹੈ, ਪਰ ਚੇਤਨਾ ਦੇ 'ਚੁਰਸਤੇ' ਵਿਚ ਛੱਡ ਜਾਂਦਾ ਹੈ। ਕਿਸੇ ਧੁਰ ਦੀ ਬਾਣੀ ਦਾ ਉਹ ਦਾਅਵਾ ਨਹੀਂ ਕਰਦਾ। ਉਸ ਦੇ ਸਿਰਜਣਾਤਮਕ ਜਗਤ ਅੰਦਰ ਇਨਸਾਨ ਲਈ ਸਪਸ਼ਟ ਮੰਜ਼ਿਲ ਦੀ ਦੱਸ ਵੀ ਨਹੀਂ ਹੈ। ਟਾਮਸ ਸ਼ੀਹਾਨ ਨੂੰ ਸ਼ਿਕਵਾ ਹੈ ਕਿ ਉਹ ਤਾਂ ਇਹ ਵੀ ਨਹੀਂ ਦੱਸਦਾ ਕਿ ਬੰਦਾ ਧਕੀਦਾ ਧਕਾਈਦਾ ਤਾਲਿਬਾਨ ਬਿਰਤੀ ਵਾਲੇ ਅਜੋਕੇ ਨਾਜ਼ੀਆਂ ਦੇ ਕਿਸੇ ਇੱਜੜ ਵਿਚ ਜਾ ਵੜੇ ਜਾਂ ਪ੍ਰਮਾਣਿਕ ਰੂਪ ਜ਼ਿੰਦਗੀ ਜਿਉਣ ਲਈ ਆਪਣੇ ਮਨ ਦੀ ਗੁਫਾ ਵਿਚ ਬਹਿ ਕੇ ਪੂਰਵ ਸੁਕਰਾਤ ਚਿੰਤਕਾਂ ਦਾ ਸਿਮਰਨ ਕਰਨ ਲਗ ਜਾਵੇ; ਪਰ ਟਾਮਸ ਸ਼ੀਹਾਨ ਮੰਨਦਾ ਹੈ ਕਿ ਜੋ ਵੀ ਹੈ, 'ਚੁਰਸਤੇ' ਦੀ ਸਪਿਰਿਟ ਵਾਲੇ ਕਠਿਨ ਚਿੰਤਨ ਅਤੇ ਅਜਿਹੀ ਦੁਬਿਧਾ ਦੀ ਪਾਰਦਰਸ਼ੀ ਸਵੀਕ੍ਰਿਤੀ ਵਿਚ ਹੀ ਅਜੋਕੇ ਮਨੁੱਖ ਦੀ ਸ਼ਾਨ ਹੈ। ਹਾਈਡੇਗਰ ਇਲਹਾਮੀ ਸੁਰ ਵਿਚ ਇਨਸਾਨ ਨੂੰ ਰਾਹ ਦਿਖਾਉਣ ਦਾ ਕੋਈ ਬੁਲੰਦ ਬਾਂਗ ਦਾਅਵਾ ਨਹੀਂ ਕਰਦਾ, ਪਰ ਉਹ 'ਵ੍ਹਟ ਇਜ਼ ਥਿੰਕਿੰਗ' ਵਰਗੀਆਂ ਪੁਸਤਕਾਂ ਲਿਖ ਕੇ ਬੰਦੇ ਨੂੰ ਬੈਸਾਖੀਆਂ ਤੋਂ ਬਿਨਾ ਜੁਰਅਤ ਨਾਲ ਸੋਚਣਾ ਸਿਖਾਉਂਦਾ ਹੈ।

ਮਾਰਟਿਨ ਹਾਈਡੇਗਰ ਦੇ ਅਜਿਹੇ ਚਿੰਤਨ ਦੀ ਕੜੀ ਵਿਚ ਹੀ 20ਵੀਂ ਸਦੀ ਦੇ ਸਭ ਤੋਂ ਪਿਆਰੇ ਚਿੰਤਕ ਅਲਬੇਅਰ ਕਾਮੂ ਨੇ 'ਮਿੱਥ ਆਫ ਸਿਸੀਫਸ' ਕਿਤਾਬ ਲਿਖੀ। ਸਾਲ 1951 ਵਿਚ ਉਚੀ ਸੁਰ ਵਾਲੇ ਇਲਹਾਮੀ ਦਾਅਵਿਆਂ ਵਾਲੀਆਂ ਸਭ ਵਿਚਾਰਧਾਰਾਵਾਂ ਵਿਚ ਮਾਨਵੀ ਸੁਤੰਤਰਤਾ ਲਈ ਨਿਹਿਤ ਖਤਰਿਆਂ ਨੂੰ ਦਰਸਾਉਣ ਲਈ

***(ਬਾਕੀ ਅਗਲੇ ਸਫੇ 'ਤੇ)***

ਉਹਨੇ ਜਗਤ ਪ੍ਰਸਿਧ ਪੁਸਤਕ 'ਦਿ ਰਿਬੈੱਲ' ਦੀ ਰਚਨਾ ਕੀਤੀ। ਸਟਾਲਿਨ ਦੇ ਭਿਆਨਕ ਵਗਾਰੀ ਕੈਂਪਾਂ ਦੀ ਹਕੀਕਤ ਨੂੰ ਬੇਪਰਦ ਕਰਨ ਦੇ ਮੁੱਦੇ 'ਤੇ ਆਪਣੇ ਮਿੱਤਰ ਯਾਂ ਪਾਲ ਸਾਰਤਰ ਨੂੰ ਅੰਤਿਮ ਫਤਿਹ ਬੁਲਾ ਕੇ ਉਸ ਵਕਤ ਦੇ ਸਟਾਲਿਨੀ ਸੁਰ ਵਾਲੇ ਕਾਮਰੇਡਾਂ ਦੀ 'ਇਖਲਾਕੀ ਧੌਂਸ' ਮੰਨਣ ਤੋਂ ਉਹ ਇਨਕਾਰੀ ਹੋ ਗਿਆ। 'ਸਿਸੀਫਸ' ਵਾਲੀ ਕਿਤਾਬ ਵਿਚ ਆਧੁਨਿਕ ਇਨਸਾਨ ਦੀ ਸੰਕਟ ਮਾਰੀ ਮਨੋਸਥਿਤੀ ਦੀ ਚਰਚਾ ਕਰਦਿਆਂ, ਉਸ ਨੂੰ ਰੱਬੀ ਮਿਹਰ ਜਾਂ 'ਅੰਤਿਮ ਹਾਂ' ਵਰਗੇ ਕਿਸੇ ਝੂਠੇ ਆਸਰੇ ਤੋਂ ਮੁਕਤ ਹੋ ਕੇ ਆਪਣੇ ਸੰਤਾਪ ਨੂੰ ਖਿੜੇ ਮੱਥੇ ਸਵੀਕਾਰਦਿਆਂ, ਜ਼ਿੰਦਗੀ ਨੂੰ ਰੂਹ ਦੇ ਪੂਰੇ ਰੱਜ ਅਤੇ ਸ਼ਾਨ ਨਾਲ ਜਿਉਣ ਦੀ ਸਲਾਹ ਉਹ ਦੇ ਹੀ ਚੁੱਕਿਆ ਸੀ।... ਤੇ ਫਿਰ 'ਰਿਬੈੱਲ' ਦੇ ਪ੍ਰਕਾਸ਼ਨ ਵਰ੍ਹੇ ਦੌਰਾਨ ਹੀ ਸੈਮੂਅਲ ਬੈਕਟ ਨੇ 'ਚੁਰਸਤੇ' ਵਿਚ ਖਲੋ ਕੇ 'ਗੋਦੋ ਨੂੰ ਉਡੀਕਦਿਆਂ' ਨਾਟਕ ਦੀ ਰਚਨਾ ਵੀ ਕਰ ਦਿੱਤੀ ਹੋਈ ਸੀ।

ਕਹਿਣ ਤੋਂ ਮੁਰਾਦ, ਇਹ ਸੀ ਮਹਾਂ ਇਖਲਾਕੀ ਸੰਕਟ ਜਿਸ ਅੰਦਰ ਪੱਛਮ ਦੇ ਅਨੇਕਾਂ ਇਮਾਨਦਾਰ ਤੇ ਸੰਵੇਦਨਸ਼ੀਲ ਇਨਸਾਨ ਦੂਸਰੇ ਵਿਸ਼ਵ ਯੁੱਧ ਦੌਰਾਨ ਅਡੌਲਫ ਹਿਟਲਰ ਹੱਥੋਂ ਯਹੂਦੀਆਂ ਨੂੰ ਮਹਾਂਨਾਸ਼ ਤੇ 'ਮਾਸਕੋ ਮੁਕੱਦਮਿਆਂ' ਵਰਗੀਆਂ ਕਾਲੀਆਂ ਖੌਫਨਾਕ ਕਰਤੂਤਾਂ ਦੀ ਹਕੀਕਤ ਸਾਹਮਣੇ ਆਉਣ ਦੇ ਪਿਛੋਕੜ ਵਿਚ ਫਸੇ ਮਹਿਸੂਸ ਕਰ ਰਹੇ ਸਨ, ਪਰ ਜਿਸ ਦਾ ਅਹਿਸਾਸ ਮੀਸ਼ੇ ਅਤੇ ਉਨ੍ਹਾਂ ਜਿਹੀ ਸੰਵੇਦਨਾ ਵਾਲੇ ਪੰਜਾਬੀ ਬੁੱਧੀਜੀਵੀਆਂ ਤੇ ਆਦਰਸ਼ਵਾਦੀ ਨੌਜਵਾਨਾਂ ਨੂੰ ਅਚਾਨਕ ਖਰੁਸ਼ਚੋਵ ਦੀ ਰਿਪੋਰਟ ਦੇ ਵਿਸਫੋਟ ਤੋਂ ਬਾਅਦ ਅਚਾਨਕ ਹੋਣਾ ਸ਼ੁਰੂ ਹੋਇਆ, ਨਤੀਜੇ ਵਜੋਂ ਸੈਕੂਲਰ ਬੁੱਧੀਜੀਵੀ ਵੰਡੇ ਗਏ। ਜਸਬੀਰ ਸਿੰਘ ਆਹਲੂਵਾਲੀਆ ਅਤੇ ਤੇਜਵੰਤ ਸਿੰਘ ਗਿੱਲ ਦੇ ਰੂਪ ਵਿਚ ਸਪਸ਼ਟ ਵੰਨਗੀਆਂ ਦੇ ਦੋ ਪੋਲ (ਉਸ ਦੌਰ ਵਿਚ ਨਵੇਂ ਉਭਰ ਰਹੇ ਚਿੰਤਕਾਂ ਦੇ) ਸਾਡੇ ਸਾਹਵੇਂ ਹਨ। ਇਨ੍ਹਾਂ ਬੁੱਧੀਜੀਵੀਆਂ ਦੀ ਸੁਰ ਸਪਸ਼ਟ ਹੈ, ਰਾਹਾਂ ਦੀ ਦਿਸ਼ਾ ਦਾ ਕੋਈ ਰੌਲਾ ਨਹੀਂ।

ਮੀਸ਼ਾ ਆਪਣੇ ਪਿਆਰੇ ਮਿੱਤਰ ਨੰਦੀ ਬੱਲ ਨਾਲ ਇਨ੍ਹਾਂ ਦੋਵਾਂ ਪੋਲਾਂ ਤੋਂ ਪਾਸੇ ਖੜ੍ਹਾ ਮੁਸਕਰਾ ਰਿਹਾ ਹੈ ਅਤੇ ਕਾਂਜਲੀ ਝੀਲ ਵੱਲ ਆਪਣੀ ਅੰਤਿਮ ਯਾਤਰਾ ਤਕ ਉਹਨੇ ਇਸੇ ਤਰ੍ਹਾਂ ਮੁਸਕਰਾਈ ਜਾਣਾ ਹੈ। ਅਲਬੇਅਰ ਕਾਮੂ ਦਾ 'ਆਊਟਸਾਈਡਰ', ਜਾਰਜ ਆਰਵੈੱਲ ਦਾ '1984' ਅਤੇ ਬੈਕਟ ਦਾ 'ਗੋਦੋ' ਉਸ ਪੜ੍ਹੇ ਹੋਏ ਸਨ ਜਾਂ ਨਹੀਂ, ਇਹ ਬਹਿਸ ਦਾ ਮੁੱਦਾ ਨਹੀਂ। ਸਵਾਲ ਹੈ ਕਿ ਅਹਿਸਾਸ ਦੇ ਪੱਧਰ ਉਤੇ 'ਚੁਰਸਤਾ' ਵਰਗੀ ਨਜ਼ਮ ਲਿਖਦਿਆਂ ਉਹ ਉਸੇ ਤਰ੍ਹਾਂ ਦੀ ਅਨੁਭੂਤੀ ਦੀ ਗ੍ਰਿਫਤ ਵਿਚ ਸਨ ਜਿਸ ਵਿਚੋਂ ਇਹ ਚਿੰਤਕ ਬੋਲ ਰਹੇ ਸਨ।

ਇਹ ਸੀ ਉਹ ਸੰਵੇਦਨਾ, ਆਤਮਿਕ ਸੰਕਟ ਦਾ ਮਾਹੌਲ ਅਤੇ ਪਿਛੋਕੜ ਜਿਸ ਵਿਚ ਮੀਸ਼ਾ ਹੁਸ਼ਿਆਰਪੁਰ ਕਾਲਜ 'ਚ ਪੜ੍ਹਦਿਆਂ ਸੁੱਤੇ-ਸਿੱਧ ਹੀ ਆਪਣੀ 'ਚੁਰਸਤਾ' ਨਾਂ ਦੀ ਵਿਆਕੁਲ ਕਰ ਜਾਣ ਵਾਲੀ ਨਜ਼ਮ ਉਚਾਰਦਾ ਹੈ। ਨਜ਼ਮ ਦੇ ਬੋਲ ਸੁਣੋ; ਰੂਹਾਨੀ ਬੇਵਸੀ ਦਾ ਆਲਮ ਜ਼ਰਾ ਵੇਖੋ:

ਕਿੰਨੀ ਅੰਨ੍ਹੀ ਹੈ ਇਹ ਰਾਤ
ਬੁਝ ਗਏ ਸਾਰੇ ਚਿਰਾਗ,
ਚੌਕ ਦੀ ਬੱਤੀ ਬਿਨਾ
ਚੌਕ ਦੀ ਮਰੀਅਲ ਜਿਹੀ ਬੱਤੀ ਬਿਨਾ
ਕਿਰਨ ਚਾਨਣ ਦੀ ਕਿਤੋਂ ਵੀ
ਪਾ ਰਹੀ ਨਾ ਕੋਈ ਝਾਤ
ਚੌਹੀਂ ਪਾਸੀਂ ਰਾਤ ਅੰਨ੍ਹੀ ਸੀਤ ਹੈ
ਸੁੰਘਿਆ ਇਸ ਨੂੰ ਉਦਾਸੀ ਸੱਪ ਨੇ
ਸੌਂ ਗਿਆ ਕਿ ਮਰ ਗਿਆ ਇਹ ਸ਼ਹਿਰ ਹੈ?
ਹੌਕੇ ਭਰਦੀ ਸੋਗ ਨੇ
ਹੈ ਪੌਣ ਸਾਹੋਂ ਉਘੜੀ
ਫੂਕਰਾਂ ਨੇ ਮਾਰਦੇ ਨ੍ਹੇਰੇ ਦੇ ਨਾਗ,
ਇਸ ਫਿਜ਼ਾ ਦੀ ਰਗ ਰਗ ਵਿਚ ਜ਼ਹਿਰ ਹੈ,
ਕਹਿਰ ਹੈ, ਹਾਏ ਕਹਿਰ ਹੈ।

---

ਰਾਤ ਕਿੰਨੀ ਸੀਤ ਹੈ!
ਦਿਲ ਕਿਸੇ ਦੀ ਨੁੱਕਰੇ ਵੀ
ਚਿਣਗ ਬਾਕੀ ਹੈ ਕੋਈ?
ਭੇਤ ਨਾ ਕੋਈ ਭੇਤ ਨਾ,
ਅਹਿਸਾਸ ਠੰਢਾ ਹੋ ਰਿਹਾ,
ਸੁੰਨੀ ਹੁੰਦੀ ਜਾ ਰਹੀ ਹੈ ਚੇਤਨਾ।
ਕਿੰਨਾ ਔਖਾ ਹੈ ਚੁਰਸਤਾ ਛੱਡਣਾ!
ਹਾਏ ਹੱਡਾਂ ਵਿਚ ਸਿੱਕਾ ਭਰ ਗਿਆ
ਸੱਚ 'ਤੇ ਪਰਦਾ ਸਿਆਹ
ਤੇ ਸੂਝ ਦੀ ਹੋਈ ਬਵਾਹ।
ਚੌਕ ਦੀ ਮਰੀਅਲ ਜਿਹੀ ਬੱਤੀ
ਕਿਸੇ ਨੂੰ ਕੀ ਵਿਖਾ ਸਕਦੀ ਏ ਰਾਹ!

ਚਾਲੀ ਵਰ੍ਹੇ ਪਹਿਲਾਂ ਸਾਡੇ ਕਿਸੇ ਪ੍ਰਗਤੀਸ਼ੀਲ ਮਿੱਤਰ ਨੇ ਚਿੜ ਕੇ ਕਿਹਾ ਸੀ ਕਿ 'ਜੁਰਮ ਤੇ ਸਜ਼ਾ' ਵਿਚ ਆਖਰ ਹੈ ਕੀ? ਇਹੀ ਨਾ ਕਿ ਵਿਆਜੂ ਪੈਸੇ ਦੇਣ ਵਾਲੀ ਮਰੀਅਲ ਜਿਹੀ, ਕਿਸੇ ਕੰਜੂਸ ਜਿਹੀ ਬੁਢੜੀ ਨੂੰ ਪੈਸਿਆਂ ਦੀ ਤੱਦੀ ਕਰ ਕੇ ਕਿਸੇ ਲੋੜਵੰਦ ਹੋਣਹਾਰ ਨੌਜਵਾਨ ਨੇ ਮਾਰ ਦਿੱਤਾ- ਦੈਨ ਵ੍ਹੱਟ! ਪ੍ਰੇਮ ਪ੍ਰਕਾਸ਼ ਇਹੋ ਤਾਂ ਕਹਿ ਰਹੇ ਹਨ ਕਿ ਉਹ ਤੇ ਉਨ੍ਹਾਂ ਦੇ ਯਾਰ ਕਾਫੀ ਹਾਊਸ ਵਿਚ ਕਈ ਵਰ੍ਹੇ 'ਕੌੜੀ ਕਾਫੀ ਦੀ ਪਿਆਲੀ ਲਿਆਈਂ" ਓਏ ਬਹਿਰੇ- ਕਿੰਨਾ ਔਖਾ ਹੈ ਚੁਰਸਤਾ ਛੱਡਣਾ! ਕਹਿ ਕੇ ਮੀਸ਼ਾ ਜੀ ਨੂੰ ਛੇੜਦੇ ਰਹੇ ਸਨ। ਮੁਬਾਰਕ ਹੈ! ਪਰ ਸਾਨੂੰ ਇਹ ਨਜ਼ਮ ਉਸੇ ਤਰ੍ਹਾਂ ਬੇਹੱਦ ਹੈਰਾਨ ਕਰਦੀ ਹੈ ਜਿਸ ਤਰ੍ਹਾਂ 'ਗੋਦੋ ਨੂੰ ਉਡੀਕਦਿਆਂ' ਅਤੇ 'ਕੇਸ ਆਫ ਕਾਮਰੇਡ ਟੂਲਾਯੇਵ' ਦੀ ਪੜ੍ਹਤ ਅੱਜ ਵੀ ਡਾਢਾ ਪ੍ਰੇਸ਼ਾਨ ਕਰਦੀ ਹੈ।

ਸ਼ੀਹਾਨ ਠੀਕ ਕਹਿੰਦਾ ਹੈ, ਮਾਰਟਿਨ ਹਾਈਡੇਗਰ ਦੇ ਸਮੁੱਚੇ ਚਿੰਤਨ ਵਿਚ ਇਨਸਾਨ ਨੂੰ ਧਾਰਮਕ ਜਾਂ ਕਿਸੇ ਵੀ ਕਿਸਮ ਦੀਆਂ ਗੈਰ-ਪ੍ਰਮਾਣਿਕ ਵਿਚਾਰਧਾਰਕ ਆਸਥਾਵਾਂ ਦੀਆਂ ਬੈਸਾਖੀਆਂ ਦੇ ਸਹਾਰੇ ਬਿਨਾ ਆਪਣੀ ਹਸਤੀ ਤੇ ਹੋਣੀ ਦੇ ਨੰਗੇ ਸੱਚ ਦਾ ਸਾਹਮਣਾ ਕਰਨ ਦੀ ਜੁਰਅਤ ਦਾ ਸੱਦਾ ਹੈ; ਕੋਈ ਦਿਸ਼ਾ ਨਹੀਂ, ਫਿਰ ਇਹ ਕੋਈ ਮਿਹਣਾ ਤਾਂ ਨਹੀਂ! ਉਹ ਬੰਦੇ ਨੂੰ ਬੰਦੇ ਦੇ ਪੁੱਤ ਵਾਂਗੂੰ ਆਪਣੀ ਤ੍ਰਾਸਦਿਕ ਹੋਣੀ ਨੂੰ ਜੁਰਅਤ ਨਾਲ ਸਵੀਕਾਰ ਕਰਦਿਆਂ ਜਿਉਣ ਦੀ ਜਾਚ ਤਾਂ ਸਿਖਾਉਂਦਾ ਹੈ। ਫਰਾਂਜ ਕਾਫਕਾ ਦੇ ਸ਼ਾਹਕਾਰ 'ਦਿ ਕੈਸਲ' ਦੀ ਅਨੰਤ ਸ਼ਾਨ ਹੀ ਇਸ ਗੱਲ ਵਿਚ ਨਿਹਿਤ ਹੈ ਕਿ ਉਥੇ ਇਨਸਾਨ ਲਈ ਝੂਠੀ ਆਸ ਦਾ ਕਿਧਰੇ ਭੋਰਾ ਭਰ, ਜ਼ਰਾ ਮਾਸਾ ਸੰਕੇਤ ਵੀ ਨਹੀਂ। ਦੋਵੇਂ ਚਿੰਤਕ ਆਪਣੇ ਅਨੇਕਾਂ ਸ਼ਾਨਾਂਮੱਤੇ ਪ੍ਰਸ਼ੰਸਕਾਂ ਅਤੇ ਮਿੱਤਰਾਂ ਦੀ ਭੀੜ ਦੇ ਬਾਵਜੂਦ ਚੇਤਨਾ ਦੇ 'ਚੁਰਸਤੇ' ਵਿਚ ਪੂਰੀ ਸਜ-ਧਜ ਅਤੇ ਅਕੀਦਤ ਨਾਲ ਖੜ੍ਹੇ ਇਸੇ ਤਰ੍ਹਾਂ ਦੀ ਗੱਲ ਹੀ ਤਾਂ ਕਹਿੰਦੇ ਰਹੇ ਜੋ ਮੀਸ਼ਾ ਨੇ ਆਪ ਆਪਣੀ ਇਸ ਸ਼ੁਰੂਆਤੀ ਅਤੇ ਬੇਹੱਦ ਮਾਅਨੇਖੇਜ਼ ਨਜ਼ਮ ਵਿਚ ਕੀਤੀ ਹੋਈ ਹੈ।

*ਸ਼ੀਹਾਨ ਠੀਕ ਕਹਿੰਦਾ, ਮਾਰਟਿਨ ਹਾਈਡੇਗਰ ਦੇ ਸਮੁੱਚੇ ਚਿੰਤਨ ਵਿਚ ਇਨਸਾਨ ਨੂੰ ਧਾਰਮਿਕ ਜਾਂ ਕਿਸੇ ਵੀ ਕਿਸਮ ਦੀਆਂ ਗੈਰ-ਪ੍ਰਮਾਣਿਕ ਵਿਚਾਰਧਾਰਕ ਆਸਥਾਵਾਂ ਦੀਆਂ ਬੈਸਾਖੀਆਂ ਦੇ ਸਹਾਰੇ ਬਿਨਾਂ ਆਪਣੀ ਹਸਤੀ ਤੇ ਹੋਣੀ ਦੇ ਨੰਗੇ ਸੱਚ ਦਾ ਸਾਹਮਣਾ ਕਰਨ ਦੀ ਜੁਰਅਤ ਦਾ ਸੱਦਾ ਹੈ; ਕੋਈ ਦਿਸ਼ਾ ਨਹੀਂ, ਫਿਰ ਇਹ ਕੋਈ ਮਿਹਣਾ ਤਾਂ ਨਹੀਂ! ਉਹ ਬੰਦੇ ਨੂੰ ਬੰਦੇ ਦੇ ਪੁੱਤ ਵਾਂਗੂੰ, ਆਪਣੀ ਤ੍ਰਾਸਦਿਕ ਹੋਣੀ ਨੂੰ ਜੁਰਅਤ ਨਾਲ ਸਵੀਕਾਰ ਕਰਦਿਆਂ ਜਿਉਣ ਦੀ ਜਾਚ ਤਾਂ ਸਿਖਾਉਂਦਾ ਹੈ। ਫਰਾਂਜ ਕਾਫਕਾ ਦੇ ਸ਼ਾਹਕਾਰ 'ਦਿ ਕੈਸਲ' ਦੀ ਅਨੰਤ ਸ਼ਾਨ ਹੀ ਇਸ ਗੱਲ ਵਿਚ ਨਿਹਿਤ ਹੈ ਕਿ ਉਥੇ ਇਨਸਾਨ ਲਈ ਝੂਠੀ ਆਸ ਦਾ ਕਿਧਰੇ ਭੋਰਾ ਭਰ, ਜ਼ਰਾ ਮਾਸਾ ਸੰਕੇਤ ਵੀ ਨਹੀਂ। ਦੋਵੇਂ ਚਿੰਤਕ ਆਪਣੇ ਅਨੇਕਾਂ ਸ਼ਾਨਾਂਮੱਤੇ ਪ੍ਰਸ਼ੰਸਕਾਂ ਅਤੇ ਮਿੱਤਰਾਂ ਦੀ ਭੀੜ ਦੇ ਬਾਵਜੂਦ ਚੇਤਨਾ ਦੇ 'ਚੁਰਸਤੇ' ਵਿਚ ਪੂਰੀ ਸਜ-ਧਜ ਅਤੇ ਅਕੀਦਤ ਨਾਲ ਖੜ੍ਹੇ ਇਸੇ ਤਰ੍ਹਾਂ ਦੀ ਗੱਲ ਹੀ ਤਾਂ ਕਹਿੰਦੇ ਰਹੇ ਜੋ ਮੀਸ਼ੇ ਨੇ ਆਪ ਆਪਣੀ ਇਸ ਸ਼ੁਰੂਆਤੀ ਅਤੇ ਬੇਹੱਦ ਮਾਅਨੇਖੇਜ਼ ਨਜ਼ਮ ਵਿਚ ਕੀਤੀ ਹੋਈ ਹੈ।*



ਮਾਰਟਿਨ ਹਾਈਡੇਗਰ

ਇਥੇ 'ਚੁਰਸਤੇ' ਵਿਚ ਮਰੀਅਲ ਜਿਹੀ ਲੋਅ ਵਾਲੀ ਬੱਤੀ ਹੇਠਾਂ ਖੜ੍ਹੇ ਬੰਦੇ ਦੀ ਬੇਚੈਨੀ ਨੂੰ ਸਮਝਣ ਦੀ ਕੋਸ਼ਿਸ਼ ਕਰਦਿਆਂ ਸੈਮੂਅਲ ਬੈਕਟ ਅਤੇ ਮਾਰਟਿਨ ਹਾਈਡੇਗਰ ਦੇ ਨਾਲ ਹੀ ਪਿਆਰੇ ਮਿੱਤਰ ਕਰਮਜੀਤ ਸਿੰਘ ਦੀ ਬੇਚੈਨੀ ਦੇ ਕਈ ਲਮਹਿਆਂ ਦੀ ਯਾਦ ਆ ਗਈ ਹੈ। ਨਿੱਘੀ ਨੇੜਤਾ ਅਤੇ ਸਾਂਝ ਦੇ ਵਰ੍ਹਿਆਂ ਦੌਰਾਨ ਅਜਿਹੇ ਮੌਕਿਆਂ 'ਤੇ ਉਹਨੂੰ ਕਈ ਵਾਰ ਘਰੇ ਮਹਾਰਾਜ ਵਾਲੇ ਕਮਰੇ ਦੀ ਓਟ-ਆਸਰਾ ਲੈਂਦਿਆਂ ਤੱਕਿਆ ਹੈ। ਉਸ ਦਾ ਸਦਾ ਹੀ ਇਤਕਾਦ ਰਿਹਾ ਹੈ ਕਿ 'ਚੁਰਸਤੇ' ਵਿਚ ਫਸਣਾ ਹੀ ਕਿਉਂ ਹੈ? ਗੁਰਮੁਖ ਲਈ ਸੱਚੇ ਪਾਤਸ਼ਾਹ ਨੇ ਰਾਹ ਬੜਾ ਸੋਹਣਾ ਦੱਸਿਆ ਤਾਂ ਹੋਇਆ। ਸਾਡਾ ਇਸ ਵੱਡੇ ਵੀਰ ਨੂੰ ਸਦਾ ਇਹੋ ਜਵਾਬ ਰਿਹਾ ਕਿ ਰਾਹ ਤਾਂ ਭਗਵਾਨ ਬੁੱਧ ਤੇ ਹਜ਼ਰਤ ਈਸਾ ਨੇ ਅਤੇ ਉਨ੍ਹਾਂ ਤੋਂ ਪਿੱਛੋਂ ਸੰਤ ਪਾਲ ਤੇ ਪੈਗੰਬਰ ਮੁਹੰਮਦ ਨੇ ਮੁੱਦਤਾਂ ਪਹਿਲਾਂ ਵੀ ਦੱਸਿਆ ਹੋਇਐ; ਰੱਬ ਸੱਚੇ 'ਚ ਆਸਥਾ ਦਾ ਆਸਰਾ ਜਿਸ ਲੈਣਾ ਹੈ, ਉਹ ਜੀਅ ਸਦਕੇ ਲਵੇ, ਪਰ ਕਾਦਰ ਨੇ ਇਨਸਾਨੀ ਹਸਤੀ ਜੋ ਘੜੀ ਹੈ, ਉਸ ਅੰਦਰ ਪ੍ਰੋਮੀਥੀਅਸ ਵਾਲੀ ਸਪਿਰਿਟ ਵੀ ਤਾਂ ਭਰੀ ਹੈ ਜਿਸ ਦੀ ਖੁਦ ਆਪਣੇ ਤਰਕ ਤੇ ਅਰਥਾਂ ਦੀ ਨਿਰੰਤਰ ਤਲਾਸ਼ ਬਿਨਾ ਮੁਕਤੀ ਨਹੀਂ।

ਸ਼ੀਹਾਨ ਠੀਕ ਆਖਦਾ ਹੈ ਕਿ ਮਾਰਟਿਨ ਹਾਈਡੇਗਰ ਦੇ ਲਾਸਾਨੀ ਅਤੇ ਤਾਕਤਵਰ ਤਰਕ ਦੇ ਬਾਵਜੂਦ ਉਸ ਕੋਲੋਂ ਗੱਲ ਬਣੀ ਨਹੀਂ, ਪਰ ਉਸ ਦੇ ਚਿੰਤਨ ਅੰਦਰ ਉਸ ਦੀ ਅਜਿਹੀ ਸਪਿਰਿਟ ਆਪਣੇ ਪਾਰਦਰਸ਼ੀ ਜਲੌਅ ਵਿਚ ਨੁਮਾਇਆ ਹੈ। ਸੋ, ਉਸ ਨੂੰ ਨਮੋ ਤਾਂ ਕਹਿਣੀ ਹੀ ਪੈਣੀ ਹੈ। ਗੱਲ ਪੱਛਮ ਜਾਂ ਪੂਰਬ ਦੀ ਨਹੀਂ, ਗੱਲ ਉਸ ਬੰਦੇ ਦੀ ਭਟਕਣ ਅਤੇ ਉਸ ਦੀ ਆਤਮਿਕ ਬੇਚੈਨੀ ਦੀ ਹੈ ਜਿਸ ਨੂੰ ਮਹਿਜ਼ ਫੇਥ ਦੇ ਆਸਰੇ ਤੋਂ ਢੋਈ ਨਹੀਂ ਹੈ। ਬੰਦਾ ਕੋਈ ਤਾ-ਉਮਰ 'ਚੁਰਸਤੇ' ਵਿਚ ਖੜ੍ਹਾ ਰਹਿ ਕੇ ਦਿਖਾਵੇ ਤਾਂ ਸਹੀ!

1962-64 ਦੇ ਵਰ੍ਹਿਆਂ ਦੌਰਾਨ ਮੀਸ਼ਾ ਅਜੇ ਨੈਸ਼ਨਲ ਕਾਲਜ ਸਠਿਆਲਾ ਵਿਚ ਹੀ ਸੀ ਕਿ ਕਮਿਊਨਿਸਟ ਪਾਰਟੀ ਅੰਦਰ ਦੁਫਾੜ ਪੈ ਗਿਆ। ਪਹਿਲਾਂ ਮਾਰਕਸਵਾਦੀ ਕਮਿਊਨਿਸਟ ਪਾਰਟੀ (ਸੀ.ਪੀ.ਐਮ.) ਨੇ 3-4 ਵਰ੍ਹੇ ਇਨਕਲਾਬੀ ਪਰਚਮ ਪੂਰੇ ਸਵੈ ਭਰੋਸੇ ਨਾਲ ਬੁਲੰਦ ਕੀਤਾ, ਫਿਰ ਜਲਦੀ ਹੀ ਚੀਨ ਦੇ ਸਭਿਆਚਾਰਕ ਇਨਕਲਾਬ ਨਾਲ ਮਾਓਵਾਦੀ ਧਿਰਾਂ ਅਲੀ ਅਲੀ ਕਰ ਕੇ ਪੰਜਾਬ ਦੇ ਕਲਾਤਮਿਕ-ਬੁੱਧੀਜੀਵੀ ਮੰਚਾਂ 'ਤੇ ਹਾਵੀ ਹੋ ਗਈਆਂ। ਇਹ ਉਹ ਦੌਰ ਸੀ ਜਦੋਂ ਮੀਸ਼ੇ ਦੇ ਸਮਕਾਲੀਆਂ 'ਚ ਹਰਭਜਨ ਸਿੰਘ ਹੁੰਦਲ ਮਾਰਕਸੀ ਪਾਰਟੀ ਨਾਲ ਸਨ, ਇਕ ਹੋਰ ਪ੍ਰਤਿਭਾਸ਼ਾਲੀ ਸਮਕਾਲੀ ਜਗਤਾਰ ਨੇ 'ਲਹੂ ਦੇ ਨਕਸ਼' ਲਿਖ ਕੇ ਸਿੱਧਾ ਐਲਾਨ ਕਰ ਦਿੱਤਾ ਸੀ:

ਤੇ ਫੇਰ ਇਕ ਰਾਤ
ਮੈਂ ਉਨ੍ਹਾਂ 'ਚ ਸ਼ਾਮਲ ਹੋ ਗਿਆ
ਜਿਨ੍ਹਾਂ ਖੇਤਾਂ ਦੀ ਮਿੱਟੀ ਚੁੰਮ ਕੇ
ਕਸਮ ਸੀ ਖਾਧੀ
ਇਹ ਸਭ ਕੁਝ ਰਹਿਣ ਨਹੀਂ ਦੇਣਾ
ਇਹ ਸਭ ਕੁਝ ਹੋਣ ਨਹੀਂ ਦੇਣਾ।

---

ਮੈਂ ਉਨ੍ਹਾਂ 'ਚ ਸ਼ਾਮਲ ਸਾਂ
ਜਿਨ੍ਹਾਂ ਨੇ ਹੋਣੀਆਂ ਦੇ ਅਰਥ ਬਦਲੇ ਨੇ
ਤੇ ਬੁਝ ਰਹੀ ਜ਼ਿੰਦਗੀ ਵਿਚ
ਫੇਰ ਨੇ ਚੰਗਿਆੜੀਆਂ ਧਰੀਆਂ।

ਇਸੇ ਸਮੇਂ ਦੌਰਾਨ ਇਕ ਹੋਰ ਮਹਿਬੂਬ ਸ਼ਾਇਰ ਪਾਸ਼ ਦੇ ਕਾਵਿ-ਬੋਲਾਂ ਦਾ ਡੰਕਾ ਵੱਜਿਆ। ਡਾ. ਜਸਬੀਰ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਪ੍ਰਯੋਗਸ਼ੀਲ ਕਵਿਤਾ ਦੀ ਲਹਿਰ ਚੱਲੀ, ਡਾ. ਹਰਭਜਨ ਸਿੰਘ ਦੀ ਚੜ੍ਹਤ ਹੋਈ ਅਤੇ ਸੁਰਜੀਤ ਪਾਤਰ ਦੀਆਂ ਸੁੰਦਰ ਨਜ਼ਮਾਂ ਵੀ ਚਰਚਾ ਦਾ ਵਿਸ਼ਾ ਬਣਨ ਲੱਗੀਆਂ, ਪਰ ਨਕਸਲੀ ਚੜ੍ਹਤ ਦਾ ਦੌਰ ਜ਼ਿਆਦਾ ਸਮਾਂ ਨਾ ਰਿਹਾ। 1971-72 ਵਿਚ ਇੰਦਰਾ ਗਾਂਧੀ ਦੀ ਰਾਜਸੀ ਸੱਤਾ 'ਤੇ ਪਕੜ ਪਹਿਲੀ ਵਾਰੀ ਪੂਰੀ ਤਰ੍ਹਾਂ ਮਜ਼ਬੂਤ ਹੋਈ। ਉਸ ਦੇ ਭਾਂਤ ਭਾਂਤ ਦੇ ਮੌਕਾਪ੍ਰਸਤ ਰਾਜਨੀਤਕ ਵਿਰੋਧੀਆਂ ਨੂੰ ਇਹ ਗੱਲ ਕਤਈ ਮਨਜ਼ੂਰ ਨਹੀਂ ਸੀ। ਉਨ੍ਹਾਂ ਉਸ ਨੂੰ ਚਿੱਤ ਕਰਨ ਖਾਤਰ, ਜਮਹੂਰੀਅਤ ਨੂੰ ਮੋਕਲਾ ਕਰਨ ਦੇ ਪੱਜ ਜੈ ਪ੍ਰਕਾਸ਼ ਵਰਗੇ ਜੋਖ਼ਮ ਭਰੀਆਂ ਅਮਲੀ ਸਮਸਿਆਵਾਂ ਦੇ ਗਿਆਨ ਤੋਂ ਕੋਰੇ, ਸਾਧ ਕਿਸਮ ਦੇ ਸੁਪਨਸਾਜ਼ 'ਰਹਿਨੁਮਾ' ਨੂੰ ਸਿਰੇ ਦੇ ਬੇਅਸੂਲੇ ਗੱਠਜੋੜ ਅੱਗੇ ਬੀੜੀ ਜੋੜ ਕੇ ਮੁਲਕ ਅੰਦਰ ਅਰਾਜਕਤਾ ਜਦੋਂ ਫੈਲਾਈ ਤਾਂ ਸਥਾਪਤੀ ਨੇ ਮੋੜਵਾਂ ਵਾਰ ਕਰਦਿਆਂ ਐਮਰਜੈਂਸੀ ਲਾ ਕੇ ਆਪਣੇ ਉਨ੍ਹਾਂ ਵਿਰੋਧੀਆਂ ਅਤੇ ਉਨ੍ਹਾਂ ਦੇ ਭੋਲੇ-ਭਾਲੇ ਪੈਰੋਕਾਰਾਂ ਨੂੰ ਤਾਂ ਖਾਹ-ਮਖਾਹ ਅੰਨ੍ਹੇਵਾਹ ਜੇਲ੍ਹਾਂ ਵਿਚ ਸੁੱਟਿਆ ਹੀ, ਮੀਸ਼ੇ ਵਰਗੇ ਪਹਿਲਾਂ ਹੀ ਡਰੇ ਹੋਏ ਧੀਮੇ ਬੋਲਾਂ ਵਾਲੇ ਲੋਕਾਂ ਲਈ ਵੀ ਕਾਫੀਆ ਤੰਗ ਕਰ ਦਿੱਤਾ। ਸਾਹਿਤਕ ਸਿਰਜਣਾਤਮਕ ਖੇਤਰ ਵਿਚ ਇਖਲਾਕੀ ਗਲਬਾ ਆਮ ਰੂਪ ਵਿਚ ਖੱਬੇ ਪੱਖੀ ਧਿਰਾਂ ਦੇ ਹੱਥ ਰਿਹਾ, ਜੋ ਥੋੜ੍ਹਾ ਬਚ-ਬਚਾਅ ਕੇ 'ਲਹੂ ਦੀ ਲੋਅ' ਦੀ ਗੱਲ ਕਰਦੇ ਰਹੇ; ਜਦੋਂ ਕਿ ਮੀਸ਼ਾ ਅਤੇ ਉਨ੍ਹਾਂ ਦੀ ਸੰਵੇਦਨਾ ਵਾਲੇ ਲੋਕ ਆਪਣੇ ਅੰਦਰ ਆਪਣੀ ਚੀਕ ਉਮਰ ਭਰ ਲਈ ਦਬਾ ਕੇ ਅੰਦਰੇ-ਅੰਦਰ ਹੋਰ ਵੀ ਵਧ ਦਹਿਸ਼ਤਜ਼ਦਾ ਹੁੰਦੇ ਗਏ।

*(ਚਲਦਾ)*

# ਕਰਜ਼ਾ ਲੱਥ ਜਾਂਦਾ ਹੈ, ਅਹਿਸਾਨ ਨਹੀਂ ਉਤਰਦਾ


## ਮੇਰੀ ਬਾਤ

ਰਾਹੀ ਮਾਸੂਮ ਰਜਾ
ਅਨੁਵਾਦ: ਕੇਹਰ ਸ਼ਰੀਫ

ਇੱਥੇ (ਬੰਬਈ 'ਚ) ਕਈ ਦੋਸਤ ਮਿਲੇ ਜਿਨ੍ਹਾਂ ਨਾਲ ਚੰਗੀ-ਮਾੜੀ ਗੁਜ਼ਰੀ। ਕ੍ਰਿਸ਼ਨ ਚੰਦਰ, ਭਾਰਤੀ, ਕਮਲੇਸ਼ਵਰ-ਜੇ ਸ਼ੁਰੂ 'ਚ ਹੀ ਇਹ ਨਾ ਮਿਲੇ ਹੁੰਦੇ ਤਾਂ ਬੰਬਈ 'ਚ ਮੇਰਾ ਰਹਿਣਾ ਅਸੰਭਵ ਹੋ ਜਾਂਦਾ। ਸ਼ੁਰੂ ਵਿਚ ਮੇਰੇ ਕੋਲ ਕੋਈ ਕੰਮ ਨਹੀਂ ਸੀ ਅਤੇ ਬੰਬਈ ਵਿਚ ਮੈਂ ਅਜਨਬੀ ਸਾਂ। ਉਨ੍ਹਾਂ ਦਿਨਾਂ ਵਿਚ ਇਨ੍ਹਾਂ ਦੋਸਤਾਂ ਨੇ ਬਹੁਤ ਮਦਦ ਕੀਤੀ। ਇਨ੍ਹਾਂ ਨੇ ਮੈਨੂੰ ਜਿਉਂਦਾ ਰੱਖਣ ਵਾਸਤੇ ਸਹਾਇਤਾ ਦੇ ਕੇ ਮੇਰੀ ਤੌਹੀਨ ਨਹੀਂ ਕੀਤੀ। ਇਨ੍ਹਾਂ ਨੇ ਮੈਨੂੰ ਪੁੱਠੇ ਸਿੱਧੇ ਕੰਮ ਦਿੱਤੇ ਅਤੇ ਉਸ ਕੰਮ ਦੀ ਮਜ਼ਦੂਰੀ ਦਿੱਤੀ। ਪਰ ਇਸ ਦਾ ਮਤਲਬ ਇਹ ਨਹੀਂ ਕਿ ਇਨ੍ਹਾਂ ਲੋਕਾਂ ਵਲੋਂ ਕੀਤੇ ਅਹਿਸਾਨ ਤੋਂ ਮੈਂ ਕਦੇ ਮੁਕਤ ਹੋ ਸਕਦਾ ਹਾਂ।

ਮੈਨੂੰ ਉਹ ਦਿਨ ਅੱਜ ਤੱਕ ਵੀ ਚੰਗੀ ਤਰ੍ਹਾਂ ਯਾਦ ਹੈ ਜਦੋਂ ਨੈਯਰ ਹੋਲੀ ਫੈਮਲੀ ਹਸਪਤਾਲ ਵਿਚ ਸੀ। ਚਾਰ ਦਿਨ ਪਿਛੋਂ ਹਸਪਤਾਲ ਦਾ ਬਿੱਲ ਦੇ ਕੇ ਮੈਂ ਨੈਯਰ ਤੇ ਮਰੀਅਮ ਨੂੰ ਇੱਥੋਂ ਲੈ ਆਣਾ ਸੀ। ਸੱਤ, ਸਾਢੇ ਸੱਤ ਸੌ ਰੁਪਏ ਦਾ ਬਿੱਲ ਸੀ ਅਤੇ ਮੇਰੇ ਕੋਲ ਸੌ, ਸਵਾ ਸੌ ਰੁਪਏ ਸਨ। ਉਦੋਂ ਕਮਲੇਸ਼ਵਰ ਨੇ 'ਸਾਰਿਕਾ' ਤੋਂ, ਭਾਰਤੀ ਨੇ 'ਧਰਮਯੁਗ' ਤੋਂ ਮੈਨੂੰ ਪੈਸੇ ਐਡਵਾਂਸ ਦੁਆਏ ਤੇ ਕ੍ਰਿਸ਼ਨ ਜੀ ਨੇ ਆਪਣੀ ਇਕ ਫਿਲਮ ਦੇ ਕੁਝ ਸੰਵਾਦ ਲਿਖਵਾ ਕੇ ਪੈਸੇ ਦਿੱਤੇ ਅਤੇ ਮਰੀਅਮ ਘਰ ਆ ਗਈ। ਅੱਜ ਸੋਚਦਾ ਹਾਂ ਕਿ ਜੇ ਇਹ ਤਿੰਨੇ ਨਾ ਹੁੰਦੇ ਤਾਂ ਮੈਂ ਕੀ ਕੀਤਾ ਹੁੰਦਾ? ਕੀ ਮਰੀਅਮ ਨੂੰ ਹਸਪਤਾਲ ਵਿਚ ਛੱਡ ਦਿੰਦਾ? ਉਹ ਬਹੁਤ ਮਾੜੇ ਦਿਨ ਸਨ। ਕੁਝ ਦੋਸਤਾਂ ਤੋਂ ਉਧਾਰ ਵੀ ਲਿਆ। ਕਲਕੱਤੇ ਤੋਂ ਓ.ਪੀ. ਟਾਂਟੀਆ ਅਤੇ ਰਾਜਸਥਾਨ ਤੋਂ ਮੇਰੀ ਇਕ ਮੂੰਹ ਬੋਲੀ ਭੈਣ ਲਨਿਲਾ, ਅਲੀਗੜ੍ਹ ਤੋਂ ਮੇਰੇ ਭਰਾ ਮਹਿੰਦੀ ਰਜਾ ਅਤੇ ਦੋਸਤ ਕੁੰਵਰਪਾਲ ਸਿੰਘ ਨੇ ਮਦਦ ਕੀਤੀ। ਕਰਜ਼ਾ ਲੱਥ ਜਾਂਦਾ ਹੈ, ਅਹਿਸਾਨ ਨਹੀਂ ਉਤਰਦਾ। ਹੋਰ ਕੁਝ ਗੱਲਾਂ ਅਜਿਹੀਆਂ ਹਨ ਜੋ ਅਹਿਸਾਨ ਦੇ ਘੇਰੇ ਵਿਚ ਨਹੀਂ ਆਉਂਦੀਆਂ ਪਰ ਉਨ੍ਹਾਂ ਨੂੰ ਯਾਦ ਕਰਦਿਆਂ ਹੀ ਅੱਖਾਂ ਵਿਚ ਹੰਝੂ ਆ ਜਾਂਦੇ ਹਨ।

ਜਦੋਂ ਮੈਂ ਅਲੀਗੜ੍ਹ ਤੋਂ ਬੰਬਈ ਆਇਆ ਤਾਂ ਆਪਣੇ ਛੋਟੇ ਭਰਾ ਅਹਿਮਦ ਰਜਾ ਕੋਲ ਠਹਿਰਿਆ। ਛੋਟੇ ਭਰਾ ਤਾਂ ਬਹੁਤਿਆਂ ਦੇ ਹੁੰਦੇ ਹਨ ਪਰ ਅਹਿਮਦ ਰਜਾ ਭਾਵ ਹੱਦਨ ਵਰਗਾ ਛੋਟਾ ਭਾਈ ਮੁਸ਼ਕਿਲ ਨਾਲ ਹੀ ਹੋਵੇਗਾ ਕਿਸੇ ਦੀ ਕਿਸਮਤ 'ਚ। ਉਸ ਨੇ ਮੇਰਾ ਸਵਾਗਤ ਇੰਜ ਕੀਤਾ ਕਿ ਮੈਂ ਤਾਂ ਇਹ ਵੀ ਭੁੱਲ ਗਿਆ ਕਿ ਫਿਲਹਾਲ ਮੈਂ ਬੇਰੁਜ਼ਗਾਰ ਹਾਂ। ਅਸੀਂ ਹੱਦਨ ਨਾਲ ਰਹਿ ਰਹੇ ਸਾਂ ਪਰ ਲਗਦਾ ਇਉਂ ਸੀ ਕਿ ਉਹ ਆਪਣੇ ਪਰਿਵਾਰ ਸਮੇਤ ਸਾਡੇ ਨਾਲ ਰਹਿ ਰਹੇ ਹਨ। ਘਰ ਵਿਚ ਹੁੰਦਾ ਉਹ ਸੀ ਜੋ ਮੈਂ ਚਾਹੁੰਦਾ ਸੀ ਜਾਂ ਮੇਰੀ ਪਤਨੀ ਨੈਯਰ ਚਾਹੁੰਦੀ ਸੀ। ਘਰ ਬਹੁਤ ਸਸਤਾ ਸੀ। ਜਿਸ ਫਲੈਟ ਵਿਚ ਹੁਣ ਹਾਂ ਇਸ ਤੋਂ ਵੱਡਾ ਸੀ। ਇਸ ਦਾ ਕਿਰਾਇਆ 600 ਦੇ ਰਿਹਾ



ਹਾਂ, ਉਸ ਦਾ ਕਿਰਾਇਆ ਸਿਰਫ 150 ਰੁਪਏ ਮਹੀਨਾ ਸੀ।

ਹੱਦਨ ਨੇ ਸੋਚਿਆ ਕਿ ਇਹ ਘਰ ਉਨ੍ਹਾਂ ਨੂੰ ਮੇਰੇ ਵਾਸਤੇ ਖਾਲੀ ਕਰ ਦੇਣਾ ਚਾਹੀਦਾ ਹੈ। ਰਿਜ਼ਰਵ ਬੈਂਕ ਤੋਂ ਉਨ੍ਹਾਂ ਨੂੰ ਫਲੈਟ ਮਿਲ ਸਕਦਾ ਸੀ, ਜੋ ਮਿਲ ਗਿਆ। ਜਦੋਂ ਉਹ ਜਾਣ ਲੱਗੇ ਤਾਂ ਉਸ ਨੇ ਆਪਣੀ ਪਤਨੀ ਨਾਲ ਸਾਜਿਸ਼ ਕੀਤੀ ਕਿ ਉਹ ਘਰ ਦਾ ਸਾਰਾ ਸਮਾਨ ਮੇਰੇ ਵਾਸਤੇ ਛੱਡ ਜਾਣ ਕਿਉਂਕਿ ਮੇਰੇ ਕੋਲ ਤਾਂ ਕੁਝ ਹੈ ਹੀ ਨਹੀਂ ਸੀ। ਕਿਸੇ ਹੀਲੇ ਵੀ ਮੈਂ ਇਸ ਨਾਲ ਸਹਿਮਤ ਨਾ ਹੋਇਆ। ਉਨ੍ਹਾਂ ਦੋਹਾਂ ਨੂੰ ਮੈਂ ਜ਼ਬਰਦਸਤ ਡਾਂਟਿਆ।

ਫੇਰ ਉਹ ਘਰ ਦਾ ਸਾਰਾ ਸਮਾਨ ਲੈ ਕੇ ਚਲੇ ਗਏ ਅਤੇ ਘਰ ਖਾਲੀ ਰਹਿ ਗਿਆ। ਮੇਰੇ ਕੋਲ ਦੋ ਕੁਰਸੀਆਂ ਵੀ ਨਹੀਂ ਸਨ। ਅਸੀਂ ਕਮਰੇ ਵਿਚ ਦੋ ਗੱਦੇ ਵਿਛਾ ਲਏ ਅਤੇ ਉਹ ਹੀ ਦੋ ਗੱਦਿਆਂ ਵਾਲਾ ਵੀਰਾਨ (ਸੁੰਨਾ ਜਿਹਾ) ਕਮਰਾ ਸਾਡਾ ਪਹਿਲਾ ਡਰਾਇੰਗ ਰੂਮ ਬਣਿਆ। ਉਨ੍ਹੀਂ ਦਿਨੀਂ ਮੈਂ ਨੈਯਰ ਸਾਹਮਣੇ ਵੀ ਆਪਣੇ ਆਪ ਨੂੰ ਸ਼ਰਮਿੰਦਾ ਮਹਿਸੂਸ ਕਰਦਾ ਸਾਂ। ਮੈਂ ਸੋਚਦਾ, ਇਹ ਕਿਹੋ ਜਿਹੀ ਮੁਹੱਬਤ ਹੋਈ, ਕਿਹੋ ਜਿਹੀ ਜ਼ਿੰਦਗੀ 'ਚੋਂ ਕੱਢ ਕੇ ਕਿਹੋ ਜਿਹੀ ਜ਼ਿੰਦਗੀ ਵਿਚ ਲੈ ਆਇਆ ਉਸ ਔਰਤ ਨੂੰ ਜਿਸ ਨੂੰ ਮੈਂ ਆਪਣਾ ਪਿਆਰ ਦੇ ਰੱਖਿਆ ਹੈ, ਆਪਣੀ ਸਾਰੀ ਮੁਹੱਬਤ। ਪਰ ਨੈਯਰ ਨੇ ਮੈਨੂੰ ਇਹ ਕਦੇ ਮਹਿਸੂਸ ਨਹੀਂ ਹੋਣ ਦਿੱਤਾ ਕਿ ਉਹ ਹੇਠਲੇ ਮੱਧਵਰਗ ਵਾਲੀ ਜ਼ਿੰਦਗੀ ਨੂੰ ਝੱਲ ਨਹੀਂ ਰਹੀ ਹੈ। ਅਸੀਂ ਦੋਵੇਂ ਉਸ ਉਜਾੜ ਘਰ ਵਿਚ ਬਹੁਤ ਖੁਸ਼ ਸਾਂ।

ਉਨ੍ਹਾਂ ਦਿਨਾਂ ਵਿਚ ਕ੍ਰਿਸ਼ਨ ਚੰਦਰ, ਭੈਣ ਸਲਮਾ, ਭਾਰਤੀ ਅਤੇ ਕਮਲੇਸ਼ਵਰ ਤੋਂ ਬਿਨਾ ਕੋਈ ਲੇਖਕ ਸਾਡੇ ਨਾਲ ਖੁੱਲ੍ਹੇ ਦਿਲ ਨਾਲ ਨਹੀਂ ਮਿਲਦਾ ਸੀ। ਅਸੀਂ ਮਜਰੂਹ ਸਾਹਿਬ ਦੇ ਘਰ ਉਨ੍ਹਾਂ ਨੂੰ ਮਿਲਣ ਜਾਂਦੇ ਤਾਂ ਉਹ ਆਪਣੇ ਬੈੱਡ ਰੂਮ ਵਿਚ ਬੈਠੇ ਸ਼ਤਰੰਜ ਖੇਡਦੇ ਰਹਿੰਦੇ ਅਤੇ ਸਾਨੂੰ ਮਿਲਣ ਵਾਸਤੇ ਬਾਹਰ ਨਾ ਨਿਕਲਦੇ। ਫਿਰਦੌਸ ਭਾਬੀ ਵਿਚਾਰੀ ਲਿਪਾਪੋਚੀ ਕਰਦੀ ਰਹਿੰਦੀ। ਕਈ ਹੋਰ ਲੇਖਕ ਇਸ ਡਰ ਨਾਲ ਪਾਸਾ ਵੱਟ ਜਾਂਦੇ ਸਨ ਕਿ ਮੈਂ ਕਿਧਰੇ ਮਦਦ ਨਾ ਮੰਗ ਲਵਾਂ।

ਤੁਸੀਂ ਖੁਦ ਸੋਚ ਸਕਦੇ ਹੋ ਕਿ ਉਨ੍ਹਾਂ ਦਿਨਾਂ ਵਿਚ ਸਾਡੇ ਚਾਰੇ ਪਾਸੇ ਕਿਹੋ ਜਿਹਾ ਬੇਦਰਦ ਅਤੇ ਸੰਵੇਦਨਾਹੀਣ ਹਨੇਰਾ ਰਿਹਾ ਹੋਵੇਗਾ। ਨੈਯਰ ਲੋਕਾਂ ਨਾਲ ਮਿਲਦਿਆਂ ਵੀ ਘਬਰਾਉਂਦੀ ਸੀ, ਇਸ ਕਰਕੇ ਮਿਲਣਾ-ਜੁਲਣਾ ਵੀ ਥੋੜ੍ਹੇ ਲੋਕਾਂ ਨਾਲ ਸੀ, ਬਹੁਤ ਥੋੜ੍ਹੇ ਲੋਕਾਂ ਨਾਲ ਤੇ ਇਕ ਦਿਨ ਸਲਮਾ ਭੈਣ ਆ ਗਈ। ਇਹਨੂੰ ਤੁਸੀਂ ਸਲਮਾ ਸਿੱਦੀਕੀ ਦੇ ਨਾਂ ਨਾਲ ਜਾਣਦੇ ਹੋ। ਉਸ ਸਮੇਂ ਅਸੀਂ ਦੋਵੇਂ ਇਨ੍ਹਾਂ ਗੱਦਿਆਂ ਉਤੇ ਬੈਠੇ ਰੰਮੀ ਖੇਡ ਰਹੇ ਸਾਂ। ਸਲਮਾ ਭੈਣ ਬੈਠ ਗਈ। ਇੱਧਰ-ਉਧਰ ਦੀਆਂ ਗੱਲਾਂ ਹੁੰਦੀਆਂ ਰਹੀਆਂ। ਫੇਰ ਉਹ ਚਲੀ ਗਈ। ਥੋੜੀ ਹੀ ਦੇਰ ਪਿਛੋਂ ਉਨ੍ਹਾਂ ਦਾ ਇਕ ਨੌਕਰ ਰੇਹੜੀ ਉਤੇ ਇਕ ਸੋਫਾ ਲੈ ਕੇ ਆਇਆ। ਅਸੀਂ ਉਸ ਤੋਹਫੇ ਨੂੰ ਸਵੀਕਾਰ ਕਰ ਲਿਆ, ਜੇ ਨਾ ਕਰਦੇ, ਸਲਮਾ ਭੈਣ ਅਤੇ ਕ੍ਰਿਸ਼ਨ ਜੀ ਨੂੰ ਦੁੱਖ ਹੁੰਦਾ, ਅਸੀਂ ਉਨ੍ਹਾਂ ਨੂੰ ਤਕਲੀਫ ਦੇਣਾ ਹੀ ਨਹੀਂ ਸੀ ਚਾਹੁੰਦੇ।

# ਨਸ਼ਿਆਂ ਵਿਰੁਧ ਡਟੀ ਡਰੱਗ ਅਵੇਅਰਨੈਸ ਫਾਊਂਡੇਸ਼ਨ

ਨਸ਼ੇ ਦੁਨੀਆਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਹਮੇਸ਼ਾ ਹੁੰਦੇ ਆਏ ਹਨ ਪਰ ਅੱਜ ਇਹ ਸਮੱਸਿਆ ਸਿਖਰ 'ਤੇ ਪਹੁੰਚ ਚੁਕੀ ਹੈ, ਖਾਸ ਕਰ ਰਸਾਇਣਕ ਨਸ਼ਿਆਂ ਨੇ ਤਾਂ ਸਮਾਜ ਨੂੰ ਬਹੁਤ ਔਖੇ ਮੋੜ 'ਤੇ ਲਿਆ ਖੜ੍ਹਾ ਕੀਤਾ ਹੈ। ਅਮਰੀਕਾ, ਇੰਗਲੈਂਡ, ਕੈਨੇਡਾ ਜਿਹੇ ਵਿਕਸਿਤ ਦੇਸ਼ਾਂ ਨੂੰ ਤਾਂ ਇਸ ਗੰਭੀਰ ਸੰਕਟ ਨਾਲ ਜੂਝਣਾ ਪੈ ਹੀ ਰਿਹਾ ਹੈ, ਭਾਰਤ ਜਿਹੇ ਵਿਕਾਸਸ਼ੀਲ ਦੇਸ਼ ਵੀ ਇਸ ਦੀ ਮਾਰ ਹੇਠ ਹਨ। ਇਹ ਵੀ ਇਕ ਸੱਚ ਹੈ ਕਿ ਜਿਥੇ ਨਸ਼ਾਖੋਰੀ ਵੱਧ ਹੈ, ਉਥੇ ਜੁਰਮ ਵੀ ਵੱਧ ਹਨ। ਨੌਜਵਾਨ ਜਾਣੇ-ਅਣਜਾਣੇ ਨਸ਼ਿਆਂ ਦੀ ਮਾਰ ਹੇਠ

**ਸੁਰਿੰਦਰ ਸਿੰਘ ਭਾਟੀਆ**
ਫੋਨ: 224-829-1437

ਆ ਜਾਂਦੇ ਹਨ। ਇਸ ਵਬਾਅ ਦੇ ਮੁਕਾਬਲੇ ਲਈ ਜਿਥੇ ਸਰਕਾਰਾਂ ਯਤਨਸ਼ੀਲ ਹਨ, ਉਥੇ ਕੁਝ ਗੈਰ ਸਰਕਾਰੀ ਸਮਾਜਿਕ ਸੰਸਥਾਵਾਂ ਵੀ ਇਸ ਵਿਰੁਧ ਜਾਗਰੂਕਤਾ ਮੁਹਿੰਮਾਂ ਚਲਾ ਰਹੀਆਂ ਹਨ।

ਇਸੇ ਲੜੀ ਵਿਚ ਬਲਵਿੰਦਰ ਸਿੰਘ ਕਾਹਲੋਂ ਤੇ ਸਾਥੀਆਂ ਨੇ ਕੈਲਗਰੀ, ਕੈਨੇਡਾ ਵਿਚ ਇਕ ਸੰਸਥਾ 'ਡਰੱਗ ਅਵੇਅਰਨੈਸ ਫਾਊਂਡੇਸ਼ਨ' ਬਣਾਈ ਹੈ ਜਿਸ ਨੇ ਦੇਸ਼-ਵਿਦੇਸ਼ ਵਿਚ ਨਸ਼ੇ ਦੇ ਦਰਿਆ ਵਿਚ ਰੁੜ੍ਹਦੀਆਂ ਅਨੇਕਾਂ ਜ਼ਿੰਦਗੀਆਂ ਨੂੰ ਬਚਾਇਆ ਹੈ। ਕੈਲਗਰੀ ਰਹਿੰਦੇ ਸੰਸਥਾ ਦੇ ਰੂਹੇ-ਰਵਾਂ ਅਤੇ ਬਾਨੀ ਮੈਂਬਰ ਬਲਵਿੰਦਰ ਸਿੰਘ ਕਾਹਲੋਂ ਪਿਛਲੇ ਦਿਨੀਂ ਸ਼ਿਕਾਗੋ ਆਏ ਤਾਂ ਉਨ੍ਹਾਂ ਨਾਲ



*ਸੰਸਥਾ ਦੇ ਮੈਂਬਰ 'ਵਾਕ ਅਕਰੌਸ ਕੈਨੇਡਾ' ਦੌਰਾਨ*

ਕੁਝ ਵਿਚਾਰ-ਵਟਾਂਦਰਾ ਹੋਇਆ, ਜਿਸ ਦੇ ਕੁਝ ਅੰਸ਼ ਪਾਠਕਾਂ ਦੀ ਨਜ਼ਰ ਹਨ:

**ਕਾਹਲੋਂ ਸਾਹਿਬ, ਆਪਣੇ ਪਿਛੋਕੜ ਬਾਰੇ ਕੁਝ ਦੱਸੋਗੇ?**

-ਮੇਰਾ ਜਨਮ ਬਟਾਲੇ ਹੋਇਆ, ਮੁਢਲੀ ਪੜ੍ਹਾਈ ਲੁਧਿਆਣਾ ਤੋਂ ਕੀਤੀ। ਐਲ.ਐਲ.ਬੀ. ਦੀ ਡਿਗਰੀ ਲੈ ਕੇ ਪੰਜ ਸਾਲ ਲੁਧਿਆਣੇ ਨੌਕਰੀ ਕੀਤੀ ਅਤੇ ਫਿਰ 5-6 ਸਾਲ ਉਥੇ ਵਕਾਲਤ ਕੀਤੀ। ਕਾਲਜ ਦੇ ਜਮਾਨੇ ਵਿਚ ਭੰਗੜੇ ਦਾ ਸ਼ੌਕ ਸੀ। ਜਵਾਨੀ ਵੇਲੇ ਤੋਂ ਹੀ ਸਮਾਜਿਕ ਤੇ ਲੋਕ ਭਲਾਈ ਦੇ ਕਾਰਜਾਂ ਵਿਚ ਹਿੱਸਾ ਲੈਂਦਾ ਰਿਹਾ ਹਾਂ।

**ਇਹ ਸੰਸਥਾ ਬਣਾਉਣ ਦਾ ਵਿਚਾਰ ਕਿਵੇਂ ਆਇਆ?**

-2006 ਦੀ ਗੱਲ ਹੈ, ਨਿਊ ਈਵ ਦੀ ਪਾਰਟੀ ਸੀ। ਕੁਝ ਟੀਨ ਏਜਰਾਂ ਦਾ ਆਪਸ ਵਿਚ ਝਗੜਾ ਹੋ ਗਿਆ ਜਿਸ ਦੌਰਾਨ ਇਕ ਦੀ ਮੌਤ ਹੋ ਗਈ ਤੇ ਕਈ ਗੰਭੀਰ ਜਖਮੀ ਹੋ ਗਏ। ਲੜਾਈ ਦਾ ਕਾਰਨ ਇਨ੍ਹਾਂ ਦਾ ਡਰੱਗ ਦੇ ਨਸ਼ੇ ਵਿਚ ਹੋਣਾ ਸੀ। ਇਸ ਦਰਦਨਾਕ ਘਟਨਾ ਨੇ ਮੈਨੂੰ ਹੀ ਨਹੀਂ, ਸਾਰੀ ਕਮਿਊਨਿਟੀ ਨੂੰ ਝੰਜੋੜ ਕੇ ਰੱਖ ਦਿੱਤਾ। ਸਭ ਦੀ ਜੁਬਾਨ 'ਤੇ ਇਕ ਹੀ ਸਵਾਲ ਸੀ, ਸਾਡੇ ਨਾਲ ਇਹ ਕਿਉਂ ਵਾਪਰ ਰਿਹਾ ਹੈ? ਗੁਰੂ ਘਰ ਵਿਚ ਇੱਕਠ ਕੀਤਾ, ਨੌਜਵਾਨ ਪੀੜ੍ਹੀ ਨੂੰ ਡਰੱਗ ਤੋਂ ਬਚਾਉਣ ਲਈ ਉਪਰਾਲਾ ਕਰਨ ਦਾ ਮਨ ਬਣਾਇਆ। ਸਮੱਸਿਆ ਦੀ ਡੂੰਘੀ ਖੋਜ ਪੜਤਾਲ ਪਿਛੋਂ 2007 'ਚ 'ਡਰੱਗ ਅਵੇਅਰਨੈਸ ਫਾਊਂਡੇਸ਼ਨ ਕੈਲਗਰੀ' ਨਾਂ ਦੀ ਨਾਨ ਪਰਾਫਿਟ ਸੰਸਥਾ ਬਣਾਈ ਗਈ। ਉਸੇ ਸਾਲ 'ਡਰਗ ਅਵੇਅਰਨੈਸ ਫਾਊਂਡੇਸ਼ਨ' ਦੇ ਬੈਨਰ ਹੇਠ ਨਗਰ ਕੀਰਤਨ ਵਿਚ ਸ਼ਾਮਿਲ ਹੋਏ। ਇਸ ਦੇ ਨਾਲ ਹੀ ਰੇਡੀਓ ਸੁਰ ਸਰਗਮ ਤੇ ਰੇਡੀਓ ਐਫ.ਐਮ-94 ਦੇ ਵੀਕਲੀ ਪ੍ਰੋਗਰਾਮ ਰਾਹੀਂ ਨਸ਼ਿਆਂ ਵਿਰੁਧ ਮੁਹਿੰਮ ਵਿੱਢੀ।

**ਸੰਸਥਾ ਦੇ ਮਿਸ਼ਨ ਬਾਰੇ ਕੁਝ ਦੱਸੋਗੇ?**

-ਸਾਡਾ ਮੁਢਲਾ ਮਨੋਰਥ ਭਾਈਚਾਰੇ ਨਾਲ ਮਿਲ ਕੇ ਸਮਾਜ ਵਿਚੋਂ ਸ਼ਰਾਬ ਸਮੇਤ ਹਰ ਤਰ੍ਹਾਂ ਦਾ ਨਸ਼ਾ ਖਤਮ ਕਰਨਾ ਹੈ। (ਪੈਂਫਲਿਟ ਦਿਖਾਉਂਦਿਆਂ) ਇਸ ਵਿਚ ਸਭ ਕੁਝ ਵਿਸਥਾਰ ਵਿਚ ਹੈ, ਇਹ ਸਾਰਾ ਸਾਡੀ ਸੰਸਥਾ ਦੀ ਡੀ. ਏ. ਐਫ.ਸੀ. ਤੇ ਆਨ ਲਾਈਨ ਵੀ ਉਪਲਬਧ ਹੈ।

**ਕੁਝ ਮੁਸ਼ਕਿਲਾਂ ਵੀ ਆਈਆਂ?**

-ਜਦੋਂ ਵੀ ਕੋਈ ਨਵਾਂ ਕੰਮ ਕਰੋ, ਥੋੜਾ ਬਹੁਤ ਕਿੰਤੂ ਪ੍ਰੰਤੂ ਤਾਂ ਹੁੰਦਾ ਹੀ ਹੈ। ਸ਼ੁਰੂ ਵਿਚ ਜਜ਼ਬਾਤੀ ਹੋ ਕੇ ਕਾਫੀ ਗਿਣਤੀ ਵਿਚ ਲੋਕ ਜੁੜਦੇ ਹਨ ਫਿਰ ਹੌਲੀ ਹੌਲੀ ਉਨ੍ਹਾਂ ਦਾ ਉਤਸ਼ਾਹ ਘਟਦਾ ਜਾਂਦਾ ਹੈ, ਇਹੋ ਕੁਝ ਸਾਡੇ ਨਾਲ ਹੋਇਆ। ਖੈਰ, ਸਾਡੇ ਨਾਲ ਕੁਝ ਲੋਕ ਪੱਕੇ ਤੌਰ 'ਤੇ ਜੁੜ ਗਏ ਜੋ ਅੱਜ ਵੀ ਸੰਸਥਾ ਲਈ ਕੰਮ ਕਰ ਰਹੇ ਹਨ।

**ਮਿਸ਼ਨ ਕਿਸ ਹੱਦ ਤੱਕ ਪੂਰਾ ਹੋਇਆ?**

-ਜੇ ਕਿਸੇ ਇਕ ਜ਼ਿੰਦਗੀ ਨੂੰ ਵੀ ਬਚਾ ਸਕੀਏ ਤਾਂ ਵੀ ਵੱਡਾ ਪੁੰਨ ਦਾ ਕੰਮ ਹੈ। ਆਮ ਤੌਰ 'ਤੇ ਇਸ ਸਮੱਸਿਆ ਦਾ ਸਾਹਮਣਾ ਕਰਨ ਵਾਲਾ ਆਦਮੀ ਜਾਂ ਪਰਿਵਾਰ ਆਪਣੇ ਆਪ ਨੂੰ ਇਕੱਲਾ ਮਹਿਸੂਸ ਕਰਦਾ ਹੈ। ਕਈ ਸ਼ਰਮ ਨਾਲ ਗੱਲ ਨਹੀਂ ਕਰਦੇ ਕਿ ਸਾਡਾ ਬੱਚਾ ਬਦਨਾਮ ਹੋ ਜਾਏਗਾ। ਇਸ ਲਈ ਪਰਿਵਾਰਕ ਪੱਧਰ 'ਤੇ ਵੀ ਚੇਤਨਤਾ ਦੀ ਲੋੜ ਹੈ। ਜੇ ਕਿਸੇ ਭੈਣ ਦਾ ਵੀਰ, ਕਿਸੇ ਮਾਂ ਦਾ ਪੁੱਤ, ਕਿਸੇ ਬਜ਼ੁਰਗ ਦੇ ਬੁਢਾਪੇ ਦਾ ਸਹਾਰਾ, ਕਿਸੇ ਸੁਹਾਗਣ ਦਾ ਚੂੜਾ ਟੁੱਟਣ ਤੋਂ ਬਚ ਜਾਏ, ਕਿਸੇ ਬੱਚੇ ਦਾ ਪਿਤਾ ਇਸ ਲਾਅਨਤ ਤੋਂ ਤੌਬਾ ਕਰ ਲਏ, ਨਸ਼ੇ ਦੀ ਆਦਤ ਨਾਲ ਜੁੜਦੇ ਕਿਸੇ ਇਨਸਾਨ ਵਿਚ ਆਤਮ ਵਿਸ਼ਵਾਸ ਆ ਜਾਏ ਤਾਂ ਅਸੀਂ ਸਮਝਦੇ ਹਾਂ ਕਾਫੀ ਕੁਝ ਹਾਸਿਲ ਕਰ ਲਿਆ ਹੈ। ਮੇਰਾ ਨਿਜੀ ਤੌਰ 'ਤੇ ਇਸ ਬੁਰਾਈ ਨਾਲ ਕੋਈ ਨੁਕਸਾਨ ਨਹੀਂ ਹੋਇਆ, ਫਿਰ ਵੀ ਮੈਂ ਸੋਚਦਾਂ ਕਿ ਜੇ ਅਸੀਂ ਆਪਣੇ ਭਾਈਚਾਰੇ ਲਈ ਕੁਝ ਨਹੀਂ ਕਰਾਂਗੇ ਤਾਂ ਇਨ੍ਹਾਂ ਨੌਜਵਾਨਾਂ ਦੀ ਹੂਕ ਕੌਣ ਸੁਣੇਗਾ? ਜੇ ਸਾਡੀ ਸੰਸਥਾ ਦੇ ਮਾਰਗ ਦਰਸ਼ਨ ਨਾਲ ਕਿਸੇ ਇਨਸਾਨ ਦੀ ਜ਼ਿੰਦਗੀ ਬਰਬਾਦ ਹੋਣੋਂ ਬਚ ਜਾਏ ਤਾਂ ਇਸ ਤੋਂ ਵੱਡੀ ਮਾਨਸਿਕ ਸੰਤੁਸ਼ਟੀ ਕੀ ਹੋਊ! ਸੰਸਥਾ ਦੇ ਸਹਿਯੋਗ ਨਾਲ ਕਈ ਨੌਜਾਵਨ ਡਰੱਗ ਦੇ ਜੰਜਾਲ 'ਚੋਂ ਬਚ ਚੁਕੇ ਹਨ।

**ਕਿਹਾ ਜਾਂਦਾ ਹੈ ਕਿ ਮਾਤਾ-ਪਿਤਾ ਨੂੰ 9-10 ਸਾਲ ਦੀ ਉਮਰ ਦੇ ਬੱਚਿਆਂ ਨਾਲ ਨਸ਼ੀਲੇ ਪਦਾਰਥਾਂ ਤੋਂ ਬਚਣ ਲਈ ਖੁਲ੍ਹ ਕੇ ਗੱਲ ਕਰਨੀ ਚਾਹੀਦੀ ਹੈ ਤਾਂਕਿ ਅਣਜਾਣੇ ਵਿਚ ਉਹ ਨਸ਼ੇ ਦੇ ਚੱਕਰਵਿਊ ਵਿਚ ਨਾ ਫਸ ਜਾਣ। ਤੁਹਾਡਾ ਕੀ ਸੁਝਾਅ ਹੈ?**

-ਇਹ ਸੱਚ ਹੈ ਕਿ ਬਚਪਨ ਤੋਂ ਜਵਾਨੀ ਦਾ ਪੜਾਅ ਐਸਾ ਹੈ, ਜਿਸ ਵਿਚ ਕਿਸੇ ਨੂੰ ਚੰਗੇ ਜਾਂ ਮਾੜੇ ਪਾਸੇ ਆਸਾਨੀ ਨਾਲ ਲਾਇਆ ਜਾ ਸਕਦਾ ਹੈ। ਅਸੀਂ ਸਮਝਦੇ ਹਾਂ ਕਿ 5-7 ਸਾਲ ਦੀ ਉਮਰ ਤੋਂ ਹੀ ਮਾਪੇ ਬੱਚਿਆਂ ਨੂੰ ਨਸ਼ਿਆਂ ਦੀ ਅਲਾਮਤ ਬਾਰੇ ਜਾਣਕਾਰੀ ਦੇਣੀ ਸ਼ੁਰੂ ਕਰ ਦੇਣ। ਟੀਨ ਏਜਰਾਂ ਦੀ ਗੱਲ ਧਿਆਨ ਨਾਲ ਸੁਣੀ ਜਾਵੇ। ਉਨ੍ਹਾਂ ਨੂੰ ਨਸ਼ੇ ਨੂੰ ਨਾਂਹ ਕਹਿਣ ਬਾਰੇ ਸਮਝਾਇਆ ਜਾਵੇ। ਟੀਨ ਏਜਰ ਡਿਸਕੋ ਪਾਰਟੀ ਜਾਂ ਵਿਆਹ ਸਮਾਗਮ ਵਿਚ ਇਕ ਪੈਗ ਸ਼ਰਾਬ ਜਾਂ ਸਿਗਰਟ ਦੇ ਇਕ ਕਸ਼ ਨਾਲ ਸ਼ੌਕੀਆਂ ਪੁੱਠੇ ਰਾਹ ਪੈ ਜਾਂਦੇ ਹਨ। ਸ਼ੁਰੂ ਦਾ ਹਲਕਾ ਹਲਕਾ ਸਰੂਰ ਹੀ ਬਾਅਦ ਵਿਚ ਆਦਤ ਬਣ ਜਾਂਦਾ ਹੈ। ਮਾਪੇ ਅਕਸਰ ਇਸ ਨੂੰ ਅਣਡਿੱਠ ਕਰ ਦਿੰਦੇ ਹਨ। ਇਹੋ ਗੱਲ ਅੱਗੋਂ ਬੱਚਿਆਂ ਦੇ ਨਸ਼ਿਆਂ ਵੱਲ ਜਾਣ ਦਾ ਕਾਰਨ ਬਣ ਜਾਂਦੀ ਹੈ ਤੇ ਉਹ ਬਰਬਾਦੀ ਦੇ ਰਾਹ ਤੁਰ ਪੈਂਦੇ ਹਨ। ਜੇ ਮਾਪੇ ਆਪ ਸ਼ਰਾਬ ਪੀਂਦੇ, ਸਮੋਕ ਕਰਦੇ, ਨਸ਼ਾ ਲੈਂਦੇ, ਲੜਦੇ-ਝਗੜਦੇ ਹਨ ਤਾਂ ਬੱਚਿਆਂ ਨੂੰ ਕਿੰਜ ਸਮਝਾਉਣਗੇ? ਇਸ ਮਸਲੇ 'ਚ ਪਰਿਵਾਰਕ ਕਦਰਾਂ-ਕੀਮਤਾਂ ਵੱਡਾ ਰੋਲ ਅਦਾ ਕਰਦੀਆਂ ਹਨ। ਮਾਪਿਆਂ ਨੂੰ ਰੋਲ ਮਾਡਲ ਬਣਨਾ ਹੀ ਪੈਣਾ ਹੈ। ਬੱਚਿਆਂ ਨਾਲ ਦੋਸਤੀ ਦੇ ਰਿਸ਼ਤੇ ਦੀ ਲੋੜ ਹੈ।

ਨਸ਼ੇ ਵੇਚਣ ਵਾਲੇ ਬੜੇ ਸ਼ਾਤਰ ਢੰਗ ਨਾਲ ਧੰਦਾ ਕਰਦੇ ਹਨ। ਉਨ੍ਹਾਂ ਸਮੈਕ, ਕੋਕੀਨ, ਹੈਰੋਇਨ, ਨਸ਼ਿਆਂ ਦੇ ਕੈਪਸੂਲਾਂ, ਗੋਲੀਆਂ ਦੇ ਕਈ ਨਾਂ ਰੱਖੇ ਹੋਏ ਹਨ ਜਿਵੇਂ ਚਾਕਲੇਟ, ਹਰਬ, ਫੋਨ ਕਲੀਨਰ, ਫੋਨ ਚਾਰਜਰ, ਜਿਊਲਰੀ ਕਲੀਨਰ, ਟੈਕਸਸ ਹਰਬ ਟੀ ਆਦਿ। ਬੱਚੇ ਜੇ ਮਾਪਿਆਂ ਦੇ ਸਾਹਮਣੇ ਵੀ ਇਨ੍ਹਾਂ ਬਾਰੇ ਗੱਲਾਂ ਕਰਦੇ ਹਨ ਤਾਂ ਵੀ ਉਨ੍ਹਾਂ ਨੂੰ ਪਤਾ ਨਹੀਂ ਲਗਦਾ।

**ਇਨ੍ਹਾਂ ਹਾਲਾਤ ਵਿਚ ਖਤਰਨਾਕ ਡਰੱਗ ਮਾਫੀਆ ਨਾਲ ਕਿਵੇਂ ਨਜਿੱਠਦੇ ਹੋ?**

-ਨਸ਼ਿਆਂ ਦੀ ਤਾਣੀ ਬਹੁਤ ਉਲਝੀ ਹੋਈ ਹੈ ਪਰ ਅਸੀਂ ਇਨ੍ਹਾਂ ਚੁਣੌਤੀਆਂ ਅੱਗੇ ਹਥਿਆਰ ਨਹੀਂ ਸੁੱਟਣ ਲੱਗੇ। ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਉਂਦੇ ਹਾਂ। ਨਾਰਕੋਟਿਕਸ ਖੇਤਰ ਦੇ ਮਾਹਿਰਾਂ ਨੂੰ ਬੁਲਾ ਕੇ ਲੈਕਚਰ ਤੇ ਸੈਮੀਨਾਰ ਕਰਵਾਉਂਦੇ ਹਾਂ। ਲਾਅ ਇਨਫੋਰਸਮੈਂਟ ਵਾਲੇ ਬਾਰੀਕ ਵੇਰਵੇ ਦਿੰਦੇ ਹਨ ਕਿ ਕਿਵੇਂ ਨੌਜਵਾਨਾਂ ਤੱਕ ਨਸ਼ਾ ਪਹੁੰਚਦਾ ਹੈ। 'ਨਸ਼ੇ ਨੂੰ ਨਸ਼ਾ ਕਟਦਾ ਹੈ' ਕੇਵਲ ਮਿੱਥ ਹੈ। ਲੀਗਲ ਕੀ ਹੈ, ਕੀ ਨਹੀਂ-ਤਥਾਂ ਰਾਹੀਂ ਇਸ ਭਰਮ ਨੂੰ ਦੂਰ ਕੀਤਾ ਜਾਂਦਾ ਹੈ। ਡਾਕਟਰਾਂ ਦੀਆਂ ਸੇਵਾਵਾਂ ਲੈਂਦੇ ਹਾਂ। ਰੇਡੀਓ ਟਾਕ ਸ਼ੋਅ ਤੇ ਲਿਟਰੇਚਰ ਰਾਹੀਂ ਜਾਗਰੂਕ ਕਰਦੇ ਹਾਂ।

ਮਾਪਿਆਂ ਨੂੰ ਵੀ ਤਾਕੀਦ ਹੈ ਕਿ ਨਸ਼ਿਆਂ ਦੇ ਕਾਰਨਾਂ, ਲੱਛਣਾਂ ਦੀ ਪਹਿਚਾਣ ਤੇ ਪ੍ਰਭਾਵ ਬਾਰੇ ਜਾਣਕਾਰੀ ਰੱਖਣ ਅਤੇ ਬੱਚਿਆਂ ਦੇ ਵਿਹਾਰ 'ਤੇ ਲਗਾਤਾਰ ਨਜ਼ਰ ਰੱਖਣ ਕਿ ਕਿਤੇ ਉਹ ਨਸ਼ੇ ਦੇ ਆਦੀ ਤਾਂ ਨਹੀਂ ਹੋ ਰਹੇ। ਕੁਝ ਕੇਸਾਂ ਵਿਚ ਬੱਚਾ ਨਿਰਾਸ਼ ਹੋ ਕੇ ਚੁਪ ਹੋ ਜਾਂਦਾ ਹੈ। ਲੋਕਾਂ ਨਾਲ ਘੁਲਣ-ਮਿਲਣ ਨੂੰ ਉਸ ਦਾ ਮਨ ਨਹੀਂ ਕਰਦਾ। ਮੁਖ ਲੱਛਣ ਉਦਾਸੀ ਤੇ ਨਿਰਾਸ਼ਾ ਹੈ। ਪੁਰਾਣੇ ਦੋਸਤ ਛਡ ਕੇ ਨਸ਼ੇ ਵਾਲੇ ਟੋਲੇ ਨਾਲ ਮਿੱਤਰਤਾ ਵਧਣੀ ਵੀ ਇਸ ਦਾ ਸੰਕੇਤ ਹੈ। ਉਸ ਦੇ ਨਵੇਂ ਦੋਸਤਾਂ ਬਾਰੇ ਜਾਣਕਾਰੀ ਰੱਖੋ। ਖਿਆਲ ਰੱਖੋ ਕਿ ਬੱਚਾ ਆਪਣੀਆਂ ਲਾਪਰਵਾਹੀਆਂ ਲਈ ਕਿਸ ਤਰ੍ਹਾਂ ਦੇ ਤੇ ਕੀ ਕੀ ਨਵੇਂ ਬਹਾਨੇ ਘੜਦਾ ਹੈ? ਨਸ਼ੇ ਦੇ ਲੱਛਣ ਚੈੱਕ ਕਰੋ। ਅੰਦਰੂਨੀ ਅਸਧਾਰਨ ਰਸਾਇਣਕ ਪ੍ਰਤੀਕ੍ਰਿਆਵਾਂ ਦੇ ਚਿੰਨ ਬੱਚੇ ਦੇ ਚਿਹਰੇ 'ਤੇ ਵੇਖੇ ਜਾ ਸਕਦੇ ਹਨ। ਨਸ਼ੇੜੀ ਅਕਸਰ ਨਸ਼ੇ ਲਈ ਇਕ ਹੀ ਗਲਾਸ, ਹੁੱਕਾ ਇਸਤੇਮਾਲ ਕਰਦੇ ਹਨ ਤੇ ਇਕੋ ਹੀ ਸੂਈ ਟੀਕੇ ਲਾਉਣ ਲਈ ਵਰਤਦੇ ਹਨ, ਲਿਹਾਜਾ ਇਕ ਦੀ ਭਿਆਨਕ ਬਿਮਾਰੀ ਦੂਜੇ ਤੱਕ ਪਹੁੰਚਦੀ ਹੈ।

**ਨਸ਼ਿਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਤੁਹਾਡੀ ਸੰਸਥਾ ਨੇ 'ਵਾਕ ਅਕਰੌਸ ਕੈਨੇਡਾ' ਕੀਤੀ। ਇਸ ਬਾਰੇ ਕੁਝ ਦੱਸੋਗੇ?**

-'ਵਾਕ ਅਕਰੌਸ ਕੈਨੇਡਾ' 2011 ਵਿਚ ਸੇਂਟ ਜੋਨਸ ਸਿਗਨਲ ਹੀਲ-ਨਿਊ ਪ੍ਰੋਵਿਨਸ ਤੋਂ 'ਡਰੱਗ ਅਵੇਅਰਨੈਸ ਵਾਕ' ਦੇ ਨਾਂ ਹੇਠ ਸ਼ੁਰੂ ਕੀਤੀ। ਸਾਡੇ ਨਾਲ ਸੰਸਥਾ ਦੇ ਮੈਂਬਰਾਂ ਤੋਂ ਇਲਾਵਾ ਇਕ ਲੇਡੀ ਸੇਂਡਰਾ ਮੋਰਿਸ ਸੀ, ਜਿਸ ਦੀ ਪੋਤਰੀ ਦੀ ਮੌਤ ਡਰੱਗ ਕਰਕੇ ਹੋਈ ਸੀ। ਉਹ ਪੋਤਰੀ ਦਾ ਟੈਡੀ ਬੀਅਰ ਖਿਡੌਣਾ ਵੀ ਨਾਲ ਲੈ ਕੇ ਆਈ ਸੀ ਤੇ ਹਮੇਸ਼ਾ ਹੀ ਪੋਤਰੀ ਦੀ ਅਸਥੀਆਂ ਦੀ ਰਾਖ ਇਕ ਥੈਲੀ ਵਿਚ ਪਾ ਕੇ ਸੀਨੇ ਨਾਲ ਲਾਈ ਰਖਦੀ। 19 ਸਾਲਾ ਦਾ ਨੌਜਵਾਨ ਸੁਮੇਰ ਸੀ ਜਿਸ ਦੀ ਗਰਲ ਫਰੈਂਡ ਨਾਲ ਬਰੇਕ ਅਪ ਹੋ ਗਈ ਤੇ ਉਹ ਨਸ਼ੇ ਦਾ ਆਦੀ ਹੋ ਗਿਆ ਸੀ ਪਰ ਨਸ਼ਾ ਤਿਆਗ


*ਸੰਸਥਾ ਦੇ ਮੈਂਬਰ ਕੈਨੇਡਾ ਦੇ ਗਵਰਨਰ ਜਨਰਲ ਡੇਵਿਡ ਜੌਹਨਸਨ ਨਾਲ*

ਕੇ ਹੁਣ ਸਭ ਨੂੰ ਨਸ਼ੇ ਨਾ ਕਰਨ ਦਾ ਹੋਕਾ ਦੇ ਰਿਹਾ ਸੀ। ਅਸੀਂ ਸਰੀ ਨਗਰ ਕੀਰਤਨ ਵਿਚ ਸ਼ਾਮਿਲ ਹੋਏ, ਇਸ ਵਿਚ ਸਰੀ ਦੀ ਮੇਅਰ ਮੇਰਸੀ ਅਤੇ ਕੈਨੇਡਾ ਦੇ ਗਵਰਨਰ ਜਨਰਲ ਡੇਵਿਡ ਵੀ ਸ਼ਾਮਲ ਸਨ। ਅਸੀਂ ਗੁਰੂ ਨਾਨਕ ਅਕੈਡਮੀ ਰੈਕਸਡੇਲ ਓਂਟਾਰੀਓ, ਓਂਟਾਰੀਓ ਸਿੱਖ ਲੀਡ, ਓਂਟਾਰੀਓ ਸਿੱਖ ਗੁਰਦੁਆਰਾ ਅਤੇ ਗੁਰਦੁਆਰਾ ਸਿੰਘ ਸਭਾ ਮਾਲਟਨ ਦੇ ਇਕੱਠ ਵਿਚ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਤੇ ਆਪਣੀ ਯਾਤਰਾ ਦੇ ਉਦੇਸ਼ ਬਾਰੇ ਦਸਿਆ।

ਕੈਨੇਡਾ ਪਾਰਲੀਮੈਂਟ ਬੀ. ਸੀ. ਵਿਚ ਮੰਤਰੀਆਂ ਤੇ ਪਾਰਲੀਮੈਂਟ ਮੈਂਬਰਾਂ ਨਾਲ ਨਸ਼ੇ ਦੇ ਮੁੱਦੇ 'ਤੇ ਆਪਣੀ ਸੰਸਥਾ ਦੇ ਮਕਸਦ ਬਾਰੇ ਦੱਸਿਆ। ਅਸੀਂ ਗੌੜ ਮੰਦਿਰ ਵੀ ਗਏ। ਹਿੰਦੂ ਸਭਾ ਓਂਟਾਰੀਓ, ਸਟੈਪ ਟੂਅਰਡ ਡਰਗ ਫਰੀ ਸੁਸਾਇਟੀ ਦੇ ਮੈਂਬਰਾਂ ਤੇ ਓਂਟਾਰੀਓ ਪੁਲਿਸ ਡਿਪਾਰਟਮੈਂਟ ਨਾਲ ਮੁਲਾਕਾਤ ਕੀਤੀ। ਡਰੱਗ ਪ੍ਰੀਵੈਨਸ਼ਨ ਅਤੇ ਐਨ. ਪੀ. ਡੀ. ਦੇ ਮੈਂਬਰ ਤੇ ਕੈਨੇਡਾ ਦੇ ਸਾਬਕਾ ਮੰਤਰੀ ਗੁਰਬਖਸ਼ ਸਿੰਘ ਮੱਲੀ ਦੀ ਬੇਟੀ ਵੀ ਇਸ ਪੈਦਲ ਯਾਤਰਾ ਵਿਚ ਸ਼ਾਮਿਲ ਹੋਈ। ਫਿਰ ਸਾਡਾ ਕਾਫਲਾ ਵਧਦਾ ਗਿਆ। ਅਸੀਂ ਇਹ ਵਾਕ ਬੀ. ਸੀ. ਵਿਕਟੋਰੀਆ ਮਿਲ ਜ਼ੀਰੋ ਵਿਚ ਸਮਾਪਤ ਕੀਤੀ, ਐਟਲਾਂਟਿਕ ਓਸ਼ੀਅਨ ਤੋਂ ਜੋ ਪਾਣੀ ਲੈ ਕੇ ਗਏ ਸੀ, ਉਹ ਪੈਸਿਫਿਕ ਓਸ਼ੀਅਨ ਵਿਚ ਜਾ ਕੇ ਮਿਲਾਇਆ। ਇਕ ਤਰ੍ਹਾਂ ਨਾਲ ਇਹ ਈਸਟ ਤੋਂ ਵੈਸਟ ਤੱਕ ਦਾ ਸਫਰ ਸੀ। ਸੰਦੇਸ਼ ਦਿੱਤਾ ਕਿ ਇਹ ਸਮੱਸਿਆ ਇਕ ਜਗ੍ਹਾ ਦੀ ਨਹੀਂ ਸਗੋਂ ਹਰ ਸ਼ਹਿਰ, ਸਟੇਟ ਤੇ ਪੂਰੇ ਦੇਸ਼ ਦੀ ਹੈ। ਸਾਨੂੰ ਸਭ ਨੂੰ ਮਿਲ ਕੇ ਇਸ ਕੋਹੜ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ।

**ਯਾਤਰਾ ਦੌਰਾਨ ਲੋਕਾਂ ਨਾਲ ਹੋਏ ਤਜਰਬੇ ਸਾਂਝੇ ਕਰੋਗੇ?**

-ਕਹਿੰਦੇ ਹਨ, ਜਿਸ ਤਨ ਲਾਗੇ, ਸੋ ਤਨ ਜਾਣੇ। ਜਿਵੇਂ ਕਿ ਮੈਂ ਪਹਿਲਾਂ ਦੱਸਿਆ, ਸਾਡੇ ਨਾਲ ਇਕ ਲੇਡੀ ਸੇਂਡਰਾ ਮੋਰਿਸ ਵੀ ਸੀ। ਜਦੋਂ ਉਹ ਨਸ਼ੇ ਛੱਡਣ ਦੀ ਅਪੀਲ ਕਰਦੀ ਤਾਂ ਉਸ ਦੀਆਂ ਅੱਖਾਂ ਵਿਚ ਹੰਝੂ ਆ ਜਾਂਦੇ। ਉਹ ਲੋਕਾਂ ਨੂੰ ਦਸਦੀ ਕਿ ਕਿੰਜ ਉਸ ਨੇ ਆਪਣੀ ਪੋਤਰੀ ਨੂੰ ਤਿਲ ਤਿਲ ਮਰਦੀ ਨੂੰ ਦੇਖਿਆ। ਕਿੰਜ ਸੁਹਣੀ ਸੁਨੱਖੀ ਮੁਟਿਆਰ ਦਾ ਸਰੀਰ ਨਸ਼ੇ ਕਾਰਨ ਸੁਕ ਕੇ ਤੀਲਾ ਹੋ ਗਿਆ, ਉਸ ਦੀ ਬੂੰਦ ਬੂੰਦ ਡੁਲ੍ਹਦੀ ਜ਼ਿੰਦਗੀ ਨੂੰ ਢਹਿ ਢੇਰੀ ਹੁੰਦਿਆ ਦੇਖਿਆ। ਪੋਤੀ ਨੂੰ ਯਾਦ ਕਰਦਿਆਂ ਅੱਖਾਂ ਵਿਚ ਆਏ ਹੰਝੂ ਪੂੰਝਦੀ ਰਹਿੰਦੀ। ਹੋਕਾ ਦਿੰਦੀ, ਬਚੋ ਨਸ਼ਿਆਂ ਤੋਂ ਬਚੋ ਲੋਕੋ! ਸੁਣ ਕੇ ਲੋਕਾਂ ਦੇ ਜਜ਼ਬਾਤੀ ਹੋ ਹੰਝੂ ਵਹਿਣ ਲੱਗਦੇ।

ਦੂਜੀ ਘਟਨਾ, ਕੋਈ ਚਰਚ ਜਾ ਰਿਹਾ ਸੀ। ਜਦੋਂ ਸਾਡੇ ਮਿਸ਼ਨ ਬਾਰੇ ਉਸ ਨੂੰ ਪਤਾ ਲੱਗਾ ਤਾਂ ਉਹ ਸਾਡੇ ਨਾਲ ਹੋ ਤੁਰਿਆ। ਕਹਿਣ ਲੱਗਾ, ਘਰੋਂ ਤਾਂ ਚਰਚ ਲਈ ਨਿਕਲਿਆ ਸੀ ਪਰ ਤੁਹਾਡਾ ਇਹ ਕੰਮ ਵੀ ਕਿਸੇ ਇਬਾਦਤ ਤੋਂ ਘਟ ਨਹੀਂ।

ਇਕ ਹੋਰ ਮਾਰਮਿਕ ਘਟਨਾ, ਚੀਫ ਨੇਟਿਵ ਗੁਡ ਦਾ ਮੁਖੀ ਸਾਡੇ ਕਾਫਲੇ ਨੂੰ ਇਕ ਕਬਰਿਸਤਾਨ ਕੋਲ ਲੈ ਗਿਆ ਤੇ ਦੱਸਿਆ ਕਿ ਸਾਡੇ ਕਬੀਲੇ ਦੇ 15 ਤੋਂ 20 ਸਾਲ ਦੀ ਉਮਰ ਦੇ 60% ਨੌਜਵਾਨ ਨਸ਼ਿਆਂ ਨਾਲ ਆਪਣੇ ਆਪ ਨੂੰ ਖਤਮ ਕਰਕੇ ਇਸ ਕਬਰਿਸਤਾਨ ਵਿਚ ਸਮਾ ਗਏ ਹਨ। ਉਹ ਆਪਣਾ ਦਰਦ ਬਿਆਨ ਕਰਦਾ ਰੋ ਪਿਆ। ਇਸ ਦਰਦਨਾਕ ਮੰਜਰ ਨੇ ਸਾਨੂੰ ਸੁੰਨ ਕਰ ਦਿੱਤਾ। ਜਾਪਿਆ, ਸਾਡੇ ਆਲੇ ਦੁਆਲੇ ਆਪਣੇ ਹੀ ਨੌਜਵਾਨਾਂ ਦੇ ਕਬਰਿਸਤਾਨ ਹੀ ਕਬਰਿਸਤਾਨ ਹਨ।

**ਨਸ਼ੇ ਦੀ ਲਾਅਨਤ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਤੁਸੀਂ ਪੰਜਾਬ ਵੀ ਆਏ। ਉਸ ਬਾਰੇ ਕੁਝ ਦੱਸੋ?**

-ਪੰਜਾਬ ਦੀ ਮੁਹਿੰਮ 'ਨਸ਼ੇ ਰੋਕੋ ਯਾਤਰਾ' ਦੇ ਨਾਂ ਹੇਠ ਡੇਰਾ ਬਾਬਾ ਨਾਨਕ ਤੋਂ ਸੰਤ ਅਮੀਰ ਸਿੰਘ ਜੱਵਦੀ ਵਲੋਂ ਅਰਦਾਸ ਨਾਲ ਸ਼ੁਰੂ ਹੋਈ। ਇਸ ਵਿਚ ਸਾਡੇ ਨਾਲ ਸੁਖਦੇਵ ਸਿੰਘ ਬੇਦੀ ਤੇ ਪੰਜਾਬੀ ਸਾਹਿਤ ਸਭਾ ਦੇ ਸਾਬਕਾ ਪ੍ਰਧਾਨ ਗੁਰਭਜਨ ਗਿੱਲ ਸ਼ਾਮਿਲ ਹੋਏ, ਪ੍ਰਚਾਰ ਕਰਦਿਆਂ ਖਡੂਰ ਸਾਹਿਬ, ਸੁਲਤਾਨਪੁਰ ਲੋਧੀ ਤੋਂ ਹੁੰਦਿਆਂ ਅੰਮ੍ਰਿਤਸਰ ਪੁਜੇ। ਹਰਿਮੰਦਰ ਸਾਹਿਬ ਜਾ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਬਾਰੇ ਜਾਣਕਾਰੀ ਦਿੱਤੀ।

ਜਲੰਧਰ ਪ੍ਰੈਸ ਕਲੱਬ ਵਿਚ ਪ੍ਰੈਸ ਕਾਨਫਰੰਸ ਦੌਰਾਨ ਸਾਡੇ ਨਾਲ ਸਾਬਕਾ ਉਲੰਪਿਅਨ ਮੁਖਬੈਨ ਸਿੰਘ ਤੇ ਏਸ਼ੀਅਨ ਗੋਲਡ ਮੈਡਲਿਸਟ ਹਾਕੀ ਖਿਡਾਰੀ ਮਨਜੀਤ ਕੌਰ ਸੈਣੀ ਵੀ ਸਨ। ਰਾਗੀ ਭਾਈ ਹਰਜਿੰਦਰ ਸਿੰਘ ਸ਼੍ਰੀਨਗਰ ਵਾਲਿਆਂ ਨੇ ਵੀ ਸੰਸਥਾ ਦੇ ਮੈਂਬਰਾਂ ਨੂੰ ਮਿਲ ਕੇ ਸ਼ੁਭ ਕਾਮਨਾਵਾਂ ਦਿੱਤੀਆਂ। ਉਪਰੰਤ ਅਸੀਂ ਸ਼ਹੀਦੇ ਆਜ਼ਮ ਭਗਤ ਸਿੰਘ ਦੇ ਜਨਮ ਅਸਥਾਨ ਖਟਕੜ ਕਲਾਂ ਗਏ। ਐਡਵੋਕੇਟ ਅਜੀਤ ਸਿੰਘ ਸਿਆਨ ਸਾਡੇ ਨਾਲ ਸਨ। ਉਥੇ ਲੋਕਾਂ ਨੂੰ ਨਸ਼ਿਆਂ ਪ੍ਰਤੀ ਜਾਗੂਰਕ ਕੀਤਾ ਅਤੇ ਕਈ ਸੈਮੀਨਾਰ ਕੀਤੇ। ਸ਼ਹੀਦ ਭਗਤ ਸਿੰਘ ਦੇ ਜੱਦੀ ਘਰ ਗਏ। ਖਟਕੜ ਕਲਾਂ ਦੇ ਲੋਕਾਂ ਨੇ ਵਲਵਲੇ ਪ੍ਰਗਟਾਉਂਦਿਆਂ ਕਿਹਾ ਕਿ ਜੇ ਅੱਜ ਭਗਤ ਸਿੰਘ ਜਿੰਦਾ ਹੁੰਦੇ ਤਾਂ ਨਸ਼ੇ ਦੇ ਦਰਿਆ 'ਚ ਰੁੜ੍ਹਦੀ ਜਵਾਨੀ ਦੇਖ ਕੇ ਕਿੰਨੇ ਦੁਖੀ ਹੁੰਦੇ?

ਯਾਤਰਾ ਦੇ ਅਖੀਰ ਵਿਚ ਅਸੀਂ ਲੁਧਿਆਣੇ ਜੀ.ਜੀ.ਐਨ. ਕਾਲਜ ਗਏ, ਜਿਥੇ ਮੈਂ ਕੁਝ ਸਮਾਂ ਪੜ੍ਹਾਈ ਵੀ ਕੀਤੀ ਹੈ। ਉਥੇ ਸੈਮੀਨਾਰ ਤੇ ਲੈਕਚਰ ਰਾਹੀਂ ਇਸ ਬੁਰਾਈ ਤੋਂ ਬਚਣ ਲਈ ਅਪੀਲ ਕੀਤੀ। ਇਥੇ ਕਾਫੀ ਨੌਜਵਾਨਾਂ ਨੇ ਵਾਅਦਾ ਕੀਤਾ ਕਿ ਉਹ ਕਦੇ ਨਸ਼ਾ ਨਹੀਂ ਕਰਨਗੇ।

**ਸੰਸਥਾ ਦੇ ਭਵਿਖ ਦੇ ਪ੍ਰੋਗਰਾਮ?**

-ਸਾਡਾ 7 ਮਈ 2017 ਨੂੰ ਸਟੇਟ ਪੱਧਰ ਦਾ ਸਾਲਾਨਾ ਪ੍ਰੋਗਰਾਮ ਹੈ। 'ਨਸ਼ੇ ਦੀ ਦਲਦਲ ਵਿਚੋਂ ਕਿਵੇਂ ਬਚੀਏ' ਆਦਿ ਵਿਸ਼ੇ 'ਤੇ ਸੈਮੀਨਾਰ, ਲੈਕਚਰ ਤੇ ਰੇਡੀਓ ਟਾਕ ਸ਼ੋਅ ਹੋਣਗੇ। ਜੇ ਕਿਸੇ ਨੇ ਇਸ ਸਬੰਧੀ ਸਲਾਹ ਲੈਣੀ ਹੋਵੇ ਤਾਂ ਫੋਨ: 403-617-9045 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ। ਨਾਂ-ਪਤਾ ਗੁਪਤ ਰੱਖਿਆ ਜਾਵੇਗਾ। ਅਸੀਂ ਵੀਡੀਓ ਕਾਨਫਰੰਸ ਰਾਹੀਂ ਵੀ ਗੱਲਬਾਤ ਕਰ ਸਕਦੇ ਹਾਂ।



*ਸੰਸਥਾ ਦੀ ਪੰਜਾਬ ਵਿਚ ਨਸ਼ੇ ਰੋਕੋ ਮੁਹਿੰਮ*

ਪਾਕਿਸਤਾਨੀ ਕਹਾਣੀ

# ਨਜ਼ਰ ਦਾ ਧੋਖਾ

*ਲਹਿੰਦੇ ਪੰਜਾਬ ਦੇ ਲਿਖਾਰੀ ਮੁਹੰਮਦ ਮਨਸ਼ਾ ਯਾਦ (5 ਸਤੰਬਰ 1937-15 ਅਕਤੂਬਰ 2011) ਦੀ ਪਹਿਲੀ ਕਹਾਣੀ ਭਾਵੇਂ 18 ਵਰ੍ਹਿਆਂ ਦੀ ਉਮਰ ਵਿਚ 1955 ਵਿਚ ਹੀ ਛਪ ਗਈ ਸੀ, ਪਰ ਕਹਾਣੀਆਂ ਦੀ ਕਿਤਾਬ ਵੀਹ ਵਰ੍ਹਿਆਂ ਬਾਅਦ 1975 ਵਿਚ ਜਾ ਕੇ ਛਪੀ। ਉਂਜ ਉਹ ਉਦੋਂ ਤੱਕ ਪੰਜਾਬੀ ਸਾਹਿਤ ਜਗਤ ਵਿਚ ਆਪਣੀ ਨਿਵੇਕਲੀ ਥਾਂ ਬਣਾ ਚੁਕਾ ਸੀ। 'ਨਜ਼ਰ ਦਾ ਧੋਖਾ' ਵਿਚ ਉਸ ਦੀ ਕਹਾਣੀ ਕਹਿਣ ਦੀ ਕਾਰੀਗਰੀ ਦੇ ਦਰਸ਼ਨ ਹੁੰਦੇ ਹਨ। ਕਹਾਣੀ ਮੁੱਕਣ ਤੱਕ ਇਸ ਵਿਚ ਔਰਤ ਦੀ ਖਾਮੋਸ਼ ਆਵਾਜ਼ ਬਹੁਤ ਉਚੀ ਸੁਣਦੀ ਜਾਪਦੀ ਹੈ, ਪਰ ਇਸ ਵਿਚ ਬੇਵਸੀ ਦਾ ਵਾਤਾਵਰਣ ਵੀ ਉਤਨਾ ਹੀ ਭਾਰੂ ਹੈ। ਉਸ ਦੀਆਂ ਲਿਖਤਾਂ ਵਿਚ ਔਰਤ ਵੱਲੋਂ ਹੰਢਾਇਆ ਜਾ ਰਿਹਾ ਦਰਦ ਇਸੇ ਤਰ੍ਹਾਂ ਸਿੰਮਦਾ ਹੈ। -ਸੰਪਾਦਕ*

ਕੁੜੀ ਘਰ ਦੀ ਸੀ, ਮੁਸ਼ਕਿਲ ਤਾਂ ਲੂੰਬੜੀ ਲੱਭਣ ਵਿਚ ਹੋ ਰਹੀ ਸੀ। ਖੈਰਦੀਨ ਇਸ ਕੋਸ਼ਿਸ਼ ਵਿਚ ਸੀ ਕਿ ਕਿਰਾਏ 'ਤੇ ਮਿਲ ਜਾਵੇ, ਪਰ ਅਜੇ ਤੱਕ ਉਨ੍ਹਾਂ ਨੂੰ ਕਾਮਯਾਬੀ ਨਹੀਂ ਮਿਲੀ ਸੀ। ਨਾ ਉਮੀਦ ਹੋ ਕੇ ਉਸ ਨੇ ਇਹ ਕਹਿ ਦਿੱਤਾ ਕਿ ਲੂੰਬੜੀ ਨਾ ਮਿਲੀ ਤਾਂ ਇਸ ਵਾਰ ਮੇਲੇ ਨਹੀਂ ਜਾਵਾਂਗੇ।

"ਕਿਉਂ ਅੱਬਾ?" ਫੀਕੇ ਨੇ ਪੁੱਛਿਆ।

"ਪੁੱਤਰ, ਬੱਕਰੀ ਵਿਚ ਹੁਣ ਲੋਕ ਦਿਲਚਸਪੀ ਨਹੀਂ ਲੈਂਦੇ। ਕਮਬਖਤ ਮਮਿਆਉਣ ਲੱਗ ਜਾਂਦੀ ਹੈ।"

"ਕੋਈ ਸੱਪ-ਸਪਣੀ, ਕੋਈ ਨਾਗ-ਨਾਗਿਨ ਅੱਬਾ?" ਫੀਕਾ ਮੇਲੇ ਜਾਣ ਲਈ ਬੇਚੈਨ ਹੋ ਰਿਹਾ ਸੀ।

"ਇਹ ਖੇਲ ਪੁਰਾਣਾ ਹੋ ਚੁਕਾ ਹੈ।" ਖੈਰਦੀਨ ਨੇ ਜਵਾਬ ਦਿੱਤਾ।



ਲੂੰਬੜੀ ਨਾ ਮਿਲਣ ਦੀ ਖਬਰ ਸੁਣ ਕੇ ਉਹ ਖੁਸ਼ ਹੋ ਰਹੀ ਸੀ। ਦਿਲ ਹੀ ਦਿਲ ਵਿਚ ਦੁਆਵਾਂ ਮੰਗਦੀ-

**ਮੁਹੰਮਦ ਮਨਸ਼ਾ ਯਾਦ**
**ਤਰਜਮਾ: ਭੁਪਿੰਦਰ ਸਿੰਘ ਆਸ਼ਟ**

ਅੱਲ੍ਹਾ ਕਰੇ, ਅੱਬਾ ਨੂੰ ਲੂੰਬੜੀ ਨਾ ਮਿਲੇ, ਪਰ ਉਸ ਦੀ ਦੁਆ ਕਬੂਲ ਨਾ ਹੋਈ। ਜਦੋਂ ਮੇਲਾ ਸ਼ੁਰੂ ਹੋਣ ਵਿਚ ਤਿੰਨ-ਚਾਰ ਦਿਨ ਰਹਿ ਗਏ ਤਾਂ ਅੱਬਾ ਮੂੰਹ ਮੰਗੀ ਕੀਮਤ 'ਤੇ ਲੂੰਬੜੀ ਖਰੀਦ ਲਿਆਇਆ ਅਤੇ ਇਸ ਤਰ੍ਹਾਂ ਬੋਲਿਆ ਜਿਵੇਂ ਲਾਊਡ ਸਪੀਕਰ ਤੋਂ ਜ਼ੋਰ ਨਾਲ ਚੀਕ ਰਿਹਾ ਹੋਵੇ, "ਚਲੋ ਚਲੋ, ਤਿਆਰ ਹੋ ਜਾਉ, ਜਲਦੀ ਕਰੋ।"

ਅੱਬਾ ਦੀ ਉਚੀ ਆਵਾਜ਼ ਸੁਣ ਕੇ ਉਸ ਦਾ ਸਿਰ ਘੁੰਮਣ ਲੱਗਾ, ਮੇਲੇ ਦਾ ਰੌਲਾ-ਰੱਪਾ ਕੰਨਾਂ ਵਿਚ ਗੂੰਜਣ ਲੱਗਾ, ਜਿਵੇਂ ਉਹ ਮੋਟਰ ਸਾਈਕਲ 'ਤੇ ਸਵਾਰ ਮੌਤ ਦੇ ਖੂਹ ਵਿਚ ਹੇਠਾਂ ਹੀ ਹੇਠਾਂ ਡਿੱਗਦੀ ਜਾ ਰਹੀ ਸੀ। ਉਹ ਕਈ ਸਾਲਾਂ ਤੋਂ ਤਮਾਸ਼ਾ ਬਣ ਰਹੀ ਸੀ। ਉਸ ਦੇ ਚਿਹਰੇ ਨਾਲ ਕਈ ਤਰ੍ਹਾਂ ਦੇ ਧੜ ਲੱਗਦੇ ਰਹੇ ਹਨ। ਕਦੇ ਨਾਗਿਨ, ਕਦੇ ਬੱਕਰੀ ਅਤੇ ਕਦੇ ਲੂੰਬੜੀ ਦਾ। ਇਕ ਹੀ ਪੋਜ਼ ਵਿਚ ਪਹਿਰਾਂ ਬੈਠੇ ਬੈਠੇ ਉਸ ਦੀ ਕਮਰ ਦੁਖਣ ਲੱਗ ਜਾਂਦੀ। ਲੱਤਾਂ ਸੌਂ ਜਾਂਦੀਆਂ। ਅਕਸਰ ਉਸ ਨੂੰ ਜਾਪਦਾ ਜਿਵੇਂ ਉਸ ਦਾ ਸਰੀਰ, ਬੱਕਰੀ ਜਾਂ ਲੂੰਬੜੀ ਵਿਚ ਤਾਂ ਨਹੀਂ, ਪਰ ਪੱਥਰ ਦਾ ਜ਼ਰੂਰ ਬਣ ਗਿਆ ਹੋਵੇ। ਆਪਣੇ ਚਿਹਰੇ ਉਤੇ ਉਸ ਨੂੰ ਬੜਾ ਮਾਣ ਸੀ, ਪਰ ਹੁਣ ਉਸੇ ਚਿਹਰੇ ਨਾਲ ਉਸ ਨੂੰ ਨਫਰਤ ਜਿਹੀ ਹੋ ਰਹੀ ਸੀ। ਇਸੇ ਕਰ ਕੇ ਉਸ ਦਾ ਬਾਕੀ ਧੜ ਬੇਕਾਰ ਹੋ ਗਿਆ ਸੀ। ਉਸ ਦਾ ਜੀਅ ਕਰਦਾ ਕਿ ਉਹ ਚਿਹਰੇ ਸਮੇਤ ਆਪਣੀ ਗਰਦਨ ਲਾਹ ਕੇ ਰੱਖ ਜਾਵੇ ਅਤੇ ਆਪ ਕਿਤੇ ਦੂਰ ਭੱਜ ਜਾਵੇ।

ਤਮਾਸ਼ਬੀਨਾਂ ਵਿਚ ਹਰ ਤਰ੍ਹਾਂ ਅਤੇ ਹਰ ਉਮਰ ਦੇ ਲੋਕ ਸ਼ਾਮਲ ਹੁੰਦੇ, ਪਰ ਬੱਚੇ ਹੀ ਸਿਰਫ ਹੈਰਾਨੀ ਅਤੇ ਦਿਲਚਸਪੀ ਨਾਲ ਦੇਖਦੇ। ਮੁੰਡੇ ਫਿਕਰੇ ਕੱਸਦੇ, ਕੋਈ ਅੱਖ ਮਾਰਦਾ, ਕੋਈ ਸੀਟੀ ਵਜਾਉਂਦਾ, ਕੋਈ ਭੱਦੇ ਇਸ਼ਾਰੇ ਕਰਦਾ। ਸਾਰਾ ਸਮਾਂ ਨਜ਼ਰਾਂ ਅਤੇ ਫਿਕਰਿਆਂ ਦੇ ਕੰਕਰ, ਉਸ ਨੂੰ ਲਹੂ-ਲੁਹਾਣ ਕਰਦੇ ਰਹਿੰਦੇ। ਫਿਰ ਵੀ ਜਿਵੇਂ ਉਸ ਨੂੰ ਸਿਖਾਇਆ ਗਿਆ ਸੀ, ਉਹ ਮੁਸਕਰਾਉਂਦੀ ਰਹਿੰਦੀ ਅਤੇ ਖੁਸ਼ ਦਿਖਾਈ ਦੇਣ ਦੀ ਕੋਸ਼ਿਸ਼ ਕਰਦੀ ਰਹਿੰਦੀ। ਉਸ ਨੂੰ ਬੁੱਤ ਬਣ ਕੇ ਬੇਕਾਰ ਬੈਠਣਾ ਬਿਲਕੁਲ ਚੰਗਾ ਨਾ ਲੱਗਦਾ। ਹਰ ਮੇਲੇ ਵਿਚ ਹਰ ਜਗ੍ਹਾ ਲੋਕ ਕੁਝ ਨਾ ਕੁਝ ਕਰਦੇ ਰਹਿੰਦੇ। ਸਿਰਫ ਉਹੀ ਪੱਥਰ ਬਣੀ ਬੈਠੀ ਰਹਿੰਦੀ ਅਤੇ ਉਕਤਾਉਣ ਦੇ ਬਾਵਜੂਦ ਉਸ ਨੂੰ ਖੁਸ਼ ਦਿਖਾਈ ਦੇਣ ਦਾ ਸਵਾਂਗ ਰਚਣਾ ਪੈਂਦਾ। ਬੇਹੂਦਾ ਗੱਲਾਂ ਨੂੰ ਬਹੁਤ ਖੁਸ਼ੀ ਨਾਲ ਸਹਿਣਾ ਪੈਂਦਾ। ਭੱਦੇ ਚਿਹਰਿਆਂ ਦਾ ਹਲਕੀ ਮੁਸਕਾਨ ਨਾਲ ਧੰਨਵਾਦ ਕਰਨਾ ਪੈਂਦਾ ਅਤੇ ਇਹ ਸਿਲਸਿਲਾ ਦੇਰ ਰਾਤ ਤੱਕ ਚਲਦਾ ਰਹਿੰਦਾ। ਉਹ ਇੰਨੀ ਥੱਕ ਕੇ ਉਕਤਾ ਜਾਂਦੀ ਕਿ ਕਦੇ ਕਦੇ ਉਹਦਾ ਜੀਅ ਕਰਦਾ ਕਿ ਜ਼ੋਰ ਜ਼ੋਰ ਨਾਲ ਰੋਵੇ ਅਤੇ ਚੀਕਾਂ ਮਾਰੇ। ਮਾਨਸਿਕ ਤਕਲੀਫ ਤੋਂ ਬਚਣ ਲਈ ਕਦੇ ਕਦੇ ਉਹ ਆਲੇ-ਦੁਆਲੇ ਤੋਂ ਨਾਤਾ ਤੋੜ ਲੈਂਦੀ ਅਤੇ ਬਹੁਤ ਦੂਰ ਪਹੁੰਚ ਜਾਂਦੀ। ਜਾਗਦੀਆਂ ਅੱਖਾਂ ਨਾਲ ਹੀ ਮਿੱਠੇ ਮਿੱਠੇ ਸੁਪਨੇ ਵੇਖਦੀ। ਲੋਕਾਂ ਦੀ ਭੀੜ ਤੋਂ ਵੱਖ ਜਾ ਕੇ ਆਪਣੀ ਪਸੰਦ ਦਾ ਚਿਹਰਾ ਲੱਭਦੀ। ਅਜਿਹੀ ਹਾਲਤ ਵਿਚ ਉਸ ਨੂੰ ਪਤਾ ਨਾ ਲੱਗਦਾ ਕਿ ਕਿੰਨਾ ਸਮਾਂ ਬੀਤ ਗਿਆ। ਕਿਹੋ ਜਿਹੇ ਲੋਕ ਆਏ ਅਤੇ ਕੀ ਕੁਝ ਕਹਿ ਕੇ ਚਲੇ ਗਏ।

"ਸ਼ੈਦਾ ਹੁਣ ਨਹੀਂ ਜਾਏਗੀ।" ਉਸ ਦੀ ਮਾਂ ਨੇ ਆਪਣਾ ਫੈਸਲਾ ਸੁਣਾਇਆ।

"ਕਿਉਂ ਨਹੀਂ ਜਾਏਗੀ?" ਖੈਰਦੀਨ ਨੇ ਗੁੱਸੇ ਨਾਲ ਪੁੱਛਿਆ।

"ਹੁਣ ਉਹ ਵੱਡੀ ਹੋ ਗਈ ਹੈ।"

"ਇਕ ਸਾਲ ਵਿਚ?"

"ਹਾਂ... ਪਿਛਲੇ ਸਾਲ ਉਹ ਛੋਟੀ ਹੀ ਸੀ। ਕੁੜੀਆਂ ਰੁੱਖਾਂ ਵਾਂਗ ਹੁੰਦੀਆਂ। ਉਨ੍ਹਾਂ ਨੂੰ ਵਧਦਿਆਂ ਕੋਈ ਦੇਰ ਨਹੀਂ ਲੱਗਦੀ।"

"ਅੱਛਾ! ਜ਼ਿਆਦਾ ਗੱਲਾਂ ਨਾ ਬਣਾ ਅਤੇ ਉਸ ਦੀ ਤਿਆਰੀ ਕਰ।"

"ਹੁਣ ਉਸ ਦਾ ਜਾਣਾ ਠੀਕ ਨਹੀਂ, ਕੁਝ ਤਾਂ ਖਿਆਲ ਕਰੋ।"

"ਕੁਝ ਨਹੀਂ ਹੁੰਦਾ, ਤੂੰ ਆਪਣੀ ਬਕ ਬਕ ਬੰਦ ਕਰ।"

"ਮੈਂ ਉਸ ਨੂੰ 'ਕੱਲੀ ਨਹੀਂ ਜਾਣ ਦੇਣਾ, ਨਾਲ ਜਾਵਾਂਗੀ।"

"ਤੂੰ ਉਥੇ ਕੀ ਕਰੇਗੀ?"

"ਉਸ ਦਾ ਖਿਆਲ ਰੱਖਾਂਗੀ।"

ਖੈਰਦੀਨ ਹੱਸ ਪਿਆ, "ਸੁਣ ਰਿਹਾ ਏਂ ਫੀਕੇ? ਇਹ ਉਸ ਦਾ ਖਿਆਲ ਰੱਖੇਗੀ। ਕਿਉਂ, ਅਸੀਂ ਇਸ ਦੇ ਕੁਝ ਨਹੀਂ ਲੱਗਦੇ? ਪਿਤਾ ਅਤੇ ਭਰਾ ਤੋਂ ਵੱਧ ਕੁੜੀ ਦੀ ਦੇਖ ਭਾਲ ਕੌਣ ਕਰ ਸਕਦਾ ਏ, ਬੇਵਕੂਫ?"

"ਜਵਾਨ ਧੀ ਦਾ ਖਿਆਲ ਸਿਰਫ ਉਸ ਦੀ ਮਾਂ ਰੱਖ ਸਕਦੀ ਏ।"

"ਕਿਉਂ ਪਹਿਲਾਂ ਅਸੀਂ ਦੇਖ ਭਾਲ ਨਹੀਂ ਕਰਦੇ ਰਹੇ?" ਫੀਕਾ ਬੋਲਿਆ, "ਕਿਸੇ ਨੇ ਕੁੜੀ ਦਾ ਕੁਝ ਲਾਹ ਲਿਆ ਹੈ ਕੀ?"

"ਤੂੰ ਚੁੱਪ ਰਹਿ ਫੀਕੇ।" ਮਾਂ ਚੀਕੀ।

"ਠੀਕ ਹੀ ਤਾਂ ਕਹਿ ਰਿਹਾ ਹੈ ਫੀਕਾ। ਪਹਿਲਾਂ ਕੀ ਤੂੰ ਨਾਲ ਜਾਂਦੀ ਸੀ?"

"ਉਦੋਂ ਗੱਲ ਹੋਰ ਸੀ, ਹੁਣ ਉਹ ਜਵਾਨ ਹੋ ਗਈ ਹੈ।"

"ਤਾਂ ਕੀ ਅਸੀਂ ਉਸ ਨਾਲ...?"

"ਬੱਸ ਬੱਸ।" ਮਾਂ ਨੂੰ ਗੁੱਸਾ ਆ ਗਿਆ, "ਜੋ ਮੂੰਹ ਵਿਚ ਆਉਂਦਾ ਹੈ, ਬਕ ਦਿੰਦੇ ਹੋ।"

"ਅੱਛਾ! ਤੂੰ ਵੀ ਆਪਣੀ ਬਕਵਾਸ ਬੰਦ ਕਰ।"

"ਧੀ ਦੀ ਕਮਾਈ ਖਾਂਦੇ ਹੋ, ਕੁਝ ਤਾਂ ਸ਼ਰਮ ਕਰ।"

"ਸ਼ਰਮ ਕਿਸ ਗੱਲ ਦੀ, ਮਿਹਨਤ ਕਰਦੇ ਹਾਂ, ਤਮਾਸ਼ਾ ਦਿਖਾਉਂਦੇ ਹਾਂ।"

"ਇਸ ਧੋਖੇ ਵਿਚ ਨਾ ਰਹਿਣਾ ਕਿ ਲੋਕ ਤਮਾਸ਼ਾ ਦੇਖਣ ਆਉਂਦੇ ਨੇ। ਉਹ ਤੇਰੀ ਬੱਕਰੀ ਜਾਂ ਲੂੰਬੜੀ ਨੂੰ ਦੇਖਣ ਨਹੀਂ, ਤੇਰੀ ਧੀ ਦਾ ਚੰਨ ਵਰਗਾ ਮੁਖੜਾ ਮੈਲਾ ਕਰਨ ਆਉਂਦੇ ਨੇ।"

"ਜੇ ਦੇਖਣ ਨਾਲ ਮੈਲਾ ਹੁੰਦਾ ਹੈ ਤਾਂ ਹੋਣ ਦੇ।"

"ਹਾਂ ਅੰਮਾ", ਫੀਕਾ ਬੋਲਿਆ, "ਲੋਕ ਆਉਂਦੇ ਨੇ, ਦੇਖ ਕੇ ਚਲੇ ਜਾਂਦੇ ਹਨ, ਕੀ ਲੈਂਦੇ ਨੇ?"

"ਸ਼ਰਮ ਕਰ ਫੀਕੇ।"

"ਤੂੰ ਫਿਕਰ ਨਾ ਕਰ।" ਖੈਰਦੀਨ ਬੋਲਿਆ, "ਜਿਹੋ ਜਿਹੀ ਭੇਜੇਂਗੀ, ਵੈਸੀ ਹੀ ਵਾਪਸ ਲਿਆਵਾਂਗੇ।"

"ਹਾਂ ਅੰਮਾ, ਬੇਸ਼ਕ ਜੋਖ ਲੈਣਾ।" ਫੀਕੇ ਨੇ ਮਸ਼ਕਰੀ ਕੀਤੀ।

"ਸ਼ਰਮ ਵੀ ਕੋਈ ਚੀਜ਼ ਹੈ, ਬੇਸ਼ਰਮ।"

"ਇਸ ਵਿਚ ਬੇਸ਼ਰਮੀ ਦੀ ਕੀ ਗੱਲ ਹੈ ਅੰਮਾ? ਕੁੜੀ ਦਾ ਚਿਹਰਾ, ਲੂੰਬੜੀ ਦਾ ਸਰੀਰ, ਨਜ਼ਰ ਦਾ ਧੋਖਾ।" ਫੀਕੇ ਨੇ ਆਪਣੀ ਮਾਂ ਨੂੰ ਦੱਸਿਆ ਕਿ ਗਰੀਬ ਆਦਮੀ ਨੂੰ ਪੇਟ ਪਾਲਣ ਲਈ ਸੌ ਤਰ੍ਹਾਂ ਦੇ ਪਾਪੜ ਵੇਲਣੇ ਪੈਂਦੇ ਹਨ।

"ਤੁਸੀਂ ਹੁਣ ਹੋਰ ਧੰਦਾ ਕਿਉਂ ਨਹੀਂ ਸ਼ੁਰੂ ਕਰ ਲੈਂਦੇ?"

"ਅੱਛਾ ਅੱਛਾ, ਉਹ ਵੀ ਕਰ ਲਵਾਂਗੇ। ਚੱਲ ਫੀਕੇ ਤਿਆਰੀ ਕਰੋ।"... ਤੇ ਤਿਆਰੀ ਸ਼ੁਰੂ ਹੋ ਗਈ।

ਸ਼ੈਦਾ ਨੇ ਆਪਣੀ ਲੋੜ ਦੀਆਂ ਛੋਟੀਆਂ-ਮੋਟੀਆਂ ਚੀਜ਼ਾਂ, ਕੱਪੜੇ ਅਤੇ ਭਾਂਡੇ ਸੂਟਕੇਸ ਵਿਚ ਰੱਖਣੇ ਸ਼ੁਰੂ ਕਰ ਦਿੱਤੇ। ਗਰਮੀ ਅਤੇ ਹੁੰਮਸ ਦੇ ਦਿਨ ਸਨ। ਉਸ ਨੂੰ ਪਹਿਰਾਂ ਤੱਕ ਪਰਦੇ ਪਿਛੇ, ਜਿਥੇ ਹਵਾ ਨਹੀਂ ਪਹੁੰਚ ਸਕਦੀ, ਬੈਠਣਾ ਪਵੇਗਾ।



ਇਸ ਖਿਆਲ ਨਾਲ ਮਾਂ ਨੇ ਸਾਰੇ ਕੰਮ ਛੱਡ ਕੇ ਉਸ ਨੂੰ ਕੱਪੜਿਆਂ ਦਾ ਨਵਾਂ ਜੋੜਾ ਸਿਉਂ ਦਿੱਤਾ।

ਫੀਕੇ ਨੇ ਕਨਾਤ, ਸ਼ਾਮਿਆਨਾ, ਮੇਜ਼, ਸਟੂਲ, ਪਰਦੇ ਅਤੇ ਬਾਕੀ ਸਾਮਾਨ ਬੰਨ੍ਹ ਦਿੱਤੇ। ਉਹ ਚਾਰੇ-ਖੈਰਦੀਨ, ਫੀਕਾ, ਕੁੜੀ ਅਤੇ ਲੂੰਬੜੀ ਮੇਲੇ ਲਈ ਚੱਲ ਪਏ। ਮੇਲੇ ਦਾ ਪਹਿਲਾ ਦਿਨ ਔਰਤਾਂ ਅਤੇ ਬੱਚਿਆਂ ਲਈ ਖਾਸ ਸੀ; ਹਾਲਾਂਕਿ ਇਸ ਵਿਚ ਮਰਦਾਂ ਦੀ ਗਿਣਤੀ ਵੱਧ ਸੀ। ਗੱਲਾਂ ਕਰਨ ਵਾਲੀ ਲੂੰਬੜੀ ਵਿਚ ਬੱਚੇ ਵੱਧ ਦਿਲਚਸਪੀ ਲੈਂਦੇ ਸਨ। ਇਸ ਲਈ ਖੂਬ ਵਿਕਰੀ ਹੋਈ। ਸਾਰਾ ਦਿਨ ਟਿਕਟ ਵਿਕਦੇ ਰਹੇ। ਖੈਰਦੀਨ ਬਹੁਤ ਖੁਸ਼ ਸੀ। ਉਸ ਨੇ ਦੋਵੇਂ ਟਾਈਮ ਵਧੀਆ ਖਾਣਾ ਮੰਗਵਾਇਆ। ਕੁੜੀ ਨੂੰ ਆਈਸ ਕਰੀਮ ਵੀ ਖੁਆਈ ਅਤੇ ਚੂੜੀਆਂ ਤੇ ਸੁਰਮੇ ਲਈ ਪੈਸੇ ਦਿੱਤੇ, ਪਰ ਅਗਲੇ ਦਿਨ ਮੀਂਹ ਪੈਣ ਲੱਗ ਪਿਆ। ਦਿਨ ਭਰ ਥੋੜ੍ਹੇ ਥੋੜ੍ਹੇ ਸਮੇਂ 'ਤੇ ਬੂੰਦਾ-ਬਾਂਦੀ ਦਾ ਸਿਲਸਿਲਾ ਜਾਰੀ ਰਿਹਾ, ਧੰਦਾ ਬੰਦ ਰਿਹਾ, ਪਰ ਉਸ ਨੂੰ ਕੁਝ ਆਰਾਮ ਦਾ ਮੌਕਾ ਮਿਲ ਗਿਆ। ਮੇਲੇ ਦਾ ਅੱਜ ਤੀਜਾ ਦਿਨ ਸੀ।

ਗਰਮੀ ਭਾਵੇਂ ਬਹੁਤ ਸੀ ਤੇ ਹਵਾ ਬਿਲਕੁਲ ਬੰਦ ਸੀ, ਇਸ ਦੇ ਬਾਵਜੂਦ ਸਵੇਰ ਤੋਂ ਹੀ ਲੋਕ ਛੋਟੀਆਂ ਛੋਟੀਆਂ ਟੋਲੀਆਂ ਵਿਚ ਮੇਲੇ ਵਿਚ ਪੁੱਜਣੇ ਸ਼ੁਰੂ ਹੋ ਗਏ ਸਨ। ਦੁਪਹਿਰ ਤੱਕ ਮੇਲਾ ਭਰ ਗਿਆ ਅਤੇ ਕਾਫੀ ਚਹਿਲ ਪਹਿਲ ਹੋ ਗਈ। ਮੋਢੇ ਨਾਲ ਮੋਢਾ ਘਿਸਰਨ ਲੱਗਾ। ਦੁਕਾਨਾਂ ਅਤੇ ਢਾਬਿਆਂ ਉਤੇ ਭੀੜ ਹੋ ਗਈ। ਥੀਏਟਰ ਖਚਾ-ਖਚ ਭਰੇ ਹੋਏ ਸਨ। ਗੀਤਾਂ ਅਤੇ ਸੰਵਾਦਾਂ ਦਾ ਰੌਲਾ ਬਾਹਰ ਵੀ ਸੁਣਾਈ ਦੇ ਰਿਹਾ ਸੀ। ਇਕ ਪਾਸੇ ਸਿਆਲਾਂ ਦੀ ਹੀਰ ਭੱਤਾ ਲੈ ਕੇ ਮੇਲੇ ਵੱਲ ਜਾ ਰਹੀ ਸੀ, ਦੂਜੇ ਪਾਸੇ ਮਜਨੂੰ ਝੱਲਾ ਬਣ ਕੇ ਲੈਲਾ ਲੈਲਾ ਪੁਕਾਰਦਿਆਂ ਗਾਉਣ ਲੱਗਾ। ਮਰਦਾਂ ਨਾਲ ਭਰੇ ਮੇਲੇ ਵਿਚ ਵਣਜਾਰਨਾਂ ਅਤੇ ਭਿਖਾਰਨਾਂ ਤੋਂ ਇਲਾਵਾ ਔਰਤਾਂ ਸਿਰਫ ਸਰਕਸਾਂ ਅਤੇ ਥੀਏਟਰਾਂ ਦੇ ਅੰਦਰ ਸਨ। ਇਸੇ ਕਰ ਕੇ ਸਭ ਲੋਕਾਂ ਦਾ ਧਿਆਨ ਉਸੇ ਪਾਸੇ ਸੀ।

ਖੈਰਦੀਨ ਨੇ ਸੋਚਿਆ ਕਿ ਅੱਜ ਖੂਬ ਟਿਕਟ ਵਿਕਣਗੇ, ਪਰ ਹੁਣ ਉਹ ਪ੍ਰੇਸ਼ਾਨ ਸੀ। ਸਿਰਫ ਇਕਾ-ਦੁੱਕਾ ਲੋਕ ਹੀ ਇਧਰ ਆਉਂਦੇ ਸਨ। ਲੂੰਬੜੀ ਅਤੇ ਔਰਤ ਦੇ ਵਿਚਕਾਰ ਦੀ ਥੋੜ੍ਹੀ ਜਿਹੀ ਜਗ੍ਹਾ ਛੱਡ ਕੇ ਭੀੜ ਦੇ ਸਾਰੇ ਬੱਦਲ ਮੇਲੇ 'ਤੇ ਵਰ੍ਹ ਰਹੇ ਸਨ। ਲਾਊਡ ਸਪੀਕਰ 'ਤੇ ਬੋਲ ਬੋਲ ਕੇ ਉਸ ਦਾ ਗਲਾ ਬੈਠ ਚੁਕਾ ਸੀ।

"ਲੋਕ ਇਧਰ ਕਿਉਂ ਨਹੀਂ ਆਉਂਦੇ?" ਖੈਰਦੀਨ ਨੇ ਸਵਾਲ ਕੀਤਾ।

"ਲੱਗਦਾ ਹੈ, ਲੋਕਾਂ ਨੂੰ ਲੂੰਬੜੀ ਵਿਚ ਕੋਈ ਦਿਲਚਸਪੀ ਨਹੀਂ ਰਹੀ ਅੱਬਾ।" ਫੀਕੇ ਨੇ ਸਿਗਰਟ ਸੁਲਗਾਉਂਦਿਆਂ ਕਿਹਾ।

"ਕਿਉਂ ਫੀਕੇ?"

"ਹੁਣ ਹਰ ਆਦਮੀ ਅੰਦਰੋਂ ਲੂੰਬੜੀ ਬਣ ਗਿਆ ਹੈ, ਅੱਬਾ।"

"ਉਹ ਕਿਵੇਂ ਫੀਕੇ?"

"ਬੱਕਰੀ ਅਤੇ ਲੂੰਬੜੀ ਦੀ ਕਹਾਣੀ ਤੁਹਾਨੂੰ ਯਾਦ ਹੈ ਅੱਬਾ? ਲੋਕ ਬਹੁਤ ਚਲਾਕ ਅਤੇ ਖੁਦਗਰਜ਼ ਹੋ ਗਏ ਸਨ। ਦੂਜਿਆਂ ਨੂੰ ਟੋਏ ਵਿਚ ਸੁੱਟ ਕੇ, ਆਪ ਉਨ੍ਹਾਂ ਦੇ ਮੋਢਿਆਂ 'ਤੇ ਸਵਾਰ ਹੋ ਕੇ ਬਾਹਰ ਆ ਜਾਂਦੇ ਹਨ।"

"ਪਰ ਪਰਸੋਂ ਤਾਂ ਬਹੁਤ ਚਹਿਲ ਪਹਿਲ ਸੀ ਫੀਕੇ?"

"ਪਰਸੋਂ ਬੱਚਿਆਂ ਤੇ ਔਰਤਾਂ ਦਾ ਦਿਨ ਸੀ ਅੱਬਾ।"

"ਫਿਰ ਕੀ ਕਰੀਏ...?"

"ਹੁਣ ਕੋਈ ਹੋਰ ਧੰਦਾ ਸੋਚ ਅੱਬਾ।"

"ਹਾਂ, ਤੇਰੀ ਅੰਮਾ ਵੀ ਇਹੀ ਕਹਿੰਦੀ ਹੈ।"

ਖੈਰਦੀਨ ਨੂੰ ਲੂੰਬੜੀ 'ਤੇ ਖਰਚ ਹੋਈ ਰਕਮ ਬਰਬਾਦ ਹੁੰਦੀ ਦਿਖਾਈ ਦੇਣ ਲੱਗੀ। ਉਹ ਕੋਈ ਹੋਰ ਧੰਦਾ ਸ਼ੁਰੂ ਕਰਨ ਲਈ ਪਹਿਲੀ ਵਾਰ ਸੋਚ ਰਿਹਾ ਸੀ ਕਿ ਅਜੀਬ ਗੱਲ ਹੋਈ, ਦੁਪਹਿਰ ਤੋਂ ਬਾਅਦ ਗਰਮੀ ਬਹੁਤ ਵਧ ਗਈ ਸੀ। ਸੂਰਜ ਆਪਣੇ ਪੂਰੇ ਜਲੌਅ ਵਿਚ ਚਮਕ ਰਿਹਾ ਸੀ। ਟਿਕਟ ਤੇਜ਼ੀ ਨਾਲ ਵਿਕਣ ਲੱਗੇ ਅਤੇ ਰੋਜ਼ ਵਾਧਾ ਹੁੰਦਾ ਗਿਆ। ਪਹਿਲਾਂ ਤਾਂ ਉਹ ਖੁਸ਼ ਹੋਇਆ, ਫਿਰ ਇਹ ਦੇਖ ਕੇ ਚੌਂਕਿਆ ਕਿ ਅੰਦਰ ਜਾਣ ਵਾਲੇ ਬਾਹਰ ਆਉਣ ਦਾ ਨਾਂ ਨਹੀਂ ਲੈਂਦੇ ਅਤੇ ਜਿਨ੍ਹਾਂ ਨੂੰ ਭੀੜ ਕਰ ਕੇ ਫੀਕਾ ਬਾਹਰ ਨਿਕਲਣ ਲਈ ਮਜਬੂਰ ਕਰ ਦਿੰਦਾ ਹੈ, ਉਹ ਨਵਾਂ ਟਿਕਟ ਖਰੀਦ ਕੇ ਦੁਬਾਰਾ ਅੰਦਰ ਆ ਜਾਂਦੇ ਹਨ। ਉਸ ਨੇ ਫੀਕੇ ਤੋਂ ਲੋਕਾਂ ਦੀ ਇਸ ਲਗਾਤਾਰ ਦਿਲਚਸਪੀ ਦੀ ਵਜ੍ਹਾ ਜਾਣਨੀ ਚਾਹੀ ਤਾਂ ਉਸ ਨੇ ਹੱਸ ਕੇ ਜਵਾਬ ਦਿੱਤਾ, "ਬੱਸ ਭੇਡ ਚਾਲ ਹੈ ਅੱਬਾ, ਲੋਕ ਜਿਸ ਪਾਸੇ ਭੀੜ ਦੇਖਦੇ ਹਨ, ਦੇਖਾ ਦੇਖੀ ਉਸ ਪਾਸੇ ਚੱਲ ਪੈਂਦੇ ਹਨ।"

ਅਜਿਹਾ ਕਦੇ ਕਦੇ ਪਹਿਲਾਂ ਵੀ ਹੋ ਜਾਂਦਾ ਸੀ। ਅਚਾਨਕ ਤਮਾਸ਼ਬੀਨਾਂ ਦਾ ਰੇਲਾ ਆ ਜਾਂਦਾ ਹੈ। ਫਿਰ ਮੌਤ ਅਤੇ ਗਾਹਕ ਦਾ ਕੀ ਪਤਾ, ਕਦੋਂ ਆ ਜਾਏ। ਇਸ ਖਿਆਲ ਨਾਲ ਸੰਤੁਸ਼ਟ ਹੋਇਆ ਉਹ ਟਿਕਟਾਂ ਵੇਚਣ ਲੱਗ ਪਿਆ।

ਤਮਾਸ਼ਬੀਨਾਂ ਦਾ ਜੋਸ਼ ਖਰੋਸ਼ ਹਰ ਪਲ ਵਧਦਾ ਗਿਆ। ਉਸ ਦਾ ਮੱਥਾ ਠਣਕਿਆ। ਫਿਰ ਫੀਕੇ ਨੂੰ ਕੋਲ ਬੁਲਾਇਆ ਤੇ ਹੌਲੀ ਜਿਹੇ ਪੁੱਛਿਆ, "ਖੈਰ ਤਾਂ ਹੈ, ਆਖਰ ਅੱਜ ਕੀ ਗੱਲ ਹੋ ਗਈ?"

"ਸਭ ਠੀਕ ਐ ਅੱਬਾ।"

"ਕੋਈ ਗੱਲ ਤਾਂ ਹੈ?"

"ਬੱਸ, ਅੱਬਾ ਗਰਮੀ ਬਹੁਤ ਹੈ।" ਫੀਕਾ ਹੱਸਣ ਲੱਗਾ।

"ਇਥੇ ਕਿ ਹੜਾ ਬਰਫ ਪੈ ਰਹੀ ਹੈ, ਫੀਕੇ?"

"ਤੁਸੀਂ ਟਿਕਟ ਵੇਚੋ ਅੱਬਾ।"

"ਫਿਰ ਇਹ ਅਚਾਨਕ?"

"ਕੁਝ ਨਹੀਂ ਅੱਬਾ... ਬੱਸ ਨਜ਼ਰ ਦਾ ਧੋਖਾ ਹੈ...।" ਫੀਕਾ ਹੱਸਦਾ ਹੋਇਆ ਚਲਾ ਗਿਆ। ਉਸ ਨੂੰ ਸਮਝ ਨਹੀਂ ਆਇਆ, ਫਿਰ ਉਸ ਨੂੰ ਫੀਕੇ ਦਾ ਹਾਸਾ ਬਹੁਤ ਅਰਥ ਪੂਰਨ ਲੱਗਾ। ਉਸ ਨੇ ਥੋੜ੍ਹੀ ਦੇਰ ਲਈ ਟਿਕਟ ਵੇਚਣੇ ਬੰਦ ਕਰ ਦਿੱਤੇ, ਪਰ ਜਦੋਂ ਉਹ ਉਚੀ ਥਾਂ ਤੋਂ ਉਤਰ ਕੇ ਤਮਾਸ਼ਬੀਨਾਂ ਦੇ ਨੇੜੇ ਆਇਆ ਤਾਂ ਇਹ ਦੇਖ ਕੇ ਠਿਠਕ ਗਿਆ ਕਿ ਪਰਦਾ ਖਿਸਕ ਜਾਣ ਕਾਰਨ ਲੂੰਬੜੀ ਨਾਲ ਕੁੜੀ ਦਾ ਉਪਰ ਵਾਲਾ ਧੜ ਵੀ ਦਿਖਾਈ ਦੇ ਰਿਹਾ ਹੈ। ਪਹਿਲਾਂ ਤਾਂ ਉਸ ਨੂੰ ਸ਼ੱਕ ਹੋਇਆ ਕਿ ਉਹ ਤਮਾਸ਼ਬੀਨਾਂ ਤੋਂ ਹੀ ਨਹੀਂ, ਕੁੜਤੀ ਤੋਂ ਲਾਪ੍ਰਵਾਹ ਹੋ ਕੇ ਬੈਠੀ ਹੈ, ਪਰ ਫਿਰ ਅੰਦਾਜ਼ਾ ਹੋ ਗਿਆ ਕਿ ਕੁੜਤੀ ਭਿੱਜ ਕੇ ਉਸ ਦੇ ਸਰੀਰ ਨਾਲ ਚਿਪਕ ਗਈ ਹੈ ਅਤੇ ਮਾਸ ਦੇ ਰੰਗ ਵਿਚ ਹੀ ਬਦਲ ਗਈ ਹੈ।

ਉਸ ਨੂੰ ਫੀਕੇ 'ਤੇ ਬਹੁਤ ਗੁੱਸਾ ਆਇਆ। ਉਹ ਕਾਹਲੀ ਨਾਲ ਆਪਣੀ ਥਾਂ 'ਤੇ ਮੁੜ ਆਇਆ ਕਿ ਫੀਕੇ ਨੂੰ ਡਾਂਟ ਕੇ ਪਰਦਾ ਠੀਕ ਕਰਨ ਨੂੰ ਕਹੇ ਅਤੇ ਉਹ ਖੁਦ ਸ਼ੋਅ ਖਤਮ ਹੋਣ ਦਾ ਐਲਾਨ ਕਰੇ, ਪਰ ਉਸ ਦੀ ਨਿਗ੍ਹਾ ਤਮਾਸ਼ਬੀਨਾਂ ਦੀ ਲੰਮੀ ਲਾਈਨ 'ਤੇ ਪਈ ਅਤੇ ਉਹ ਛੇਤੀ ਛੇਤੀ ਟਿਕਟਾਂ ਵੇਚਣ ਲੱਗ ਪਿਆ।

## ਮਿੰਨੀ ਕਹਾਣੀਆਂ

### ਨਿਰਣਾ

ਰੇਸ਼ਮ ਸਿੰਘ ਬੈਂਕ ਮੈਨੇਜਰ ਵਜੋਂ ਰਿਟਾਇਰ ਹੋਇਆ ਸੀ। 7 ਕਿੱਲੇ ਜੱਦੀ ਜ਼ਮੀਨ ਸੀ। ਇਕਲੌਤਾ ਪੁੱਤਰ ਵਿਆਹ ਕਰਾ ਕੇ ਵਿਦੇਸ਼ ਸੈਟ ਹੋ ਗਿਆ ਸੀ। ਦੋਵੇਂ ਜੀਅ ਆਪਣਾ ਚੰਗਾ ਗੁਜ਼ਾਰਾ ਕਰ ਰਹੇ ਸਨ ਕਿ ਰੇਸ਼ਮ ਸਿੰਘ ਦੀ ਪਤਨੀ ਦੀ ਤਬੀਅਤ ਖਰਾਬ ਰਹਿਣ ਲੱਗੀ। ਕਈ ਵਾਰ ਹਸਪਤਾਲ ਦਾਖਲ ਕਰਵਾਉਣਾ ਪਿਆ।

ਨੂੰਹ-ਪੁੱਤਰ ਨੂੰ ਦੱਸਿਆ ਤੇ ਮਿਲਣ ਆਉਣ ਲਈ ਕਿਹਾ ਪਰ ਉਨ੍ਹਾਂ ਨੇ ਆਉਣਾ ਜ਼ਰੂਰੀ ਨਾ ਸਮਝਿਆ। ਆਖਰ ਰੇਸ਼ਮ ਸਿੰਘ ਦੀ ਪਤਨੀ ਅਕਾਲ ਚਲਾਣਾ ਕਰ ਗਈ, ਪਰ ਨੂੰਹ-ਪੁੱਤ ਫਿਰ ਵੀ ਨਾ ਆਏ। ਹੁਣ ਰੇਸ਼ਮ ਸਿੰਘ ਇਕੱਲਾ ਰਹਿ ਗਿਆ। ਇਕ ਦਿਨ ਆਪਣੇ ਗਵਾਂਢੀ ਨਾਲ ਗੱਲਾਂ ਕਰਦਿਆਂ ਉਸ ਨੇ ਗਹਿਰੇ ਦੁੱਖ ਨਾਲ ਪਰ ਹੱਸਦੇ ਹੋਏ ਕਿਹਾ, "ਵੀਰ ਜੀ ਮੇਰੇ ਵੱਲ ਗੇੜਾ ਮਾਰਦੇ ਰਿਹਾ ਕਰੋ, ਕਿਤੇ 'ਕੱਲਾ ਡਿੱਗਿਆ ਪਿਆ ਹੋਵਾਂ।" ਉਸ ਦੇ ਕਹੇ ਬੋਲ ਕੁਝ ਦਿਨਾਂ ਬਾਅਦ ਹੀ ਸੱਚ ਹੋ ਗਏ। ਉਸ ਦੇ ਗਵਾਂਢੀ ਨੇ ਜਦ ਤੁਰਦੇ-ਫਿਰਦੇ ਗੇੜਾ ਮਾਰਿਆ ਤਾਂ ਰੇਸ਼ਮ ਸਿੰਘ ਦਿਲ ਦੇ ਦਰਦ ਕਰਕੇ ਡਿੱਗਿਆ ਪਿਆ ਸੀ। ਗਵਾਂਢੀ ਨੇ ਆਪਣਾ ਫਰਜ਼ ਨਿਭਾਇਆ ਤੇ ਰੇਸ਼ਮ ਸਿੰਘ ਦੀ ਜਾਨ ਬਚ ਗਈ। ਹਸਪਤਾਲ ਤੋਂ ਘਰ ਆ ਕੇ ਰੇਸ਼ਮ ਸਿੰਘ ਨੇ ਅਖੀਰ ਆਪਣੇ ਉਸ ਫੈਸਲੇ ਨੂੰ ਅਮਲੀ ਰੂਪ ਦੇ ਦਿੱਤਾ, ਜੋ ਕਾਫੀ ਚਿਰ ਤੋਂ ਉਸ ਦੇ ਮਨ ਵਿਚ ਘਰ ਕਰ ਚੁੱਕਾ ਸੀ। ਉਸ ਨੇ ਆਪਣੀ ਸਾਰੀ ਜਾਇਦਾਦ ਪਿੰਗਲਵਾੜੇ ਦੇ ਨਾਂ ਕਰਵਾ ਦਿੱਤੀ। ਰਿਟਾਇਰਡ ਬੈਂਕ ਮੈਨੇਜਰ ਹੋਣ ਕਰਕੇ ਉਸ ਨੂੰ ਪਿੰਗਲਵਾੜੇ ਦਾ ਹਿਸਾਬ ਕਿਤਾਬ ਦੇਖਣ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ। ਨੂੰਹ-ਪੁੱਤ ਦੀ ਆਸ ਛੱਡ ਕੇ ਬਾਕੀ ਜ਼ਿੰਦਗੀ ਰੇਸ਼ਮ ਸਿੰਘ ਨੇ ਉਥੇ ਹੀ ਸੇਵਾ ਕਰਦੇ ਗੁਜ਼ਾਰਨ ਦਾ ਫੈਸਲਾ ਕਰ ਲਿਆ।

-ਸ਼ਮਿੰਦਰ ਕੌਰ
shaminderbrar83@gmail.com

### ਮੈਕਸੀਮਮ ਡਿਸਕਾਊਂਟ

ਮੈਡੀਕਲ ਸਟੋਰ ਦੇ ਬਾਹਰ ਬੋਰਡ 'ਤੇ ਲਿਖਿਆ ਸੀ, 'ਮੈਕਸੀਮਮ ਡਿਸਕਾਊਂਟ'। ਬੋਰਡ ਦੇਖ ਕੇ ਮੈਂ ਉਸ ਦੁਕਾਨ ਅੰਦਰ ਚਲਾ ਗਿਆ ਅਤੇ ਦੁਕਾਨਦਾਰ ਕੋਲੋਂ ਇਕ ਪੱਤਾ ਕਰੋਸਿਨ ਦੀਆਂ ਗੋਲੀਆਂ ਦਾ ਮੰਗਿਆ। ਦੁਕਾਨਦਾਰ ਗੋਲੀਆਂ ਦਾ ਪੱਤਾ ਕਾਗਜ਼ ਦੇ ਲਿਫਾਫੇ ਵਿਚ ਪਾਉਂਦਾ ਬੋਲਿਆ, "ਤੀਹ ਰੁਪਏ।"

ਐਮ.ਆਰ.ਪੀ. ਦੇਖਦਿਆਂ ਦੁਕਾਨਦਾਰ ਨੂੰ ਮੈਂ ਕਿਹਾ, 'ਉਪਰ ਤਾਂ 28 ਲਿਖੇ ਹਨ!'

ਉਸ ਦਾ ਜਵਾਬ ਸੀ, 'ਦੋ ਰੁਪਏ ਖੁੱਲੇ ਕਿੱਥੋਂ ਲਿਆਈਏ ਜੀ, ਇਸ ਲਈ ਰਾਊਂਡ ਫਿਗਰ ਹੀ ਕਰ ਦੇਈਦੇ ਨੇ।' ਹੁਣ ਮੈਂ ਕਦੇ ਦੁਕਾਨਦਾਰ ਵੱਲ ਅਤੇ ਕਦੀ ਦੁਕਾਨ ਦੇ ਬਾਹਰ ਲੱਗੇ ਬੋਰਡ ਵੱਲ ਦੇਖ ਰਿਹਾ ਸਾਂ ਜਿਸ 'ਤੇ ਲਿਖਿਆ ਸੀ, 'ਮੈਕਸੀਮਮ ਡਿਸਕਾਊਂਟ'।

-ਰਮੇਸ਼ ਬੱਗਾ ਚੋਹਲਾ
ਫੋਨ: 91-94631-32719

# ਆਰ.ਐਸ.ਐਸ. ਦੇ ਦਹਿਸ਼ਤੀ ਕਾਰੇ


**ਆਰ.ਐਸ.ਐਸ. ਸਭ ਤੋਂ ਵੱਡੀ ਦਹਿਸ਼ਤਗਰਦ ਸੰਸਥਾ-5**

***ਕੱਟੜ ਹਿੰਦੂਵਾਦੀ ਜਥੇਬੰਦੀ ਆਰ.ਐਸ.ਐਸ. ਵਲੋਂ ਕੌਮੀ ਜਾਂਚ ਏਜੰਸੀ (ਐਨ.ਆਈ.ਏ.) ਅਤੇ ਅਦਾਲਤਾਂ ਉਪਰ ਸਿਆਸੀ ਦਬਾਓ ਪਾ ਕੇ ਹਿੰਦੂਤਵੀ ਅਤਿਵਾਦੀ ਸਰਗਨਿਆਂ ਨੂੰ ਕਲੀਨ ਚਿਟਾਂ ਦਿਵਾਈਆਂ ਜਾ ਰਹੀਆਂ ਹਨ। ਮਹਾਰਾਸ਼ਟਰ ਦੇ ਸਾਬਕਾ ਪੁਲਿਸ ਅਫਸਰ ਐਸ.ਐਮ. ਮੁਸ਼ਰਿਫ ਨੇ ਆਰ.ਐਸ.ਐਸ. ਦਾ ਪਰਦਾ ਫਾਸ਼ ਕਰਦਿਆਂ ਕਿਤਾਬਚਾ 'ਆਰ.ਐਸ.ਐਸ. ਸਭ ਤੋਂ ਵੱਡੀ ਦਹਿਸ਼ਤਗਰਦ ਸੰਸਥਾ' ਲਿਖਿਆ ਹੈ। ਇਸ ਕਿਤਾਬਚੇ ਤੋਂ ਆਰ.ਐਸ.ਐਸ. ਦੇ ਇਰਾਦਿਆਂ ਨੂੰ ਸਮਝਿਆ ਜਾ ਸਕਦਾ ਹੈ। ਇਸ ਅਹਿਮ ਕਿਤਾਬਚੇ ਦੀ ਇਹ ਆਖਰੀ ਕਿਸ਼ਤ ਹੈ। ਇਸ ਕਿਤਾਬਚੇ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ। -ਸੰਪਾਦਕ***

***ਅਧਿਆਏ 9***

***ਆਰ.ਐਸ.ਐਸ. ਦੇ ਦਹਿਸ਼ਤੀ ਕਾਰੇ***

ਅਧਿਆਏ 2 ਤੋਂ 6 ਤਕ ਦੀ ਜਾਣਕਾਰੀ ਵਿਚ ਬ੍ਰਾਹਮਣਵਾਦੀ ਜਥੇਬੰਦੀ ਵਲੋਂ ਮੁਲਕ ਵਿਚ ਜਿੰਨੇ ਵੀ ਬੰਬ ਧਮਾਕੇ ਕੀਤੇ ਗਏ, ਉਨ੍ਹਾਂ ਸਾਰਿਆਂ ਦੀ ਸੂਚੀ ਬਣਾਉਣ ਤੋਂ ਬਾਅਦ ਇਹ ਤਸਵੀਰ ਉਭਰਦੀ ਹੈ ਕਿ ਬੰਬ ਧਮਾਕੇ ਕਾਰਵਾਉਣ ਵਿਚ ਆਰ.ਐਸ.ਐਸ. ਸਭ ਤੋਂ ਅੱਗੇ ਹੈ; ਲੇਕਿਨ ਆਰ.ਐਸ.ਐਸ. ਨੂੰ ਦੇਖਣ ਤੋਂ ਪਹਿਲਾਂ ਅਸੀਂ ਸਨਾਤਨ ਸੰਸਥਾ ਉਪਰ ਥੋੜ੍ਹੀ ਨਜ਼ਰ ਮਾਰਾਂਗੇ। ਇਹ ਸੰਸਥਾ ਚਾਰ ਦਹਿਸ਼ਤਗਰਦ ਵਾਰਦਾਤਾਂ ਵਿਚ ਹਿੱਸੇਦਾਰ ਰਹੀ ਹੈ।



**ਐਸ.ਐਮ. ਮੁਸ਼ਰਿਫ**

ਉਨ੍ਹਾਂ ਵਿਚੋਂ ਦੋ ਵਿਚ ਦਹਿਸ਼ਤਗਰਦਾਂ ਨੂੰ ਸਜ਼ਾ ਦਿੱਤੀ ਗਈ ਹੈ ਅਤੇ ਦੋ ਮਾਮਲੇ ਅਦਾਲਤ ਵਿਚ ਵਿਚਾਰ ਅਧੀਨ ਹਨ। ਚਾਹੇ ਮੜਗਾਓਂ (ਗੋਆ) ਧਮਾਕੇ ਦੇ ਮਾਮਲੇ ਵਿਚ ਗ੍ਰਿਫਤਾਰ ਮੁਲਜ਼ਮਾਂ ਨੂੰ ਬੇਕਸੂਰ ਕਰਾਰ ਦਿੱਤਾ ਗਿਆ ਹੋਵੇ, ਲੇਕਿਨ ਉਸ ਦੀ ਵਜ੍ਹਾ ਤਕਨੀਕੀ ਹੈ। ਇਸ ਤੋਂ ਇਲਾਵਾ ਇਸ ਮਾਮਲੇ ਦੇ ਕੁਝ ਮੁੱਖ ਮੁਲਜ਼ਮ ਫ਼ਰਾਰ ਹਨ ਅਤੇ ਮਾਮਲੇ ਦੀ ਜਾਂਚ ਪੂਰੀ ਨਹੀਂ ਹੋਈ ਹੈ। ਇਸ ਲਈ ਇਸ ਮਾਮਲੇ ਦੀ ਜਾਂਚ ਲਟਕ ਰਹੀ ਹੀ ਸਮਝਣੀ ਚਾਹੀਦੀ ਹੈ।

ਇਸੇ ਤਰ੍ਹਾਂ ਸਤੰਬਰ 2015 ਵਿਚ ਕਾਮਰੇਡ ਗੋਵਿੰਦ ਰਾਓ ਪਾਨਸਰੇ ਦੀ ਹੱਤਿਆ ਦੇ ਮਾਮਲੇ ਵਿਚ ਪੁਲਿਸ ਨੇ ਸਨਾਤਨ ਸੰਸਥਾ ਦੇ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਉਸ ਨਾਲ ਸਨਾਤਨ ਸੰਸਥਾ ਦੀ ਬਹੁਤ ਸਾਰੀ ਜਾਣਕਾਰੀ ਵੀ ਹਾਸਲ ਹੋਈ ਹੈ। ਜਾਂਚ ਜਾਰੀ ਹੈ। ਹੋ ਸਕਦਾ ਹੈ ਕਿ ਹੋਰ ਵਾਰਦਾਤਾਂ ਅਤੇ ਹੱਤਿਆਵਾਂ ਦੇ ਮਾਮਲਿਆਂ ਦਾ ਵੀ ਇਸ ਤੋਂ ਖ਼ੁਲਾਸਾ ਹੋਵੇ।

**ਸਨਾਤਨ ਸੰਸਥਾ ਨੂੰ ਤੁਰੰਤ ਬੰਦ ਕੀਤੇ ਜਾਣ ਦੀ ਜ਼ਰੂਰਤ, ਲੇਕਿਨ...**

ਸਨਾਤਨ ਸੰਸਥਾ ਦੇ ਖ਼ਿਲਾਫ਼ ਦਰਜ ਦਹਿਸ਼ਤਗਰਦ ਮਾਮਲਿਆਂ ਵਿਚੋਂ ਦੋ ਦਹਿਸ਼ਤਗਰਦ ਵਾਰਦਾਤਾਂ ਵਿਚ ਮੁਲਜ਼ਮਾਂ ਨੂੰ ਸਜ਼ਾ ਦਿੱਤੀ ਗਈ, ਦੋ ਮਾਮਲੇ ਅਦਾਲਤ ਵਿਚ ਹਨ ਅਤੇ ਇਕ ਵਿਚ ਪੁਲਿਸ ਵਲੋਂ ਜਾਂਚ ਜਾਰੀ ਹੈ। ਇਸ ਦੇ ਬਾਵਜੂਦ ਸਰਕਾਰ ਇਸ ਸੰਸਥਾ ਨੂੰ ਬੰਦ ਕਰਨ ਲਈ ਤਿਆਰ ਨਹੀਂ। ਆਹਲਾ ਅਧਿਕਾਰੀ ਅਤੇ ਮੰਤਰੀ 'ਸਬੂਤ ਮਿਲਣ ਤੋਂ ਬਾਅਦ ਬੰਦ ਕਰ ਦਿਆਂਗੇ' ਦਾ ਬਹਾਨਾ ਬਣਾ ਕੇ ਕਾਰਵਾਈ ਟਾਲ ਰਹੇ ਹਨ ਅਤੇ ਅਵਾਮ ਨੂੰ ਗੁੰਮਰਾਹ ਕਰ ਰਹੇ ਹਨ। ਉਨ੍ਹਾਂ ਨੂੰ ਹੋਰ ਕਿੰਨੇ ਕੁ ਸਬੂਤ ਚਾਹੀਦੇ ਹਨ, ਉਹ ਸਪਸ਼ਟ ਕਰਨ। ਐਸਾ ਲਗਦਾ ਹੈ ਕਿ ਸਨਾਤਨ ਸੰਸਥਾ ਨੂੰ ਉਨ੍ਹਾਂ ਦੀ ਆਸਾਨੀ ਨਾਲ ਬੰਦ ਕਰਨ ਦੀ ਇੱਛਾ ਨਹੀਂ ਹੈ। ਇਸ ਲਈ ਇਸ ਸੰਸਥਾ ਨੂੰ ਬੰਦ ਕਰਵਾਉਣ ਲਈ ਸਰਕਾਰ ਉਪਰ ਦਬਾਓ ਬਣਾਉਣਾ ਜ਼ਰੂਰੀ ਹੈ।

ਹੋ ਸਕਦਾ ਹੈ ਕਿ ਅੱਗੇ ਚੱਲ ਕੇ ਅਵਾਮ ਦੇ ਦਬਾਓ ਹੇਠ ਆ ਕੇ ਸਰਕਾਰ ਇਸ ਸੰਸਥਾ ਨੂੰ ਬੰਦ ਕਰਵਾ ਦੇਵੇ; ਲੇਕਿਨ ਮਹਿਜ਼ ਇਸੇ ਨਾਲ ਸੰਤੁਸ਼ਟ ਨਹੀਂ ਹੋਇਆ ਜਾ ਸਕਦਾ। ਇਹ ਸਰਕਾਰ ਦੀ ਇਕ ਚਾਲ ਵੀ ਹੋ ਸਕਦੀ ਹੈ; ਕਿਉਂਕਿ ਇਹ ਸਰਕਾਰ ਦੀ ਸਨਾਤਨ ਸੰਸਥਾ ਉਪਰ ਪਾਬੰਦੀ ਦੇ ਨਾਂ 'ਤੇ ਉਸ ਤੋਂ ਕਈ ਗੁਣਾ ਵਧੇਰੇ ਖ਼ਤਰਨਾਕ ਆਰ.ਐਸ.ਐਸ. ਨੂੰ ਬਚਾਉਣ ਦੀ ਸਾਜ਼ਿਸ਼ ਹੋ ਸਕਦੀ ਹੈ। ਲਿਹਾਜ਼ਾ ਚੌਕਸ ਰਹਿਣਾ ਬਹੁਤ ਜ਼ਰੂਰੀ ਹੈ।

**ਮੁਲਕ ਦੀ ਇਕ ਨੰਬਰ ਦਹਿਸ਼ਤਗਰਦ ਜਥੇਬੰਦੀ ਆਰ.ਐਸ.ਐਸ.**

ਮੁਲਕ ਵਿਚ ਹੋਏ ਘੱਟੋ-ਘੱਟ 14 ਵੱਡੇ ਬੰਬ ਧਮਾਕੇ ਆਰ.ਐਸ.ਐਸ. ਦੇ ਖ਼ਾਤੇ ਵਿਚ ਹਨ। ਖ਼ਾਸ ਤੌਰ 'ਤੇ ਉਨ੍ਹਾਂ ਸਾਰਿਆਂ ਵਿਚ ਆਰ.ਡੀ.ਐਕਸ. ਵਰਗੇ ਤਾਕਤਵਰ ਵਿਸਫੋਟਕਾਂ ਦਾ ਇਸਤੇਮਾਲ ਕੀਤਾ ਗਿਆ ਹੈ। ਉਨ੍ਹਾਂ 14 ਵਿਚੋਂ ਸਿਰਫ਼ ਮੋਡਾਸਾ (ਗੁਜਰਾਤ) ਕਾਂਡ ਦੀ ਜਾਂਚ ਅਜੇ ਹੋ ਰਹੀ ਹੈ। ਕਾਨਪੁਰ (ਉਤਰ ਪ੍ਰਦੇਸ਼) ਅਤੇ ਲਾਂਬਾ ਖੇਰਾ (ਮੱਧ ਪ੍ਰਦੇਸ਼) ਇਨ੍ਹਾਂ ਦੀ ਧਮਾਕਿਆਂ ਜਾਣਕਾਰੀ ਹਾਸਲ ਨਹੀਂ ਹੈ; ਲੇਕਿਨ ਬਾਕੀ 11 ਵਾਰਦਾਤਾਂ ਦੀ ਜਾਂਚ ਪੂਰੀ ਹੋ ਕੇ ਚਾਰਜਸ਼ੀਟ ਅਦਾਲਤ ਵਿਚ ਭੇਜੀ ਗਈ ਹੈ ਅਤੇ ਇਨ੍ਹਾਂ ਸਾਰੀਆਂ ਵਾਰਦਾਤਾਂ ਵਿਚ ਪੁਖਤਾ ਸਬੂਤ ਮੌਜੂਦ ਹਨ।

ਇਨ੍ਹਾਂ 11 ਵਿਚੋਂ ਨਾਂਦੇੜ, ਜਾਲਨਾ, ਪੂਰਣਾ, ਪਰਭਣੀ (ਸਾਰੇ ਮਹਾਰਾਸ਼ਟਰ), ਕਾਨਪੁਰ (ਉਤਰ ਪ੍ਰਦੇਸ਼) ਅਤੇ ਕੁਨੂਰ (ਕੇਰਲਾ) ਇਨ੍ਹਾਂ ਛੇ ਵਾਰਦਾਤਾਂ ਵਿਚ ਬੰਬ ਤਿਆਰ ਕਰਦੇ ਵਕਤ ਹੀ ਫਟ ਜਾਣ ਕਾਰਨ ਉਨ੍ਹਾਂ ਦਾ ਆਪਣੇ ਆਪ ਹੀ ਭਾਂਡਾ ਭੱਜ ਗਿਆ। ਕਹਿ ਲਓ, ਵਾਰਦਾਤ ਵਿਚ ਸ਼ਾਮਲ ਮੁਲਜ਼ਮਾਂ ਨੂੰ ਪੁਲਿਸ ਨੇ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਹੈ।

ਬਾਕੀ ਪੰਜ ਵਾਰਦਾਤਾਂ ਵਿਚ ਜੋ ਸਬੂਤ ਚਾਰਜਸ਼ੀਟ ਦੇ ਨਾਲ ਜੋੜੇ ਗਏ ਹਨ, ਉਹ ਬਹੁਤ ਹੀ ਪੁਖਤਾ ਹਨ। ਮਸਲਨ:

1) ਜਿਸ ਮੋਬਾਈਲ ਫ਼ੋਨ ਨਾਲ ਬੰਬ ਧਮਾਕੇ ਕੀਤੇ ਗਏ ਸਨ, ਉਨ੍ਹਾਂ ਮੋਬਾਈਲਾਂ ਦੇ ਸਿਮ ਕਾਰਡ ਮੁਲਜ਼ਮਾਂ ਨੇ ਫਰਜ਼ੀ ਨਾਵਾਂ ਉਪਰ ਲੈਣ ਦੇ ਸਬੂਤ (ਮੋਬਾਈਲ ਕੰਪਨੀ ਦਾ ਰਿਕਾਰਡ, ਦਸਤਖ਼ਤ ਮਾਹਰਾਂ ਦੀ ਰਿਪੋਰਟ, ਕੰਪਨੀ ਦੇ ਮੁਲਾਜ਼ਮਾਂ ਦੇ ਜਵਾਬ ਵਗੈਰਾ)

2) ਮੁਲਜ਼ਮ ਵਾਰਦਾਤ ਦੇ ਵਕਤ ਵਕੂਆ-ਏ ਵਾਰਦਾਤ ਉਪਰ ਮੌਜੂਦ ਸਨ, ਇਸ ਨੂੰ ਦਰਸਾਉਣ ਵਾਲੀਆਂ ਉਨ੍ਹਾਂ ਦੇ ਮੋਬਾਈਲ ਫ਼ੋਨਾਂ ਦੀਆਂ ਕਾਲਾਂ ਦਾ ਰਿਕਾਰਡ

3) ਪੁਲਿਸ ਦੀ ਨਿਗਰਾਨੀ ਵਿਚ ਰੱਖੇ ਗਏ ਮੁਲਜ਼ਮਾਂ ਦੇ ਫ਼ੋਨਾਂ ਦੀ ਰਿਕਾਰਡਿੰਗ

4) ਮੁਲਜ਼ਮ ਅਤੇ ਗਵਾਹ ਦਾ ਨਾਰਕੋ ਟੈਸਟ

5) ਸਵਾਮੀ ਅਸੀਮਾਨੰਦ ਵਲੋਂ ਦੋ ਵਾਰ ਅਦਾਲਤ ਅੱਗੇ ਦਿੱਤਾ ਗਿਆ ਇਕਬਾਲੀਆ ਬਿਆਨ

6) ਲੈਫਟੀਨੈਂਟ ਕਰਨਲ ਪੁਰੋਹਿਤ ਅਤੇ ਮਹੰਤ ਦਇਆਨੰਦ ਪਾਂਡੇ ਕੋਲੋਂ ਜ਼ਬਤ ਕੀਤੇ ਗਏ ਲੈਪਟਾਪ ਵਿਚੋਂ ਮਿਲੇ ਪੱਕੇ ਸਬੂਤ

ਇਸ ਤਰ੍ਹਾਂ ਮੁਲਕ ਵਿਚ ਹੋਏ ਬੰਬ ਧਮਾਕਿਆਂ ਦੀਆਂ ਵਾਰਦਾਤਾਂ ਵਿਚ ਆਰ.ਐਸ.ਐਸ. ਦੇ ਖ਼ਿਲਾਫ਼ ਢੇਰ ਸਬੂਤ ਹਨ। ਆਰ.ਐਸ.ਐਸ. ਤੋਂ ਇਲਾਵਾ ਹੋਰ ਕਿਸੇ ਜਥੇਬੰਦੀ ਦੇ ਖ਼ਿਲਾਫ਼ ਆਰ.ਡੀ.ਐਕਸ. ਇਸਤੇਮਾਲ ਕਰ ਕੇ ਬੰਬ ਧਮਾਕੇ ਕਰਨ ਦੇ ਐਨੇ ਮਾਮਲੇ ਦਰਜ ਨਹੀਂ ਹਨ; ਜਦੋਂਕਿ ਕੁਝ ਵਾਰਦਾਤਾਂ ਦੀ ਮੁੜ ਜਾਂਚ ਕੀਤੇ ਜਾਂਚ 'ਤੇ ਆਰ.ਐਸ.ਐਸ. ਦੇ ਗੁਨਾਹਾਂ ਦੀ ਗਿਣਤੀ 8 ਤੋਂ 10 ਤਕ ਵੱਧ ਸਕਦੀ ਹੈ। ਇਸ ਤੋਂ ਇਲਾਵਾ ਅਧਿਆਏ ਅੱਠ ਵਿਚ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ ਆਰ.ਐਸ.ਐਸ. ਅਤੇ ਇਸ ਨਾਲ ਜੁੜੀਆਂ ਜਥੇਬੰਦੀਆਂ ਵਲੋਂ ਸੰਨ 2000 ਤੋਂ ਲੈ ਕੇ ਮੁਲਕ ਦੇ ਅੰਦਰ ਦਹਿਸ਼ਤਗਰਦ ਸਿਖਲਾਈ ਕੈਂਪ ਜਥੇਬੰਦ ਕਰਨ ਦੇ ਸਬੂਤ ਵੀ ਮੌਜੂਦ ਹਨ। ਖ਼ਾਸ ਗੱਲ ਇਹ ਕਿ ਬੰਬ ਬਣਾਉਣ, ਬੰਬ ਧਮਾਕੇ ਕਰਨ ਅਤੇ ਦਹਿਸ਼ਤਗਰਦ ਸਿਖਲਾਈ ਦੇਣ ਦੇ ਉਨ੍ਹਾਂ ਦੇ ਕਾਰੇ ਮੁਲਕ ਦੇ ਕਿਸੇ ਇਕ ਹਿੱਸੇ ਤਕ ਮਹਿਦੂਦ ਨਹੀਂ, ਸਗੋਂ ਇਹ ਪੂਰੇ ਮੁਲਕ ਵਿਚ ਚੱਲ ਰਹੇ ਸਨ। ਇਨ੍ਹਾਂ ਸਾਰੀਆਂ ਗੱਲਾਂ ਉਪਰ ਗ਼ੌਰ ਕਰੀਏ ਤਾਂ ਮੁਲਕ ਵਿਚ ਦਹਿਸ਼ਤ ਫੈਲਾਉਣ ਵਾਲੀਆਂ ਜਥੇਬੰਦੀਆਂ ਵਿਚੋਂ ਪਹਿਲੇ ਸਥਾਨ ਉਪਰ ਆਰ.ਐਸ.ਐਸ. ਹੀ ਨਜ਼ਰ ਆਉਂਦੀ ਹੈ।

ਦੁਨੀਆਂ ਵਿਚ ਚੱਲ ਰਹੀਆਂ ਹਰ ਤਰ੍ਹਾਂ ਦੀਆਂ ਦਹਿਸ਼ਤਗਰਦ ਜਥੇਬੰਦੀਆਂ ਦਾ ਅਧਿਐਨ ਕਰ ਕੇ ਉਨ੍ਹਾਂ ਉਪਰ ਕਰੜੀ ਨਜ਼ਰ ਰੱਖਣ ਅਤੇ ਅਵਾਮ ਨੂੰ ਇਨ੍ਹਾਂ ਜਥੇਬੰਦੀਆਂ ਤੋਂ ਚੌਕਸ ਕਰਨ ਵਾਲੀ ਅਮਰੀਕਾ ਦੀ ਸੰਸਥਾ 'ਟੈਰਰਿਜ਼ਮ ਵਾਚ ਐਂਡ ਵਾਰਨਿੰਗ' ਵਲੋਂ ਆਪਣੀ ਵੈੱਬਸਾਈਟ (www.terrorism.com) ਉਪਰ 24 ਅਪਰੈਲ 2014 ਨੂੰ ਪਾਈ ਪੋਸਟ ਅਨੁਸਾਰ ਦੁਨੀਆਂ ਵਿਚ ਦਹਿਸ਼ਤ ਫੈਲਾਉਣ ਵਾਲੀਆਂ ਜਥੇਬੰਦੀਆਂ ਦੀ ਸੂਚੀ ਵਿਚ ਆਰ.ਐਸ.ਐਸ. ਦਾ ਨਾਂ ਸ਼ਾਮਲ ਕੀਤਾ ਗਿਆ ਹੈ। ਹੁਣ ਸਾਡੀ ਵਾਰੀ ਹੈ। ਹੁਣ ਸਮਾਜ ਦੇ ਸਾਰੇ ਖੇਤਰਾਂ ਦੇ ਲੋਕਾਂ ਨੂੰ ਮਿਲ ਕੇ ਆਰ.ਐਸ.ਐਸ. ਵਰਗੀ ਖ਼ਤਰਨਾਕ ਜਥੇਬੰਦੀ ਦਾ ਵਿਰੋਧ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਹਮੇਸ਼ਾ ਲਈ ਬੰਦ ਕੀਤੇ ਜਾਣ ਦੀ ਮੰਗ ਕਰਨੀ ਚਾਹੀਦੀ ਹੈ।

ਹੁਣ ਅਹਿਮ ਸਵਾਲ ਹੈ ਕਿ ਸਮਾਜ ਦੇ ਸਾਰੇ ਧਰਮ ਨਿਰਪੱਖ ਲੋਕ ਇਸ ਦੀ ਮੰਗ ਕਰਨਗੇ? ਕਿੰਨੇ ਪੁਰਜ਼ੋਰ ਤਰੀਕੇ ਨਾਲ ਇਹ ਮੰਗ ਕਰਨਗੇ? ਤੇ ਕਿੰਨੇ ਜ਼ੋਰ ਨਾਲ ਇਸ ਦੀ ਪੈਰਵੀ ਕਰਨਗੇ? ਇਨ੍ਹਾਂ ਤਮਾਮ ਸਵਾਲਾਂ ਦੇ ਜਵਾਬ ਭਵਿਖ ਹੀ ਦੇ ਸਕਦਾ ਹੈ। ਜੇ ਇਹ ਮੰਗ ਸਾਰੇ ਖੇਤਰਾਂ ਤੋਂ ਵੱਡੇ ਪੈਮਾਨੇ ਉਪਰ ਨਹੀਂ ਕੀਤੀ ਗਈ, ਤਾਂ ਉਸ ਦੇ ਲਈ ਆਰ.ਐਸ.ਐਸ. ਦੀ ਬਾਕੀ ਖੇਤਰਾਂ ਵਿਚ ਖ਼ਾਸ ਤੌਰ 'ਤੇ ਮੀਡੀਆ ਵਿਚ ਜੋ ਦਹਿਸ਼ਤ ਬਣੀ ਹੋਈ ਹੈ, ਉਹੀ ਜ਼ਿੰਮੇਵਾਰ ਹੈ, ਐਸੀ ਸੰਭਾਵਨਾ ਮੰਨਣੀ ਹੋਵੇਗੀ। ਆਰ.ਐਸ.ਐਸ. ਮੁਲਕ ਦੀ ਸਭ ਤੋਂ ਵੱਡੀ ਦਹਿਸ਼ਗਰਦ ਜਥੇਬੰਦੀ ਹੈ, ਇਹ ਗੱਲ ਇਸ ਦੀ ਹੋਰ ਵੀ ਪੁਸ਼ਟੀ ਕਰ ਦਿੰਦੀ ਹੈ।

**ਅੰਤਿਕਾ ੳ**

ਮਾਲੇਗਾਓਂ ਬੰਬ ਧਮਾਕਾ (ਏ.ਟੀ.ਐਸ., ਮਹਾਰਾਸ਼ਟਰ ਨੰਬਰ 18/2008): ਇਸ ਵਾਰਦਾਤ ਦੀ ਚਾਰਜ ਸ਼ੀਟ ਦੇ ਨਾਲ ਜੋੜੇ ਗਏ ਅਭਿਨਵ ਭਾਰਤ ਦੀ ਫ਼ਰੀਦਾਬਾਦ ਵਿਚ ਕੀਤੀ ਗਈ ਮੀਟਿੰਗ ਦੇ ਸ਼ਬਦਾਂ ਵਿਚ ਦਿੱਤੀਆਂ ਗਈਆਂ ਕੁਝ ਗੱਲਾਂ: (ਨੋਟ: ਵੱਡੀ ਬਰੈਕਟ ਵਿਚ ਦਿੱਤਾ ਗਿਆ ਅਨੁਵਾਦ ਲੇਖਕ ਵਲੋਂ ਹੈ)

(ਏ) ਮੌਜੂਦਾ ਲੋਕਤੰਤਰ ਨੂੰ ਸੱਟ ਮਾਰ ਕੇ ਵੇਦਾਂ ਅਤੇ ਸਮ੍ਰਿਤੀਆਂ 'ਤੇ ਆਧਾਰਤ ਹਿੰਦੂ ਰਾਸ਼ਟਰ ਦੀ ਸਥਾਪਨਾ ਕਰਨਾ:

(1) ਪੁਰੋਹਿਤ (ਸਫ਼ਾ ਨੰਬਰ 61): ਅਸੀਂ ਸੰਵਿਧਾਨ ਨਾਲ ਲੜਾਂਗੇ, ਮੁਲਕ ਨਾਲ ਲੜਨਾ ਹੋਵੇਗਾ, ਇਹ ਸਾਡਾ ਮੁਲਕ ਨਹੀਂ ਹੈ।

(2) ਪੁਰੋਹਿਤ (ਸਫ਼ਾ ਨੰਬਰ 64): ਸਾਨੂੰ ਸੰਵਿਧਾਨ ਨਾਲ ਲੜਨਾ ਹੋਵੇਗਾ, ਸਾਨੂੰ ਆਪਣੀ ਆਜ਼ਾਦੀ ਲਈ ਲੜਨਾ ਹੋਵੇਗਾ।

(3) ਪੁਰੋਹਿਤ (ਸਫ਼ਾ ਨੰਬਰ 69): ਇਸ ਸੰਵਿਧਾਨ ਨੂੰ ਮੰਨਣਾ ਹੀ ਨਹੀਂ ਹੈ। ਇਸ ਨੂੰ ਤੋੜ ਦਿਓ, ਇਹੀ ਇਕੋ ਤਰੀਕਾ ਹੈ ਲਾਜ਼ਮੀ।

(4) ਉਪਾਧਿਆਏ: (ਸਫ਼ਾ ਨੰਬਰ 72): ਇਹ ਸੰਵਿਧਾਨ ਸਾਡੇ ਉਪਰ ਲਾਗੂ ਨਹੀਂ ਹੁੰਦਾ। ਸਾਨੂੰ ਇਹ ਮਨਜ਼ੂਰ ਨਹੀਂ ਹੈ। ਇਸ ਦੀ ਥਾਂ ਇਕ ਹੋਰ ਸੰਵਿਧਾਨ ਲਵੇਗਾ, ਫਿਰ ਹਿੰਦੂ ਰਾਸ਼ਟਰ ਦੀ ਸਥਾਪਨਾ ਹੋਵੇਗੀ।

(ਬੀ) ਹਿੰਦੂ ਰਾਸ਼ਟਰ ਦੇ ਨਵੇਂ ਸੰਵਿਧਾਨ ਦਾ ਸਰੂਪ

(1) ਸੁਧਾਕਰ ਦਿਵੇਦੀ (ਸਫ਼ਾ ਨੰਬਰ 67): ਸਾਡੇ ਇਥੇ ਰਾਜ-ਪ੍ਰਬੰਧ ਦਾ ਪੌਰਾਣਿਕ ਸ਼ਾਸਤਰ ਹੈ। ਸਾਡੀਆਂ ਜੋ ਸਮ੍ਰਿਤੀਆਂ ਹਨ, ਉਹ ਸਾਡੇ ਸਮਾਜ ਦਾ ਸੰਵਿਧਾਨ ਹਨ। ਇਸ ਵਕਤ ਮੁਲਕ ਵਿਚ ਸਾਡੀਆਂ 14 ਸਮ੍ਰਿਤੀਆਂ ਹਨ, ਉਨ੍ਹਾਂ ਸਾਰੀਆਂ ਨੂੰ ਇਕੱਠੀਆਂ ਕੀਤਾ ਜਾਵੇ।

(2) ਪੁਰੋਹਿਤ (ਸਫ਼ਾ ਨੰਬਰ 68): ਇਸ ਮੁਲਕ ਵਿਚ ਸਾਨੂੰ ਸਨਾਤਨ ਹਿੰਦੂ ਧਰਮ, ਵੈਦਿਕ ਧਰਮ ਦੇ ਵੇਦਾਂ ਦੇ ਮੁਤਾਬਿਕ ਦੱਸਿਆ ਗਿਆ ਹੈ, ਸਾਨੂੰ ਨਹੀਂ ਚਾਹੀਦਾ।

(ਸੀ) ਹਿੰਦੂ ਰਾਸ਼ਟਰ ਦੀ ਉਸਾਰੀ ਲਈ ਬਾਹਰਲੀ ਤਾਕਤ ਦੀ ਅਤੇ ਬਾਗ਼ੀਆਂ ਦੀ ਮਦਦ।

**(1) ਨੇਪਾਲ:**

ਪੁਰੋਹਿਤ (ਸਫ਼ਾ ਨੰਬਰ 68): ਨਰੇਸ਼ ਗਿਆਨੇਂਦਰ ਨਾਲ 24 ਜੂਨ 2006 ਅਤੇ 2007 ਨੂੰ ਪਿਛਲੇ ਸਾਲ ਸਾਡੀ ਮੀਟਿੰਗ ਤੈਅ ਹੋਈ ਸੀ। 12 ਫਰਵਰੀ ਨੂੰ ਫ਼ੋਨ ਉਪਰ ਕੋਈ ਪ੍ਰਜਵਲ ਕਰ ਕੇ ਹੈ, ਪ੍ਰਜਵਾਲ ਉਨ੍ਹਾਂ ਨੂੰ ਇੰਟੈਲੀਜੈਂਸ ਵਿਚ ਹੁਣੇ ਜਿਹੇ ਬ੍ਰਿਗੇਡੀਅਰ ਬਣਾਇਆ ਗਿਆ ਹੈ। ਅਸੀਂ ਉਸ ਦੇ ਲਈ ਬਹੁਤ ਮੁਸ਼ਕਿਲ ਨਾਲ ਮੀਟਿੰਗ ਕੀਤੀ ਸੀ। ਮੇਰੀ ਉਨ੍ਹਾਂ ਨੂੰ ਤਜਵੀਜ਼ ਇਹ ਸੀ। ਨਰੇਸ਼ ਗਿਆਨੇਂਦਰ ਨੇ ਤਜਵੀਜ਼ ਸਵੀਕਾਰ ਕਰ ਲਈ ਹੈ। ਮੇਰੇ ਵੀਹ ਬੰਦੇ ਤੁਹਾਡੇ ਇਥੇ ਅਫ਼ਸਰ ਬਣ ਕੇ ਸਿਖਲਾਈ ਲੈਣਗੇ ਹਰ ਛੇ ਮਹੀਨੇ ਵਿਚ। ਇਕ ਸਾਲ ਵਿਚ ਮੈਨੂੰ ਚਾਲੀ ਬੰਦੇ ਮਿਲਣਗੇ ਅਤੇ ਮੇਰੇ 200 ਲੋਕ ਤੁਹਾਡੇ ਉਥੇ ਜਾ ਕੇ ਸਿਖਲਾਈ ਲੈਣਗੇ ਜੋ ਮੈਨੂੰ ਇਕ ਸਾਲ ਵਿਚ 400 ਲੋਕ ਮਿਲਣਗੇ। ਤੁਸੀਂ ਸੁਤੰਤਰ ਰਾਸ਼ਟਰ ਦੇ ਰੂਪ ਵਿਚ ਚੈਕੋਸਲੋਵਾਕੀਆ ਤੋਂ ਏ.ਕੇ. (ਰਾਈਫ਼ਲਾਂ) ਲਉ; ਅਸੀਂ ਪੈਸੇ ਅਤੇ ਗੋਲੀ-ਸਿੱਕੇ ਦਾ ਭੁਗਤਾਨ ਕਰਾਂਗੇ। ਉਸ ਦੀ ਚਿੰਤਾ ਨਹੀਂ ਹੈ। ਨਰੇਸ਼ ਗਿਆਨੇਂਦਰ ਨੇ ਇਹ ਸਵੀਕਾਰ ਕਰ ਲਿਆ ਹੈ।

**(2) ਇਜ਼ਰਾਈਲ:**

ਪੁਰੋਹਿਤ (ਸਫ਼ਾ ਨੰਬਰ 66): ਇਜ਼ਰਾਈਲ ਨਾਲ ਮੈਂ ਸੰਪਰਕ ਕੀਤਾ। ਸਾਡਾ ਇਕ ਕੈਪਟਨ ਇਜ਼ਰਾਈਲ ਹੋ ਕੇ ਆ ਗਿਆ ਹੈ। ਉਨ੍ਹਾਂ ਦੇ ਵੱਲੋਂ ਬਹੁਤ ਹੀ ਹਾਂ-ਪੱਖੀ ਹੁੰਗਾਰਾ ਹੈ। ਅਸੀਂ ਚਾਰ ਚੀਜ਼ਾਂ ਮੰਗੀਆਂ ਸਨ: ਸਾਜ਼ੋ-ਸਮਾਨ ਤੇ ਸਿਖਲਾਈ ਦੀ ਲਗਾਤਾਰ ਸਪਲਾਈ; ਦੂਜੀ ਗੱਲ, ਸਾਨੂੰ ਤਲ ਅਵੀਵ ਵਿਚ ਭਗਵੇਂ ਝੰਡੇ ਲਾ ਕੇ ਆਪਣਾ ਦਫ਼ਤਰ ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾਵੇ; ਨੰਬਰ 3, ਰਾਜਸੀ ਸ਼ਰਨ; ਨੰਬਰ 4 ਸੰਯੁਕਤ ਰਾਸ਼ਟਰ ਵਿਚ ਸਾਡੇ ਹਿੰਦੂ ਰਾਸ਼ਟਰ ਦੇ ਮੁੱਦੇ ਨੂੰ ਹਮਾਇਤ ਦੇਣ। ਉਨ੍ਹਾਂ ਨੇ ਦੋ ਚੀਜ਼ਾਂ ਲਈ ਹਾਮੀ ਭਰ ਦਿੱਤੀ ਹੈ। ਉਹ ਤਲ ਅਵੀਵ ਵਿਚ ਸਾਡਾ ਰਾਸ਼ਟਰੀ ਝੰਡਾ ਨਹੀਂ ਲਹਿਰਾਉਣਾ ਚਾਹੁੰਦੇ। ਕਹਿੰਦੇ ਨੇ ਕਿ ਸਾਡੇ ਭਾਰਤ ਨਾਲ ਸਬੰਧ ਸੁਧਾਰ ਰਹੇ ਹਨ ਅਤੇ ਸਾਨੂੰ ਉਹ ਚਾਹੀਦੇ ਹਨ। ਉਹ ਵਿਗੜ ਜਾਣਗੇ। ਤੇ ਦੂਜੀ ਗੱਲ ਕਹਿ ਰਹੇ ਹਨ ਕਿ ਅਸੀਂ ਖ਼ੁਦ ਨੂੰ ਕੌਮਾਂਤਰੀ ਮੰਚ ਵਿਚ ਇਸ ਸਥਿਤੀ ਵਿਚ ਅਜੇ ਅਸੀਂ ਹਾਲਾਂਕਿ ਦੋ ਸਾਲਾਂ ਤਕ ਹਮਾਇਤ ਨਹੀਂ ਕਰਾਂਗੇ, ਜਦੋਂ ਤਕ ਤੁਹਾਡਾ ਅੰਦੋਲਨ ਕੁਝ ਜ਼ੋਰ ਨਹੀਂ ਫੜਦਾ। ਰਾਜਸੀ ਸ਼ਰਨ ਕਿਸੇ ਵੀ ਵਕਤ; ਸਾਜ਼ੋ-ਸਮਾਨ ਅਤੇ ਸਿਖਲਾਈ ਲਈ ਇਕ ਵਾਰ ਸਾਨੂੰ ਜ਼ਮੀਨ ਉਪਰ ਕੁਝ ਦਿਖਾਉਣਾ ਹੋਵੇਗਾ। ਮੈਂ ਇਹ ਕੰਮ ਕਰ ਰਿਹਾ ਹਾਂ।

**(3) ਨਾਗਾ ਅਤਿਵਾਦੀ:**

ਪੁਰੋਹਿਤ (ਸਫ਼ਾ ਨੰਬਰ 71 ਅਤੇ 72): ਅੱਜ ਦੀ ਤਰੀਕ ਵਿਚ ਐਨ.ਐਸ.ਸੀ.ਆਈ.ਐਮ. ਅਤੇ ਐਨ.ਐਸ.ਸੀ.ਐਲ. ਭੰਗ ਹੋ ਗਈ ਹੈ ਤਾਨੂਖਲੋਂ ਨੂੰ ਹਟਾ ਕੇ। ਉਹ ਸਮਾਂਤਰ ਸਰਕਾਰ ਚਲਾ ਰਹੇ ਸਨ ਪਿਛਲੇ ਪੰਜਾਹ ਸਾਲ ਤੋਂ, 55

*(ਬਾਕੀ ਅਗਲੇ ਸਫੇ 'ਤੇ)*

***ਮੁਲਕ ਵਿਚ ਹੋਏ ਘੱਟੋ-ਘੱਟ 14 ਵੱਡੇ ਬੰਬ ਧਮਾਕੇ ਆਰ.ਐਸ.ਐਸ. ਦੇ ਖ਼ਾਤੇ ਵਿਚ ਹਨ। ਖ਼ਾਸ ਤੌਰ 'ਤੇ ਉਨ੍ਹਾਂ ਸਾਰਿਆਂ ਵਿਚ ਆਰ.ਡੀ.ਐਕਸ. ਵਰਗੇ ਤਾਕਤਵਰ ਵਿਸਫੋਟਕਾਂ ਦਾ ਇਸਤੇਮਾਲ ਕੀਤਾ ਗਿਆ ਹੈ। ਉਨ੍ਹਾਂ 14 ਵਿਚੋਂ ਸਿਰਫ਼ ਮੋਡਾਸਾ (ਗੁਜਰਾਤ) ਕਾਂਡ ਦੀ ਜਾਂਚ ਅਜੇ ਹੋ ਰਹੀ ਹੈ। ਕਾਨਪੁਰ (ਉਤਰ ਪ੍ਰਦੇਸ਼) ਅਤੇ ਲਾਂਬਾ ਖੇਰਾ (ਮੱਧ ਪ੍ਰਦੇਸ਼) ਇਨ੍ਹਾਂ ਦੀ ਧਮਾਕਿਆਂ ਜਾਣਕਾਰੀ ਹਾਸਲ ਨਹੀਂ ਹੈ; ਲੇਕਿਨ ਬਾਕੀ 11 ਵਾਰਦਾਤਾਂ ਦੀ ਜਾਂਚ ਪੂਰੀ ਹੋ ਕੇ ਚਾਰਜਸ਼ੀਟ ਅਦਾਲਤ ਵਿਚ ਭੇਜੀ ਗਈ ਹੈ ਅਤੇ ਇਨ੍ਹਾਂ ਸਾਰੀਆਂ ਵਾਰਦਾਤਾਂ ਵਿਚ ਪੁਖਤਾ ਸਬੂਤ ਮੌਜੂਦ ਹਨ।***



*ਆਰ.ਐਸ.ਐਸ ਦੇ ਟਰੇਨਿੰਗ ਕੈਂਪ ਦੀ ਝਲਕ।*

***ਪੁਰੋਹਿਤ (ਸਫ਼ਾ ਨੰਬਰ 66): ਇਜ਼ਰਾਈਲ ਨਾਲ ਮੈਂ ਸੰਪਰਕ ਕੀਤਾ। ਸਾਡਾ ਇਕ ਕੈਪਟਨ ਇਜ਼ਰਾਈਲ ਹੋ ਕੇ ਆ ਗਿਆ ਹੈ। ਉਨ੍ਹਾਂ ਦੇ ਵੱਲੋਂ ਬਹੁਤ ਹੀ ਹਾਂ-ਪੱਖੀ ਹੁੰਗਾਰਾ ਹੈ। ਅਸੀਂ ਚਾਰ ਚੀਜ਼ਾਂ ਮੰਗੀਆਂ ਸਨ: ਸਾਜ਼ੋ-ਸਮਾਨ ਤੇ ਸਿਖਲਾਈ ਦੀ ਲਗਾਤਾਰ ਸਪਲਾਈ; ਦੂਜੀ ਗੱਲ, ਸਾਨੂੰ ਤਲ ਅਵੀਵ ਵਿਚ ਭਗਵੇਂ ਝੰਡੇ ਲਾ ਕੇ ਆਪਣਾ ਦਫ਼ਤਰ ਖੋਲ੍ਹਣ ਦੀ ਇਜਾਜ਼ਤ ਦਿੱਤੀ ਜਾਵੇ; ਨੰਬਰ 3, ਰਾਜਸੀ ਸ਼ਰਨ; ਨੰਬਰ 4 ਸੰਯੁਕਤ ਰਾਸ਼ਟਰ ਵਿਚ ਸਾਡੇ ਹਿੰਦੂ ਰਾਸ਼ਟਰ ਦੇ ਮੁੱਦੇ ਨੂੰ ਹਮਾਇਤ ਦੇਣ। ਉਨ੍ਹਾਂ ਨੇ ਦੋ ਚੀਜ਼ਾਂ ਲਈ ਹਾਮੀ ਭਰ ਦਿੱਤੀ ਹੈ। ਉਹ ਤਲ ਅਵੀਵ ਵਿਚ ਸਾਡਾ ਰਾਸ਼ਟਰੀ ਝੰਡਾ ਨਹੀਂ ਲਹਿਰਾਉਣਾ ਚਾਹੁੰਦੇ। ਕਹਿੰਦੇ ਨੇ ਕਿ ਸਾਡੇ ਭਾਰਤ ਨਾਲ ਸਬੰਧ ਸੁਧਾਰ ਰਹੇ ਹਨ ਅਤੇ ਸਾਨੂੰ ਉਹ ਚਾਹੀਦੇ ਹਨ। ਉਹ ਵਿਗੜ ਜਾਣਗੇ। ਤੇ ਦੂਜੀ ਗੱਲ ਕਹਿ ਰਹੇ ਹਨ ਕਿ ਅਸੀਂ ਖ਼ੁਦ ਨੂੰ ਕੌਮਾਂਤਰੀ ਮੰਚ ਵਿਚ ਇਸ ਸਥਿਤੀ ਵਿਚ ਅਜੇ ਅਸੀਂ ਹਾਲਾਂਕਿ ਦੋ ਸਾਲਾਂ ਤਕ ਹਮਾਇਤ ਨਹੀਂ ਕਰਾਂਗੇ, ਜਦੋਂ ਤਕ ਤੁਹਾਡਾ ਅੰਦੋਲਨ ਕੁਝ ਜ਼ੋਰ ਨਹੀਂ ਫੜਦਾ। ਰਾਜਸੀ ਸ਼ਰਨ ਕਿਸੇ ਵੀ ਵਕਤ; ਸਾਜ਼ੋ-ਸਮਾਨ ਅਤੇ ਸਿਖਲਾਈ ਲਈ ਇਕ ਵਾਰ ਸਾਨੂੰ ਜ਼ਮੀਨ ਉਪਰ ਕੁਝ ਦਿਖਾਉਣਾ ਹੋਵੇਗਾ। ਮੈਂ ਇਹ ਕੰਮ ਕਰ ਰਿਹਾ ਹਾਂ।***

*(ਪਿਛਲੇ ਸਫੇ ਤੋਂ ਜਾਰੀ)*

ਸਾਲ ਤੋਂ। ਐਨ.ਐਸ.ਸੀ.ਐਲ. ਦਾ ਜੋ ਰੱਖਿਆ ਮੰਤਰੀ ਹੈ, ਉਦੋਂ ਮੈਂ ਨਾਗਾਲੈਂਡ ਵਿਚ ਸੀ, ਸਵਾਮੀਜੀ, 1993 ਵਿਚ, ਤਾਂ ਉਸ ਵਕਤ ਉਨ੍ਹਾਂ ਦੇ ਉਪਰ ਬਹੁਤ ਜ਼ਿਆਦਾ ਪ੍ਰਭਾਵ ਸੀ ਐਨ.ਐਸ.ਸੀ.ਆਈ.ਐਮ. ਦਾ ਤਾਂ ਉਨ੍ਹਾਂ ਨੂੰ ਮੈਂ ਸੇਫ ਕੀਤਾ ਸੀ। ਉਸ ਵਕਤ ਜੋ ਰੱਖਿਆ ਮੰਤਰੀ ਸੀ, ਉਨ੍ਹਾਂ ਦਾ ਨਾਂ ਖੇਤੋਮੀ ਸੇਮਾ। ਖੇਤੋਮੀ ਸੇਮਾ ਨੂੰ ਮੈਂ ਆਪਣੀ ਜੀਪ ਵਿਚ ਬਾਹਰ ਕੱਢਿਆ ਸੀ, ਕਿਉਂਕਿ ਉਨ੍ਹਾਂ ਦਾ ਉਥੇ ਜ਼ਿੰਦਾ ਰਹਿਣਾ ਸਾਡੇ ਲਈ ਜ਼ਰੂਰੀ ਸੀ। ਇਸ ਬੰਦੇ ਨਾਲ ਅਸੀਂ ਸਬੰਧ ਮੁੜ ਬਣਾ ਲਏ ਹਨ, ਸਵਾਮੀਜੀ। ਤੇ ਰਾਇਕਰ ਦੀ ਵਜ੍ਹਾ ਨਾਲ ਇਹ ਧੜਾ ਜੋ ਹੁਣ ਰੱਖਿਆ ਮੰਤਰੀ ਨੇ ਇਹ ਮੰਨ ਲਿਆ ਹੈ ਕਿ ਅਗਲੇ 7 ਸਾਲ ਉਸ ਦੀ ਸੰਧੀ ਕਰ ਕੇ ਰੱਖਣਗੇ ਅਤੇ ਉਨ੍ਹਾਂ ਨੂੰ ਅਸੀਂ ਤਕਲੀਫ ਨਹੀਂ ਦੇਵਾਂਗੇ। ਇਹ 7 ਸਾਲ ਦੀ ਬਿਨਾ ਸ਼ਰਤ ਹਮਾਇਤ ਅਸੀਂ ਸਵੀਕਾਰ ਕਰ ਲਈ ਹੈ।

(ਡੀ) ਹੈਦਰਾਬਾਦ ਮਸਜਿਦ ਵਿਚ ਅਤੇ ਹੋਰ ਥਾਵਾਂ ਉਪਰ ਹੋਏ ਬੰਬ ਧਮਾਕਿਆਂ ਨੂੰ ਲੈ ਕੇ ਅਭਿਨਵ ਭਾਰਤ ਦਾ ਇਕਬਾਲੀਆ ਬਿਆਨ

(1) ਉਪਾਧਿਆਏ (ਸਫ਼ਾ ਨੰਬਰ 102): ਜਿਵੇਂ ਹੈਦਰਾਬਾਦ ਦੀ ਮਸਜਿਦ ਵਿਚ ਹੋਇਆ ਸੀ। ਇਹ ਆ ਕੇ ਆਈ.ਐਸ.ਆਈ. ਨਹੀਂ ਕਰ ਰਹੀ ਸੀ। ਇਸ ਦੌਰਾਨ ਆਪਣਾ ਹੀ ਕੋਈ ਬੰਦਾ ਸੀ। ਮੈਂ ਤੁਹਾਡੀ ਜਾਣਕਾਰੀ ਲਈ ਦੱਸ ਸਕਦਾ ਹਾਂ ਕਿ ਉਹ ਸਾਡਾ ਹੀ ਕੋਈ ਬੰਦਾ ਸੀ। ਉਹ ਸੀ ਜਾਂ ਨਹੀਂ, ਇਹ ਸਭ ਮੈਂ ਨਹੀਂ ਜਾਣਦਾ, ਕਰਨਲ ਦੱਸਣਗੇ ਕਿ ਉਹ ਸੀ ਜਾਂ ਨਹੀਂ। ਮਿਸਾਲ ਦੇਣਾ ਤਾਂ ਸਹੀ ਨਹੀਂ ਹੈ, ਲੇਕਿਨ ਖ਼ਾਲਿਸਤਾਨ ਲਹਿਰ ਮੱਠੀ ਪੈਣ ਦਾ ਇਕ ਕਾਰਨ ਇਹ ਵੀ ਹੈ ਕਿ ਇੰਦਰਾ ਗਾਂਧੀ ਦੇ ਮਰਨ ਤੋਂ ਬਾਅਦ ਜੋ ਲੋਕਾਂ ਦਾ, ਹਿੰਦੂਆਂ ਦਾ ਗੁੱਸਾ ਸੀ, ਉਹ ਐਨਾ ਫੁੱਟਿਆ ਕਿ ਲੋਕਾਂ ਨੇ ਸਿੱਖਾਂ ਨੂੰ ਫੜ-ਫੜ ਕੇ ਕੁੱਟਿਆ।

(2) ਪੁਰੋਹਿਤ (ਸਫ਼ਾ ਨੰਬਰ 66): ਦੋ ਓਪਰੇਸ਼ਨ ਅਸੀਂ ਕੀਤੇ। ਸਫ਼ਲ ਹੋ ਗਏ। ਓਪਰੇਸ਼ਨ ਕਰਨ ਦੀ ਮੇਰੀ ਸਮਰੱਥਾ ਹੈ ਸਵਾਮੀਜੀ। ਮੇਰੇ ਕੋਲ ਸਾਜ਼ੋ-ਸਮਾਨ ਦੀ ਘਾਟ ਨਹੀਂ ਹੈ। ਮੈਂ ਸਾਜ਼ੋ-ਸਮਾਨ ਪੈਦਾ ਕਰ ਸਕਦਾ ਹਾਂ। ਸਾਜ਼ੋ-ਸਮਾਨ ਲਿਆ ਸਕਦਾ ਹੈ ਜੇ ਠਾਣ ਲਵਾਂ।

(ਈ) ਹਿੰਦੂ ਰਾਸ਼ਟਰ ਦੀ ਸਥਾਪਨਾ ਵਿਚ ਜੋ ਰੁਕਾਵਟਾਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਮੌਤ ਦੇ ਘਾਟ ਉਤਾਰਨ ਦਾ ਫ਼ੈਸਲਾ


ਪੁਰੋਹਿਤ (ਸਫ਼ਾ ਨੰਬਰ 90): ਜੋ ਬੰਦਾ ਇਸ ਪੂਰੇ ਕੰਮ ਵਿਚ ਅੜਿੱਕਾ ਡਾਹੁਣ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਕੱਢਿਆ ਨਹੀਂ ਜਾਵੇਗਾ, ਉਸ ਨੂੰ ਉਡਾ ਦਿੱਤਾ ਜਾਵੇਗਾ। ਉਸ ਨੂੰ ਮਾਰ ਦੇਣਾ ਚਾਹੀਦਾ ਹੈ।

**(ਐਫ) ਅਭਿਨਵ ਭਾਰਤ ਅਤੇ ਆਰ.ਐਸ.ਐਸ. ਦਾ ਗੂੜ੍ਹਾ ਸਬੰਧ**

(1) ਡਾ. ਆਰ.ਪੀ.ਸਿੰਘ (ਸਫ਼ਾ ਨੰਬਰ 70): ... ਲੇਕਿਨ ਬਦਕਿਸਮਤੀ ਸੀ ਕਿ (ਭਾਜਪਾ), 1940 ਤੋਂ ਸੋਇਮਸੇਵਕ, ਹੁਣ ਤਕ ਕਾਫ਼ੀ ਸੰਘਰਸ਼ਮਈ ਜੀਵਨ।

(3) ਪੁਰੋਹਿਤ (ਸਫ਼ਾ ਨੰਬਰ 89-90): ਵੱਖ-ਵੱਖ ਪੱਧਰ ਦੇ ਰਾਜਨੀਤਕ, ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰਿਆਂ ਵਿਚ ਘੁਸਪੈਠ ਕੀਤੀ ਜਾਵੇਗੀ; ਮਤਲਬ ਇਕ ਮਿਸਾਲ ਹਮੇਸ਼ਾ ਦਿੰਦਾ ਹਾਂ। ਮਤਲਬ ਇਕ ਕਪਤਾਨ ਜਾਂ ਮੇਜਰ ਦਿੱਲੀ ਅੰਦਰ ਬੈਠਾ ਸੀ ਜੋ ਕੰਮ ਹੋਣ ਲਈ ਤਿੰਨ ਮਹੀਨੇ ਦਾ ਵਕਤ ਲਗਾ ਦਿੰਦਾ ਸੀ। ਇਕ ਦੇ ਉਪਰ ਹੋ ਗਿਆ, ਕਿਉਂਕਿ ਉਹ ਸੰਘ ਦਾ ਸੀ, ਮੈਂ ਸੰਘ ਦਾ ਸੀ। ਬਿਨਾਂ ਜਾਣੇ ਸਮਝ ਵਿਚ ਆਇਆ ਕਿ ਉਹ ਸੰਘ ਵਿਚ ਰਹਿ ਚੁੱਕਾ ਹੈ। ਮੈਂ ਉਸ ਨੂੰ ਫ਼ੋਨ ਕੀਤਾ ਅਤੇ ਕਿਹਾ, ਇਹ ਕੰਮ ਕਰਨਾ ਹੈ। ਯੂ.ਪੀ. ਦਾ ਬੰਦਾ ਸੀ। ਕਹਿੰਦਾ, ਸਰ ਹੋ ਜਾਵੇਗਾ। ਇਕ ਦਿਨ ਵਿਚ ਕੰਮ ਹੋ ਗਿਆ।

***ਰਾਜਨੀਤਕ, ਸਰਕਾਰੀ ਅਤੇ ਗ਼ੈਰ-ਸਰਕਾਰੀ ਅਦਾਰਿਆਂ ਵਿਚ ਘੁਸਪੈਠ ਕੀਤੀ ਜਾਵੇਗੀ; ਮਤਲਬ ਇਕ ਮਿਸਾਲ ਹਮੇਸ਼ਾ ਦਿੰਦਾ ਹਾਂ। ਮਤਲਬ ਇਕ ਕਪਤਾਨ ਜਾਂ ਮੇਜਰ ਦਿੱਲੀ ਅੰਦਰ ਬੈਠਾ ਸੀ ਜੋ ਕੰਮ ਹੋਣ ਲਈ ਤਿੰਨ ਮਹੀਨੇ ਦਾ ਵਕਤ ਲਗਾ ਦਿੰਦਾ ਸੀ। ਇਕ ਦੇ ਉਪਰ ਹੋ ਗਿਆ, ਕਿਉਂਕਿ ਉਹ ਸੰਘ ਦਾ ਸੀ, ਮੈਂ ਸੰਘ ਦਾ ਸੀ। ਬਿਨਾਂ ਜਾਣੇ ਸਮਝ ਵਿਚ ਆਇਆ ਕਿ ਉਹ ਸੰਘ ਵਿਚ ਰਹਿ ਚੁੱਕਾ ਹੈ। ਮੈਂ ਉਸ ਨੂੰ ਫ਼ੋਨ ਕੀਤਾ ਅਤੇ ਕਿਹਾ, ਇਹ ਕੰਮ ਕਰਨਾ ਹੈ। ਯੂ.ਪੀ. ਦਾ ਬੰਦਾ ਸੀ। ਕਹਿੰਦਾ, ਸਰ ਹੋ ਜਾਵੇਗਾ। ਇਕ ਦਿਨ ਵਿਚ ਕੰਮ ਹੋ ਗਿਆ।***




(2) ਪੁਰੋਹਿਤ (ਸਫ਼ਾ ਨੰਬਰ 73): (ਮੀਟਿੰਗ ਵਿਚ ਹੁਣੇ ਹੀ ਪਧਾਰੇ ਬੰਦੇ ਦਾ ਤੁਆਰਫ਼ ਕਰਾਉਂਦੇ ਵਕਤ) ਇਨ੍ਹਾਂ ਦਾ ਤੁਆਰਫ਼ ਬੀ.ਐਚ. ਸ਼ਰਮਾ ਪ੍ਰੇਮ ਸਿੰਘ ਜੀ। ਦੋ ਵਾਰ ਸੰਸਦ ਦੇ ਮੈਂਬਰ ਉਤਰਾਂਚਲ ਵਿਚ ਬਹੁਤ ਕੋਸ਼ਿਸ਼ਾਂ ਕਰਨ ਤੋਂ ਬਾਅਦ ਵੀ ਅੱਜ ਸਾਡੀ ਸਰਕਾਰ (ਭਾਜਪਾ ਸਰਕਾਰ) ਮਾਓਵਾਦੀਆਂ ਨੂੰ ਹਮਾਇਤ ਦੇ ਰਹੀ ਹੈ। ਇਹ ਗੱਲ ਮੈਂ ਸੰਘ ਦੇ ਆਹਲਾ ਅਧਿਕਾਰੀਆਂ ਨੂੰ ਕਹੀ। ਮੈਂ ਮੋਹਨ ਭਾਗਵਤ ਜੀ ਨੂੰ ਮਿਲਿਆ ਸੀ; ਤੇ ਦੋ ਘੰਟੇ ਮਿਲ ਕੇ ਸਾਰਾ ਕੁਝ ਦੱਸਿਆ ਸੀ। ਉਥੋਂ ਦੇ ਪੁਲਿਸ ਮੁਖੀ ਸੁਭਾਸ਼ ਜੋਸ਼ੀ ਨੂੰ ਦੱਸਿਆ ਸੀ। ਮੈਂ ਦੋ ਵਾਰ ਮਿਲਿਆ ਵੀ ਸੀ। ਸਾਡੀ ਗੱਲਬਾਤ ਲਗਾਤਾਰ ਹੁੰਦੀ ਰਹਿੰਦੀ ਹੈ।

*(ਨੋਟ: ਉਪਰ ਜੋ ਹਵਾਲੇ ਦਿੱਤੇ ਗਏ ਹਨ, ਉਹ ਮਾਲੇਗਾਓਂ 2008 ਬੰਬ ਧਮਾਕੇ ਦੀ ਚਾਰਜਸ਼ੀਟ ਨਾਲ ਲਗਾਈ ਗਈ ਨੱਥੀ ਵਿਚੋਂ ਹਨ। ਕੁਲ 103 ਸਫ਼ੇ ਨੱਥੀ ਹਨ; ਲੇਕਿਨ ਸਫ਼ਿਆਂ ਦਾ ਨੰਬਰ ਵਿਭਾਗ ਅਨੁਸਾਰ ਵੱਖ-ਵੱਖ ਹੈ। ਪਾਠਕਾਂ ਦੀ ਸਹੂਲਤ ਲਈ ਲੇਖਕ ਨੇ ਉਨ੍ਹਾਂ ਨੂੰ 1 ਤੋਂ 103 ਲਗਾਤਾਰ ਲੜੀ ਨੰਬਰ ਦੇ ਦਿੱਤੇ ਹਨ।)*

**ਅੰਤਿਕਾ ਬੀ**

(ਮਾਲੇਗਾਓਂ 2008 ਬੰਬ ਧਮਾਕਾ ਮਾਮਲੇ ਦੀ ਜਨਵਰੀ 2009 ਵਿਚ ਭੇਜੀ ਗਈ ਚਾਰਜ ਸ਼ੀਟ ਦਾ ਸਫ਼ਾ ਨੰਬਰ 69): ... ਬਰਾਮਦ ਕੀਤਾ ਗਿਆ ਜੋ ਉਸ ਨੂੰ ਉਸ ਦੇ ਭਰਾ ਮਤਲਬ ਮੁਲਜ਼ਮ ਰਾਮ ਚੰਦਰ ਉਰਫ਼ ਰਾਮਜੀ ਗੋਪਾਲ ਸਿੰਘ ਕਾਲਸੰਗਰਾ ਨੇ ਦਿੱਤਾ ਸੀ ਜੋ ਫ਼ਰਾਰ ਹੈ।

ਜਾਂਚ ਦੌਰਾਨ, ਇਹ ਸਾਹਮਣੇ ਆਇਆ ਕਿ ਮੁਲਜ਼ਮ ਸੁਧਾਕਰ ਓਂਕਾਰਨਾਥ ਚਤੁਰਵੇਦੀ ਨੇ ਸਤੰਬਰ 2008 ਵਿਚ ਆਪਣੀ ਗ਼ੈਰ-ਮੌਜੂਦਗੀ ਦੇ ਸਮੇਂ ਦੇਵਲਾਲੀ ਕੈਂਪ ਦੇ ਮਿਲਟਰੀ ਇੰਟੈਲੀਜੈਂਸ ਦੇ ਦਫ਼ਤਰ ਵਿਚ ਆਪਣੇ ਘਰ ਦੀਆਂ ਚਾਬੀਆਂ ਰੱਖੀਆਂ ਸਨ। ਮੁਲਜ਼ਮ ਪ੍ਰਸਾਦ ਸ੍ਰੀਕਾਂਤ ਪੁਰੋਹਿਤ ਨੇ ਭਗੌੜੇ ਮੁਲਜ਼ਮ ਪ੍ਰਵੀਨ ਮੁਤਾਲਿਕ ਨੂੰ ਆਈ.ਈ.ਡੀ. ਜਿਸ ਦਾ ਮਾਲੇਗਾਓਂ ਵਿਚ ਧਮਾਕੇ ਲਈ ਇਸਤੇਮਾਲ ਕੀਤਾ ਗਿਆ ਸੀ, ਦੀ ਅਸੈਂਬਲਿੰਗ ਲਈ ਮੁਲਜ਼ਮ ਸੁਧਾਰਕ ਚਤੁਰਵੇਦੀ ਓਨਕਾਰਨਾਥ ਦੇ ਘਰ ਵਿਚ ਦਾਖ਼ਲ ਹੋਣ ਲਈ ਦੇਵਲਾਲੀ ਵਿਚ ਮਿਲਟਰੀ ਇੰਟੈਲੀਜੈਂਸ ਦੇ ਦਫ਼ਤਰ ਤੋਂ ਚਾਬੀ ਲਿਆਉਣ ਲਈ ਭੇਜਿਆ।

ਮੁਲਜ਼ਮ ਸੁਧਾਕਰ ਉਦੈ ਭਾਨ ਧਰ ਦਿਵੇਦੀ ਦੇ ਜ਼ਬਤ ਲੈਪਟਾਪ ਵਿਚ ਉਹ ਆਡੀਓ ਅਤੇ ਵੀਡੀਓ ਫ਼ਾਈਲ ਸਨ, ਜੋ ਉਸ ਹਾਰਡ ਡਿਸਕ ਵਿਚ ਸਨ, ਜੋ ਮਿਰਰ ਇਮੇਜ ਦੀ ਸ਼ਕਲ ਵਿਚ ਸਪਲਾਈ ਕੀਤੀਆਂ ਗਈਆਂ ਸਨ। ਜਾਂਚ ਕਰਨ 'ਤੇ ਪਤਾ ਲੱਗਿਆ ਕਿ ਆਡੀਓ ਅਤੇ ਵੀਡੀਓ ਫ਼ਾਈਲਾਂ ਵਿਚ ਮੁਲਜ਼ਮਾਂ ਵਲੋਂ ਫ਼ਰੀਦਾਬਾਦ, ਉਜੈਨ, ਭੋਪਾਲ ਵਰਗੇ ਵੱਖ-ਵੱਖ ਥਾਵਾਂ ਉਪਰ ਜਥੇਬੰਦ ਕੀਤੀਆਂ ਗਈਆਂ ਵੱਖ-ਵੱਖ ਮੀਟਿੰਗਾਂ ਦੀ ਪੂਰੀ ਰਿਕਾਰਡਿੰਗ ਹੈ।

ਮੁਲਜ਼ਮਾਂ ਦੇ ਮੋਬਾਈਲ ਫ਼ੋਨ ਦੀ ਕਾਲ ਡਿਟੇਲਜ਼ ਦੇ ਪ੍ਰਿੰਟ-ਆਊਟ ਦੇ ਵੇਰਵਿਆਂ ਤੋਂ ਇਹ ਸਪਸ਼ਟ ਹੈ ਕਿ ਉਹ ਇਕ ਦੂਜੇ ਨਾਲ ਮਿਲ ਕੇ ਕੰਮ ਕਰ ਰਹੇ ਸਨ। ਮੁਲਜ਼ਮਾਂ ਵਲੋਂ ਇਸਤੇਮਾਲ ਕੀਤੇ ਗਏ ਕੁਝ ਹੋਰ ਮੋਬਾਈਲ ਨੰਬਰਾਂ ਦੀ ਕਾਲ ਡਿਟੇਲਜ਼ ਅਜੇ ਤਕ ਹਾਸਲ ਕੀਤੀ ਜਾਣੀ ਬਾਕੀ ਹੈ। ਉਨ੍ਹਾਂ ਕਾਲਾਂ ਦੇ ਵੇਰਵਿਆਂ ਨੂੰ ਦਸਤਾਵੇਜ਼ ਦੀ ਸ਼ਕਲ ਵਿਚ ਛੇਤੀ ਹੀ ਅਦਾਲਤ ਅੱਗੇ ਪੇਸ਼ ਕੀਤਾ ਜਾਵੇਗਾ।

ਜਾਂਚ ਅਜੇ ਚੱਲ ਰਹੀ ਹੈ। ਆਵਾਜ਼ ਦੇ ਨਮੂਨਿਆਂ ਅਤੇ ਇਲੈਕਟ੍ਰਾਨਿਕ ਟਾਈਮਰ ਦੇ ਸਬੰਧ ਵਿਚ ਐਫ.ਐਸ.ਐਲ. ਦੀ ਰਿਪੋਰਟ ਦਾ ਅਜੇ ਇੰਤਜ਼ਾਰ ਹੈ। ਹਾਲਾਂਕਿ ਲੈਪਟਾਪ, ਮੋਬਾਈਲ ਫ਼ੋਨ, ਪੈੱਨ ਡਰਾਈਵ ਦੀ ਸਮੱਗਰੀ ਦੀ ਜਾਂਚ ਰਿਪੋਰਟ ਐਫ.ਐਸ.ਐਲ. ਮੁੰਬਈ ਤੋਂ 17 ਜਨਵਰੀ 2009 ਨੂੰ ਹਾਸਲ ਕਰ ਲਈ ਗਈ ਹੈ।

ਮੁਲਜ਼ਮ ਸੁਧਾਕਰ ਧਰ ਦਿਵੇਦੀ ਦੇ ਲੈਪਟਾਪ ਦੀ ਹਾਰਡ ਡਿਸਕ ਤੋਂ ਐਫ.ਐਸ.ਐਲ. ਵਲੋਂ ਸਪਲਾਈ ਕੀਤੀਆਂ ਕੁਝ ਆਡੀਓ ਟੇਪਾਂ ਦੀ ਟਰਾਂਸਕ੍ਰਿਪਟ (ਉਤਾਰਾ) ਤਿਆਰ ਕੀਤੀ ਗਈ ਹੈ ਅਤੇ ਚਾਰਜ ਸ਼ੀਟ ਦੇ ਨਾਲ ਪੇਸ਼ ਕੀਤੀ ਗਈ ਹੈ। ਮੁਲਜ਼ਮ ਸੁਧਾਕਰ ਧਰ ਦਿਵੇਦੀ ਦੇ ਲੈਪਟਾਪ ਦੀ ਹਾਰਡ ਡਿਸਕ ਅਤੇ ਮੋਬਾਈਲ ਫ਼ੋਨ, ਪੈੱਨ ਡਰਾਈਵ ਤੋਂ, ਐਫ.ਐਸ.ਐਲ. ਵਲੋਂ ਹਾਸਲ ਕੀਤੀ ਗਈ ਸਮੱਗਰੀ ਬਹੁਤ ਵੱਡੀ ਮਾਤਰਾ ਵਿਚ ਹੈ।

ਇਸ ਲਈ ਐਫ.ਐਸ.ਐਲ. ਤੋਂ ਹਾਸਲ ਸਮੱਗਰੀ ਦਾ ਅਧਿਐਨ ਕਰਨਾ, ਮਾਮਲੇ ਦੀ ਹੋਰ ਜਾਂਚ ਲਈ ਜ਼ਰੂਰੀ ਹੈ। ਆਡੀਓ ਅਤੇ ਵੀਡੀਓ ਦੀ ਟਰਾਂਸਕ੍ਰਿਪਟ ਤਿਆਰ ਕੀਤੀ ਜਾ ਰਹੀ ਹੈ। ਇਸ ਲਈ ਦੀ ਸੀ.ਪੀ.ਸੀ. ਦੀ ਧਾਰਾ 173 ਦੇ ਤਹਿਤ ਅਗਲੀ ਜਾਂਚ ਕਰਨ ਲਈ ਇਜਾਜ਼ਤ ਦੇਣ ਦੀ ਬੇਨਤੀ ਕਰਦੇ ਹੋਏ ਅਰਜ਼ੀ ਇਸ ਦੇ ਨਾਲ ਪੇਸ਼ ਕੀਤੀ ਜਾ ਰਹੀ ਹੈ।

*(ਸਮਾਪਤ)*

# ਕਵਿ-ਜਗਤ

## ਦਸਤਾਰ

ਆਪਾ ਵਾਰਨ ਤੋਂ ਬਿਨਾ ਨਾ ਪੱਗ ਜੁੜਦੀ,
ਦਸਤਾਰ ਬੰਨ੍ਹਿਆਂ ਬਿਨਾ ਸਰਦਾਰੀਆਂ ਨਾ।
ਪਿਤਾ ਤੋਰਨ ਤੋਂ ਬਿਨਾ ਨਾ ਹਿੰਦ ਬਚਦੀ,
ਚੱਲਦੀਆਂ ਸੀਨਿਆਂ ਉਤੇ ਜੇ ਆਰੀਆਂ ਨਾ।
ਗਹਿਣਾ ਦਸਤਾਰ ਦਾ ਦਿੱਤਾ ਦਸ਼ਮੇਸ਼ ਸਾਨੂੰ,
ਬਰਾਦਰੀ ਜਾਤਾਂ ਉਹਨੇ ਚਿਤਾਰੀਆਂ ਨਾ।
ਇੱਜਤ ਆਬਰੂ ਦੀ ਹੈ ਪਹਿਰੇਦਾਰ ਪਗੜੀ,
ਸਮਝੋ ਮਮੂਲੀ ਜਿਹੀਆਂ ਜ਼ਿੰਮੇਵਾਰੀਆਂ ਨਾ।
ਜਾਨ ਮਾਲ ਧਨ ਲੁੱਟ ਲੈ ਜਾਂਦੇ ਅਬਦਾਲੀ,
ਝਪਟਦੀਆਂ ਜੇ ਖਾਲਸਾ ਫੌਜਾਂ ਨਿਆਰੀਆਂ ਨਾ।
ਨਾ ਚੁੰਨੀ ਬਚਦੀ, ਨਾ ਪੱਗ ਰਹਿੰਦੀ,
ਮਾਤਾ ਭਾਗੋ ਜਿਹੀਆਂ ਜੇ ਨਿੱਤਰਦੀਆਂ ਨਾਰੀਆਂ ਨਾ।
ਚਮਕੌਰ ਗੜ੍ਹੀ ਨਾ ਕਦੇ ਇਤਿਹਾਸ ਬਣਦੀ,
ਹੁੰਦੀਆਂ ਜੀਤ ਜੁਝਾਰ ਉਥੇ ਜੇ ਜਾਨਾਂ ਵਾਰੀਆਂ ਨਾ।
ਮਿੱਟੀ ਸਰਹਿੰਦ ਦੀ ਨਾ ਪੂਜਣ ਯੋਗ ਬਣਦੀ,
ਜੋਰਾਵਰ ਫਤਿਹ ਜੇ ਵਜੀਦੇ ਨੂੰ ਲਲਕਾਰਦੇ ਨਾ।
ਕੁਰਬਾਨੀਆਂ ਮੰਗਦੀ ਜੇ ਪਗੜੀ ਭਾਰੀਆਂ ਨਾ।
ਕੇਸਾਂ ਦਸਤਾਰਾਂ ਸਿਰਾਂ ਦੇ ਮੁੱਲ ਸੀ ਪਾਏ ਜਾਂਦੇ,
ਮੁਗਲ ਹਕੂਮਤਾਂ ਨੇ ਘੱਟ ਗੁਜਾਰੀਆਂ ਨਾ।
ਰਹਿਲੇ ਬਾਣ ਕਦੇ ਦਸ਼ਮੇਸ਼ ਦੇ ਚੱਲਦੇ ਨਾ,
ਪੈਂਦੀਆਂ ਅਣਖਾਂ 'ਤੇ, ਜੇ ਸੱਟਾਂ ਕਰਾਰੀਆਂ ਨਾ।
ਮੁਕਟ ਸਿੱਖ ਦਾ, ਛਤਰੀ ਸਮਾਜ ਦੀ ਹੈ ਪਗੜੀ,
ਬਰਕਤਾਂ ਗੁਰੂ ਦੀਆਂ ਹੱਦੋਂ ਬਾਹਰੀਆਂ ਨਾ।
ਪੱਗ ਵਟਾ ਕੇ ਧਰਮ ਭਰਾ ਬਣਦੇ,
ਪੱਕੀਆਂ ਤੰਦਾਂ ਬੱਝਦੀਆਂ ਫਿਰ ਟੁੱਟਦੀਆਂ ਯਾਰੀਆਂ ਨਾ।
ਪਗੜੀ ਦੇਸ਼, ਕੌਮ ਤੇ ਧਰਮ ਦੀ ਬਣਦੀ ਰਹੀ ਚਾਦਰ,
ਪੱਗ ਬੰਨ੍ਹ ਕੋਈ ਕਰੇ ਗੱਦਾਰੀਆਂ ਨਾ।
ਪੱਛਮੀ ਸਭਿਅਤਾ ਪਗੜੀ ਦੀ ਬਣੂ ਦੁਸ਼ਮਣ,
ਚੇਤੰਨਤਾ ਚੁੰਨੀ ਪਗੜੀ ਬਾਰੇ ਜੇ ਪ੍ਰਚਾਰੀਆਂ ਨਾ।
ਤੁਹਾਡੀ ਅਣਖ ਪਗੜੀ ਹੈ ਤੁਹਾਡੀ ਸ਼ਾਨ ਚੁੰਨੀ,
ਵਿਸਾਰ ਰਹੇ ਹੋ ਕਿਉਂ? ਸਿਰੀਂ ਸ਼ਿੰਗਾਰੀਆਂ ਨਾ।
ਧਰਮ ਸੰਕਟ ਅੱਜ ਪਗੜੀ 'ਤੇ ਮੰਡਲਾ ਰਿਹਾ,
ਕੀਤੀਆਂ ਜੂਝਣ ਲਈ ਜੇ 'ਪੰਨੂ' ਤਿਆਰੀਆਂ ਨਾ।

*-ਚਰਨਜੀਤ ਸਿੰਘ ਪੰਨੂ, ਸੈਨ ਹੋਜ਼ੇ*

## ਸਾਝ ਕਰੀਜੈ ਗੁਣਹ ਕੇਰੀ

ਸਮਝ ਸਮਝ ਕੇ ਗੁਰਬਾਣੀ ਨੂੰ ਗਾਇਆ ਕਰ।
ਸਮਝੀ ਏ, ਤਾਂ ਜੀਵਨ ਵਿਚ ਪ੍ਰਗਟਾਇਆ ਕਰ।

ਸ਼ਬਦ ਗੁਣਾਂ ਦੀ ਸਾਂਝ ਕਰਨ ਦਾ ਪੜ੍ਹਦਾਂ ਏਂ,
ਅਮਲਾਂ ਵਿਚ ਵੀ ਸਾਂਝਾਂ ਨੂੰ ਅਪਨਾਇਆ ਕਰ।

ਮੰਨਿਆ ਹਰ ਕੋਈ ਤੇਰੇ ਵਾਂਗੂ ਸੋਚੇ ਨਾ,
ਜਿੰਨਾ ਸੋਚੇ ਓਨਾ ਨਾਲ ਰਲਾਇਆ ਕਰ।

ਇੱਕ ਟੱਬਰ ਦੇ ਜੀਵ ਵੱਖਰੀਆਂ ਸੋਚਾਂ ਨੇ,
ਤਾਂ ਵੀ ਰਹਿਣ ਇਕੱਠੇ ਮਨ ਸਮਝਾਇਆ ਕਰ।

ਤੈਨੂੰ ਲਗਦਾ ਤੇਰੇ ਬਿਨ ਸਭ ਊਣੇ ਨੇ,
ਊਣਿਆਂ ਤੋਂ ਵੀ ਕੁਝ ਤਾਂ ਸਿੱਖ ਜਾਇਆ ਕਰ।

ਹਰ ਖੇਤਰ ਵਿਚ ਇੱਕੋ ਸੋਚ ਤਾਂ ਮੁਸ਼ਕਿਲ ਹੈ,
ਮੁੱਦਿਆਂ 'ਤੇ ਤਾਂ ਹਾਂ ਵਿਚ ਹਾਂ ਮਿਲਾਇਆ ਕਰ।

ਜਦ ਤੱਕ ਦੁਨੀਆਂ ਰਹਿਣੀ, ਖੋਜਾਂ ਚੱਲਣੀਆਂ,
ਅੰਤਿਮ ਸੱਚ ਦਾ ਦਾਅਵਾ, ਨਾ ਜਤਲਾਇਆ ਕਰ।

ਇੱਕ ਚੀਜ਼ ਹੀ ਵੱਖ ਕੋਣਾਂ ਤੋਂ, ਵੱਖ ਦਿਸਦੀ,
ਆਪਣੀ ਐਨਕ ਦੀ ਨਾ ਅੜੀ ਪੁਗਾਇਆ ਕਰ।

ਚੰਗੀਆਂ ਗਿਣ ਕੇ ਖੁਦ ਨੂੰ ਚੰਗਾ ਕਰ ਸਕਦਾਂ,
ਘਾਟਾਂ ਗਿਣ ਗਿਣ ਹੇਠਾਂ ਨਾ ਗਿਰ ਜਾਇਆ ਕਰ।

*-ਗੁਰਮੀਤ ਸਿੰਘ ਬਰਸਾਲ*

---

## ਗਜ਼ਲ

ਸੂਰਤ ਕਹਿਰ ਤੇ ਸੀਰਤ ਲੋਹੜਾ, ਕਿਆਮਤ ਨੈਣ ਬਦਾਮੀ,
ਰੂਪ ਪੰਜਾਬ ਦੇ ਵਿਚ ਦੱਸੋ, ਕੱਢ ਕੇ ਕੋਈ ਖਾਮੀ।
ਜੰਡ 'ਤੇ ਤਰਕਸ਼ ਟੰਗਦੀ ਸਾਹਿਬਾਂ, ਕਿਸ ਭੜੂਏ ਨੇ ਦੇਖੀ?
ਪਾਕ ਮੁਹੱਬਤ ਉਤੇ ਮੜ੍ਹਤੀ, ਬੇਖਬਰਾਂ ਬਦਨਾਮੀ।
ਵੱਸ ਵਿਚ ਰੱਖੋ ਪੰਜ ਦੂਤਾਂ ਨੂੰ, ਬਚਨ ਕਰੇ ਨਿਤ ਬਾਬਾ
ਗੱਲ ਨਿਕਲੀ ਤਾਂ ਬਾਬਾ ਨਿਕਲਿਆ, ਛਟਿਆ ਹੋਈ ਕਾਮੀ।

ਬੀਬੀ ਦਾਹੜੀ, ਮਿੱਠ ਬੋਲੜਾ, ਫਖਰ ਕੌਮ ਦਾ ਨੇਤਾ
ਚਿੱਟਾ ਕਾਲਾ ਧਨ ਅੰਤਾਂ ਦਾ, ਚੋਖੀ ਭੋਇੰ ਬੇਨਾਮੀ।
ਦੋਨੋਂ ਲੋਕ ਸੁਹੇਲੇ ਕਰਦਾ, ਸਾਡੇ ਪਿੰਡ ਦਾ ਭਾਈ
ਦੱਬ ਕੇ ਜਪਦਾ ਨਾਮ ਸਵੇਰੇ, ਰੱਜ ਕੇ ਪੀਂਦਾ ਸ਼ਾਮੀ।
ਨਿਰਮੋਹਾ ਜਿਹਾ ਸ਼ਬਦ ਫਰੰਗੀ, ਮਾਂ ਤੁਲ ਇੱਕੋ 'ਆਂਟੀ'
ਸਾਡੀ ਪਿਆਰੀ ਤਾਈ, ਚਾਚੀ, ਮਾਸੀ, ਭੂਆ, ਮਾਮੀ।
ਪਿਆਰ ਦੀ ਪੱਟੀ ਤੇਰੀ 'ਹਾਂਸ' ਕੁਝ ਹੰਝੂਆਂ ਦੇ ਮੋਤੀ
ਯਾਰ ਤੇਰੇ ਨੇ ਹੀਰਿਆਂ ਵਾਲੀ, ਲੱਭ'ਲੀ ਨਵੀਂ ਅਸਾਮੀ।

*-ਮਹਾਂ ਸਿੰਘ ਹਾਂਸ*
*ਫੋਨ: 408-707-9222*

---

## ਹਾਲਾਤ-ਏ-ਪੰਜਾਬ!

ਕੀ ਹਾਲਤ ਐ ਪੰਜਾਬ ਤੇਰੀ,
ਬੜਾ ਸੁੰਦਰ ਸੀ ਭੂਗੋਲ ਤੇਰਾ।
ਕੱਝ ਸ਼ਾਤਰ ਤੇਜ ਦਿਮਾਗਾਂ ਨੇ,
ਕਰ ਦਿੱਤਾ ਬਿਸਤਰਾ ਗੋਲ ਤੇਰਾ।
ਵੈਰੀ ਨਾਲ ਮਿਲ ਕੇ ਪੁੱਤ ਤੇਰੇ,
ਛੱਡ ਗਏ ਤਾਜ ਹਿਮਾਲਾ ਦਾ,
ਬਰਫਾਂ ਦੀ ਚਾਦਰ ਲਾਹ ਦਿੱਤੀ,
ਬੜਾ ਸੀਮਤ ਕੀਤਾ ਰੋਲ ਤੇਰਾ।

ਲਾ ਜੰਦਰਾ ਤੇਰੇ ਸਾਹਾਂ ਨੂੰ,
ਗੈਰਾਂ ਹੱਥ ਚਾਬੀ ਦੇ ਦਿੱਤੀ।
ਹੁਣ ਖੁਸ਼ਕ ਸਮਝ ਕੇ ਤੋਲਣਗੇ,
ਰੇਤੇ ਬਜਰੀ ਭਾਅ ਤੋਲ ਤੇਰਾ।
ਹੱਥੀਂ ਤੋੜ ਕੇ ਤੇਰੀਆਂ ਬਾਹਾਂ ਨੂੰ,
ਰਲ ਕੱਟੀ ਉਨ੍ਹਾਂ ਜ਼ੁਬਾਨ ਤੇਰੀ।
ਤੇਰੇ ਸਿਰ 'ਤੇ ਕੁਰਸੀ ਰੱਖ ਲਈ,
ਹੁਣ ਅੰਗ ਅੰਗ ਰਹੇ ਫਰੋਲ ਤੇਰਾ।

ਤੇਰੀ ਹਿੱਕ 'ਤੇ ਵੰਡਾਂ ਪਾ ਪਾ ਕੇ,
ਤੇਰਾ ਨਕਸ਼ਾ ਤੱਕ ਵਿਗਾੜ ਦਿੱਤਾ।
ਤੇਰੇ ਪੰਜ ਆਬਾਂ ਨੂੰ ਡੀਕ ਲਿਆ,
ਨਾਲੇ ਚੁੱਕਿਆ ਖੂਹ ਤੋਂ ਡੋਲ ਤੇਰਾ।

ਕਿੱਥੇ ਬਾਜੂ-ਏ-ਸਮਸ਼ੀਰ ਤੇਰੀ,
ਮਨਮੋਹਣੀ ਜਿਹੀ ਤਸਵੀਰ ਤੇਰੀ?
ਗੈਰਾਂ ਦੀ ਬੋਲੀ ਸਿੱਖ ਲਈ,
ਕੋਈ ਯਾਦ ਰਿਹਾ ਨਾ ਬੋਲ ਤੇਰਾ।

*-ਹਰਜਿੰਦਰ ਗੁਲਪੁਰ*

## ਗਜ਼ਲ

ਜਦ ਵੀ ਉਹਦਾ ਕੋਈ, ਮੋਛਾ ਅੰਗ ਵਿਚ ਧੁੱਖਦਾ।
ਮੈਥੋਂ ਪੁੱਛੋ ਹਾਲ ਕੀ ਹੁੰਦਾ ਤਦ ਉਸ ਰੁੱਖ ਦਾ।

ਨਿੱਤ ਨਵੇਂ ਰਿਸ਼ਤੇ ਤਾਂ ਆਖਿਰ ਜੁੜ ਜਾਂਦੇ ਨੇ,
ਦਿਲ ਟੁੱਟਿਆ ਪਰ ਜੁੜੇ ਨਾ ਕਦੇ ਮਨੁੱਖ ਦਾ।

ਜੁਦਾ ਹੋਇਆ ਉਹ ਮੈਥੋਂ, ਕਿਸੇ ਦੇ ਕਹਿਣ 'ਤੇ ਹੀ,
ਜੋ ਹਮਸ਼ੀਰ ਸੀ ਮੇਰਾ, ਜਾਇਆ ਮਾਂ ਦੀ ਕੁੱਖ ਦਾ।

ਇਕ ਵਿਧਵਾ ਨੂੰ ਪੁੱਛੋ, ਕਿੰਦਾਂ ਕੱਟਿਆ ਜੀਵਨ,
ਵੇਖਿਆ ਨਾ ਇਕ ਪਲ ਵੀ ਜਿਸ ਕਦੇ ਵੀ ਸੁੱਖ ਦਾ।

ਤਨ ਦੀ ਭੁੱਖ ਤਾਂ ਮਿਟ ਹੀ ਜਾਂਦੀ ਹੈ 'ਸੈਂਪਲੇ'
ਨਿੱਤ ਵਧਦੀ ਜੋ, ਕੀ ਕਰਾਂ ਇਸ ਮਨ ਦੀ ਭੁੱਖ ਦਾ?

*-ਨਾਇਬ ਸਿੰਘ 'ਸੈਂਪਲੇ'*
*ਫੋਨ: 91-98724-05203*

---

## ਚੰਗਾ ਏ

ਸਾਨੂੰ ਚੇਤੇ ਕਰਦਾ ਰਹੇ ਤਾਂ ਚੰਗਾ ਏ,
ਹਾਮੀ ਸਾਡੀ ਭਰਦਾ ਰਹੇ ਤਾਂ ਚੰਗਾ ਏ।
ਥਾਂ-ਥਾਂ 'ਤੇ ਮਰਨ-ਮੁੱਕਣ ਨਾਲੋਂ ਚੰਗਾ ਏ,
ਇਕ ਦਾ ਹੋ ਕੇ ਮਰਦਾ ਰਹੇ ਤਾਂ ਚੰਗਾ ਏ।

ਸ਼ੌਕ ਜਿੱਤਾਂ ਦਾ ਰੱਖਣ ਵਾਲਾ ਬੰਦਾ ਜੇ,
ਇਕ ਦੋ-ਵਾਰੀ ਹਰਦਾ ਰਹੇ ਤਾਂ ਚੰਗਾ ਏ।
ਹਰ ਵੇਲੇ ਖੁਸ਼ੀਆਂ 'ਚ ਰਹਿਣਾ ਠੀਕ ਨਹੀਂ,
ਦਿਲ ਕਦੇ-ਕਦੇ ਜੇ ਭਰਦਾ ਰਹੇ ਤਾਂ ਚੰਗਾ ਏ।

ਬਿਨਾ ਸਹਾਰਾ ਲਏ ਬਸ ਮਿਹਨਤ ਨਾਲ,
ਇਨਸਾਨ ਚੜ੍ਹਾਈ-ਚੜ੍ਹਦਾ ਰਹੇ ਤਾਂ ਚੰਗਾ ਏ।
ਖੁਦਕੁਸ਼ੀ ਤਾਂ ਬੁਜ਼ਦਿਲ ਲੋਕ ਹੀ ਕਰਦੇ ਨੇ,
ਹਾਲਾਤ ਨਾਲ ਜੇ ਲੜਦਾ ਰਹੇ ਤਾਂ ਚੰਗਾ ਏ।

ਹੁਣ ਖੌਫ ਕਿਸੇ ਨੂੰ 'ਭੱਟੀ' ਕਿਸੇ ਦਾ ਰਿਹਾ ਨਹੀਂ,
ਬੰਦਾ ਰੱਬ ਕੋਲੋਂ ਜੇ ਡਰਦਾ ਰਹੇ ਤਾਂ ਚੰਗਾ ਏ।

*-ਸਵਿੰਦਰ ਸਿੰਘ ਭੱਟੀ*
*ਫੋਨ: 91-98729-89193*



# ਸੋਨੂ ਨਿਗਮ ਦਾ ਸੁਨੇਹਾ

ਗਾਇਕ ਸੋਨੂ ਨਿਗਮ ਨੇ ਮੰਦਰਾਂ, ਮਸਜਿਦਾਂ ਤੇ ਗੁਰਦੁਆਰਿਆਂ ਵੱਲੋਂ ਪ੍ਰਾਰਥਨਾ ਅਤੇ ਧਾਰਮਿਕ ਉਪਦੇਸ਼ ਦੇਣ ਲਈ ਲਾਊਡ ਸਪੀਕਰਾਂ ਦੀ ਵਰਤੋਂ ਨੂੰ ਨਿਰੀ ਬੁਰਛਾਗਰਦੀ ਦੱਸਿਆ ਹੈ। ਇਸ 43 ਸਾਲਾ ਗਾਇਕ ਨੇ ਕਿਹਾ ਕਿ ਇਹ ਕਿਥੋਂ ਤੱਕ ਜਾਇਜ਼ ਹੈ ਕਿ ਲਾਊਡ ਸਪੀਕਰਾਂ ਦੀ ਵਰਤੋਂ ਨਾਲ ਲੋਕਾਂ ਨੂੰ ਜਗਾਇਆ ਜਾਵੇ? ਉਨ੍ਹਾਂ ਮੰਗ ਕੀਤੀ ਕਿ ਲੋਕਾਂ ਉਤੇ ਜਬਰੀ ਧਰਮ ਥੋਪਣ ਦੀ ਕਾਰਵਾਈ ਰੁਕੇ।

ਅਜਿਹਾ ਕਹਿਣ ਦੀ ਦੇਰ ਸੀ ਕਿ ਕੱਟੜਪੰਥੀਆਂ ਨੇ ਨੁਕਤਾਚੀਨੀ ਸ਼ੁਰੂ ਕਰ ਦਿੱਤੀ। ਪੱਛਮੀ ਬੰਗਾਲ ਦੇ ਇਕ ਮੌਲਵੀ ਨੇ ਤਾਂ ਉਸ ਖਿਲਾਫ ਫਤਵਾ ਵੀ ਜਾਰੀ ਕਰ ਦਿੱਤਾ। ਹੋਰ ਤਾਂ ਹੋਰ, ਪਾਣੀਪਤ ਦੇ ਇਕ ਵਕੀਲ ਮੋਮਿਨ ਮਲਿਕ ਨੇ ਤਾਂ ਸੋਨੂ ਨਿਗਮ ਖ਼ਿਲਾਫ਼ ਅਦਾਲਤ ਵਿਚ ਧਾਰਮਿਕ ਭਾਵਨਾਵਾਂ ਭੜਕਾਉਣ ਦਾ ਕੇਸ ਵੀ ਦਰਜ ਕਰਵਾ ਦਿੱਤਾ ਹੈ। ਹੋਰ ਵੀ ਕਈ ਪਾਸਿਉਂ ਸੋਨੂੰ ਦੀ ਆਲੋਚਨਾ ਦੀਆਂ ਖਬਰਾਂ ਆਈਆਂ ਹਨ। ਉਂਜ ਉਸ ਨੇ ਸਪਸ਼ਟ ਕੀਤਾ ਹੈ ਕਿ ਉਹ ਕਿਸੇ ਵੀ ਧਰਮ ਦੇ ਖਿਲਾਫ ਨਹੀਂ, ਸਗੋਂ ਲਾਊਡ ਸਪੀਕਰਾਂ ਦੇ ਸ਼ੋਰ-ਪ੍ਰਦੂਸ਼ਣ ਦੇ ਖਿਲਾਫ ਹੈ, ਕਿਉਂਕਿ ਬਹੁਤ ਵਾਰ ਕੋਈ ਰੋਗੀ ਤੜਫ ਰਿਹਾ ਹੁੰਦਾ ਹੈ, ਜਾਂ ਕੋਈ ਵਿਦਿਆਰਥੀ ਇਮਤਿਹਾਨ ਦੀ ਤਿਆਰੀ ਕਰ ਰਿਹਾ ਹੁੰਦਾ ਹੈ, ਸਾਨੂੰ ਸਭ ਨੂੰ ਇਨ੍ਹਾਂ ਦਾ ਖਿਆਲ ਰੱਖਣਾ ਚਾਹੀਦਾ ਹੈ, ਪਰ ਕੱਟੜਪੰਥੀ ਮੰਨਣ ਲਈ ਤਿਆਰ ਨਹੀਂ। ਅੱਕ ਕੇ ਹੁਣ ਸੋਨੂ ਨਿਗਮ ਨੇ ਕਿਹਾ ਹੈ ਕਿ ਇਸ ਮਸਲੇ ਉਤੇ ਹੁਣ ਮਿੱਟੀ ਪਾ ਦਿੱਤੀ ਜਾਵੇ। ਉਸ ਨੇ ਟਵੀਟ ਕਰ ਕੇ ਕਿਹਾ ਹੈ ਕਿ ਮਸਲੇ ਨੂੰ ਹੋਰ ਭਖਾਉਣ ਦੀ ਕਤਈ ਲੋੜ ਨਹੀਂ ਹੈ। ਉਸ ਨੇ ਇਕ ਵੀਡੀਓ ਵੀ ਟਵਿਟਰ 'ਤੇ ਸਾਂਝੀ ਕੀਤੀ ਹੈ ਜਿਸ 'ਚ ਆਜ਼ਾਨ ਚੱਲ ਰਹੀ ਹੈ। ਉਸ ਨੇ ਵੀਡੀਓ ਦਾ ਸਿਰਲੇਖ ਦਿੱਤਾ ਹੈ- 'ਗੁੱਡ ਮੌਰਨਿੰਗ ਇੰਡੀਆ!'

# ਗੁਲ ਪਨਾਗ ਦਾ ਗੁਲਸ਼ਨ



ਅਦਾਕਾਰਾ ਗੁਲ ਪਨਾਗ ਫਾਰਮੂਲਾ ਈ-ਰੇਸਿੰਗ ਕਾਰ ਚਲਾਉਣ ਵਾਲੀ ਭਾਰਤ ਦੀ ਪਹਿਲੀ ਔਰਤ ਬਣ ਗਈ ਹੈ। ਔਰਤਾਂ ਦੀ ਹੱਲਾਸ਼ੇਰੀ ਖ਼ਾਤਰ ਉਹ ਪਹਿਲਾਂ ਵੀ ਅਜਿਹੇ ਕਾਰਨਾਮੇ ਕਰਦੀ ਰਹੀ ਹੈ। ਪਿਛਲੇ ਸਾਲ ਨਵੰਬਰ ਵਿਚ ਉਸ ਨੇ ਜਹਾਜ਼ ਚਲਾਉਣ ਲਈ ਪਾਇਲਟ ਵਾਲਾ ਲਾਇਸੈਂਸ ਵੀ ਲੈ ਲਿਆ ਸੀ। ਉਸ ਦੇ ਪ੍ਰਸ਼ੰਸਕ ਜਾਣਦੇ ਹਨ ਕਿ ਉਹ ਕਾਰਾਂ ਅਤੇ ਬਾਈਕ ਕਿਸ ਕਦਰ ਪਸੰਦ ਕਰਦੀ ਹੈ। ਹੁਣ ਉਸ ਨੇ ਸਪੇਨ ਦੇ ਸ਼ਹਿਰ ਬਾਰਸੀਲੋਨਾ ਵਿਚ ਇਹ ਰਿਕਾਰਡ ਬਣਾਇਆ ਹੈ। ਐਮ 4 ਇਲੈਕਟਰੋ ਕਾਰ ਚਲਾਉਣ ਤੋਂ ਬਾਅਦ ਗੁਲ ਪਨਾਗ ਨੇ ਕਿਹਾ ਕਿ ਉਹ ਬਹੁਤ ਖੁਸ਼ ਹੈ ਕਿ ਉਹ ਦੁਨੀਆਂ ਦੇ ਉਨ੍ਹਾਂ ਚੋਣਵੇਂ ਲੋਕਾਂ ਵਿਚ ਸ਼ਾਮਲ ਹੋ ਗਈ ਹੈ ਜਿਨ੍ਹਾਂ ਨੂੰ ਅਜਿਹਾ ਮੌਕਾ ਮਿਲਿਆ ਹੈ। ਐਮ 4 ਇਲੈਕਟਰੋ ਕਾਰ ਦੇ ਇੰਜਣ ਦੀ ਕਾਰਗੁਜ਼ਾਰੀ ਤੋਂ ਵੀ ਉਹ ਬਹੁਤ ਪ੍ਰਭਾਵਤ ਹੋਈ ਹੈ। ਯਾਦ ਰਹੇ ਕਿ ਗੁਲ ਪਨਾਗ ਮਹਿੰਦਰਾ ਦੀ ਈ 2 ਓ ਕਾਰ ਦੀ ਮਾਲਕਣ ਵੀ ਹੈ। 'ਡੋਰ', 'ਧੂਪ', 'ਮਨੋਰਮਾ ਸਿਕਸ ਫੀਟ ਅੰਡਰ', 'ਹੈਲੋ' ਅਤੇ 'ਅਬ ਤੱਕ ਛੱਪਨ 2' ਵਰਗੀਆਂ ਫਿਲਮਾਂ ਵਿਚ ਆਪਣੇ ਕੰਮ ਲਈ ਸ਼ਲਾਘਾ ਖੱਟਣ ਵਾਲੀ ਅਦਾਕਾਰਾ ਗੁਲ ਪਨਾਗ ਨੇ ਕਿਹਾ ਕਿ ਉਸ ਨੇ ਹਮੇਸ਼ਾ ਵਿਸ਼ਾ ਆਧਾਰਿਤ ਫ਼ਿਲਮਾਂ ਨੂੰ ਪਹਿਲ ਦਿੱਤੀ ਹੈ। ਰੂੜੀਵਾਦੀ ਧਾਰਨਾਵਾਂ ਤੋੜਨ ਲਈ ਜਾਣੀ ਜਾਂਦੀ ਗੁਲ ਪਨਾਗ ਨੇ 2003 ਵਿਚ ਫਿਲਮ 'ਧੂਪ' ਨਾਲ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ ਅਤੇ ਉਹ ਹੁਣ ਤੱਕ ਸਿਰਫ਼ ਅਜਿਹੀਆਂ ਫਿਲਮਾਂ ਵਿਚ ਹੀ ਨਜ਼ਰ ਆਈ ਹੈ ਜਿਹੜੀਆਂ ਵਪਾਰ ਨਾਲੋਂ ਵਿਸ਼ੇ ਉਤੇ ਵੱਧ ਕੇਂਦਰਤ ਹੁੰਦੀਆਂ ਹਨ। ਜਦੋਂ ਪੁੱਛਿਆ ਗਿਆ ਕਿ ਵਪਾਰਕ ਫਿਲਮਾਂ ਨਾ ਕਰਨ ਦਾ ਉਸ ਦਾ ਸੁਚੇਤ ਫੈਸਲਾ ਹੈ, ਤਾਂ ਗੁਲ ਪਨਾਗ ਨੇ ਕਿਹਾ- "ਮੈਂ ਇਸ ਬਾਰੇ ਬਿਲਕੁਲ ਸਪਸ਼ਟ ਹਾਂ ਕਿ ਮੈਂ ਕਿਹੋ ਜਿਹੀਆਂ ਫਿਲਮਾਂ ਕਰਨ ਦੀ ਇੱਛੁਕ ਹਾਂ। ਚੰਗੇ ਭਾਗੀਂ ਮੈਂ ਸਹੀ ਫਿਲਮਾਂ ਦੀ ਚੋਣ ਕਰਨ ਦੇ ਯੋਗ ਹੋ ਸਕੀ ਹਾਂ। ਮੈਂ 'ਮਨੋਰਮਾ ਸਿਕਸ ਫੀਟ ਅੰਡਰ' ਅਤੇ 'ਡੋਰ' ਵਰਗੀਆਂ ਫਿਲਮਾਂ ਕੀਤੀਆਂ ਜੋ ਸਮੇਂ ਤੋਂ ਕਿਤੇ ਅਗਾਂਹ ਹਨ।" ***-ਗੁਰਜੰਟ ਸਿੰਘ***



# ਰਿਚਾ ਚੱਢਾ ਦੀ 'ਖ਼ੂਨ ਆਲੀ ਚਿੱਠੀ'



ਆਪਣੇ ਦਮ ਉਤੇ ਫਿਲਮੀ ਦੁਨੀਆਂ ਵਿਚ ਆਪਣੀ ਵੱਖਰੀ ਥਾਂ ਹਾਸਲ ਕਰਨ ਵਾਲੀ ਅਦਾਕਾਰਾ ਰਿਚਾ ਚੱਢਾ ਹੁਣ ਲਘੂ ਪੰਜਾਬੀ ਫਿਲਮ 'ਖ਼ੂਨ ਆਲੀ ਚਿੱਠੀ' ਲੈ ਕੇ ਆਈ ਹੈ। ਉਸ ਮੁਤਾਬਕ, ਉਹ ਆਪਣੀ ਬਹੁ-ਚਰਚਿਤ ਫ਼ਿਲਮ 'ਗੈਂਗਜ਼ ਆਫ਼ ਵਾਸੇਪੁਰ' ਦੀ ਕਾਮਯਾਬੀ ਤੋਂ ਬਾਅਦ ਫ਼ਿਲਮ ਨਿਰਮਾਣ ਦੇ ਖੇਤਰ 'ਚ ਆਉਣਾ ਚਾਹੁੰਦੀ ਸੀ, ਪਰ ਇਸ ਮਾਮਲੇ ਵਿਚ ਉਸ ਨੂੰ ਕਿਸੇ ਨੇ ਗੰਭੀਰਤਾ ਨਾਲ ਨਹੀਂ ਲਿਆ; ਸਗੋਂ ਸਾਰੇ ਉਸ ਦੀ ਇਸ ਇੱਛਾ ਨੂੰ ਮਜ਼ਾਕ ਹੀ ਸਮਝਦੇ ਰਹੇ। ਯਾਦ ਰਹੇ ਕਿ 'ਗੈਂਗਜ਼ ਆਫ਼ ਵਾਸੇਪੁਰ' ਰਿਲੀਜ਼ ਹੋਣ ਵੇਲੇ ਰਿਚਾ ਸਿਰਫ਼ 24 ਸਾਲ ਦੀ ਸੀ। ਉਸ ਨੇ ਦੱਸਿਆ ਕਿ ਉਦੋਂ ਤਾਂ ਉਸ ਕੋਲ ਕੋਈ ਮੈਨੇਜਰ ਵੀ ਨਹੀਂ ਸੀ। ਕਿਸੇ ਨੇ ਵੀ ਉਸ ਨੂੰ ਇਸ ਕੰਮ ਲਈ ਉਤਸ਼ਾਹਿਤ ਨਹੀਂ ਕੀਤਾ। ਪੰਜ ਸਾਲਾਂ ਬਾਅਦ ਹੁਣ ਉਹਨੇ ਲਘੂ ਫ਼ਿਲਮ 'ਖ਼ੂਨ ਆਲੀ ਚਿੱਠੀ' ਦਾ ਨਿਰਮਾਣ ਕੀਤਾ ਹੈ। ਉਸ ਦਾ ਕਹਿਣਾ ਹੈ ਕਿ ਜਿਸ ਕਾਰਜ ਵਿਚ ਤੁਹਾਡਾ ਭਰੋਸਾ ਹੋਵੇ, ਉਸ 'ਤੇ ਫ਼ਿਲਮ ਬਣਾਉਣ ਨਾਲ ਬੇਹੱਦ ਸੰਤੁਸ਼ਟੀ ਮਿਲਦੀ ਹੈ। ਉਹ ਚਾਹੁੰਦੀ ਹੈ ਕਿ ਨੌਜਵਾਨ ਫਿਲਮਾਂ ਹੀ ਨਹੀਂ, ਹਰ ਖੇਤਰ 'ਚ ਅਗਾਂਹਵਧੂ ਰੋਲ ਅਦਾ ਕਰਨ। ਨਵੀਂ ਪੀੜ੍ਹੀ ਕੋਲ ਇੰਟਰਨੈੱਟ ਦੀ ਨਾਯਾਬ ਸਹੂਲਤ ਹੈ ਅਤੇ ਇਸ ਮਾਮਲੇ ਵਿਚ ਇਹ ਕਾਫ਼ੀ ਮਦਦਗਾਰ ਸਾਬਤ ਹੋ ਸਕਦੀ ਹੈ। 'ਮਸਾਨ' ਅਤੇ 'ਫ਼ੁਕਰੇ' ਜਿਹੀਆਂ ਫ਼ਿਲਮਾਂ ਵਿਚ ਬਾਕਮਾਲ ਅਦਾਕਾਰੀ ਕਰਨ ਵਾਲੀ ਰਿਚਾ ਨੇ ਕਿਹਾ ਕਿ ਨਿਰਮਾਤਾ ਦੀ ਅੱਖ ਨਾਲ ਉਸ ਨੇ ਫ਼ਿਲਮ ਇੰਡਸਟਰੀ ਦੇ ਨਵੇਂ ਪਹਿਲੂ ਦੇਖੇ ਹਨ। ਰਿਚਾ ਚੱਢਾ ਦੀ ਫ਼ਿਲਮ 'ਖ਼ੂਨ ਆਲੀ ਚਿੱਠੀ' ਸਿਰਫ 15 ਮਿੰਟ ਲੰਮੀ ਹੈ। ਇਹ ਪੰਜਾਬ ਦੇ ਗੜਬੜੀ ਵਾਲੇ ਹਾਲਾਤ ਵੇਲੇ ਦੀ ਪ੍ਰੇਮ ਕਹਾਣੀ ਨੂੰ ਬਿਆਨ ਕਰਦੀ ਹੈ। ਉਸ ਵੇਲੇ ਦੇ ਦਰਦ ਨੂੰ ਇਸ ਫਿਲਮ ਵਿਚ ਪਰੋਣ ਦਾ ਵਧੀਆ ਯਤਨ ਕੀਤਾ ਗਿਆ ਹੈ। ਉਸ ਨੇ ਵਾਅਦਾ ਕੀਤਾ ਹੈ ਕਿ ਉਹ ਅਜਿਹੇ ਹੋਰ ਪ੍ਰੋਜੈਕਟਾਂ ਉਤੇ ਵੀ ਲਗਾਤਾਰ ਕੰਮ ਕਰਦੀ ਰਹੇਗੀ, ਬੱਸ ਮਸਲਾ ਇਹ ਹੈ ਕਿ ਇਸ ਸਬੰਧੀ ਕੋਈ ਚੰਗੀ ਕਹਾਣੀ ਮਿਲਣੀ ਚਾਹੀਦੀ ਹੈ। ਉਹ ਚਾਹੁੰਦੀ ਹੈ ਕਿ ਫਿਲਮ ਨਿਰਮਾਣ ਨਾਲ ਜੁੜ ਕੇ ਉਹ ਲੋਕਾਂ ਨਾਲ ਜੁੜੇ ਅਜਿਹੇ ਵੱਖ-ਵੱਖ ਮੁੱਦਿਆਂ ਨੂੰ ਉਭਾਰੇ। ***-ਕੀਰਤ ਕਾਸ਼ਣੀ***

# 'ਰਾਈਜ਼ਿੰਗ ਸਟਾਰ' 'ਚ ਕੀਤਾ ਦਲਜੀਤ ਦੁਸਾਂਝ ਨੇ ਪੱਖਪਾਤ



ਗਾਇਕ ਤੋਂ ਅਦਾਕਾਰ ਬਣਿਆ ਦਲਜੀਤ ਦੁਸਾਂਝ ਅੱਜ ਕੱਲ੍ਹ ਅੰਬਰਾਂ ਵਿਚ ਉਚੀਆਂ ਉਡਾਰੀਆਂ ਭਰ ਰਿਹਾ ਹੈ। ਪਹਿਲਾਂ ਪੰਜਾਬੀ ਫਿਲਮਾਂ ਅਤੇ ਫਿਰ ਹਿੰਦੀ ਫਿਲਮ 'ਉੜਤਾ ਪੰਜਾਬ' ਨਾਲ ਉਹ ਹਿੰਦੀ ਫਿਲਮਾਂ ਵਿਚ ਛਾ ਗਿਆ। ਇਸ ਤੋਂ ਬਾਅਦ ਪ੍ਰਸਿਧ ਗਾਇਕ ਅਤੇ ਸੰਗੀਤ ਸ਼ੰਕਰ ਮਹਾਂਦੇਵਨ ਨਾਲ ਉਸ ਨੂੰ ਲਾਈਵ ਟੀ.ਵੀ. ਸ਼ੋਅ 'ਰਾਈਜ਼ਿੰਗ ਸਟਾਰ' ਵਿਚ ਜੱਜ ਬਣਨ ਦਾ ਮੌਕਾ ਮਿਲਿਆ। ਉਸ ਦੀ ਇਸ ਚੜ੍ਹਤ ਤੋਂ ਪੰਜਾਬ ਅਤੇ ਪੰਜਾਬੀ ਖੁਸ਼ੀ ਵਿਚ ਖੀਵੇ ਹੋ ਗਏ, ਕਿਉਂਕਿ ਸਿੱਖ ਅਦਾਕਾਰ ਵਜੋਂ ਉਸ ਨੇ ਹਿੰਦੀ ਫਿਲਮ ਜਗਤ ਅੰਦਰ ਵਾਹਵਾ ਭਰਵੀਂ ਹਾਜ਼ਰੀ ਲੁਆਈ ਸੀ।

ਖੈਰ! ਦਲਜੀਤ ਦੁਸਾਂਝ ਇੰਨੀਆਂ ਉਚਾਈਆਂ ਛੋਹਣ ਤੋਂ ਬਾਅਦ ਇਕ ਵਾਰ ਫਿਰ ਜ਼ਮੀਨ ਉਤੇ ਆਣ ਡਿੱਗਾ। ਯਾਦ ਰਹੇ ਕਿ ਉਸ ਦੇ ਮਾੜੇ ਗੀਤਾਂ ਕਰ ਕੇ ਔਰਤਾਂ ਨੇ ਉਸ ਦੇ ਘਰ ਦੇ ਸਾਹਮਣੇ ਰੋਸ ਮੁਜ਼ਾਹਰਿਆਂ ਦੀ ਲੜੀ ਸ਼ੁਰੂ ਕਰ ਦਿੱਤੀ ਸੀ। ਹੁਣ 'ਰਾਈਜ਼ਿੰਗ ਸਟਾਰ' ਪ੍ਰੋਗਰਾਮ ਵਿਚ ਮੁਕਾਬਲੇ ਦੌਰਾਨ ਉਸ ਨੇ ਮੁਕਾਬਲਤਨ ਮਾੜਾ ਗਾਉਣ ਵਾਲੇ ਫੌਜੀ ਵਿਕਰਮਜੀਤ ਸਿੰਘ ਨੂੰ ਸਿਰਫ ਇਸ ਕਰ ਕੇ ਵੋਟ ਪਾਈ, ਕਿਉਂਕਿ ਉਹ ਪੰਜਾਬ ਨਾਲ ਸਬੰਧਤ ਸੀ! ਜਿਸ ਕੁੜੀ ਦੇ ਖਿਲਾਫ ਉਸ ਨੇ ਵੋਟ ਪਾਈ, ਉਹਨੇ ਵਿਕਰਮਜੀਤ ਤੋਂ ਕਿਤੇ ਵਧੀਆ ਗਾਇਆ ਸੀ। ਜ਼ਾਹਿਰ ਹੈ ਕਿ ਦਲਜੀਤ ਨੇ ਕਲਾ ਦੀ ਪ੍ਰਵਾਹ ਹੀ ਨਹੀਂ ਕੀਤੀ। ਉਸ ਦੀ ਇਸ ਕਾਰਵਾਈ ਦੀ ਬੜੀ ਆਲੋਚਨਾ ਹੋਈ।

## Anu Attorney Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



*Anu Peshawaria*
*Attorney at Law*
*Licensed to practice Immigration in all 50 states.*
More than 20 year experience in US immigration & Indian law

**US IMMIGRATION**
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

**FAMILY LAW** *(Only In WA)*
*Divorce *Annulment
*International Custody

**INCORPORATIONS** *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



## TRUCK STOP 40

SAYRE, OK 73662

ਰੋਟੀ ਬਣਾਉਣ ਵਾਲੇ ਅਤੇ ਗੈਸ ਸਟੇਸ਼ਨ ਲਈ ਕੈਸ਼ੀਅਰ ਦੀ ਲੋੜ ਹੈ



ਮਕੈਨਿਕ ਅਤੇ ਮਕੈਨਿਕ ਹੈਲਪਰ ਦੀ ਲੋੜ ਹੈ

ਸੰਪਰਕ ਕਰੋ:
ਫੋਨ: 832-512-7172
580-447-9366



## ਕੀ ਤੁਹਾਡੀ ਟਰੱਕਿੰਗ ਕੰਪਨੀ ਨੂੰ ਕੈਸ਼ ਫਲੋ ਦੀ ਤੰਗੀ ਹੈ?

### ਅਸੀਂ ਮਦਦ ਕਰ ਸਕਦੇ ਹਾਂ

ਅਸੀਂ ਤੁਹਾਡੇ ਫਰੇਟ ਬਿਲ ਖਰੀਦ ਕੇ ਤੁਹਾਡਾ ਕੈਸ਼ ਫਲੋ ਵਧਾ ਸਕਦੇ ਹਾਂ। ਜਦੋਂ ਤੁਸੀਂ ਆਪਣਾ ਲੋਡ ਪਹੁੰਚਦਾ ਕਰੋ ਤਾਂ ਫਰੇਟ ਬਿਲ ਸਾਨੂੰ ਭੇਜੋ, ਤੁਰੰਤ ਅਦਾਇਗੀ ਪਾਓ।

*ਸਸਤੀਆਂ ਦਰਾਂ *ਇਕ ਵਾਰ ਦਾ ਕਮਿਸ਼ਨ
*ਘੱਟੋ ਘੱਟ ਦੀ ਕੋਈ ਸ਼ਰਤ ਨਹੀਂ

*Rates as low as 2.0%*

ਸੰਪਰਕ ਕਰੋ:
ਪਾਲ ਫੋਨ 1-800-705-3863



**Trucking Companies-Improve Your Cash Flow**

*Low Rates *One-Time Discounts *No Minimums

**Call Paul at 1-800-705-3863**

www.Transportationfunding.com

**Transportation Funding Group, Inc. Minneapolis, MN 55426**


IT'S CRICKET TIME!
10 vivo IPL
ON WILLOW HD
PUNJABI MEGA PACK
$19.99 /mo
FOR 24 MONTHS
Save $120 over 2 years
1-800-898-2681
Dish.com/Punjabi
dish
YOUR CULTURE AT HOME
WILLOW
PTC PUNJABI
jus punjabi
PTC NEWS
JUS one
+5 CHANNELS
All offers require credit qualification, 2-Year commitment with early termination fee and eAutoPay. Requires subscription to a qualifying American or DishLATINO package starting at $29.99/mo.Offer for new and qualifying former customers only. Important Terms and Conditions: Qualification: Advertised price requires credit qualification and eAutoPay. Upfront activation and/or receiver upgrade fees may apply based on credit qualification. Offer ends 6/21/17. 2-Year Commitment: Early termination fee of $20/mo. remaininga applies if you cancel early. $120 Savings Offer: Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). NOT included in advertised price (and subject to change): Taxes & surcharges, add-on programming (including premium channels), Protection Plan, and transactional fees. Other: All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only. © 2017 DISH Network L.L.C. All rights reserved.